ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 19 | Issue 69 | 3 May to 9 May, 2023 | Ph.: (510) 240-5949 | Email: asrtimes@gmail.com

# ਪੰਜਾਬ ’ਚ ਕੀ ਹੋਵੇਗਾ ਪੰਥਕ ਸਿਆਸਤ ਦਾ ਭਵਿੱਖ ?

## ਪੰਥਕ ਸਿਆਸਤ ’ਚ ਆਏ ਖ਼ਲਾਅ ਨੂੰ ਦੂਰ ਕਰਨ ਲਈ ਸਿੱਖੀ ਦਰਦ ਅਤੇ ਪੰਥਕ ਸੋਚ ਵਾਲੇ ਆਗੂ ਇੱਕਠੇ ਹੋਣ

## ਪੰਥਕ ਮੁੱਦਿਆਂ ਦੀ ਸੱਚੀ-ਸੁੱਚੀ ਪਹਿਰੇਦਾਰ ਅਤੇ ਪੰਜਾਬ ਦੇ ਹਿੱਤਾਂ ਦੀ ਡਟ ਕੇ ਰਖਵਾਲੀ ਕਰਨ ਵਾਲੀ ਪੰਥਕ ਧਿਰ ਦੀ ਵੱਡੀ ਲੋੜ

### ☛ ਪੰਥ ਨੂੰ ਸਿਰਫ਼ ਪੰਥਕ ਵੋਟਾਂ ਤਕ ਸੀਮਿਤ ਨਾ ਰੱਖਣ ਸਿਆਸੀ ਪਾਰਟੀਆਂ





ਪਟਿਆਲਾ/ਏ.ਟੀ.ਨਿਊਜ਼ : ਪੰਜਾਬ ਦੀ ਸਿਆਸਤ ’ਚ ਜਿਥੇ ਹਰ ਦਿਨ ਉਤਰਾਓ ਚੜ੍ਹਾਓ ਆ ਰਹੇ ਹਨ, ਉਥੇ ਪੰਜਾਬ ਦੀ ਪੰਥਕ ਸਿਆਸਤ ’ਚ ਇਸ ਸਮੇਂ ਆਇਆ ਖ਼ਲਾਅ ਵੀ ਕਈ ਸਵਾਲ ਖੜੇ ਕਰ ਰਿਹਾ ਹੈ। ਦੁੱਖ ਦੀ ਗਲ ਇਹ ਹੈ ਕਿ ਇਸ ਸਮੇਂ ਕੋਈ ਵੀ ਸਿਆਸੀ ਧਿਰ ਪੰਜਾਬ ਦੀ ਪੰਥਕ ਸਿਆਸਤ ਨੂੰ ਜਿਉਂਦਾ ਰੱਖਣ ਲਈ ਸੁਹਿਰਦ ਦਿਖਾਈ ਨਹੀਂ ਦਿਤੀ। ਅਸਲੀਅਤ ਤਾਂ ਇਹ ਹੈ ਕਿ ਕਰੀਬ ਸਾਰੀਆਂ ਸਿਆਸੀ ਪਾਰਟੀਆਂ ਪੰਥਕ ਮੁੱਦਿਆਂ ਨੂੰ ਤਿਲਾਂਜਲੀ ਦੇ ਚੁਕੀਆਂ ਹਨ। ਸਿੱਖਾਂ ਅਤੇ ਪੰਥ ਦੀ ਸਿਆਸੀ ਪਾਰਟੀ ਕਹਾਉਣ ਵਾਲੇ ਅਕਾਲੀ ਦਲ ਨੂੰ ਵੀ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਈ ਸਾਲ ਪਹਿਲਾਂ ਪੰਥਕ ਪਾਰਟੀ ਤੋਂ ਪੰਜਾਬ ਪਾਰਟੀ ਦਾ ਰੂਪ ਦੇ ਦਿਤਾ ਸੀ ਅਤੇ ਕਿਹਾ ਸੀ ਕਿ ਅਕਾਲੀ ਦਲ ਸਿਰਫ ਪੰਥ ਜਾਂ ਸਿੱਖਾਂ ਦੀ ਪਾਰਟੀ ਨਹੀਂ ਸਗੋਂ ਸਾਰੇ ਪੰਜਾਬੀਆਂ ਦੀ ਪਾਰਟੀ ਹੈ। ਉਸ ਤੋਂ ਬਾਅਦ ਅਕਾਲੀ ਦਲ ਵਿੱਚ ਟਕਸਾਲੀ ਪੰਥਕ ਆਗੂਆਂ ਦੀ ਥਾਂ ਹੋਰਨਾਂ ਧਰਮਾਂ ਦੇ ਆਗੂਆਂ ਨੂੰ ਅਹਿਮ ਅਹੁਦੇ ਦਿਤੇ ਜਾਣ ਲੱਗੇ ਅਤੇ ਅਕਾਲੀ ਦਲ ਬਾਦਲ ਵਿੱਚ ਇਹ ਰਵਾਇਤ ਅਜੇ ਵੀ ਕਾਇਮ ਹੈ।

ਪੰਜਾਬ ਦਾ ਇਤਿਹਾਸ ਗਵਾਹ ਹੈ ਕਿ ਪਿਛਲੇ ਦਹਾਕਿਆਂ ਦੌਰਾਨ ਪੰਜਾਬ ਦੀ ਸਿਆਸਤ ’ਤੇ ਪੰਥਕ ਸੋਚ ਵਾਲੇ ਆਗੂਆਂ ਦਾ ਵੱਡਾ ਪ੍ਰਭਾਵ ਰਿਹਾ ਹੈ ਅਤੇ ਪੰਥਕ ਸੋਚ ਨੂੰ ਪ੍ਰਨਾਏ ਆਗੂ ਸਿਆਸਤ ਵਿੱਚ ਮੋਹਰੀ ਭੂਮਿਕਾ ਨਿਭਾਉਂਦੇ ਰਹੇ ਹਨ। ਕਿਸੇ ਸਮੇਂ ਗਿਆਨੀ ਕਰਤਾਰ ਸਿੰਘ, ਸੰਤ ਫ਼ਤਿਹ ਸਿੰਘ, ਮਾਸਟਰ ਤਾਰਾ ਸਿੰਘ, ਸੰਤ ਹਰਚੰਦ ਸਿੰਘ ਲੌਂਗੋਵਾਲ ਤੋਂ ਇਲਾਵਾ ਹੋਰ ਕਈ ਆਗੂਆਂ ਦਾ ਪੰਥ ਦੇ ਨਾਲ ਪੰਜਾਬ ਦੀ ਸਿਆਸਤ ’ਤੇ ਵੀ ਪੂਰਾ ਪ੍ਰਭਾਵ ਹੁੰਦਾ ਸੀ ਅਤੇ ਉਹਨਾਂ ਨੇ ਪੰਜਾਬ ਦੇ ਸੀਨੀਅਰ ਆਗੂ ਵਜੋਂ ਵਿਚਰਦਿਆਂ ਹੀ ਉਸ ਸਮੇਂ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ‘ਰਾਜੀਵ ਲੌਂਗੋਵਾਲ ਸਮਝੌਤਾ’ ਕੀਤਾ ਸੀ। ਪਿਛਲੇ ਸਮੇਂ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਰਹਿੰਦਿਆਂ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਪੰਜਾਬ ਦੀ ਸਿਆਸਤ ’ਤੇ ਵੀ ਪੂਰਾ ਦਬਦਬਾ ਹੁੰਦਾ ਸੀ। ਉਸ ਤੋਂ ਬਾਅਦ ਜਥੇਦਾਰ ਜਗਦੇਵ ਸਿੰਘ ਤਲਵੰਡੀ ਅਤੇ ਹੋਰ ਆਗੂ ਵੀ ਪੰਥਕ ਸਿਆਸਤ ਦੇ ਨਾਲ- ਨਾਲ ਪੰਜਾਬ ਦੀ ਸਿਆਸਤ ਵਿੱਚ ਛਾਏ ਰਹੇ। 1989 ਦੀਆਂ (ਬਾਕੀ ਸਫ਼ਾ 29 ’ਤੇ)

## ਸੁਪਰੀਮ ਕੋਰਟ ਵੱਲੋਂ ਰਾਜੋਆਣਾ ਦੀ ਫਾਂਸੀ ਨੂੰ ਉਮਰ ਕੈਦ ’ਚ ਬਦਲਣ ਤੋਂ ਇਨਕਾਰ

### ਸੁਪਰੀਮ ਕੋਰਟ ਵੱਲੋਂ ਗ੍ਰਹਿ ਮੰਤਰਾਲੇ ਨੂੰ ਫ਼ੈਸਲਾ ਲੈਣ ਦੇ ਹੁਕਮ



ਨਵੀਂ ਦਿੱਲੀ/ਏ.ਟੀ.ਨਿਊਜ਼ : ਸੁਪਰੀਮ ਕੋਰਟ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਹੱਤਿਆ ਕਾਂਡ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਤੋਂ ਇਨਕਾਰ ਕਰ ਦਿੱਤਾ ਹੈ। ਰਾਜੋਆਣਾ ਨੇ ਆਪਣੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲਣ ਲਈ ਸੁਪਰੀਮ ਕੋਰਟ ’ਚ ਰਹਿਮ ਦੀ ਪਟੀਸ਼ਨ ਦਾਇਰ ਕੀਤੀ ਸੀ। ਸੁਪਰੀਮ ਕੋਰਟ ਦੇ ਜਸਟਿਸ ਬੀ.ਆਰ.ਗਵਈ, ਜਸਟਿਸ ਵਿਕਰਮਨਾਥ ਅਤੇ ਜਸਟਿਸ ਸੰਜੇ ਕਰੋਲ ਦੀ ਬੈਂਚ ਨੇ ਬਲਵੰਤ ਸਿੰਘ ਰਾਜੋਆਣਾ ਦੀ ਰਹਿਮ ਦੀ ਅਪੀਲ ’ਤੇ ਸਮਰੱਥ ਅਥਾਰਟੀ (ਗ੍ਰਹਿ ਮੰਤਰਾਲਾ) ਨੂੰ ਫੈਸਲਾ ਲੈਣ ਲਈ ਕਿਹਾ ਹੈ।

## 2 .6 ਕਰੋੜ ਸਿੱਖਾਂ ’ਚੋਂ ਚੁਣੇ ਵਿਸ਼ਵ ਦੇ 100 ਪ੍ਰਭਾਵਸ਼ਾਲੀ ਸਿੱਖ

### ‘ਦਿ ਸਿੱਖ ਗਰੁੱਪ’ ਵੱਲੋਂ ਜਾਰੀ 100 ਪ੍ਰਭਾਵਸ਼ਾਲੀ ਸਿੱਖਾਂ ਦੀ ਸੂਚੀ ’ਚ ਪਹਿਲੇ ਸਥਾਨ ’ਤੇ ਜਥੇਦਾਰ ਕੁਲਵੰਤ ਸਿੰਘ ਅਤੇ ਦੂਜੇ ਸਥਾਨ ’ਤੇ ਜਥੇਦਾਰ ਹਰਪ੍ਰੀਤ ਸਿੰਘ

### ਹਰਜਿੰਦਰ ਸਿੰਘ ਧਾਮੀ ਤੀਜੇ ਸਥਾਨ ’ਤੇ, ਭਗਵੰਤ ਸਿੰਘ ਮਾਨ ਚੌਥੇ ਸਥਾਨ ’ਤੇ









ਲੰਡਨ/ਏ.ਟੀ.ਨਿਊਜ਼ : ਵਿਸ਼ਵ ਦੇ ਵੱਖ- ਵੱਖ ਮੁਲਕਾਂ ’ਚ ਵਸਦੇ 2.6 ਕਰੋੜ ਸਿੱਖਾਂ ’ਚੋਂ ਵਿਸ਼ਵ ਦੇ 100 ਪ੍ਰਭਾਵਸ਼ਾਲੀ ਸਿੱਖ ਸ਼ਖ਼ਸੀਅਤਾਂ ਨੂੰ ਚੁਣਿਆ ਗਿਆ ਹੈ। ਇਹ ਕੰਮ ਯੂ.ਕੇ. ਦੀ ਸਿੱਖ ਸੰਸਥਾ ‘ਦਿ ਸਿੱਖ ਗਰੁੱਪ’ ਵੱਲੋਂ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਲੰਡਨ ਤੋਂ ‘ਦਿ ਸਿੱਖ ਗਰੁੱਪ’ ਦੇ ਸੰਸਥਾਪਕ ਨਵਦੀਪ ਸਿੰਘ ਨੇ ਦਸਿਆ ਕਿ 2.6 ਕਰੋੜ ਸਿੱਖਾਂ ’ਚੋਂ ਵਿਸ਼ਵ ਦੇ 100 ਪ੍ਰਭਾਵਸ਼ਾਲੀ ਸਿੱਖ ਸ਼ਖ਼ਸੀਅਤਾਂ ਦੀ ਚੋਣ ਕੀਤੀ ਗਈ ਹੈ। ‘ਦਿ ਸਿੱਖਸ 100’ ਸੂਚੀ ਦੇ ਤਾਜ਼ਾ 11ਵੇਂ ਅਡੀਸ਼ਨ ਵਿੱਚ ਸੰਸਾਰ ਦੇ 100 ਪ੍ਰਭਾਵਸ਼ਾਲੀ ਸਿੱਖਾਂ ਵਿੱਚ ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ (ਬਾਕੀ ਸਫ਼ਾ 29 ’ਤੇ)

### ਪੂਰੀ ਦੁਨੀਆਂ ’ਚ ਛਾਏ ਸਿੱਖ

ਵਿਸ਼ਵ ਦੇ ਵੱਖ- ਵੱਖ ਮੁਲਕਾਂ ’ਚ ਵਸੇ ਹੋਏ ਸਿੱਖਾਂ ਨੇ ਆਪਣੀ ਸਖ਼ਤ ਮਿਹਨਤ ਨਾਲ ਉਹਨਾਂ ਮੁਲਕਾਂ ਦੀ ਆਰਥਿਕਤਾ ਨੂੰ ਮਜਬੂਤ ਕਰਨ ਵਿੱਚ ਵੱਡਾ ਯੋਗਦਾਨ ਪਾਇਆ ਹੈ। ਇਸ ਤੋਂ ਇਲਾਵਾ ਅੰਤਰਰਾਸ਼ਟਰੀ ਪੱਧਰ ’ਤੇ ਵੀ ਸਿੱਖਾਂ ਨੇ ਵੱਖ ਵੱਖ ਮੁਲਕਾਂ ਦੀ ਸਿਆਸਤ, ਧਾਰਮਿਕ, ਸਮਾਜਿਕ, ਖੇਡ ਜਗਤ, ਸੱਭਿਆਚਾਰ ਅਤੇ ਹੋਰਨਾਂ ਖੇਤਰਾਂ ’ਚ ਮਾਣਯੋਗ ਪ੍ਰਾਪਤੀਆਂ ਕੀਤੀਆਂ ਹਨ। ਇਸ ਤਰਾਂ ਸਿੱਖਾਂ ਨੇ ਵਿਸ਼ਵ ਵਿੱਚ ਸਿਖ ਧਰਮ ਦਾ ਝੰਡਾ ਬੁਲੰਦ ਕੀਤਾ ਹੈ। ਸਿੱਖਾਂ ਦੀਆਂ ਇਹਨਾਂ (ਬਾਕੀ ਸਫ਼ਾ 29 ’ਤੇ)

# ਅਮਰੀਕਾ ਦੀ ਯੂਨੀਵਰਸਿਟੀ ਵਿੱਚ ਮਨਾਈ ਗਈ ਵਿਸਾਖੀ, ਸਜਾਈਆਂ ਗਈਆਂ ਦਸਤਾਰਾਂ

## ਰਾਈਟ ਸਟੇਟ ਯੂਨੀਵਰਸਿਟੀ ਵਿਖੇ ਬਰਥ ਆਫ਼ ਖ਼ਾਲਸਾ ਐਂਡ ਹਾਰਵੈਸਟ ਫ਼ੈਸਟੀਵਲ, ਵਿਸਾਖੀ ਪ੍ਰੋਗਰਾਮ ਦਾ ਆਯੋਜਨ






ਡੇਟਨ (ਅਮਰੀਕਾ)/ਏ.ਟੀ.ਨਿਊਜ਼ :- ਖਾਲਸਾ ਸਾਜਨਾ ਦਿਵਸ ਅਤੇ ਵਾਢੀ ਦੇ ਤਿਉਹਾਰ (ਹਾਰਵੈਸਟ ਫੈਸਟੀਵਲ) ਨੂੰ ਸਮਰਪਿਤ ਵਿਸਾਖੀ ਅਮਰੀਕਾ ਦੇ ਓਹਾਈਓ ਸੂਬੇ ਦੇ ਸ਼ਹਿਰ ਡੇਟਨ ਸਥਿਤ ਰਾਈਟ ਸਟੇਟ ਯੂਨੀਵਰਸਟੀ ਵਿਖੇ ਮਨਾਈ ਗਈ। ਇਹ ਪ੍ਰੋਗਰਾਮ ਯੂਨੀਵਰਸਿਟੀ ਦੇ ਮੌਜੂਦਾ ਅਤੇ ਸਾਬਕਾ ਸਿੱਖ ਵਿਦਿਆਰਥੀਆਂ, ਏਸ਼ੀਅਨ ਸਟੂਡੈਂਟ ਐਸੋਸੀਏਸ਼ਨ (ਏਐਸਏ), ਯੂਨੀਵਰਸਿਟੀ ਸੈਂਟਰ ਆਫ ਇੰਟਰਨੈਸ਼ਨਲ ਐਜੂਕੇਸ਼ਨ (ਯੂ.ਸੀ.ਆਈ.ਈ.) ਅਤੇ ਸਿੱਖ ਸੋਸਾਇਟੀ ਆਫ ਡੇਟਨ ਦੇ ਸਹਿਯੋਗ ਨਾਲ ਕਰਵਾਇਆ ਗਿਆ ਸੀ।ਇਸ ਮੌਕੇ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ, ਸਿੱਖ ਇਤਿਹਾਸ, ਸਿੱਖ ਸਮਾਜ ਵਿਚ ਔਰਤ ਦਾ ਸਥਾਨ, ਸੇਵਾ ਦਾ ਸੰਕਲਪ, ਵਿਆਹ ਸ਼ਾਦੀ ਤੇ ਤਿਉਹਾਰਾਂ ਨੂੰ ਦਰਸਾਉਂਦੀ ਹੋਈ ਇੱਕ ਪ੍ਰਦਰਸ਼ਨੀ ਲਗਾਈ ਗਈ। ਇਸ ਵਿਚ ਤਸਵੀਰਾਂ ਤੇ ਪੋਸਟਰਾਂ ਤੋਂ ਇਲਾਵਾ ਸਿੱਖ ਇਤਿਹਾਸ ਅਤੇ ਵਿਰਸੇ ਨਾਲ ਸੰਬੰਧਤ ਪੁਸਤਕਾਂ, ਕੜੇ, ਹਰਮੋਨੀਅਮ, ਰਬਾਬ ਆਦਿ ਦੀ ਵੀ ਨੁਮਾਇਸ਼ ਕੀਤੀ ਗਈ। ਦਰਸ਼ਕਾਂ ਨੇ ਭਾਈ ਘਨੱਈਆ, ਸਿੱਖ ਯੋਧਿਆਂ ਅਤੇ ਪਗੜੀਆਂ ਦੇ ਵਿਭਿੰਨ ਸਰੂਪਾਂ ਦੀਆਂ ਤਸਵੀਰਾਂ ਨੂੰ ਸਭ ਤੋਂ ਜਿਆਦਾ ਪਸੰਦ ਕੀਤਾ।

ਸਮਾਗਮ ਦਾ ਇੱਕ ਹੋਰ ਮੁੱਖ ਆਕਰਸ਼ਨ ਮਹਿਮਾਨਾਂ ਲਈ ਦਸਤਾਰ ਸਜਾਉਣ ਦਾ ਸੈਸ਼ਨ ਸੀ। ਵੱਡੀ ਗਿਣਤੀ ਵਿੱਚ ਮਹਿਮਾਨਾਂ ਨੇ ਦਸਤਾਰ ਬੰਨਣ ਦਾ ਅਨੁਭਵ ਕੀਤਾ। ਉਹਨਾਂ ਨੂੰ ਸਿੱਖ ਵਿਦਿਆਰਥੀਆਂ ਅਤੇ ਡੇਟਨ ਦੇ ਸਿੱਖ ਭਾਈਚਾਰੇ ਦੇ ਮੈਂਬਰਾਂ ਨਾਲ ਗੱਲਬਾਤ ਕਰਨ ਦਾ ਮੌਕਾ ਵੀ ਮਿਲਿਆ। ਦਸਤਾਰ ਸਜਾਉਣ ਤੋਂ ਬਾਅਦ ਵਿਦਿਆਰਥੀ ਬਹੁਤ ਹੀ ਮਾਨ ਮਹਿਸੂਸ ਕਰ ਰਹੇ ਸਨ ਅਤੇ ਯੂਨੀਵਰਸਿਟੀ ਵਿੱਚ ਦਸਤਾਰ ਸਜਾ ਕੇ ਘੁੰਮਦੇ ਰਹੇ। ਉਹਨਾਂ ਇਸ ਦੀ ਮਹੱਤਤਾ, ਵੱਖ-ਵੱਖ ਰੰਗਾਂ ਅਤੇ ਦਸਤਾਰ ਬੰਨਣ ਦੇ ਵੱਖ-ਵੱਖ ਸਟਾਈਲ ਆਦਿ ਬਾਰੇ ਕਈ ਦਿਲਚਸਪ ਸਵਾਲ ਵੀ ਪੁੱਛੇ।

ਸਮਾਗਮ ਦੇ ਮੁੱਖ ਬੁਲਾਰੇ ਅਸੀਸ ਕੌਰ ਨੇ ਸਿੱਖ ਧਰਮ, ਵਿਸਾਖੀ ਦੀ ਮਹੱਤਤਾ ਅਤੇ ਖਾਲਸੇ ਦੇ ਸਾਜਨਾ ਸੰਬੰਧੀ ਸੰਖੇਪ ਵਿੱਚ ਆਏ ਹੋਏ ਮਹਿਮਾਨਾਂ ਨਾਲ ਜਾਣਕਾਰੀ ਸਾਂਝੀ ਕੀਤੀ। ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ, ਕਮਿਊਨਿਟੀ ਕਾਰਕੂਨ, ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਇਸ ਸਮਾਗਮ ਦਾ ਉਦੇਸ਼ ਵਿਦਿਆਰਥੀਆਂ, ਅਧਿਆਪਕਾਂ ਅਤੇ ਹੋਰਨਾਂ ਆਏ ਹੋਏ ਮਹਿਮਾਨਾਂ ਨੂੰ ਸਿੱਖਾਂ ਬਾਰੇ ਜਾਣਕਾਰੀ ਅਤੇ ਸਿੱਖ ਸਭਿਆਚਾਰ ਦੇ ਗੌਰਵ ਮਈ ਵਿਰਸੇ ਤੋਂ ਜਾਣੂ ਕਰਾਉਣਾ ਸੀ।

ਏਐਸਏ ਦੇ ਪ੍ਰਧਾਨ ਰਿਆਨ ਡਿਆਜ਼ ਅਤੇ ਯੂ.ਸੀ.ਆਈ.ਈ. ਦੇ ਪ੍ਰੋਗਰਾਮ ਕੋਆਰਡੀਨੇਟਰ ਜੇਸੀ ਮਾਕੋਵਸਕੀ, ਨੇ ਇਸ ਸਮਾਗਮ ਦੇ ਆਯੋਜਨ 'ਤੇ ਪ੍ਰਸ਼ੰਸਾ ਪ੍ਰਗਟ ਕਰਦਿਆਂ ਕਿਹਾ ਕਿ ਇਸ ਸਮਾਗਮ ਨੇ ਯੁਨੀਵਰਸਿਟੀ ਦੇ ਭਾਈਚਾਰੇ ਨੂੰ ਸਿੱਖ ਧਰਮ ਬਾਰੇ ਡੂੰਘੀ ਸਮਝ ਪ੍ਰਾਪਤ ਕਰਨ ਅਤੇ ਸਾਡੇ ਅਮਰੀਕਾ ਦੇ ਵੱਖ-ਵੱਖ ਭਾਈਚਾਰਿਆਂ ਦੀ ਸੱਭਿਆਚਾਰਕ ਅਮੀਰੀ ਨੂੰ ਯਾਦ ਕਰਨ ਦਾ ਮੌਕਾ ਪ੍ਰਦਾਨ ਕੀਤਾ। ਇਸ ਪ੍ਰੋਗਰਾਮ ਨੂੰ ਆਯੋਜਤ ਕਰਨ ਵਿੱਚ ਮੁੱਖ ਭੂਮਿਕਾ ਨਿਭਾਉਣ ਵਾਲੇ ਵਿਦਿਆਰਥੀ ਹਰਸ਼ਦੀਪ ਸਿੰਘ ਅਤੇ ਹਰਰੂਪ ਸਿੰਘ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆ ਆਖਿਆ।

ਅਮਰੀਕਾ ਦੀ ਫੌਜ ਵਿੱਚ ਭਰਤੀ ਹੋਣ ਵਾਲੇ ਯੁਨੀਵਰਸਿਟੀ ਦੇ ਵਿਦਿਆਰਥੀ ਗੁਰਵੀਰ ਸਿੰਘ ਨੇ ਕੇਸ ਅਤੇ ਦਸਤਾਰ ਸਜਾ ਕੇ ਆਪਣੇ ਧਰਮ ਅਤੇ ਦੇਸ਼ ਦੋਵਾਂ ਦੀ ਸੇਵਾ ਕਰਨ ਲਈ ਅਮਰੀਕਾ ਦਾ ਧੰਨਵਾਦ ਕੀਤਾ। ਸਿੱਖ ਸੁਸਾਇਟੀ ਆਫ ਡੇਟਨ ਸੇਵਾਦਾਰ ਕਮੇਟੀ ਦੇ ਸਕੱਤਰ ਪਿਆਰਾ ਸਿੰਘ ਸੈਂਭੀ ਨੇ ਸਿੱਖ ਵਿਦਿਆਰਥੀਆਂ ਨੂੰ ਇਸ ਸਮਾਗਮ ਦੀ ਮੇਜ਼ਬਾਨੀ ਲਈ ਵਧਾਈ ਦਿੱਤੀ ਅਤੇ ਆਏ ਹੋਏ ਮਹਿਮਾਨਾਂ ਨੂੰ ਡੇਟਨ ਗੁਰਦੁਆਰਾ ਸਾਹਿਬ ਵਿਖੇ ਆਉਣ ਦਾ ਸੱਦਾ ਦਿੱਤਾ।

## ਅਮਰੀਕਾ ਵਿੱਚ ਆਏ ਤੂਫ਼ਾਨ ਕਾਰਨ ਸੜਕ ਹਾਦਸਾ, 6 ਮੌਤਾਂ ਤੇ 30 ਜ਼ਖ਼ਮੀ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਕੇਂਦਰੀ ਇਲੀਨੋਇਸ ਰਾਜ ਵਿਚ ਮਿੱਟੀ ਘਟੇ ਵਾਲੇ ਤੂਫ਼ਾਨ ਦੌਰਾਨ ਪ੍ਰਮੁੱਖ ਹਾਈਵੇਅ 'ਤੇ ਵਾਪਰੇ ਹਾਦਸੇ ਵਿੱਚ ਕਈ ਵਾਹਣ ਆਪਸ ਵਿੱਚ ਟਕਰਾਅ ਗਏ ਜਿਸ ਦੇ ਸਿੱਟੇ ਵਜੋਂ 6 ਵਿਅਕਤੀਆਂ ਦੀ ਮੌਤ ਹੋਣ 'ਤੇ ਕਈ ਹੋਰਨਾਂ ਦੇ ਜ਼ਖਮੀ ਹੋਣ ਦੀ ਖਬਰ ਹੈ। ਇਲੀਨੋਇਸ ਸਟੇਟ ਪੁਲਿਸ ਦੇ ਮੇਜਰ ਰਿਆਨ ਸਟਾਰਿਕ ਨੇ ਕਿਹਾ ਹੈ ਕਿ 30 ਤੋਂ ਵਧ ਜ਼ਖਮੀਆਂ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ ਹੈ ਜਿਨਾਂ ਵਿਚੋਂ ਕਈ ਗੰਭੀਰ ਹਨ ਤੇ ਕਈਆਂ ਦੇ ਜ਼ਖਮ ਜਾਨ ਲੇਵਾ ਨਹੀਂ ਹਨ। ਉਨਾਂ ਕਿਹਾ ਕਿ ਜ਼ਖਮੀਆਂ ਵਿੱਚ 2 ਸਾਲ ਤੋਂ ਲੈ ਕੇ 80 ਸਾਲ ਦੇ ਲੋਕ ਸ਼ਾਮਿਲ ਹਨ।

# 2022 'ਚ ਭਾਰਤ ਵਿੱਚ ਧਾਰਮਿਕ ਆਜ਼ਾਦੀ ਨੂੰ ਲੈ ਕੇ ਹਾਲਾਤ ਲਗਾਤਾਰ ਵਿਗੜਦੇ ਗਏ: USCIRF

ਵਾਸ਼ਿੰਗਟਨ, ਡੀ.ਸੀ/ ਏ.ਟੀ.ਨਿਊਜ਼ :-ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ 'ਤੇ ਸੰਯੁਕਤ ਰਾਜ ਦੇ ਕਮਿਸ਼ਨ (USCIRF) ਨੇ ਆਪਣੀ 2023 ਦੀ ਸਾਲਾਨਾ ਰਿਪੋਰਟ ਜਾਰੀ ਕੀਤੀ ਹੈ ਜਿਸ ਵਿੱਚ 2022 ਦੌਰਾਨ ਅਫਗਾਨਿਸਤਾਨ, ਚੀਨ, ਕਿਊਬਾ, ਇਰਾਨ, ਨਿਕਾਰਾਗੁਆ ਅਤੇ ਰੂਸ ਵਰਗੇ ਦੇਸ਼ਾਂ ਵਿੱਚ ਮਹੱਤਵਪੂਰਨ ਰਿਗਰੈਸ਼ਨ ਸ਼ਾਮਲ ਹਨ। USCIRF ਦੀ 2023 ਦੀ ਸਲਾਨਾ ਰਿਪੋਰਟ ਵਿਦੇਸ਼ਾਂ ਵਿੱਚ ਅਮਰੀਕੀ ਸਰਕਾਰ ਦੁਆਰਾ ਧਰਮ ਦੀ ਆਜ਼ਾਦੀ ਦੇ ਪ੍ਰਚਾਰ ਨੂੰ ਵਧਾਉਣ ਲਈ ਸਿਫਾਰਸ਼ਾਂ ਪ੍ਰਦਾਨ ਕਰਦੀ ਹੈ। ਆਪਣੀ 2023 ਦੀ ਸਲਾਨਾ ਰਿਪੋਰਟ ਵਿੱਚ, USCIRF 17 ਦੇਸ਼ਾਂ ਨੂੰ ਖਾਸ ਚਿੰਤਾ ਵਾਲੇ ਦੇਸ਼ਾਂ (CPCs) ਵਜੋਂ ਅਹੁਦਾ ਦੇਣ ਲਈ ਵਿਦੇਸ਼ ਵਿਭਾਗ ਨੂੰ ਸਿਫ਼ਾਰਸ ਕੀਤੀ ਹੈ ਕਿਉਂਕਿ ਉਨ੍ਹਾਂ ਦੀਆਂ ਸਰਕਾਰਾਂ ਧਰਮ ਦੀ ਆਜ਼ਾਦੀ ਦੇ ਅਧਿਕਾਰ ਦੀਆਂ ਗੰਭੀਰ ਉਲੰਘਣਾਵਾਂ ਕਰਦੀਆਂ ਹਨ। ਇਨ੍ਹਾਂ ਵਿੱਚ 12 ਦੇਸ਼ ਸ਼ਾਮਲ ਹਨ ਜਿਨ੍ਹਾਂ ਨੂੰ ਵਿਦੇਸ਼ ਵਿਭਾਗ ਨੇ ਨਵੰਬਰ 2022 ਵਿੱਚ ਸੀਪੀਸੀ ਵਜੋਂ ਨਾਮਜ਼ਦ ਕੀਤਾ ਸੀ: ਬਰਮਾ, ਚੀਨ, ਕਿਊਬਾ, ਇਰੀਟਰੀਆ, ਇਰਾਨ, ਨਿਕਾਰਾਗੁਆ, ਉੱਤਰੀ ਕੋਰੀਆ, ਪਾਕਿਸਤਾਨ, ਰੂਸ, ਸਾਊਦੀ ਅਰਬ, ਤਜ਼ਾਕਿਸਤਾਨ ਅਤੇ ਤੁਰਕਮੇਨਿਸਤਾਨ ਨਾਲ ਹੀ ਪੰਜ ਵਾਧੂ ਸਿਫ਼ਾਰਸ਼ਾਂ 'ਚ ਅਫਗਾਨਿਸਤਾਨ, ਭਾਰਤ, ਨਾਈਜੀਰੀਆ, ਸੀਰੀਆ ਅਤੇ ਵੀਅਤਨਾਮ ਸ਼ਾਮਿਲ ਹਨ।ਪਹਿਲੀ ਵਾਰ, ਸਟੇਟ ਡਿਪਾਰਟਮੈਂਟ ਨੇ 2022 ਵਿੱਚ ਕਿਊਬਾ ਅਤੇ ਨਿਕਾਰਾਗੁਆ ਨੂੰ ਸੀਪੀਸੀ ਵਜੋਂ ਮਨੋਨੀਤ ਕੀਤਾ। ਯੂਐਸਸੀਆਈਆਰਐਫ ਦੀ ਚੇਅਰ ਨੂਰੀ ਤੁਰਕੇਲ ਨੇ ਕਿਹਾ, USCIRF ਕੁਝ ਦੇਸ਼ਾਂ ਵਿੱਚ ਧਰਮ ਜਾਂ ਵਿਸ਼ਵਾਸ ਦੀ ਆਜ਼ਾਦੀ ਲਈ ਵਿਗੜਦੀਆਂ ਸਥਿਤੀਆਂ ਤੋਂ ਨਿਰਾਸ਼ ਹੈ- ਖਾਸ ਤੌਰ 'ਤੇ ਇਰਾਨ ਵਿੱਚ, ਜਿੱਥੇ ਅਧਿਕਾਰੀਆਂ ਨੇ ਧਾਰਮਿਕ ਘੱਟ ਗਿਣਤੀ ਭਾਈਚਾਰਿਆਂ ਦੇ ਬੇਰਹਿਮੀ ਨਾਲ ਜਾਰੀ ਜਬਰ ਦੇ ਨਾਲ-ਨਾਲ ਲਾਜ਼ਮੀ ਹਿਜਾਬ ਕਾਨੂੰਨਾਂ ਦਾ ਸ਼ਾਂਤੀਪੂਰਵਕ ਵਿਰੋਧ ਕਰ ਰਹੇ ਲੋਕਾਂ ਨੂੰ ਪਰੇਸ਼ਾਨ ਕੀਤਾ, ਗ੍ਰਿਫਤਾਰ ਕੀਤਾ, ਤਸੀਹੇ ਦਿੱਤੇ ਅਤੇ ਜਿਨਸੀ ਸ਼ੋਸ਼ਣ ਕੀਤਾ। ਉਹਨਾਂ ਨੇ ਅੱਗੇ ਕਿਹਾ ਕਿ,

ਅਸੀਂ ਬਿਡੇਨ ਪ੍ਰਸ਼ਾਸਨ ਨੂੰ ਜ਼ੋਰਦਾਰ ਅਪੀਲ ਕਰਦੇ ਹਾਂ ਕਿ ਉਹ USCIRF ਦੀਆਂ ਸਿਫ਼ਾਰਸ਼ਾਂ ਨੂੰ ਲਾਗੂ ਕਰੇ-ਖਾਸ ਤੌਰ 'ਤੇ, CPCs ਵਜੋਂ ਸਿਫ਼ਾਰਿਸ਼ ਕੀਤੇ ਗਏ ਦੇਸ਼ਾਂ ਨੂੰ ਮਨੋਨੀਤ ਕਰਨ। ਵਿਸ਼ੇਸ਼ ਵਾਚ ਲਿਸਟ SWL ਲਈ ਅਤੇ ਚਾਰ CPC ਦੁਆਰਾ ਮਨੋਨੀਤ ਦੇਸ਼ਾਂ ਪ੍ਰਤੀ ਅਮਰੀਕੀ ਨੀਤੀ ਦੀ ਸਮੀਖਿਆ ਕਰਨ ਲਈ ਜਿਨ੍ਹਾਂ ਲਈ ਛੋਟ ਜਾਰੀ ਕੀਤੀ ਗਈ ਸੀ ਉਹਨਾਂ ਉਤੇ ਕੋਈ ਕਾਰਵਾਈ ਕਰਨ । ਅਸੀਂ ਕਿਸੇ ਵੀ ਵਿਅਕਤੀ ਨੂੰ ਵਿਦੇਸ਼ੀ ਵਿਰੋਧੀਆਂ ਦੀ ਤਰਫੋਂ ਲਾਬਿੰਗ ਕਰਨ ਲਈ ਮੁਆਵਜ਼ਾ ਲੈਣ ਤੋਂ ਰੋਕਣ ਲਈ ਕਾਂਗਰਸ ਦੇ ਕੰਮ ਕਰਨ ਦੀ ਮਹੱਤਤਾ 'ਤੇ ਵੀ ਜ਼ੋਰ ਦਿੰਦੇ ਹਾਂ, ਜਿਨ੍ਹਾਂ ਵਿੱਚ ਧਰਮ ਦੀ ਆਜ਼ਾਦੀ ਦੇ ਅਧਿਕਾਰ ਦੀ ਖਾਸ ਤੌਰ 'ਤੇ ਉਹ ਲੋਕ ਜੋ ਇਨ੍ਹਾਂ ਅਧਿਕਾਰਾਂ ਦੀਆਂ ਉਲੰਘਣਾ ਕਰਦੇ ਹਨ।

2023 ਦੀ ਸਲਾਨਾ ਰਿਪੋਰਟ 11 ਦੇਸ਼ਾਂ ਨੂੰ ਉਨ੍ਹਾਂ ਦੀਆਂ ਸਰਕਾਰਾਂ ਦੁਆਰਾ ਗੰਭੀਰ ਧਾਰਮਿਕ ਆਜ਼ਾਦੀ ਦੀ ਉਲੰਘਣਾ ਦੇ ਅਪਰਾਧ ਦੇ ਆਧਾਰ 'ਤੇ ਸਟੇਟ ਡਿਪਾਰਟਮੈਂਟ ਦੇ SWL 'ਤੇ ਪਲੇਸਮੈਂਟ ਲਈ ਸਿਫ਼ਾਰਸ਼ ਕੀਤੀ ਹੈ। ਇਹਨਾਂ ਵਿੱਚ ਉਹ ਦੋ ਸ਼ਾਮਲ ਹਨ ਜੋ ਵਿਦੇਸ਼ ਵਿਭਾਗ ਨੇ ਨਵੰਬਰ 2022 ਵਿੱਚ ਉਸ ਸੂਚੀ ਵਿੱਚ ਰੱਖੇ ਸਨ: ਅਲਜੀਰੀਆ ਅਤੇ ਮੱਧ ਅਫ਼ਰੀਕੀ ਗਣਰਾਜ (CAR) — ਨਾਲ ਹੀ ਨੌਂ ਦੇਸ਼: ਅਜ਼ਰਬਾਈਜਾਨ, ਮਿਸਰ, ਇੰਡੋਨੇਸ਼ੀਆ, ਇਰਾਕ, ਕਜ਼ਾਕਿਸਤਾਨ, ਮਲੇਸ਼ੀਆ, ਸ੍ਰੀਲੰਕਾ, ਤੁਰਕੀ, ਅਤੇ ਉਜ਼ਬੇਕਿਸਤਾਨ ਸ਼ਾਮਿਲ ਹਨ।USCIRF B@BB ਵਿੱਚ ਧਾਰਮਿਕ ਆਜ਼ਾਦੀ ਦੀਆਂ ਵਿਗੜਦੀਆਂ ਸਥਿਤੀਆਂ ਦੇ ਕਾਰਨ ਪਹਿਲੀ ਵਾਰ ਸ਼੍ਰੀਲੰਕਾ ਨੂੰ SWL ਵਿੱਚ ਸ਼ਾਮਲ ਕਰਨ ਲਈ ਵਿਦੇਸ਼ ਵਿਭਾਗ ਨੂੰ ਸਿਫਾਰਸ਼ ਕਰ ਰਿਹਾ ਹੈ।

USCIRF ਨੇ ਰਾਜ ਵਿਭਾਗ ਨੂੰ ਯੋਜਨਾਬੱਧ, ਚੱਲ ਰਹੇ, ਅਤੇ ਗੰਭੀਰ ਧਾਰਮਿਕ ਆਜ਼ਾਦੀ ਦੀ ਉਲੰਘਣਾ ਲਈ ਵਿਸ਼ੇਸ਼ ਚਿੰਤਾ ਦੀਆਂ ਸੰਸਥਾਵਾਂ (EPCs) ਵਜੋਂ ਮੁੜ-ਨਿਰਧਾਰਨ ਲਈ ਸੱਤ ਗੈਰ-ਰਾਜੀ ਅਦਾਕਾਰਾਂ ਨੂੰ ਸਿਫ਼ਾਰਸ਼ ਕੀਤੀ ਹੈ। ਵਿਦੇਸ਼ ਵਿਭਾਗ ਨੇ ਨਵੰਬਰ 2022 ਵਿੱਚ ਇਹਨਾਂ ਸਾਰੇ ਸੱਤ ਸਮੂਹਾਂ ਨੂੰ ਈਪੀਸੀ ਵਜੋਂ ਮਨੋਨੀਤ ਕੀਤਾ ਜਿਨ੍ਹਾਂ ਵਿਚ ਅਲ-ਸ਼ਬਾਬ, ਬੋਕੋ ਹਰਮ, ਹਾਉਥੀ, ਹਯਾਤ ਤਹਿਰੀਰ ਅਲ-ਸ਼ਾਮ (ਐਚਟੀਐਸ), ਗ੍ਰੇਟਰ ਸਹਾਰਾ ਵਿੱਚ ਇਸਲਾਮਿਕ ਸਟੇਟ (ਆਈਐਸਜੀਐਸ), ਪੱਛਮੀ ਵਿੱਚ ਇਸਲਾਮਿਕ ਰਾਜ ਅਫਰੀਕਾ ਪ੍ਰਾਂਤ ਅਤੇ ਜਮਾਤ ਨਸਰ ਅਲ-ਇਸਲਾਮ ਵਾਲ ਮੁਸਲਿਮ ਸ਼ਾਮਿਲ ਹਨ।

USCIRF ਦੇ ਵਾਈਸ ਚੇਅਰ ਅਬ੍ਰਾਹਮ ਕੂਪਰ ਨੇ ਕਿਹਾ, ਪਿਛਲੇ ਸਾਲ ਦੌਰਾਨ, ਅਮਰੀਕੀ ਸਰਕਾਰ ਨੇ ਧਾਰਮਿਕ ਆਜ਼ਾਦੀ ਦੇ ਦੁਰਵਿਵਹਾਰ ਦੀ ਨਿੰਦਾ ਕਰਨਾ ਜਾਰੀ ਰੱਖਿਆ ਅਤੇ ਨਿਸ਼ਾਨਾ ਪਾਬੰਦੀਆਂ ਅਤੇ ਹੋਰ ਸਾਧਨਾਂ ਰਾਹੀਂ ਦੋਸ਼ੀਆਂ ਨੂੰ ਜਵਾਬਦੇਹ ਠਹਿਰਾਇਆ। ਅੱਗੇ ਵਧਦੇ ਹੋਏ, ਸੰਯੁਕਤ ਰਾਜ ਨੂੰ ਦੁਨੀਆ ਭਰ ਵਿੱਚ ਧਰਮ ਜਾਂ ਵਿਸ਼ਵਾਸ ਦੀ ਆਜ਼ਾਦੀ ਦਾ ਸਮਰਥਨ ਕਰਨ ਲਈ ਵਾਧੂ ਕਦਮ ਚੁੱਕਣੇ ਚਾਹੀਦੇ ਹਨ। ਅਸੀਂ ਇਸ ਵਿਸ਼ਵਵਿਆਪੀ, ਬੁਨਿਆਦੀ ਮਨੁੱਖੀ ਅਧਿਕਾਰ ਨੂੰ ਹੋਰ ਅੱਗੇ ਵਧਾਉਣ ਲਈ ਕਾਂਗਰਸ ਅਤੇ ਕਾਰਜਕਾਰੀ ਸ਼ਾਖਾ ਨੂੰ USCIRF ਦੀ 2023 ਦੀ ਸਾਲਾਨਾ ਰਿਪੋਰਟ ਵਿੱਚ ਸਿਫ਼ਾਰਸ਼ਾਂ ਨੂੰ ਲਾਗੂ ਕਰਨ ਦੀ ਅਪੀਲ ਕਰਦੇ ਹਾਂ।

ਇਹਨਾਂ 28 ਦੇਸ਼ਾਂ ਲਈ ਮੁੱਖ ਖੋਜਾਂ ਅਤੇ ਅਮਰੀਕੀ ਨੀਤੀ ਸਿਫ਼ਾਰਸ਼ਾਂ ਵਾਲੇ ਅਧਿਆਵਾਂ ਤੋਂ ਇਲਾਵਾ, 2023 ਦੀ ਸਲਾਨਾ ਰਿਪੋਰਟ ਸਮੁੱਚੇ ਤੌਰ 'ਤੇ ਯੂ.ਐਸ. ਅੰਤਰਰਾਸ਼ਟਰੀ ਧਾਰਮਿਕ ਆਜ਼ਾਦੀ ਨੀਤੀ ਦਾ ਵਰਣਨ ਅਤੇ ਮੁਲਾਂਕਣ ਕਰਦੀ ਹੈ। ਰਿਪੋਰਟ ਵਿੱਚ 2022 ਦੌਰਾਨ ਧਾਰਮਿਕ ਆਜ਼ਾਦੀ ਨਾਲ ਸਬੰਧਤ ਮਹੱਤਵਪੂਰਨ ਗਲੋਬਲ ਵਿਕਾਸ ਅਤੇ ਰੁਝਾਨਾਂ ਨੂੰ ਵੀ ਉਜਾਗਰ ਕੀਤਾ ਗਿਆ ਹੈ—ਜਿਸ ਵਿੱਚ ਉਹ ਦੇਸ਼ ਵੀ ਸ਼ਾਮਲ ਹਨ ਜੋ CPC ਜਾਂ SWL ਸਿਫ਼ਾਰਸ਼ਾਂ ਦੇ ਮਾਪਦੰਡਾਂ ਨੂੰ ਪੂਰਾ ਨਹੀਂ ਕਰਦੇ ਹਨ। ਇਹਨਾਂ ਵਿੱਚ ਧਾਰਮਿਕ ਆਜ਼ਾਦੀ ਦੀ ਉਲੰਘਣਾ ਕਰਨ ਵਾਲਿਆਂ ਦੁਆਰਾ ਅੰਤਰ-ਰਾਸ਼ਟਰੀ ਦਮਨ ਅਤੇ ਪ੍ਰਭਾਵ, ਯੂਰਪ ਵਿੱਚ ਧਾਰਮਿਕ ਆਜ਼ਾਦੀ ਦੀਆਂ ਚਿੰਤਾਵਾਂ, ਧਾਰਮਿਕ ਆਜ਼ਾਦੀ ਨੂੰ ਸੀਮਤ ਕਰਨ ਵਾਲੇ ਕਾਨੂੰਨ, ਦੂਜੇ ਦੇਸ਼ਾਂ ਵਿੱਚ ਉੱਭਰ ਰਹੇ ਧਾਰਮਿਕ ਆਜ਼ਾਦੀ ਦੀਆਂ ਚਿੰਤਾਵਾਂ, ਯਹੂਦੀ ਵਿਰੋਧੀਵਾਦ ਦਾ ਮੁਕਾਬਲਾ ਕਰਨ ਵਿੱਚ ਸਕਾਰਾਤਮਕ ਵਿਕਾਸ, ਅਤੇ ਲਾਤੀਨੀ ਅਮਰੀਕਾ ਵਿੱਚ ਆਦਿਵਾਸੀ ਲੋਕਾਂ ਲਈ ਧਾਰਮਿਕ ਆਜ਼ਾਦੀ (ਬਾਕੀ ਸ਼ਫ਼ਾ 30 'ਤੇ)

# ਗੁਰਦੁਆਰਾ ਡਾਂਗਮਾਰ ਸਾਹਿਬ ਬਾਰੇ ਸਿੱਕਮ ਹਾਈ ਕੋਰਟ ਦਾ ਸਿੱਖਾਂ ਦੇ ਹੱਕ 'ਚ ਫ਼ੈਸਲਾ

ਜਲੰਧਰ/ਏ.ਟੀ.ਨਿਊਜ਼ : ਬੀਤੇ ਦਿਨੀਂ ਲੰਬੇ ਸਮੇਂ ਤੋਂ ਲਟਕ ਰਹੇ ਗੁਰਦੁਆਰਾ ਡਾਂਗਮਾਰ ਸਾਹਿਬ ਉਤਰੀ ਸਿੱਕਮ ਦੇ ਮਾਮਲੇ ਵਿੱਚ ਸੂਬੇ ਦੇ ਐਡੀਸ਼ਨਲ ਐਡਵੋਕੇਟ ਜਨਰਲ ਦੀ ਅਪੀਲ 'ਤੇ ਗ਼ੌਰ ਕਰਦਿਆਂ ਸਿਕਮ ਹਾਈ ਕੋਰਟ ਨੇ ਹੁਕਮ ਦਿੱਤਾ ਹੈ ਕਿ ਸਿੱਖਾਂ ਦੇ ਪਾਵਨ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਗੁਰਦੁਆਰਾ ਸਾਹਿਬ ਦੀ ਹਦੂਦ ਵਿੱਚ ਕੀਤਾ ਜਾਵੇ। ਗੁਰਦੁਆਰਾ ਸਾਹਿਬ ਲਈ ਬਾਕੀ ਰੂਪ ਰੇਖਾ ਨੂੰ ਆਪਸੀ ਤਾਲਮੇਲ ਨਾਲ ਤਿਆਰ ਕਰਕੇ ਅਮਲ ਵਿੱਚ ਲਿਆਂਦਾ ਜਾਵੇ। ਦੱਸ ਦੇਈਏ ਕਿ 14 ਅਗਸਤ 2017 ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਇਤਿਹਾਸਕ ਗੁਰਦੁਆਰਾ ਡਾਂਗਮਾਰ ਸਾਹਿਬ ਦੀ ਹਦੂਦ ਵਿਚੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਜ਼ਬਰਦਸਤੀ ਬਾਹਰ ਹਟਾ ਦਿੱਤਾ ਗਿਆ ਸੀ ਤੇ ਕੁਝ ਸਮਾਨ ਕੱਢ ਕੇ ਸੜਕ 'ਤੇ ਬਾਹਰ ਰੱਖ ਦਿੱਤਾ ਗਿਆ ਸੀ।





ਮੀਡੀਆ ਰਿਪੋਰਟਾਂ ਦੇ ਆਧਾਰ 'ਤੇ ਇਸ ਮਾਮਲੇ ਨੂੰ ਦਸੰਬਰ 2017 ਵਿੱਚ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਗੰਭੀਰ ਨੋਟਿਸ ਲਿਆ ਤੇ ਲਗਾਤਾਰ ਇਸ ਮਾਮਲੇ ਦੀ ਪੈਰਵਾਈ ਕੀਤੀ ਸੀ।ਕਮਿਸ਼ਨ ਵੱਲੋਂ ਸੂਬਾ ਸਰਕਾਰ ਤੋਂ ਗੁਰਦੁਆਰਾ ਸਾਹਿਬ ਦੀ ਹਦੂਦ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਮਰਿਆਦਾ ਦੀ ਮੁੜ ਬਹਾਲੀ ਲਈ ਰਿਪੋਰਟ ਮੰਗੀ, ਕਿਉਂਕਿ ਇਸ ਸਮੁੱਚੀ ਘਟਨਾ ਨਾਲ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਸੀ। ਇਸ ਰਿਪੋਰਟ ਦੇ ਜਵਾਬ ਵਿੱਚ ਸੂਬਾ ਸਰਕਾਰ ਨੇ ਕਿਹਾ ਕਿ ਇਹ ਮਾਮਲਾ ਹਾਈ ਕੋਰਟ ਵਿੱਚ ਵਿਚਾਰ ਅਧੀਨ ਹੈ।

ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਲੰਬੇ ਸਮੇਂ ਤੋਂ ਲਟਕਦੇ ਸੰਵੇਦਨਸ਼ੀਲ ਮੁੱਦੇ ਦੀ ਲਗਾਤਾਰ ਘੋਖ ਪੜਤਾਲ ਕੀਤੀ ਤੇ 2 ਜਨਵਰੀ 2023 ਨੂੰ ਮੁੱਖ ਮੰਤਰੀ ਸਿੱਕਮ ਨੂੰ ਪੱਤਰ ਲਿਖਿਆ।ਉਨ੍ਹਾਂ ਦੇ ਇਨ੍ਹਾਂ ਯਤਨਾਂ ਨੂੰ ਬੂਰ ਪਿਆ ਤੇ ਸਿੱਕਮ ਹਾਈ ਕੋਰਟ ਨੇ ਗੁਰਦੁਆਰਾ ਸਾਹਿਬ ਦੇ ਹੱਕ ਵਿੱਚ ਫ਼ੈਸਲਾ ਸੁਣਾਉਂਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਮੁੜ ਪ੍ਰਕਾਸ਼ ਕਰਨ ਦੇ ਹੁਕਮ ਦਿੱਤੇ। ਇਸ ਫ਼ੈਸਲੇ ਨਾਲ ਸਿੱਖਾਂ ਅੰਦਰ ਖ਼ੁਸ਼ੀ ਦੀ ਲਹਿਰ ਹੈ।

ਇਸ ਸੰਬੰਧੀ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜਲਦੀ ਹੀ ਇਸ ਕੇਸ ਦੀ ਸੰਬੰਧਿਤ ਧਿਰਾਂ ਨਾਲ ਸਦਭਾਵਨਾ ਭਰੇ ਮਾਹੌਲ ਵਿੱਚ ਗੱਲਬਾਤ ਤੇ ਸੈਟਲਮੈਂਟ ਲਈ ਸ਼੍ਰੋਮਣੀ ਕਮੇਟੀ ਦੀ ਇਕ ਕਮੇਟੀ ਦਾ ਗਠਨ ਕਰਕੇ ਇਕ ਵਫ਼ਦ ਸਿੱਕਮ ਭੇਜਿਆ ਜਾਵੇਗਾ ਤਾਂ ਕਿ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਮਰਯਾਦਾ ਮੁੜ ਬਹਾਲ ਕੀਤੀ ਜਾ ਸਕੇ ਤੇ ਪਹਿਲਾਂ ਵਾਂਗ ਮੁੜ ਪ੍ਰਕਾਸ਼ ਕੀਤਾ ਜਾ ਸਕੇ।

# ਕਿਸਾਨ ਮੋਦੀ ਸਰਕਾਰ ਵਿਰੁੱਧ ਮੋਰਚਾ ਲਗਾਉਣ ਦੀ ਤਿਆਰੀ ਵਿੱਚ

## ਐਲਾਨਿਆ ਅੰਦੋਲਨ ਦਾ ਨਵਾਂ ਪ੍ਰੋਗਰਾਮ, ਚੋਣ ਸੂਬਿਆਂ ਤੋਂ ਸ਼ੁਰੂ ਹੋਵੇਗੀ ਕਿਸਾਨੀ ਮੁਹਿੰਮ

ਨਵੀਂ ਦਿੱਲੀ/ਏ.ਟੀ.ਨਿਊਜ਼: ਚੋਣਾਂ ਤੋਂ ਪਹਿਲਾਂ ਕਿਸਾਨ ਆਗੂਆਂ ਨੇ ਇੱਕ ਵਾਰ ਫਿਰ ਮੋਦੀ ਸਰਕਾਰ ਖ਼ਿਲਾਫ਼ ਅੰਦੋਲਨ ਛੇੜਨ ਦੀ ਤਿਆਰੀ ਕਰ ਲਈ ਹੈ। ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ ਅਤੇ ਤੇਲੰਗਾਨਾ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਇਸ ਨੂੰ ਦੇਖਦੇ ਹੋਏ ਕਿਸਾਨ ਆਗੂਆਂ ਨੇ ਚੋਣ ਰਾਜਾਂ ਵਿੱਚ ਮਾਰਚ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਫ਼ੈਸਲਾ ਦਿੱਲੀ ਵਿੱਚ ਮਜ਼ਦੂਰ ਦਿਵਸ ਤੋਂ ਇੱਕ ਦਿਨ ਪਹਿਲਾਂ 30 ਅਪਰੈਲ ਨੂੰ ਹੋਈ ਸੰਯੁਕਤ ਕਿਸਾਨ ਮੋਰਚਾ ਦੀ ਕੌਮੀ ਮੀਟਿੰਗ ਵਿੱਚ ਲਿਆ ਗਿਆ ਸੀ। ਇਸ ਮੀਟਿੰਗ ਵਿੱਚ 200 ਤੋਂ ਵੱਧ ਕਿਸਾਨ ਆਗੂਆਂ ਨੇ ਸ਼ਮੂਲੀਅਤ ਕੀਤੀ ਸੀ। ਮੀਟਿੰਗ ਵਿੱਚ ਕਿਸਾਨ ਆਗੂਆਂ ਨੇ ਕਈ ਅਹਿਮ ਫ਼ੈਸਲੇ ਲਏ ਸਨ।





**26-31 ਮਈ ਨੂੰ ਦੇਸ਼ ਵਿਆਪੀ ਅੰਦੋਲਨ**

ਪ੍ਰੈਸ ਕਾਨਫਰੰਸ ਵਿੱਚ ਫ਼ੈਸਲੇ ਬਾਰੇ ਜਾਣਕਾਰੀ ਦਿੰਦਿਆਂ ਕਿਸਾਨ ਆਗੂਆਂ ਨੇ ਦੱਸਿਆ ਕਿ 26 ਮਈ ਤੋਂ 31 ਮਈ 2023 ਤੱਕ ਭਾਰਤ ਦੇ ਸਾਰੇ ਰਾਜਾਂ ਵਿੱਚ ਰੋਸ ਧਰਨੇ ਦਿੱਤੇ ਜਾਣਗੇ। ਇਸ ਸਬੰਧੀ ਸਮੂਹ ਸੰਸਦ ਮੈਂਬਰਾਂ ਅਤੇ ਪ੍ਰਮੁੱਖ ਸਿਆਸੀ ਆਗੂਆਂ ਦੇ ਹਲਕਿਆਂ ਵਿੱਚ ਵਿਸ਼ਾਲ ਰੋਸ ਮਾਰਚ ਕੱਢਿਆ ਜਾਵੇਗਾ ਅਤੇ ਕਿਸਾਨਾਂ ਦੀਆਂ ਸਾਰੀਆਂ ਮੰਗਾਂ ਨੂੰ ਤੁਰੰਤ ਹੱਲ ਕਰਨ ਦੀ ਚਿਤਾਵਨੀ ਦੇਕੇ ਉਨ੍ਹਾਂ ਨੂੰ ਮੰਗ ਪੱਤਰ ਸੌਂਪੇ ਜਾਣਗੇ।

ਆਗੂਆਂ ਨੇ ਕਿਹਾ ਕਿ ਜੇਕਰ ਉਹਨਾਂ ਦੀਆਂ ਮੰਗਾਂ ਉਪਰ ਕਾਰਵਾਈ ਸ਼ੁਰੂ ਨਾ ਕੀਤੀ ਗਈ ਤਾਂ ਉਕਤ ਆਗੂਆਂ ਨੂੰ ਕਿਸਾਨਾਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਮੀਟਿੰਗ ਵਿੱਚ ਕਿਸਾਨਾਂ ਨੇ ਫ਼ੈਸਲਾ ਕੀਤਾ ਕਿ ਘੱਟੋ-ਘੱਟ ਸਮਰਥਨ ਮੁੱਲ ਕਾਨੂੰਨ, ਕਰਜ਼ੇ ਤੋਂ ਮੁਕਤੀ, ਕਿਸਾਨ ਪੈਨਸ਼ਨ, ਵਿਆਪਕ ਫ਼ਸਲ ਬੀਮਾ ਯੋਜਨਾ, ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਦੀ ਗ੍ਰਿਫ਼ਤਾਰੀ, ਕਿਸਾਨਾਂ ਖ਼ਿਲਾਫ਼ ਦਰਜ ਝੂਠੇ ਕੇਸ ਵਾਪਸ ਲੈਣ ਅਤੇ ਸ਼ਹੀਦ ਕਿਸਾਨਾਂ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਦੀ ਸਰਕਾਰ ਤੋਂ ਮੰਗ ਕੀਤੀ ਜਾਵੇਗੀ।

**ਰਾਜ ਅਤੇ ਜ਼ਿਲ੍ਹਾ ਪੱਧਰੀ ਕਾਨਫਰੰਸ**

ਮਈ, ਜੂਨ ਅਤੇ ਜੁਲਾਈ ਦੇ ਮਹੀਨਿਆਂ ਵਿੱਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਸੰਗਠਿਤ ਕਰਨ ਲਈ ਦੇਸ਼ ਦੇ ਹਰ ਰਾਜ ਅਤੇ ਜ਼ਿਲ੍ਹਾ ਪੱਧਰੀ ਕਾਨਫਰੰਸਾਂ ਦਾ ਆਯੋਜਨ ਕੀਤਾ ਜਾਵੇਗਾ।ਕਿਸਾਨਾਂ ਨੇ ਆਪਣੇ ਦਾਇਰੇ ਨੂੰ ਵਿਸ਼ਾਲ ਕਰਨ ਲਈ ਮਜ਼ਦੂਰਾਂ ਨਾਲ ਏਕਤਾ ਮਜ਼ਬੂਤ ਕਰਨ ਦੀ ਰਣਨੀਤੀ ਤਿਆਰ ਕੀਤੀ ਹੈ। ਇਸ ਤਹਿਤ 1 ਤੋਂ 15 ਅਗਸਤ ਤੱਕ ਕੇਂਦਰ ਸਰਕਾਰ ਨੂੰ ਕਿਸਾਨਾਂ-ਮਜ਼ਦੂਰਾਂ ਦੇ ਹਿੱਤਾਂ ਨੂੰ ਕਾਰਪੋਰੇਟਾਂ ਨੂੰ ਵੇਚਣ ਤੋਂ ਰੋਕਣ ਲਈ ਮਜ਼ਦੂਰ ਜਥੇਬੰਦੀਆਂ ਅਤੇ ਸੰਗਠਨਾਂ ਦੇ ਸਹਿਯੋਗ ਨਾਲ ਵੱਡੇ ਪੱਧਰ 'ਤੇ ਰੋਸ ਪ੍ਰਦਰਸ਼ਨ (ਬਾਕੀ ਸਫ਼ਾ 29 'ਤੇ)

## ਸੰਸਦ ਮੈਂਬਰ ਵਿਕਰਮ ਸਾਹਨੀ ਨੇ ਮਸਕਟ 'ਚ ਫਸੀਆਂ ਪੰਜਾਬੀ ਔਰਤਾਂ ਨੂੰ ਬਚਾਉਣ ਦੀ ਕੀਤੀ ਮੰਗ

ਨਵੀਂ ਦਿੱਲੀ/ (ਮਨਪ੍ਰੀਤ ਸਿੰਘ ਖ਼ਾਲਸਾ):- ਪੰਜਾਬ ਤੋਂ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਮਸਕਟ, ਓਮਾਨ ਵਿੱਚ ਫਸੀਆਂ 15-20 ਪੰਜਾਬੀ ਔਰਤਾਂ ਨੂੰ ਬਚਾਉਣ ਦੀ ਮੰਗ ਕੀਤੀ ਹੈ। ਸਾਹਨੀ ਨੇ ਭਾਰਤ ਸਰਕਾਰ ਦੇ ਵਿਦੇਸ਼ ਮੰਤਰੀ ਡਾ: ਐਸ ਜੈਸ਼ੰਕਰ ਨੂੰ ਇੱਕ ਪੱਤਰ ਲਿਖ ਕੇ ਬੇਨਤੀ ਕੀਤੀ ਹੈ ਕਿ ਪੰਜਾਬ ਦੀਆਂ ਧੀਆਂ ਨੂੰ ਤੁਰੰਤ ਬਾਹਰ ਕੱਢਣ ਅਤੇ ਉਨ੍ਹਾਂ ਦੀ ਤਰਸਯੋਗ ਹਾਲਤ ਲਈ ਜ਼ਿੰਮੇਵਾਰ ਟਰੈਵਲ ਏਜੰਟਾਂ ਲਈ ਸਖ਼ਤ ਸਜ਼ਾ ਦੇਣ ਲਈ ਤੁਰੰਤ ਕਾਰਵਾਈ ਕੀਤੀ ਜਾਵੇ। ਸ੍ਰੀ ਸਾਹਨੀ ਨੇ ਔਰਤਾਂ ਦੀ ਦੁਰਦਸ਼ਾ ਨੂੰ ਉਜਾਗਰ ਕਰਨ ਲਈ ਡਾਕਟਰ ਜੈ ਸ਼ੰਕਰ ਨੂੰ ਲਿਖਤੀ ਪੱਤਰ ਵੀ ਭੇਜਿਆ ਹੈ ਅਤੇ ਲੋੜੀਂਦੀ ਕਾਰਵਾਈ ਲਈ ਇਹ ਮਾਮਲਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਧਿਆਨ ਵਿੱਚ ਵੀ ਲਿਆਂਦਾ ਹੈ।



ਮਸਕਟ 'ਚ ਫਸੀਆਂ ਔਰਤਾਂ ਪੰਜਾਬ ਦੇ ਵੱਖ-ਵੱਖ ਹਿੱਸਿਆਂ ਤੋਂ ਹਨ। ਸ੍ਰੀ ਸਾਹਨੀ ਨੇ ਕਿਹਾ ਕਿ ਉਨ੍ਹਾਂ ਨੇ ਮਸਕਟ ਵਿੱਚ ਭਾਰਤੀ ਰਾਜਦੂਤ ਹਿਜ਼ ਐਕਸੀਲੈਂਸ ਅਮਿਤ ਨਾਰੰਗ ਨਾਲ ਵੀ ਗੱਲ ਕੀਤੀ ਹੈ, ਜਿਨ੍ਹਾਂ ਨੇ ਫਸੀਆਂ ਔਰਤਾਂ ਦੀ ਮਦਦ ਕਰਨ ਦਾ ਭਰੋਸਾ ਦਿੱਤਾ ਹੈ। ਸ੍ਰੀ ਸਾਹਨੀ ਨੇ ਕਿਹਾ ਕਿ ਸ਼੍ਰੀਮਾਨ ਨਾਰੰਗ ਨੇ ਮੈਨੂੰ ਦੱਸਿਆ ਕਿ ਪੰਜਾਬ ਤੋਂ ਹਜ਼ਾਰਾਂ ਔਰਤਾਂ ਵਿਜ਼ਟਰ ਵੀਜ਼ੇ 'ਤੇ ਮਸਕਟ ਆਉਂਦੀਆਂ ਹਨ ਅਤੇ ਉੱਥੇ ਫਸ ਜਾਂਦੀਆਂ ਹਨ। ਸ੍ਰੀ ਸਾਹਨੀ ਨੇ ਕਿਹਾ ਕਿ ਮੈਂ ਇਸ ਰੈਕੇਟ ਵਿੱਚ ਸ਼ਾਮਲ ਬੇਈਮਾਨ ਟਰੈਵਲ ਏਜੰਟਾਂ ਵਿਰੁੱਧ ਸਖ਼ਤ ਕਾਰਵਾਈ ਦੀ ਮੰਗ ਕਰਦਾ ਹਾਂ ਅਤੇ ਮੰਗ ਕਰਦਾ ਹਾਂ ਕਿ ਸਾਰੇ ਅਣਅਧਿਕਾਰਤ ਇਮੀਗ੍ਰੇਸ਼ਨ ਏਜੰਟਾਂ ਦੇ ਲਾਇਸੈਂਸ ਬਿਨਾਂ ਕਿਸੇ ਦੇਰੀ ਦੇ ਰੱਦ ਕੀਤੇ ਜਾਣ। ਮਸਕਟ ਤੋਂ ਬਚਾਈ ਗਈ ਇੱਕ ਲੜਕੀ ਰਾਜਪ੍ਰੀਤ ਸੰਧੂ ਨੇ ਆਪਣੇ ਭਿਆਨਕ ਤਜ਼ਰਬੇ ਸਾਂਝੇ ਕੀਤੇ ਹਨ ਅਤੇ ਕਿਵੇਂ ਇੱਕ ਏਜੰਟ ਨੇ ਉਸਨੂੰ ਧੋਖਾ ਦਿੱਤਾ ਹੈ।

## ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ 'ਤੇ ਯਾਤਰੀਆਂ ਦੀ ਗਿਣਤੀ 'ਚ ਰਿਕਾਰਡ ਵਾਧਾ

ਅੰਮ੍ਰਿਤਸਰ/ਏ.ਟੀ.ਨਿਊਜ਼ :- ਪੰਜਾਬ ਦੇ ਸਭ ਤੋਂ ਵੱਡੇ ਸ੍ਰੀ ਗੁਰੂ ਰਾਮ ਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਅੰਮ੍ਰਿਤਸਰ 'ਤੇ ਯਾਤਰੀਆਂ ਦੀ ਗਿਣਤੀ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਇਸ ਸੰਬੰਧੀ ਵਿਸਥਾਰਤ ਜਾਣਕਾਰੀ ਸਾਂਝੀ ਕਰਦਿਆਂ ਫਲਾਈ ਅੰਮ੍ਰਿਤਸਰ ਇਨੀਸ਼ਿਏਟਿਵ ਦੇ ਗਲੋਬਲ ਕਨਵੀਨਰ ਸਮੀਪ ਸਿੰਘ ਗੁਮਟਾਲਾ ਨੇ ਦੱਸਿਆ ਕਿ ਏਅਰਪੋਰਟ ਅਥਾਰਟੀ ਆਫ ਇੰਡੀਆ ਦੁਆਰਾ ਮਾਰਚ 2023 ਲਈ ਜਾਰੀ ਕੀਤੇ ਗਏ ਅੰਕੜਿਆਂ ਦੇ ਵਿਸ਼ਲੇਸ਼ਣ ਅਨੁਸਾਰ ਏਅਰਪੋਰਟ ਨੇ ਮਾਰਚ ਮਹੀਨੇ ਵਿੱਚ 2.58 ਲੱਖ ਯਾਤਰੀਆਂ ਦੀ ਆਵਾਜਾਈ ਨਾਲ ਨਵਾਂ ਰਿਕਾਰਡ ਬਣਾਇਆ ਹੈ। ਇਸ ਤੋਂ ਪਹਿਲਾਂ ਮਾਰਚ 2019 ਵਿੱਚ 2.35 ਲੱਖ ਯਾਤਰੀਆਂ ਦੀ ਗਿਣਤੀ ਸਭ ਤੋਂ ਵੱਧ ਸੀ। ਨਾਲ ਹੀ ਮਾਰਚ 2023 ਦੀ ਇਹ ਕੁੱਲ ਗਿਣਤੀ ਹੁਣ ਤੱਕ ਦੀ ਸਾਲ ਦੇ ਕਿਸੇ ਵੀ ਮਹੀਨੇ ਦੀ ਦੂਜੀ ਸਭ ਤੋਂ ਵੱਡੀ ਗਿਣਤੀ ਹੈ, ਪਹਿਲੇ ਨੰਬਰ 'ਤੇ ਹਾਲੇ ਵੀ 2.60 ਲੱਖ ਯਾਤਰੀਆਂ ਦੀ ਗਿਣਤੀ ਦਸੰਬਰ 2018 ਵਿੱਚ ਦਰਜ ਕੀਤੀ ਗਈ ਸੀ।ਗੁਮਟਾਲਾ ਨੇ ਦੱਸਿਆ ਕਿ ਮਾਰਚ 2023 ਵਿੱਚ ਯਾਤਰੀਆਂ ਦੀ ਰਿਕਾਰਡ ਗਿਣਤੀ ਵਿੱਚ ਵੱਡਾ ਯੋਗਦਾਨ 1,78,723 ਘਰੇਲੂ ਯਾਤਰੂਆਂ ਦਾ ਹੈ। ਇਹ ਵੀ ਹੁਣ ਤੱਕ ਦੀ ਸਭ ਤੋਂ ਘਰੇਲੂ ਯਾਤਰੀਆਂ ਦੀ ਗਿਣਤੀ ਹੈ ਜੋ ਕਿ ਮਾਰਚ 2022 ਦੇ ਮੁਕਾਬਲੇ 22.4% ਫੀਸਦ ਵੱਧ ਹੈ। ਅੰਤਰਰਾਸ਼ਟਰੀ ਆਵਾਜਾਈ ਵਿੱਚ ਵੀ ਮਾਰਚ 2023 ਵਿੱਚ 79,352 ਯਾਤਰੀਆਂ ਦੇ ਨਾਲ 61.4% ਫੀਸਦ ਦਾ ਵੱਡਾ ਵਾਧਾ ਦਰਜ ਕੀਤਾ ਗਿਆ, ਜੱਦ ਕਿ ਮਾਰਚ 2022 ਵਿੱਚ ਇਹ ਗਿਣਤੀ 49,152 ਯਾਤਰੀ ਸੀ। ਵਿੱਤੀ ਸਾਲ 2022-23 (ਅਪ੍ਰੈਲ 2022 - ਮਾਰਚ 2023) ਵਿੱਚ 25.16 ਲੱਖ (ਬਾਕੀ ਸਫ਼ਾ 29 'ਤੇ)



# ਨਿਆਂ ਦੀ ਉਮੀਦ ਵਿੱਚ 'ਪੋਡੀਅਮ ਤੋਂ ਫੁੱਟਪਾਥ' ਤੱਕ ਪਹੁੰਚੇ ਪਹਿਲਵਾਨ

## ਭਾਰਤ ਦਾ ਖੇਡ ਢਾਂਚਾ, ਕਾਨੂੰਨ ਪ੍ਰਣਾਲੀ ਅਤੇ ਨਿਆਂ ਮੰਗਦੇ ਪਹਿਲਵਾਨ

*" ਪੋਡੀਅਮ ਤੋਂ ਫੁੱਟਪਾਥ ਤੱਕ, ਨਿਆਂ ਦੀ ਉਮੀਦ ਵਿੱਚ ਖੁੱਲੇ ਅੱਧੀ ਰਾਤ ਦੇ ਅਸਮਾਨ ਹੇਠਾਂ'' ਇਹ ਕਿਸੇ ਕਵਿਤਾ ਦੀਆਂ ਲਾਈਨਾਂ ਨਹੀਂ ਹਨ, ਇਹ ਕੌੜਾ ਸੱਚ ਬਿਆਨ ਕਰਦਾ ਇੱਕ ਟਵੀਟ ਹੈ। ਵਿਸ਼ਵ ਚੈਂਪੀਅਨਸ਼ਿਪ, ਏਸ਼ਿਆਈ ਖੇਡਾਂ, ਰਾਸ਼ਟਰਮੰਡਲ ਖੇਡਾਂ ਅਤੇ ਏਸ਼ਿਆਈ ਚੈਂਪੀਅਨਸ਼ਿਪ ਵਿੱਚ ਕਈ ਤ.ਗਮੇ ਜਿੱਤ ਕੇ ਭਾਰਤ ਦਾ ਨਾਂ ਰੌਸ਼ਨ ਕਰਨ ਵਾਲੀ ਪਹਿਲਵਾਨ ਵਿਨੇਸ਼ ਫੋਗਾਟ ਨੇ ਇਹ ਹੈਰਾਨ ਕਰਨ ਵਾਲਾ ਟਵੀਟ ਕੀਤਾ ਹੈ।*



ਭਾਰਤ ਵਿੱਚ ਇਕ ਪਾਸੇ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਖੇਡਾਂ ਅਤੇ ਖਿਡਾਰੀਆਂ ਦੀ ਭਲਾਈ ਲਈ ਵੱਡੇ ਉਪਰਾਲੇ ਕੀਤੇ ਜਾਣ ਦੇ ਦਾਅਵੇ ਕੀਤੇ ਜਾ ਰਹੇ ਹਨ, ਪਰ ਦੂਜੇ ਪਾਸੇ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਪਹਿਲਵਾਨਾਂ ਨੂੰ ਇਨਸਾਫ ਲੈਣ ਲਈ ਜੰਤਰ ਮੰਤਰ ਤੇ ਧਰਨਾ ਦੇਣ ਲਈ ਮਜਬੂਰ ਹੋਣਾ ਪਿਆ,ਜਿਸ ਨਾਲ ਸਰਕਾਰ ਦੇ ਖੇਡਾਂ ਤੇ ਖਿਡਾਰੀਆਂ ਦੇ ਲਈ ਵੱਡੇ ਉਪਰਾਲੇ ਕਰਨ ਦੇ ਦਾਅਵਿਆਂ ਦੀ ਫੂਕ ਨਿਕਲ ਗਈ। ਧਰਨਾ ਦੇਣ ਵਾਲੇ ਪਹਿਲਵਾਨਾਂ ਨੂੰ ਪਤਾ ਸੀ ਕਿ ਉਹਨਾਂ ਵੱਲੋਂ ਧਰਨਾ ਦੇਣ ਦਾ ਅਸਰ ਉਹਨਾਂ ਦੇ ਖੇਡ ਕੈਰੀਅਰ 'ਤੇ ਵੀ ਪੈ ਸਕਦਾ ਹੈ, ਇਸਦੇ ਬਾਵਜੂਦ ਉਹਨਾਂ ਨੇ ਧਰਨਾ ਦੇਣ ਦਾ ਕਦਮ ਚੁਕਿਆ, ਜਿਸ ਤੋਂ ਪਹਿਲਵਾਨਾਂ ਦੀ ਮਜ਼ਬੂਰੀ ਦਾ ਪਤਾ ਚੱਲ ਜਾਂਦਾ ਹੈ। ਜ਼ਿਕਰਯੋਗ ਹੈ ਕਿ

ਦਿੱਲੀ ਵਿੱਚ ਜੰਤਰ-ਮੰਤਰ 'ਤੇ ਨਿਆਂ ਲੈਣ ਦੀ ਆਸ ਵਿੱਚ ਧਰਨਾ ਲਗਾਉਣ ਵਾਲੇ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਭਾਰਤੀ ਪਹਿਲਵਾਨਾਂ ਨੇ ਆਪਣੇ ਲਈ ਕੋਈ ਸਹੂਲਤ ਜਾਂ ਰਿਆਇਤ ਨਹੀਂ ਮੰਗੀ, ਕੋਈ ਸਰਕਾਰੀ ਬੰਗਲਾ, ਕਾਰ ਜਾਂ ਨੌਕਰੀ ਨਹੀਂ ਮੰਗੀ। ਉਹਨਾਂ ਨੇ ਸਿਰਫ ਆਪਣੇ ਲਈ ਇਨਸਾਫ ਦੀ ਮੰਗ ਕੀਤੀ। ਅਤੇ ਉਸ ਦੋਸ਼ 'ਤੇ ਵੀ ਨਿਆਂ, ਜੋ ਕਿ ਕਿਸੇ ਵੀ ਸੱਭਿਅਕ ਸਮਾਜ ਲਈ ਸ਼ਰਮ ਦਾ ਕਾਰਨ ਹੈ। ਇਨ੍ਹਾਂ ਪਹਿਲਵਾਨਾਂ ਨੇ ਰੈਸਲਿੰਗ ਫੈਡਰੇਸ਼ਨ ਆਫ ਇੰਡੀਆ ਦੇ ਪ੍ਰਧਾਨ ਅਤੇ ਭਾਜਪਾ ਦੇ ਸੰਸਦ ਮੈਂਬਰ ਬ੍ਰਿਜ ਭੂਸ਼ਣ ਸ਼ਰਨ ਸਿੰਘ 'ਤੇ ਮਹਿਲਾ ਪਹਿਲਵਾਨਾਂ ਦਾ ਜਿਨਸੀ ਸ਼ੋਸ਼ਣ ਕਰਨ ਦੇ ਗੰਭੀਰ ਦੋਸ਼ ਲਾਏ ਹਨ। ਹਾਲਾਂਕਿ ਬ੍ਰਿਜ ਭੂਸ਼ਣ ਆਪਣੇ ਆਪ ਨੂੰ ਸਾਫ਼ ਦੱਸ ਰਹੇ ਹਨ, ਪਰ ਦੋਸ਼ੀ ਆਪਣੇ ਲਈ ਫੈਸਲਾ ਨਹੀਂ ਸੁਣਾ ਸਕਦਾ। ਇਹ ਕੰਮ ਅਦਾਲਤ ਦੁਆਰਾ ਕੀਤਾ ਜਾਂਦਾ ਹੈ ਅਤੇ ਇਸ ਲਈ ਨਿਆਂ ਪ੍ਰਣਾਲੀ ਦੇ ਤਹਿਤ ਇੱਕ ਪ੍ਰਕਿਰਿਆ ਬਣਾਈ ਗਈ ਹੈ। ਅਜਿਹਾ ਨਹੀਂ ਹੈ ਕਿ ਇਨ੍ਹਾਂ ਖਿਡਾਰੀਆਂ ਨੇ ਪਹਿਲੀ ਵਾਰ ਧਰਨਾ ਦਿਤਾ ਹੈ। ਇਸ ਸਾਲ ਜਨਵਰੀ ਵਿੱਚ ਵੀ ਪਹਿਲਵਾਨ ਇਸੇ ਸ਼ਿਕਾਇਤ ਨੂੰ ਲੈ ਕੇ ਜੰਤਰ-ਮੰਤਰ 'ਤੇ ਧਰਨੇ 'ਤੇ ਬੈਠੇ ਸਨ ਪਰ ਫਿਰ ਵੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ ਗਈ, ਸਗੋਂ ਖੇਡ ਮੰਤਰਾਲੇ ਨੇ ਜਾਂਚ ਕਮੇਟੀ ਦਾ ਗਠਨ ਕੀਤਾ ਸੀ। ਕਿਸ ਨੇ ਕੀ ਕੰਮ ਕੀਤਾ, ਕਿਸ ਤਰ੍ਹਾਂ ਦੀ ਜਾਂਚ ਕੀਤੀ ਅਤੇ ਕਿਸ ਤਰ੍ਹਾਂ ਦੀ ਰਿਪੋਰਟ ਬਣੀ, ਇਹ ਅਜੇ ਜਨਤਕ ਨਹੀਂ ਹੈ।

ਜਦੋਂ ਅੰਤਰਰਾਸ਼ਟਰੀ ਪ੍ਰਸਿੱਧੀ ਪ੍ਰਾਪਤ ਖਿਡਾਰੀਆਂ ਨੂੰ ਧਰਨੇ 'ਤੇ ਬੈਠ ਕੇ ਇਨਸਾਫ਼ ਲਈ ਸੁਪਰੀਮ ਕੋਰਟ ਤੱਕ ਪਹੁੰਚ ਕਰਨੀ ਪੈਂਦੀ ਹੈ ਤਾਂ ਸਮਝਿਆ ਜਾ ਸਕਦਾ ਹੈ ਕਿ ਦੇਸ਼ 'ਚ ਕਾਨੂੰਨ ਵਿਵਸਥਾ ਵਿਗੜ ਚੁੱਕੀ ਹੈ ਅਤੇ ਆਮ ਆਦਮੀ ਲਈ ਇਨਸਾਫ਼ ਲਈ ਲੜਨਾ ਕਿੰਨਾ ਔਖਾ ਹੋ ਗਿਆ ਹੈ। ਵਿਡੰਬਨਾ ਇਹ ਹੈ ਕਿ ਅਜਿਹੇ ਸਮੇਂ ਜਦੋਂ ਭਾਰਤ ਦੇ ਬਹੁਤ ਸਾਰੇ ਪਹਿਲਵਾਨ ਧਰਨੇ 'ਤੇ ਬੈਠੇ ਸਨ,ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਨੀਪੁਰ ਵਿੱਚ ਖੇਡ ਮੰਤਰੀਆਂ ਦੇ ਚਿੰਤਨ ਸ਼ਿਵਿਰ ਨੂੰ ਸੰਬੋਧਨ ਕਰਦੇ ਹੋਏ ਕਿਹਾ ਸੀ, ਕਿ ਪਿਛਲੇ ਸਾਲ ਭਾਰਤ ਦੇ ਖਿਡਾਰੀਆਂ ਨੇ ਇੰਨੇ ਅੰਤਰਰਾਸ਼ਟਰੀ ਖੇਡ ਮੁਕਾਬਲਿਆਂ ਵਿੱਚ ਹਿੱਸਾ ਲਿਆ ਜੋ ਹੈਰਾਨੀਜਨਕ ਸੀ। ਇਸ ਪ੍ਰਦਰਸ਼ਨ ਵਿੱਚ ਖਿਡਾਰੀਆਂ ਦੀ ਜਿੱਤ ਦਾ ਜਸ਼ਨ ਮਨਾਉਂਦੇ ਹੋਏ, ਸਾਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਅਸੀਂ ਖਿਡਾਰੀਆਂ ਦੀ ਅੱਗੇ ਕਿਵੇਂ ਮਦਦ ਕਰ ਸਕਦੇ ਹਾਂ।ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਦੀ ਕਹਿਣੀ ਅਤੇ ਕਰਨੀ ਵਿੱਚ ਅੰਤਰ ਦਾ ਇਸ ਤੋਂ ਵਧੀਆ ਸਬੂਤ ਨਹੀਂ ਹੋ ਸਕਦਾ।

ਜਦੋਂ ਖਿਡਾਰੀ ਅੰਤਰਰਾਸ਼ਟਰੀ ਮੁਕਾਬਲੇ ਜਿੱਤਦੇ ਹਨ ਤਾਂ ਨਿੱਜੀ ਪ੍ਰਾਪਤੀ ਦੇ ਨਾਲ-ਨਾਲ ਦੇਸ਼ ਦਾ ਮਾਣ ਵਧਾਉਂਦੇ ਹਨ। ਅਜਿਹੇ 'ਚ ਪ੍ਰਧਾਨ ਮੰਤਰੀ ਉਨ੍ਹਾਂ ਦੀ ਮਦਦ ਕਰਨ ਦੀ ਗੱਲ ਕਰਕੇ ਉਨ੍ਹਾਂ ਨੂੰ ਭਿਖਾਰੀ ਵਾਂਗ ਦੇਖ ਰਹੇ ਹਨ। ਸ੍ਰੀ ਮੋਦੀ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਭਾਵੇਂ ਖੇਡ ਹੋਵੇ ਜਾਂ ਕੋਈ ਹੋਰ ਖੇਤਰ, ਸਹੂਲਤਾਂ ਅਤੇ ਸਾਧਨ ਮੁਹੱਈਆ ਕਰਵਾਉਣਾ ਸਰਕਾਰ ਦੀ ਜ਼ਿੰਮੇਵਾਰੀ ਹੈ, ਤਾਂ ਜੋ ਪ੍ਰਤਿਭਾਵਾਂ ਨੂੰ ਚਮਕਣ ਦਾ ਮੌਕਾ ਮਿਲੇ ਅਤੇ ਪ੍ਰਾਪਤੀਆਂ ਦੇਸ਼ ਦੇ ਖਾਤੇ ਵਿੱਚ ਜੁੜੀਆਂ ਹੋਣ। ਸਰਕਾਰ ਇਹ ਸਹੂਲਤਾਂ ਜਨਤਾ ਵੱਲੋਂ ਦਿੱਤੇ ਗਏ ਪੈਸੇ ਵਿੱਚੋਂ ਹੀ ਇਕੱਠੀ ਕਰੇਗੀ, ਇਸ ਲਈ ਇਸ ਵਿੱਚ ਮਦਦ ਕਰਨ ਦੀ ਕੋਈ ਭਾਵਨਾ ਨਹੀਂ ਹੋਣੀ ਚਾਹੀਦੀ। ਸਗੋਂ ਪ੍ਰਧਾਨ ਮੰਤਰੀ ਮੋਦੀ ਨੂੰ ਸੋਚਣਾ ਚਾਹੀਦਾ ਹੈ ਕਿ ਕਿਸੇ ਨਾਲ ਬੇਇਨਸਾਫ਼ੀ ਨਹੀਂ ਹੋਣੀ ਚਾਹੀਦੀ ਅਤੇ ਜੇਕਰ ਜਿਨਸੀ ਸ਼ੋਸ਼ਣ ਵਰਗੇ ਦੋਸ਼ ਲੱਗੇ ਹਨ ਤਾਂ ਉਨ੍ਹਾਂ ਦੀ ਤੁਰੰਤ ਜਾਂਚ ਹੋਣੀ ਚਾਹੀਦੀ ਹੈ।

ਜਨਵਰੀ ਵਿੱਚ ਜਦੋਂ ਭਾਰਤੀ ਪਹਿਲਵਾਨ ਧਰਨੇ 'ਤੇ ਬੈਠੇ ਸਨ, ਉਦੋਂ ਹੀ ਜੇਕਰ ਸ਼੍ਰੀ ਮੋਦੀ ਨੇ ਬ੍ਰਿਜ ਭੂਸ਼ਣ ਸ਼ਰਨ ਸਿੰਘ 'ਤੇ ਸਖਤ ਕਾਰਵਾਈ ਕਰਨ ਦਾ ਫੈਸਲਾ ਕੀਤਾ ਹੁੰਦਾ ਤਾਂ ਸੋਚ ਅਤੇ ਕਾਰਵਾਈ ਦੀ ਏਕਤਾ ਹੋਣੀ ਸੀ। ਫਿਰ ਉਨ੍ਹਾਂ ਦੇ ਬੇਟੀ ਬਚਾਓ ਦੇ ਨਾਅਰੇ ਦੀ ਸਾਰਥਿਕਤਾ ਵੀ ਸਾਬਤ ਹੋ ਜਾਵੇਗੀ। ਪਰ ਫਿਲਹਾਲ ਇਹ ਦੇਖਣਾ ਨਿਰਾਸ਼ਾਜਨਕ ਹੈ ਕਿ ਦੋਸ਼ਾਂ 'ਤੇ ਚੋਣਵੀਂ ਕਾਰਵਾਈ ਕਿਵੇਂ ਕੀਤੀ ਜਾਂਦੀ ਹੈ। ਸੱਤਾਧਾਰੀ ਪਾਰਟੀ ਨਾਲ ਸਬੰਧਤ ਲੋਕਾਂ ਨੂੰ ਪੁਲਿਸ ਜਾਂ ਜਾਂਚ ਏਜੰਸੀਆਂ ਵੱਲੋਂ ਨੀਵੀਂ ਨਜ਼ਰ ਨਾਲ ਨਹੀਂ ਦੇਖਿਆ ਜਾਂਦਾ, ਭਾਵੇਂ ਉਨ੍ਹਾਂ 'ਤੇ ਕਿੰਨੇ ਵੀ ਗੰਭੀਰ ਦੋਸ਼ ਕਿਉਂ ਨਾ ਹੋਣ ਅਤੇ ਜੇਕਰ ਇਹੀ ਦੋਸ਼ ਵਿਰੋਧੀ ਪਾਰਟੀ ਦੇ ਕਿਸੇ ਵਿਅਕਤੀ 'ਤੇ ਲੱਗੇ ਤਾਂ ਤੁਰੰਤ ਕਾਰਵਾਈ ਕੀਤੀ ਜਾਂਦੀ ਹੈ। ਇਨਸਾਫ਼ ਦੀ ਦੇਵੀ ਦੀਆਂ ਅੱਖਾਂ 'ਤੇ ਪੱਟੀ ਬੰਨ੍ਹੀ ਹੋਈ ਹੈ ਤਾਂ ਜੋ ਉਹ ਬਿਨਾਂ ਕਿਸੇ ਪੱਖਪਾਤ ਦੇ ਇਨਸਾਫ਼ ਕਰ ਸਕੇ ਪਰ ਸਰਕਾਰ ਇਨਸਾਫ਼ ਦੀ ਇਸ ਲੋੜ ਦੇ ਉਲਟ ਕੰਮ ਕਰ ਰਹੀ ਹੈ।ਇਨਸਾਫ ਦੀ ਆਸ ਵਿੱਚ ਭਾਰਤ ਦੇ ਅੰਤਰਰਾਸ਼ਟਰੀ ਪ੍ਰਸਿੱਧੀ ਵਾਲੇ ਪਹਿਲਵਾਨਾਂ ਵੱਲੋਂ ਧਰਨਾ ਦੇਣ ਨਾਲ ਭਾਰਤ ਦੀ ਮੋਦੀ ਸਰਕਾਰ ਦੀ ਅੰਤਰਰਾਸ਼ਟਰੀ ਪੱਧਰ 'ਤੇ ਛਵੀ ਖਰਾਬ ਹੋਈ ਹੈ। ਇਸ ਤੋਂ ਇਲਾਵਾ ਪਹਿਲਵਾਨਾਂ ਵੱਲੋਂ ਇਨਸਾਫ ਦੀ ਆਸ ਵਿੱਚ ਧਰਨਾ ਦੇਣਾ ਅਤੇ ਸੁਪਰੀਮ ਕੋਰਟ ਤੱਕ ਪਹੁੰਚ ਕਰਨਾ ਵੀ ਭਾਰਤ ਸਰਕਾਰ ਦੀ ਖੇਡਾਂ ਪ੍ਰਤੀ ਕਾਰਗੁਜਾਰੀ 'ਤੇ ਵੱਡੇ ਸਵਾਲ ਖੜ੍ਹੇ ਕਰਦਾ ਹੈ।

## ਬ੍ਰਿਜ ਭੂਸ਼ਣ ਨੇ ਕਿਹਾ ਅਸਤੀ.ਫਾ ਦੇ ਦੇਵਾਂਗਾ ਪਰ...



ਐਫਆਈਆਰ ਦਰਜ ਹੋਣ ਤੋਂ ਬਾਅਦ ਬ੍ਰਿਜ ਭੂਸ਼ਣ ਸ਼ਰਨ ਨੇ ਕਿਹਾ ਕਿ ਜੇਕਰ ਪ੍ਰਦਰਸ਼ਨ ਕਰ ਰਹੇ ਪਹਿਲਵਾਨ ਅਸਤੀਫਾ ਦੇਣ ਲਈ ਸਹਿਮਤ ਹੁੰਦੇ ਹਨ, ਤਾਂ ਮੈਂ ਦੇਵਾਂਗਾ। ਪਰ, ਮੈਂ ਇੱਕ ਅਪਰਾਧੀ ਵਜੋਂ ਨਹੀਂ ਦੇਵਾਂਗਾ। ਹੁਣ ਉਹ ਕਹਿਣਗੇ ਕਿ ਉਨ੍ਹਾਂ ਦਾ ਕਾਰਜਕਾਲ ਪੂਰਾ ਹੋ ਗਿਆ ਹੈ, ਉਨ੍ਹਾਂ ਦੇ ਅਸਤੀਫੇ ਨਾਲ ਕੀ ਹੋਵੇਗਾ।

ਜ਼ਿਕਰਯੋਗ ਹੈ ਕਿ ਉੱਤਰ ਪ੍ਰਦੇਸ਼ ਦੇ ਗੋਂਡਾ ਜ਼ਿਲ੍ਹੇ ਦੀ ਕੈਸਰਗੰਜ ਸੀਟ ਤੋਂ ਭਾਜਪਾ ਦੇ ਐਮ.ਪੀ. 2011 ਤੋਂ ਕੁਸ਼ਤੀ ਸੰਘ ਦੇ ਪ੍ਰਧਾਨ ਹਨ। ਫਰਵਰੀ 2019 ਵਿੱਚ, ਉਹ ਲਗਾਤਾਰ ਤੀਜੀ ਵਾਰ ਕੁਸ਼ਤੀ ਸੰਘ ਦਾ ਪ੍ਰਧਾਨ ਚੁਣਿਆ ਗਿਆ।

ਜ਼ਿਕਰਯੋਗ ਹੈ ਕਿ ਟੋਕੀਓ ਓਲੰਪਿਕ ਦੇ ਕਾਂਸੀ ਤਮਗਾ ਜੇਤੂ ਪਹਿਲਵਾਨ ਬਜਰੰਗ ਪੂਨੀਆ ਅਤੇ ਵਿਨੇਸ਼ ਫੋਗਾਟ ਅਤੇ ਸਾਕਸ਼ੀ ਮਲਿਕ ਵਰਗੇ ਸਟਾਰ ਪਹਿਲਵਾਨਾਂ ਨੇ ਕਿਹਾ ਕਿ ਉਹ ਭਾਰਤੀ ਕੁਸ਼ਤੀ ਮਹਾਸੰਘ (ਡਬਲਯੂਐੱਫਆਈ) ਦੇ ਮੁਖੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੇ ਖਿਲਾਫ ਉਦੋਂ ਤੱਕ ਆਪਣਾ ਵਿਰੋਧ ਪ੍ਰਦਰਸ਼ਨ ਜਾਰੀ ਰੱਖਣਗੇ ਜਦੋਂ ਤੱਕ ਉਨ੍ਹਾਂ ਨੂੰ ਸਲਾਖਾਂ ਪਿੱਛੇ ਨਹੀਂ ਭੇਜਿਆ ਜਾਂਦਾ।

### ਬ੍ਰਿਜ ਭੂਸ਼ਣ ਸ਼ਰਨ ਸਿੰਘ ਵਿਰੁੱਧ ਦੋ ਐਫ.ਆਈ.ਆਰ. ਦਰਜ

ਦਿੱਲੀ ਪੁਲਿਸ ਨੇ ਰੈਸਲਿੰਗ ਫੈਡਰੇਸ਼ਨ ਆਫ਼ ਇੰਡੀਆ (ਡਬਲਯੂਐਫਆਈ) ਦੇ ਪ੍ਰਧਾਨ ਬ੍ਰਿਜ ਭੂਸ਼ਣ ਸ਼ਰਨ ਸਿੰਘ ਖ਼ਿਲਾਫ਼ ਮਹਿਲਾ ਪਹਿਲਵਾਨਾਂ ਦੇ ਜਿਨਸੀ ਸ਼ੋਸ਼ਣ ਅਤੇ ਸ਼ੋਸ਼ਣ ਦੇ ਦੋਸ਼ਾਂ ਤਹਿਤ ਦੋ ਐਫਆਈਆਰ ਦਰਜ ਕੀਤੀਆਂ ਹਨ। ਸਟਾਰ ਪਹਿਲਵਾਨਾਂ ਵੱਲੋਂ ਡਬਲਯੂਐਫਆਈ ਦੇ ਪ੍ਰਧਾਨ ਵਿਰੁੱਧ ਵਿਰੋਧ ਪ੍ਰਦਰਸ਼ਨ ਸ਼ੁਰੂ ਕਰਨ ਦੇ ਛੇ ਦਿਨ ਬਾਅਦ ਇਹ ਐਫ ਆਈ ਆਰ ਦਰਜ ਕੀਤੀਆਂ ਗਈਆਂ। ਚੋਟੀ ਦੇ ਪਹਿਲਵਾਨਾਂ ਨੇ ਰਾਸ਼ਟਰੀ ਰਾਜਧਾਨੀ ਦੇ ਜੰਤਰ-ਮੰਤਰ 'ਤੇ ਕਨਾਟ ਪਲੇਸ ਪੁਲਿਸ ਸਟੇਸ਼ਨ 'ਚ ਸ਼ਿਕਾਇਤ ਦਰਜ ਕਰਵਾਉਣ ਤੋਂ ਬਾਅਦ ਆਪਣਾ ਧਰਨਾ ਪ੍ਰਦਰਸ਼ਨ ਮੁੜ ਸ਼ੁਰੂ ਕਰ ਦਿੱਤਾ।

## ਬ੍ਰਿਜ ਭੂਸ਼ਣ ਤੋਂ ਅਸਤੀਫਾ ਲਵੇ ਸਰਕਾਰ : ਪ੍ਰਿਅੰਕਾ ਗਾਂਧੀ

ਕਾਂਗਰਸ ਨੇਤਾ ਪ੍ਰਿਅੰਕਾ ਗਾਂਧੀ ਵੀ ਸ਼ਨੀਵਾਰ ਸਵੇਰੇ 7.45 ਵਜੇ ਜੰਤਰ-ਮੰਤਰ ਪਹੁੰਚ ਗਈ।ਉਸਨੇ ਵਿਨੇਸ਼ ਫੋਗਾਟ, ਸਾਕਸ਼ੀ ਮਲਿਕ ਅਤੇ ਬਜਰੰਗ ਪੂਨੀਆ ਨਾਲ ਗੱਲ ਕੀਤੀ। ਪਹਿਲਵਾਨਾਂ ਨੂੰ ਮਿਲਣ ਤੋਂ ਬਾਅਦ ਪ੍ਰਿਯੰਕਾ ਗਾਂਧੀ ਨੇ ਕਿਹਾ ਕਿ ਇਨ੍ਹਾਂ ਪਹਿਲਵਾਨਾਂ ਦੇ ਮੈਡਲ ਜਿੱਤਣ 'ਤੇ ਅਸੀਂ ਸਾਰੇ ਟਵੀਟ ਕਰਦੇ ਹਾਂ " ਮਾਣ ਮਹਿਸੂਸ ਕਰੋ" ਅੱਜ ਉਹ ਸੜਕ 'ਤੇ ਬੈਠੇ ਹਨ। ਉਨ੍ਹਾਂ ਨੂੰ ਇਨਸਾਫ਼ ਨਹੀਂ ਮਿਲ ਰਿਹਾ। ਇਹ ਸਾਰੀਆਂ ਮਹਿਲਾ ਪਹਿਲਵਾਨਾਂ ਇਸ ਮੁਕਾਮ 'ਤੇ ਪਹੁੰਚਣ ਲਈ ਬਹੁਤ ਸੰਘਰਸ਼ ਕਰਦੀਆਂ ਹਨ ਅਤੇ ਮੈਨੂੰ ਸਮਝ ਨਹੀਂ ਆਉਂਦੀ ਕਿ ਸਰਕਾਰ ਬ੍ਰਿਜ ਭੂਸ਼ਣ ਦੀ ਸੁਰੱਖਿਆ ਕਿਉਂ ਕਰ ਰਹੀ ਹੈ। ਬ੍ਰਿਜ ਭੂਸ਼ਣ 'ਤੇ ਅਜਿਹੇ ਗੰਭੀਰ ਦੋਸ਼ ਹਨ, ਪਰ ਕੋਈ ਕਾਰਵਾਈ ਨਹੀਂ ਹੋ ਰਹੀ। ਸਰਕਾਰ ਨੂੰ ਉਸ ਨੂੰ ਅਹੁਦੇ ਤੋਂ ਹਟਾ ਦੇਣਾ ਚਾਹੀਦਾ ਹੈ। ਉਸ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਹੈ।



ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Proof Editor: Prabhjot Kaur Designer: Anil Kumar Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

# ਸੁਪਰੀਮ ਕੋਰਟ ਦੇ ਮਹੱਤਵਪੂਰਨ ਫ਼ੈਸਲੇ, ਜਿਨ੍ਹਾਂ ਨੇ ਇਤਿਹਾਸ ਸਿਰਜਿਆ

## ਮਹੱਤਵਪੂਰਨ ਮਾਮਲਿਆਂ ਸਬੰਧੀ ਸੁਪਰੀਮ ਕੋਰਟ ਦੇ ਇਤਿਹਾਸਿਕ ਫ਼ੈਸਲਿਆਂ ਨੇ ਆਮ ਲੋਕਾਂ 'ਤੇ ਪਾਇਆ ਵੱਡਾ ਪ੍ਰਭਾਵ




ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤ ਨੂੰ ਦੁਨੀਆਂ ਦਾ ਸਭ ਤੋਂ ਵੱਡਾ ਲੋਕਤੰਤਰੀ ਦੇਸ਼ ਕਿਹਾ ਜਾਂਦਾ ਹੈ। ਭਾਰਤ ਵਿੱਚ ਸ਼ਕਤੀਸ਼ਾਲੀ ਕੇਂਦਰ ਦੀ ਵਿਵਸਥਾ ਹੋਣ ਦੇ ਨਾਲ ਏਕਤਾ 'ਚ ਅਨੇਕਤਾ ਅਤੇ ਅਨੇਕਤਾ 'ਚ ਏਕਤਾ ਦਾ ਸਿੱਧਾਂਤ ਵੀ ਲਾਗੂ ਹੈ। ਇਸਦਾ ਕਾਰਨ ਇਹ ਹੈ ਕਿ ਭਾਰਤ ਦੇ ਵੱਖ ਵੱਖ ਸੂਬਿਆਂ ਦੇ ਵਸਨੀਕਾਂ ਦੇ ਰਹਿਣ-ਸਹਿਣ, ਭਾਸ਼ਾ,ਪਹਿਰਾਵੇ ਅਤੇ ਸੱਭਿਆਚਾਰ ਵਿੱਚ ਬਹੁਤ ਅੰਤਰ ਹੈ, ਇਸਦੇ ਬਾਵਜੂਦ ਸਾਰੇ ਰਾਜਾਂ ਦੇ ਲੋਕ ਇੱਕ ਦੇਸ਼ ਦੀ ਡੋਰ ਵਿੱਚ ਬੰਧੇ ਹੋਏ ਹਨ। ਭਾਰਤ ਵਿੱਚ ਆਮ ਲੋਕਾਂ ਨੂੰ ਇਨਸਾਫ਼ ਦੇਣ ਲਈ ਅਦਾਲਤਾਂ ਦੀ ਵਿਵਸਥਾ ਕੀਤੀ ਗਈ ਹੈ। ਭਾਰਤ ਵਿੱਚ ਲੋਕਤੰਤਰੀ ਪ੍ਰਣਾਲੀ ਦੀ ਵਿਵਸਥਾ ਹੋਣ ਕਾਰਨ ਇਸ 'ਚ ਸੁਪਰੀਮ ਕੋਰਟ, ਹਾਈ ਕੋਰਟ ਅਤੇ ਅਧੀਨ ਅਦਾਲਤਾਂ ਦੀ ਇੱਕ ਸਿੰਗਲ ਅਤੇ ਸੰਯੁਕਤ ਨਿਆਂ ਪ੍ਰਣਾਲੀ ਹੈ। ਭਾਰਤ ਦੇ ਸੰਵਿਧਾਨ ਦੀਆਂ ਧਾਰਾਵਾਂ 124 ਤੋਂ 147 ਸੁਪਰੀਮ ਕੋਰਟ ਨਾਲ ਸਬੰਧਤ ਹਨ। ਆਰਟੀਕਲ 124(1) ਸੁਪਰੀਮ ਕੋਰਟ ਦੀ ਵਿਵਸਥਾ ਕਰਦਾ ਹੈ।ਭਾਰਤ ਵਿੱਚ ਨਿਆਂ ਪ੍ਰਣਾਲੀ ਨੂੰ ਭਾਵੇਂ ਆਮ ਲੋਕਾਂ ਲਈ ਕਾਫੀ ਮਹਿੰਗਾ ਮੰਨਿਆ ਜਾਂਦਾ ਹੈ, ਇਸਦੇ ਬਾਵਜੂਦ ਆਮ ਲੋਕ ਇਨਸਾਫ ਲੈਣ ਲਈ ਵੱਖ ਵੱਖ ਅਦਾਲਤਾਂ 'ਚ ਜਾਂਦੇ ਹਨ। ਇਸ ਤੋਂ ਇਲਾਵਾ ਹੇਠਲੀਆਂ ਅਦਾਲਤਾਂ ਦੇ ਫੈਸਲਿਆਂ ਤੋਂ ਸਤੁੰਸ਼ਟ ਨਾ ਹੋਣ ਕਰਕੇ ਕਈ ਲੋਕ ਸੁਪਰੀਮ ਕੋਰਟ ਵੀ ਪਹੁੰਚ ਜਾਂਦੇ ਹਨ। ਇਸ ਤੋਂ ਇਲਾਵਾ ਦੇਸ਼ ਦੇ ਕਈ ਮਹੱਤਵਪੂਰਨ,ਵਿਵਾਦਪੂਰਨ ਅਤੇ ਅਹਿਮ ਮਸਲੇ ਵੀ ਸੁਪਰੀਮ ਕੋਰਟ ਵਿੱਚ ਸੁਣਵਾਈ ਲਈ ਪਹੁੰਚਦੇ ਹਨ, ਜਿਹਨਾਂ ਬਾਰੇ ਸੁਪਰੀਮ ਕੋਰਟ ਵੱਲੋਂ ਦਿਤੇ ਗਏ ਫੈਸਲੇ ਪੂਰੇ ਦੇਸ਼ ਦੇ ਵਸਨੀਕਾਂ 'ਤੇ ਅਸਰ ਪਾਉਂਦੇ ਹਨ। ਭਾਰਤ ਦੀ ਸੁਪਰੀਮ ਕੋਰਟ ਦੇਸ਼ ਦੀ ਸਭ ਤੋਂ ਉੱਚੀ ਅਦਾਲਤ ਹੈ। ਇਸ ਅਦਾਲਤ ਦੇ ਫੈਸਲਿਆਂ ਦਾ ਅਕਸਰ ਭਾਰਤ ਦੇ ਵਸਨੀਕਾਂ 'ਤੇ ਕਾਫੀ ਅਸਰ ਪੈਂਦਾ ਹੈ। ਸੁਪਰੀਮ ਕੋਰਟ 'ਚ ਅਕਸਰ ਮਹੱਤਵਪੂਰਨ ਮਾਮਲੇ ਪਹੁੰਚਦੇ ਹਨ, ਜਿਹਨਾਂ ਸਬੰਧੀ ਸੁਪਰੀਮ ਕੋਰਟ ਵੱਲੋਂ ਇਤਿਹਾਸਿਕ ਫੈਸਲੇ ਸੁਣਾਏ ਜਾਂਦੇ ਹਨ। ਵੱਖ ਵੱਖ ਮਹੱਤਵਪੂਰਨ ਮਾਮਲਿਆਂ ਸਬੰਧੀ ਭਾਰਤ ਦੇ ਸੁਪਰੀਮ ਕੋਰਟ ਵੱਲੋਂ ਅਕਸਰ ਇਤਿਹਾਸਿਕ ਫੈਸਲੇ ਸੁਣਾਏ ਜਾਂਦੇ ਹਨ, ਸੁਪਰੀਮ ਕੋਰਟ ਦੇ ਅਨੇਕਾਂ ਮਹੱਤਵਪੂਰਨ ਫੈਸਲਿਆਂ ਨੇ ਨਵਾਂ ਇਤਿਹਾਸ ਵੀ ਸਿਰਜਿਆ ਹੈ। ਦੇਸ਼ ਦੀ ਸੁਪਰੀਮ ਕੋਰਟ ਨੇ ਹਾਲ ਹੀ ਦੇ ਸਾਲਾਂ ਵਿੱਚ ਕਈ ਇਤਿਹਾਸਕ ਫੈਸਲੇ ਲਏ ਹਨ, ਜਿਨ੍ਹਾਂ ਦਾ ਭਾਰਤੀ ਸਮਾਜ 'ਤੇ ਕਾਫੀ ਪ੍ਰਭਾਵ ਪਿਆ ਹੈ। ਇਨ੍ਹਾਂ ਫੈਸਲਿਆਂ ਵਿੱਚ ਲਿੰਗ ਸਮਾਨਤਾ, ਐਲਜੀਬੀਟੀ+ ਅਧਿਕਾਰ, ਤਿੰਨ ਤਲਾਕ, ਰਾਖਵਾਂਕਰਨ ਨੀਤੀਆਂ ਅਤੇ ਹੋਰ ਮਹੱਤਵਪੂਰਨ ਮੁੱਦੇ ਸ਼ਾਮਲ ਹਨ। ਬਹੁਤ ਸਾਰੇ ਫੈਸਲੇ ਵਿਵਾਦਗ੍ਰਸਤ ਰਹੇ ਹਨ, ਜਿਸ ਕਾਰਨ ਵਿਰੋਧ ਪ੍ਰਦਰਸ਼ਨ ਹੋਏ, ਜਿਨ੍ਹਾਂ ਨੂੰ ਵਧੇਰੇ ਸਮਾਵੇਸ਼ੀ ਅਤੇ ਪ੍ਰਗਤੀਸ਼ੀਲ ਸਮਾਜ ਵੱਲ ਇੱਕ ਵੱਡੇ ਕਦਮ ਵਜੋਂ ਦੇਖਿਆ ਜਾਂਦਾ ਹੈ। ਆਓ ਜਾਣਦੇ ਹਾਂ ਸੁਪਰੀਮ ਕੋਰਟ ਦੇ ਉਨ੍ਹਾਂ ਅਹਿਮ ਫੈਸਲਿਆਂ, ਜਿਨ੍ਹਾਂ ਨੇ ਵਿਅਕਤੀ, ਸਮਾਜ ਅਤੇ ਦੇਸ਼ ਨੂੰ ਪ੍ਰਭਾਵਿਤ ਕੀਤਾ।

**ਸਾਲ 2023 : 1- ਤਲਾਕ 'ਤੇ ਸੁਪਰੀਮ ਕੋਰਟ ਦਾ ਆਦੇਸ਼:-** 2023 ਵਿੱਚ, ਸੁਪਰੀਮ ਕੋਰਟ ਨੇ ਆਪਣੇ ਇੱਕ ਮਹੱਤਵਪੂਰਨ ਆਦੇਸ਼ ਵਿੱਚ ਕਿਹਾ ਕਿ ਆਪਸੀ ਸਹਿਮਤੀ ਨਾਲ ਤਲਾਕ ਲਈ 6 ਮਹੀਨਿਆਂ ਦੀ ਉਡੀਕ ਦੀ ਮਿਆਦ ਲਾਜ਼ਮੀ ਨਹੀਂ ਹੋਵੇਗੀ।

ਜਸਟਿਸ ਸੰਜੇ ਕਿਸ਼ਨ ਕੌਲ, ਸੰਜੀਵ ਖੰਨਾ, ਏ.ਐੱਸ.ਓਕਾ, ਵਿਕਰਮ ਨਾਥ ਅਤੇ ਜੇ.ਕੇ.ਮਹੇਸ਼ਵਰੀ 'ਤੇ ਆਧਾਰਿਤ ਪੰਜ ਜੱਜਾਂ ਦੇ ਸੰਵਿਧਾਨਕ ਬੈਂਚ ਨੇ ਕਿਹਾ ਕਿ ਜੇਕਰ ਪਤੀ-ਪਤਨੀ ਦੇ ਰਿਸ਼ਤੇ 'ਚ ਮੇਲ-ਮਿਲਾਪ ਦੀ ਕੋਈ ਗੁੰਜਾਇਸ਼ ਨਹੀਂ ਹੈ ਤਾਂ ਸੰਵਿਧਾਨ ਦੀ ਧਾਰਾ 142 ਤਹਿਤ ਦਿੱਤੇ ਗਏ ਵਿਸ਼ੇਸ਼ ਅਧਿਕਾਰ ਇਸ ਦੀ ਵਰਤੋਂ ਕਰਕੇ ਅਦਾਲਤ ਤਲਾਕ ਦੇ ਸਕਦੀ ਹੈ।

**2- ਸੁਪਰੀਮ ਕੋਰਟ ਨੇ ਨਫ਼ਰਤ ਭਰੇ ਭਾਸ਼ਣ ਦੇ ਮਾਮਲੇ ਵਿੱਚ ਦਿਖਾਈ ਸਖ਼ਤੀ:** 28 ਅਪ੍ਰੈਲ 2023 ਨੂੰ, ਸੁਪਰੀਮ ਕੋਰਟ ਨੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਨਫ਼ਰਤ ਭਰੇ ਭਾਸ਼ਣ ਦੇਣ ਵਾਲਿਆਂ ਵਿਰੁੱਧ ਕੇਸ ਦਰਜ ਕਰਨ ਦੇ ਨਿਰਦੇਸ਼ ਦਿੱਤੇ ਹਨ। ਸੁਪਰੀਮ ਕੋਰਟ ਨੇ ਇਸ ਮਾਮਲੇ



'ਤੇ ਆਪਣਾ ਫੈਸਲਾ ਸੁਣਾਉਂਦੇ ਹੋਏ ਕਿਹਾ ਕਿ ਭਾਵੇਂ ਕੋਈ ਸ਼ਿਕਾਇਤ ਦਰਜ ਕੀਤੀ ਗਈ ਹੈ ਜਾਂ ਨਹੀਂ, ਪ੍ਰਸ਼ਾਸਨ ਨੂੰ ਮਾਮਲਾ ਦਰਜ ਕਰਨਾ ਹੋਵੇਗਾ। ਜਸਟਿਸ ਕੇਐੱਮ ਜੋਸੇਫ ਅਤੇ ਬੀਵੀ ਨਾਗਰਤਨ ਦੀ ਬੈਂਚ ਨੇ ਨਫ਼ਰਤ ਭਰੇ ਭਾਸ਼ਣਾਂ 'ਤੇ ਇਹ ਹੁਕਮ ਦਿੱਤਾ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਚੇਤਾਵਨੀ ਦਿੱਤੀ ਕਿ ਕੇਸ ਦਰਜ ਕਰਨ ਵਿੱਚ ਕਿਸੇ ਵੀ ਤਰ੍ਹਾਂ ਦੀ ਦੇਰੀ ਨੂੰ ਅਦਾਲਤ ਦਾ ਅਪਮਾਨ ਮੰਨਿਆ ਜਾਵੇਗਾ।

**3- ਮੋਦੀ ਸਰਕਾਰ ਦੇ ਨੋਟਬੰਦੀ ਦੇ ਫੈਸਲੇ 'ਤੇ ਸੁਪਰੀਮ ਕੋਰਟ:-** ਸੁਪਰੀਮ ਕੋਰਟ ਦੇ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਨੇ ਨਵੰਬਰ 2016 ਵਿੱਚ 500 ਅਤੇ 1000 ਰੁਪਏ ਦੇ ਨੋਟਾਂ ਨੂੰ ਬੰਦ ਕਰਨ ਦੇ ਮੋਦੀ ਸਰਕਾਰ ਦੇ ਫੈਸਲੇ ਦੀ ਵੈਧਤਾ ਨੂੰ ਚੁਣੌਤੀ ਦੇਣ ਵਾਲੀਆਂ ਸਾਰੀਆਂ ਪਟੀਸ਼ਨਾਂ 'ਤੇ ਸੁਣਵਾਈ ਕੀਤੀ, ਪਰ ਆਪਣਾ ਫੈਸਲਾ ਦਿੱਤਾ। 2023 ਵਿੱਚ ਫੈਸਲਾ. ਸੁਪਰੀਮ ਕੋਰਟ ਨੇ ਸਰਕਾਰ ਦੇ ਫੈਸਲੇ ਨੂੰ ਬਰਕਰਾਰ ਰੱਖਦੇ ਹੋਏ ਹੋਰ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ।

**4- ਹਰ ਨਾਗਰਿਕ ਨੂੰ ਸਰਕਾਰੀ ਸਕੀਮਾਂ ਦਾ ਲਾਭ:-** ਸੁਪਰੀਮ ਕੋਰਟ ਨੇ 17 ਅਪ੍ਰੈਲ 2023 ਨੂੰ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰਾਂ ਪ੍ਰਵਾਸੀ ਮਜ਼ਦੂਰਾਂ ਨੂੰ ਰਾਸ਼ਨ ਕਾਰਡ ਦੇਣ ਤੋਂ ਸਿਰਫ਼ ਇਸ ਆਧਾਰ 'ਤੇ ਇਨਕਾਰ ਨਹੀਂ ਕਰ ਸਕਦੀਆਂ ਕਿ ਰਾਸ਼ਟਰੀ ਖੁਰਾਕ ਸੁਰੱਖਿਆ ਕਾਨੂੰਨ ਅਧੀਨ ਆਬਾਦੀ ਅਨੁਪਾਤ ਸਹੀ ਢੰਗ ਨਾਲ ਨਹੀਂ ਰੱਖਿਆ ਗਿਆ ਹੈ. ਜਸਟਿਸ ਐਮਆਰ ਸ਼ਾਹ ਅਤੇ ਜਸਟਿਸ ਅਹਿਸਾਨੁਦੀਨ ਅਮਾਨਉੱਲ੍ਹਾ ਦੇ ਬੈਂਚ ਨੇ ਕਿਹਾ ਕਿ ਹਰ ਨਾਗਰਿਕ ਨੂੰ ਭਲਾਈ ਸਕੀਮਾਂ ਦਾ ਲਾਭ ਮਿਲਣਾ ਚਾਹੀਦਾ ਹੈ।

**5- ਸੁਪਰੀਮ ਕੋਰਟ ਨੇ ਟੈਕਸ ਦਾਤਿਆਂ ਨੂੰ ਦਿੱਤੀ ਰਾਹਤ:-** ਸੁਪਰੀਮ ਕੋਰਟ ਨੇ ਆਮਦਨ ਕਰ ਵਿਭਾਗ ਦੇ ਟੈਕਸ ਚੋਰੀ ਦੇ ਛਾਪੇ ਅਤੇ ਤਲਾਸ਼ੀ ਮੁਹਿੰਮ ਨੂੰ ਲੈ ਕੇ ਟੈਕਸਦਾਤਾਵਾਂ ਨੂੰ ਵੱਡੀ ਰਾਹਤ ਦਿੱਤੀ ਹੈ। ਸੁਪਰੀਮ ਕੋਰਟ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਤਲਾਸ਼ੀ ਦੌਰਾਨ ਕੋਈ ਠੋਸ ਸਬੂਤ ਨਹੀਂ ਮਿਲਦਾ ਤਾਂ ਆਮਦਨ ਕਰ ਕਾਨੂੰਨ ਦੀ ਧਾਰਾ 153ਏ ਤਹਿਤ ਟੈਕਸਦਾਤਾ ਦੀ ਆਮਦਨ ਨਹੀਂ ਵਧਾਈ ਜਾ ਸਕਦੀ। ਫੈਸਲੇ ਵਿੱਚ ਕਿਹਾ ਗਿਆ ਹੈ ਕਿ ਇਨਕਮ ਟੈਕਸ ਐਕਟ ਦੀ ਧਾਰਾ 153ਏ ਦੇ ਤਹਿਤ, ਆਮਦਨ ਕਰ ਵਿਭਾਗ ਉਹਨਾਂ ਕੇਸਾਂ ਨੂੰ ਦੁਬਾਰਾ ਨਹੀਂ ਖੋਲ੍ਹ ਸਕਦਾ ਜਿਸ ਵਿੱਚ ਮੁਲਾਂਕਣ ਪੂਰਾ ਹੋ ਗਿਆ ਹੈ।

**6- ਚੋਣ ਕਮਿਸ਼ਨਰ ਦੀ ਨਿਯੁਕਤੀ:-** ਸੁਪਰੀਮ ਕੋਰਟ ਨੇ 3 ਮਾਰਚ ਨੂੰ ਇੱਕ ਇਤਿਹਾਸਕ ਫੈਸਲਾ ਦਿੱਤਾ, ਜਿਸ ਵਿੱਚ ਕਿਹਾ ਗਿਆ ਸੀ ਕਿ ਮੁੱਖ ਚੋਣ ਕਮਿਸ਼ਨਰ ਅਤੇ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਇੱਕ ਪੈਨਲ ਦੁਆਰਾ ਕੀਤੀ ਜਾਵੇਗੀ। ਪੈਨਲ ਵਿੱਚ ਪ੍ਰਧਾਨ ਮੰਤਰੀ, ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ (ਸਭ ਤੋਂ ਵੱਡੀ ਵਿਰੋਧੀ ਪਾਰਟੀ ਦਾ ਨੇਤਾ) ਸ਼ਾਮਲ ਹੋਣਗੇ। ਇਹ ਵੱਡਾ ਫੈਸਲਾ ਜਸਟਿਸ ਕੇਐੱਮ ਜੋਸੇਫ, ਜਸਟਿਸ ਅਜੈ ਰਸਤੋਗੀ, ਜਸਟਿਸ ਅਨਿਰੁਧ ਬੋਸ, ਜਸਟਿਸ ਰਿਸ਼ੀਕੇਸ਼ ਰਾਏ ਅਤੇ ਜਸਟਿਸ ਸੀਟੀ ਰਵੀਕੁਮਾਰ ਦੀ ਬੈਂਚ ਨੇ ਦਿੱਤਾ ਹੈ।

**ਸਾਲ 2022 : 1- ਈਡਬਲਯੂਐੱਸ ਰਿਜ਼ਰਵੇਸ਼ਨ:** - 7 ਨਵੰਬਰ, 2022 ਨੂੰ, ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਨੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਲਈ ਸਿੱਖਿਆ ਅਤੇ ਸਰਕਾਰੀ ਨੌਕਰੀਆਂ ਵਿੱਚ 10 ਪ੍ਰਤੀਸ਼ਤ ਰਾਖਵੇਂਕਰਨ ਦੀ ਪ੍ਰਣਾਲੀ ਨੂੰ ਵੈਧ ਘੋਸ਼ਿਤ ਕੀਤਾ ਸੀ। ਇਹ ਫੈਸਲਾ ਤਤਕਾਲੀ ਚੀਫ਼ ਜਸਟਿਸ (ਸੀਜੇਆਈ) ਜਸਟਿਸ ਯੂਯੂ ਲਲਿਤ ਦੀ ਅਗਵਾਈ ਵਾਲੇ ਪੰਜ ਜੱਜਾਂ ਦੇ ਬੈਂਚ ਨੇ 3-2 ਦੇ ਬਹੁਮਤ ਨਾਲ ਸੁਣਾਇਆ। ਇਸ ਫੈਸਲੇ 'ਤੇ ਸੁਣਵਾਈ ਕਰਦਿਆਂ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਕੇਂਦਰ ਸਰਕਾਰ ਦਾ ਰਾਖਵਾਂਕਰਨ ਦੇਣ ਦਾ ਫੈਸਲਾ ਸੰਵਿਧਾਨ ਦੀ ਉਲੰਘਣਾ ਨਹੀਂ ਕਰਦਾ।

**2- ਅਬੂ ਸਲੇਮ ਨੂੰ 2030 ਵਿੱਚ ਹੀ ਰਿਹਾਅ ਕੀਤਾ ਜਾਵੇਗਾ:-** ਸੁਪਰੀਮ ਕੋਰਟ ਨੇ ਸੋਮਵਾਰ ਨੂੰ 1993 ਦੇ ਮੁੰਬਈ ਧਮਾਕਿਆਂ ਦੇ ਮਾਮਲੇ ਦੀ ਸੁਣਵਾਈ ਕੀਤੀ। ਅਦਾਲਤ ਨੇ ਕਿਹਾ ਕਿ ਗੈਂਗਸਟਰ ਅਬੂ ਸਲੇਮ ਨੂੰ 25 ਸਾਲ ਦੀ ਸਜ਼ਾ ਪੂਰੀ ਹੋਣ ਤੋਂ ਬਾਅਦ ਰਿਹਾਅ ਕਰ ਦਿੱਤਾ ਜਾਵੇਗਾ। ਤੁਹਾਨੂੰ ਦੱਸ ਦੇਈਏ ਕਿ ਸਲੇਮ ਪੁਰਤਗਾਲ ਵਿੱਚ ਪਹਿਲਾਂ ਹੀ ਚਾਰ ਸਾਲ ਦੀ ਸਜ਼ਾ ਕੱਟ ਚੁੱਕਾ ਹੈ। ਭਾਰਤ ਵਿੱਚ 25 ਸਾਲ ਦੀ ਸਜ਼ਾ 10 ਨਵੰਬਰ 2030 ਨੂੰ ਖਤਮ ਹੋ ਜਾਵੇਗੀ। ਜਸਟਿਸ ਐਸਕੇ ਕੌਲ ਅਤੇ ਜਸਟਿਸ ਐਮਐਮ ਸੁੰਦਰੇਸ਼ ਦੀ ਬੈਂਚ ਨੇ ਅੱਜ ਇਹ ਫੈਸਲਾ ਦਿੱਤਾ।

**3- ਰਾਜੀਵ ਗਾਂਧੀ ਕਤਲ ਕੇਸ:-** ਸੁਪਰੀਮ ਕੋਰਟ ਨੇ 11 ਨਵੰਬਰ ਨੂੰ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਹੱਤਿਆ ਕਾਂਡ ਦੇ ਸਾਰੇ ਛੇ ਦੋਸ਼ੀਆਂ ਨੂੰ ਰਿਹਾਅ ਕਰਨ ਦਾ ਹੁਕਮ ਦਿੱਤਾ ਸੀ। ਜਸਟਿਸ ਬੀਆਰ ਗਵਈ ਅਤੇ ਬੀਵੀ ਨਾਗਰਤਨ ਦੀ ਬੈਂਚ ਨੇ ਫੈਸਲਾ ਸੁਣਾਉਂਦੇ ਹੋਏ ਕਿਹਾ ਕਿ ਦੋਸ਼ੀ ਪੇਰਾਰੀਵਲਨ ਨੂੰ ਬਰੀ ਕਰਨ ਦਾ ਹੁਕਮ ਮਾਮਲੇ ਦੇ ਹੋਰ ਦੋਸ਼ੀਆਂ 'ਤੇ ਵੀ ਲਾਗੂ ਹੁੰਦਾ ਹੈ। ਦੱਸ ਦੇਈਏ ਕਿ 2022 ਵਿੱਚ ਹੀ ਸੁਪਰੀਮ ਕੋਰਟ ਨੇ 18 ਮਈ ਨੂੰ ਪੇਰਾਰੀਵਲਨ ਨੂੰ ਰਿਹਾਅ ਕਰਨ ਦਾ ਹੁਕਮ ਦਿੱਤਾ ਸੀ।

4- ਚਾਵਲਾ ਜਬਰ ਜਨਾਹ-ਕਤਲ ਦੇ ਦੋਸ਼ੀ ਬਰੀ:- 7 ਨਵੰਬਰ ਨੂੰ, ਸੁਪਰੀਮ ਕੋਰਟ ਨੇ ਦਿੱਲੀ ਦੇ ਮਸ਼ਹੂਰ ਚਾਵਲਾ ਜਬਰ ਜਨਾਹ ਅਤੇ ਕਤਲ ਕੇਸ 'ਤੇ ਆਪਣਾ ਫੈਸਲਾ ਦਿੱਤਾ, ਜਿਸ ਦੇ ਤਹਿਤ ਅਦਾਲਤ ਨੇ ਤਿੰਨਾਂ ਦੋਸ਼ੀਆਂ ਨੂੰ ਬਰੀ ਕਰ ਦਿੱਤਾ ਅਤੇ ਉਨ੍ਹਾਂ ਦੀ ਰਿਹਾਈ ਦਾ ਹੁਕਮ ਦਿੱਤਾ। ਸਾਲ 2012 ਵਿੱਚ ਦਿੱਲੀ ਹਾਈ ਕੋਰਟ ਅਤੇ ਹੇਠਲੀ ਅਦਾਲਤ ਨੇ ਤਿੰਨਾਂ ਦੋਸ਼ੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਸੀ। ਇਸ ਫੈਸਲੇ ਨੂੰ ਤਤਕਾਲੀ ਚੀਫ ਜਸਟਿਸ (ਸੀਜੇਆਈ) ਯੂਯੂ ਲਲਿਤ, ਜਸਟਿਸ ਰਵਿੰਦਰ ਭੱਟ ਅਤੇ ਜਸਟਿਸ ਬੇਲਾ ਐਮ ਤ੍ਰਿਵੇਦੀ ਦੀ ਬੈਂਚ ਨੇ ਪਲਟ ਦਿੱਤਾ ਸੀ।

**5- ਬਿਲਕਿਸ ਬਾਨੋ ਕੇਸ ਦੇ ਦੋਸ਼ੀਆਂ ਦੀ ਰਿਹਾਈ :-** ਸੁਪਰੀਮ ਕੋਰਟ ਨੇ 13 ਮਈ ਨੂੰ ਗੁਜਰਾਤ ਦੰਗਿਆਂ ਦੇ ਬਿਲਕਿਸ ਬਾਨੋ ਕੇਸ ਦੇ ਦੋਸ਼ੀਆਂ ਨੂੰ ਰਿਹਾਅ ਕਰ ਦਿੱਤਾ। ਗੁਜਰਾਤ ਸਰਕਾਰ ਨੇ ਇਸ ਮਾਮਲੇ ਦੇ 11 ਦੋਸ਼ੀਆਂ ਨੂੰ 2022 ਵਿੱਚ ਸਮੇਂ ਤੋਂ ਪਹਿਲਾਂ ਰਿਹਾਅ ਕਰਨ ਦਾ ਹੁਕਮ ਦਿੱਤਾ ਸੀ। ਪੀੜਤ ਬਿਲਕਿਸ ਬਾਨੋ ਦੇ ਨਾਲ-ਨਾਲ ਕਈ ਸਮਾਜ ਸੇਵੀਆਂ ਨੇ ਸਰਕਾਰ ਦੇ ਇਸ ਫੈਸਲੇ 'ਤੇ ਸਵਾਲ ਖੜ੍ਹੇ ਕੀਤੇ ਹਨ। ਬਿਲਕਿਸ ਬਾਨੋ ਨੇ ਵੀ ਸਰਕਾਰ ਦੇ ਫੈਸਲੇ ਖਿਲਾਫ ਸੁਪਰੀਮ ਕੋਰਟ 'ਚ ਪਟੀਸ਼ਨ ਦਾਇਰ ਕੀਤੀ ਸੀ। ਪਰ ਸੁਪਰੀਮ ਕੋਰਟ ਨੇ ਇਸ ਪਟੀਸ਼ਨ ਨੂੰ ਰੱਦ ਕਰ ਦਿੱਤਾ।

6- ਸਾਰੀਆਂ ਔਰਤਾਂ ਨੂੰ ਦਿੱਤਾ ਗਿਆ ਗਰਭਪਾਤ ਦਾ ਅਧਿਕਾਰ:- ਸਤੰਬਰ 2022 ਵਿੱਚ ਸੁਪਰੀਮ ਕੋਰਟ ਨੇ ਔਰਤਾਂ ਦੇ ਹੱਕ ਵਿੱਚ ਇਤਿਹਾਸਕ ਫੈਸਲਾ ਦਿੱਤਾ। ਇਸ ਫੈਸਲੇ ਵਿੱਚ ਅਦਾਲਤ ਨੇ ਦੇਸ਼ ਦੀਆਂ ਸਾਰੀਆਂ ਵਿਆਹੀਆਂ ਅਤੇ ਅਣਵਿਆਹੀਆਂ ਔਰਤਾਂ ਨੂੰ ਗਰਭਪਾਤ ਦਾ ਅਧਿਕਾਰ ਦਿੱਤਾ ਹੈ। ਫੈਸਲੇ 'ਚ ਕਿਹਾ ਗਿਆ ਹੈ ਕਿ ਮੈਡੀਕਲ ਟਰਮੀਨੇਸ਼ਨ ਆਫ ਪ੍ਰੈਗਨੈਂਸੀ (ਐੱਮ.ਟੀ.ਪੀ.) ਐਕਟ ਦੇ ਤਹਿਤ ਹਰ ਗਰਭਵਤੀ ਔਰਤ ਨੂੰ 20 ਤੋਂ 24 ਹਫਤਿਆਂ ਦੇ ਵਿਚਕਾਰ ਗਰਭਪਾਤ ਕਰਵਾਉਣ ਦਾ ਅਧਿਕਾਰ ਹੋਵੇਗਾ।

**7- ਪਤਨੀ ਦੀ ਮਰਜ਼ੀ ਦੇ ਖ਼ਿਲਾਫ਼ ਪਤੀ ਵੱਲੋਂ ਸਬੰਧ ਬਣਾਉਣਾ ਜਬਰ ਜਨਾਹ :-** ਇਸ ਸਾਲ ਸੁਪਰੀਮ ਕੋਰਟ ਨੇ ਔਰਤਾਂ ਦੇ ਹੱਕ ਵਿੱਚ ਦਿੱਤਾ ਇੱਕ ਹੋਰ ਵੱਡਾ ਫੈਸਲਾ। 'ਮੈਰਿਟਲ ਰੇਪ' ਨੂੰ ਵੀ ਜਬਰ ਜਨਾਹ ਦੀ ਸ਼੍ਰੇਣੀ 'ਚ ਰੱਖਦੇ ਹੋਏ ਅਦਾਲਤ ਨੇ ਕਿਹਾ ਕਿ ਪਤੀ ਵੱਲੋਂ ਔਰਤ ਦੀ ਇਜਾਜ਼ਤ ਤੋਂ ਬਿਨਾਂ ਸਬੰਧ ਬਣਾਉਣਾ ਜਬਰ ਜਨਾਹ ਹੈ। ਇਸ ਲਈ, ਵਿਆਹੁਤਾ ਜਬਰ ਜਨਾਹ ਦੀ ਸਥਿਤੀ ਵਿੱਚ, ਔਰਤ ਨੂੰ 24 ਹਫ਼ਤਿਆਂ ਦੀ ਨਿਰਧਾਰਤ ਸੀਮਾ ਦੇ ਅੰਦਰ ਅਣਚਾਹੇ ਭਰੂਣ ਨੂੰ ਖਤਮ ਕਰਨ ਦਾ ਅਧਿਕਾਰ ਹੈ।

**ਸਾਲ 2021 :** ਜੀਵਨ ਸਾਥੀ ਚੁਣਨ ਦਾ ਅਧਿਕਾਰ:- ਸੁਪਰੀਮ ਕੋਰਟ ਨੇ ਕਿਹਾ ਹੈ ਕਿ ਆਪਣੀ ਪਸੰਦ ਦਾ ਜੀਵਨ ਸਾਥੀ ਚੁਣਨਾ ਜੋੜੇ ਦਾ ਅਧਿਕਾਰ ਹੈ। 11 ਫਰਵਰੀ, 2021 ਨੂੰ, ਸੁਪਰੀਮ ਕੋਰਟ ਨੇ ਸਲਾਹ ਦਿੱਤੀ ਅਤੇ ਕਿਹਾ ਕਿ ਸਮਾਜ ਨੂੰ ਅੰਤਰ-ਜਾਤੀ ਅਤੇ ਅੰਤਰ-ਧਰਮ ਵਿਆਹਾਂ ਨੂੰ ਸਵੀਕਾਰ ਕਰਨਾ ਸਿੱਖਣਾ ਹੋਵੇਗਾ ਅਤੇ ਜੋੜੇ ਨੂੰ ਪਰੇਸ਼ਾਨ ਕਰਨ ਤੋਂ ਬਚਣਾ ਹੋਵੇਗਾ। ਇਹ ਫੈਸਲਾ ਸੁਪਰੀਮ ਕੋਰਟ ਦੇ ਜਸਟਿਸ ਐਸਕੇ ਕੌਲ ਦੀ ਅਗਵਾਈ ਵਾਲੇ ਬੈਂਚ ਨੇ ਦਿੱਤਾ।

**ਐਨਡੀਏ ਦੇ ਦਾਖ਼ਲੇ ਵਿੱਚ ਔਰਤਾਂ ਦਾ ਦਾਖ਼ਲਾ:-** ਸੁਪਰੀਮ ਕੋਰਟ ਨੇ ਐਨਡੀਏ ਦਾਖ਼ਲਾ ਪ੍ਰੀਖਿਆ ਵਿੱਚ ਔਰਤਾਂ ਦੇ ਦਾਖ਼ਲੇ ਦੀ ਇਜਾਜ਼ਤ ਦੇ ਦਿੱਤੀ ਹੈ। ਸੁਪਰੀਮ ਕੋਰਟ ਨੇ ਕਿਹਾ ਹੈ ਕਿ ਔਰਤਾਂ ਹਥਿਆਰਬੰਦ ਸੈਨਾਵਾਂ ਵਿੱਚ ਐਮਰਜੈਂਸੀ ਦੀ ਸਥਿਤੀ ਨਾਲ ਨਜਿੱਠਣ ਦੇ ਸਮਰੱਥ ਹਨ, ਅਸੀਂ ਐਨਡੀਏ ਵਿੱਚ ਔਰਤਾਂ ਦੇ ਦਾਖ਼ਲੇ ਨੂੰ ਇੱਕ ਸਾਲ ਲਈ ਟਾਲ ਨਹੀਂ ਸਕਦੇ।

ਮਿਲਟਰੀ ਸਕੂਲ ਵਿੱਚ ਦਾਖ਼ਲੇ ਲਈ ਇਮਤਿਹਾਨ ਵਿੱਚ ਔਰਤਾਂ ਨੂੰ ਦਿੱਤੀ ਇਜਾਜ਼ਤ:- ਸੁਪਰੀਮ ਕੋਰਟ ਨੇ ਔਰਤਾਂ ਨੂੰ ਭਾਰਤੀ ਮਿਲਟਰੀ ਸਕੂਲ ਦੀ ਪ੍ਰੀਖਿਆ ਵਿੱਚ ਬੈਠਣ ਦੀ ਇਜਾਜ਼ਤ ਦੇ ਦਿੱਤੀ ਹੈ। ਸੁਪਰੀਮ ਕੋਰਟ ਨੇ 7 ਅਕਤੂਬਰ 2021 ਨੂੰ ਕੇਂਦਰ ਸਰਕਾਰ ਨੂੰ ਨਿਰਦੇਸ਼ ਦਿੱਤਾ ਹੈ ਕਿ ਮਹਿਲਾ ਉਮੀਦਵਾਰਾਂ ਨੂੰ ਨੈਸ਼ਨਲ ਇੰਡੀਅਨ ਮਿਲਟਰੀ ਕਾਲਜਾਂ ਵਿੱਚ ਦਾਖ਼ਲੇ ਲਈ ਇਮਤਿਹਾਨ ਵਿੱਚ ਬੈਠਣ ਦੀ ਇਜਾਜ਼ਤ ਦਿੱਤੀ ਜਾਵੇ ਤਾਂ ਜੋ 2022 ਸੈਸ਼ਨ ਵਿੱਚ ਔਰਤਾਂ ਨੂੰ ਦਾਖ਼ਲਾ ਦਿੱਤਾ ਜਾ ਸਕੇ।

**ਸਾਲ 2020 :ਨਿਰਭਯਾ ਕੇਸ:** ਇਸ ਮਾਮਲੇ ਵਿੱਚ, ਸੁਪਰੀਮ ਕੋਰਟ ਨੇ 2012 ਦੇ ਦਿੱਲੀ ਸਮੂਹਿਕ ਜਬਰ ਜਨਾਹ ਅਤੇ ਕਤਲ ਕੇਸ ਵਿੱਚ ਚਾਰ ਦੋਸ਼ੀਆਂ ਦੀ ਅੰਤਿਮ ਸਮੀਖਿਆ ਪਟੀਸ਼ਨ ਨੂੰ ਖਾਰਜ ਕਰ ਦਿੱਤਾ। ਅਦਾਲਤ ਨੇ ਹੇਠਲੀ ਅਦਾਲਤ ਵੱਲੋਂ ਦੋਸ਼ੀਆਂ ਨੂੰ ਸੁਣਾਈ ਮੌਤ ਦੀ ਸਜ਼ਾ ਨੂੰ ਬਰਕਰਾਰ ਰੱਖਿਆ, ਜਿਸ ਦੀ ਬਾਅਦ ਵਿੱਚ ਦਿੱਲੀ ਹਾਈ ਕੋਰਟ ਨੇ ਪੁਸ਼ਟੀ ਕਰ ਦਿੱਤੀ।

**ਸ਼ਾਹੀਨ ਬਾਗ ਵਿਰੋਧ ਮਾਮਲਾ:-** ਇਸ ਮਾਮਲੇ ਵਿੱਚ, ਸੁਪਰੀਮ ਕੋਰਟ ਨੇ ਦਿੱਲੀ ਦੇ ਸ਼ਾਹੀਨ ਬਾਗ ਵਿਖੇ ਪ੍ਰਦਰਸ਼ਨਕਾਰੀਆਂ ਨੂੰ ਇੱਕ ਮੁੱਖ ਸੜਕ ਨੂੰ ਰੋਕਣ ਦੇ ਵਿਰੋਧ ਪ੍ਰਦਰਸ਼ਨਾਂ ਕਾਰਨ ਲੋਕਾਂ ਨੂੰ ਹੋਣ ਵਾਲੀ ਅਸੁਵਿਧਾ ਦਾ ਹਵਾਲਾ ਦਿੰਦੇ ਹੋਏ ਇੱਕ ਵਿਕਲਪਿਕ ਸਥਾਨ 'ਤੇ ਜਾਣ ਦਾ ਨਿਰਦੇਸ਼ ਦਿੱਤਾ। ਅਦਾਲਤ ਨੇ ਕਿਹਾ ਕਿ ਵਿਰੋਧ ਪ੍ਰਦਰਸ਼ਨ ਦਾ ਅਧਿਕਾਰ ਨਾਗਰਿਕਾਂ ਦੇ ਆਜ਼ਾਦ ਘੁੰਮਣ ਦੇ ਅਧਿਕਾਰ ਨਾਲ ਸੰਤੁਲਿਤ ਹੋਣਾ ਚਾਹੀਦਾ ਹੈ।

(ਬਾਕੀ ਸਫ਼ਾ 30 'ਤੇ)

# ਮੋਰਿੰਡਾ ਬੇਅਦਬੀ ਮਾਮਲਾ: ਪਟਿਆਲਾ 'ਚ ਦੋਸ਼ੀ ਜਸਵੀਰ ਸਿੰਘ ਦਾ ਹੋਇਆ ਪੋਸਟਮਾਰਟਮ

ਪਟਿਆਲਾ/ਏ.ਟੀ.ਨਿਊਜ਼ :ਮੋਰਿੰਡਾ ਦੇ ਇਤਿਹਾਸਕ ਗੁਰਦੁਆਰਾ ਕੋਤਵਾਲੀ ਸਾਹਿਬ ਵਿਖੇ ਬੇਅਦਬੀ ਦੇ ਦੋਸ਼ੀ ਜਸਵੀਰ ਸਿੰਘ ਦੀ ਦੇਹ ਦਾ ਪੋਸਟਮਾਰਟਮ ਪਟਿਆਲਾ ਦੇ ਸਰਕਾਰੀ ਰਾਜਿੰਦਰਾ ਹਸਪਤਾਲ 'ਚ ਕਰਵਾਇਆ ਗਿਆ। ਪੋਸਟਮਾਰਟਮ ਦੌਰਾਨ ਭਾਰੀ ਪੁਲੀਸ ਫੋਰਸ ਤਾਇਨਾਤ ਰਹੀ। ਪੋਸਟਮਾਰਟਮ ਦੀ ਰਿਪੋਰਟ ਆਉਣ 'ਤੇ ਹੀ ਮੌਤ ਦੇ ਕਾਰਨਾਂ ਪਤਾ ਲੱਗ ਸਕੇਗਾ। ਮਿਲੀ ਜਾਣਕਾਰੀ ਅਨੁਸਾਰ ਜਸਵੀਰ ਸਿੰਘ ਦਾ ਕੋਈ ਵੀ ਪਰਿਵਾਰਕ ਮੈਂਬਰ ਜਾਂ ਰਿਸ਼ਤੇਦਾਰ ਹਸਪਤਾਲ ਵਿੱਚ ਮੌਜੂਦ ਨਹੀਂ ਸੀ ਜਿਸ ਕਰਕੇ ਪ੍ਰਸ਼ਾਸਨ ਵੱਲੋਂ ਹੀ ਪੋਸਟਮਾਰਟਮ ਕਰਵਾਇਆ ਗਿਆ ਹੈ।



**ਦੋਸ਼ੀ ਦੀ ਲਾਸ਼ ਲੈਣ ਪਰਿਵਾਰ ਨਾ ਪਹੁੰਚਿਆ** :ਮੋਰਿੰਡਾ ਦੇ ਇਤਿਹਾਸਕ ਗੁਰਦੁਆਰਾ ਕੋਤਵਾਲੀ ਸਾਹਿਬ ਵਿੱਚ ਬੇਅਦਬੀ ਕਰਨ ਵਾਲੇ ਜਸਵੀਰ ਸਿੰਘ ਉਰਫ਼ ਜੱਸੀ ਦੀ ਮਾਨਸਾ ਦੇ ਸਿਵਲ ਹਸਪਤਾਲ ਵਿੱਚ ਮੌਤ ਹੋਣ ਪਿੱਛੋਂ ਅੱਜ ਦੁਪਹਿਰ ਤੱਕ ਕੋਈ ਪਰਿਵਾਰਕ ਮੈਂਬਰ ਜਾਂ ਰਿਸ਼ਤੇਦਾਰ ਉਸ ਦੀ ਮ੍ਰਿਤਕ ਦੇਹ ਲੈਣ ਲਈ ਮਾਨਸਾ ਦੇ ਸਿਵਲ ਹਸਪਤਾਲ ਨਹੀਂ ਪੁੱਜਿਆ। ਇਸ ਮਗਰੋਂ ਪੁਲੀਸ ਨੇ ਪੋਸਟਮਾਰਟਮ ਲਈ ਉਸ ਦੀ ਮ੍ਰਿਤਕ ਦੇਹ ਪਟਿਆਲਾ ਦੇ ਰਾਜਿੰਦਰਾ ਮੈਡੀਕਲ ਕਾਲਜ ਭੇਜ ਦਿੱਤੀ। ਐਂਬੂਲੈਂਸ ਮੁਲਾਜ਼ਮਾਂ ਵੱਲੋਂ ਮੁਲਜ਼ਮ ਦੀ ਦੇਹ ਲਿਜਾਣ ਤੋਂ ਇਨਕਾਰ ਕਰਨ ਮਗਰੋਂ ਮਾਨਸਾ ਜੇਲ੍ਹ ਦੀ ਐਂਬੂਲੈਂਸ ਰਾਹੀਂ ਉਸ ਨੂੰ ਪਟਿਆਲਾ ਲਿਜਾਇਆ ਗਿਆ। ਇੱਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ 29 ਅਪਰੈਲ ਨੂੰ ਰੋਪੜ ਜੇਲ੍ਹ ਦੇ ਅਧਿਕਾਰੀ ਜਸਵੀਰ ਸਿੰਘ ਨੂੰ ਮਾਨਸਾ ਦੀ ਜ਼ਿਲ੍ਹਾ ਜੇਲ੍ਹ ਵਿੱਚ ਛੱਡ ਕੇ ਗਏ ਸਨ ਅਤੇ ਬੀਤੇ ਦਿਨ ਅਚਾਨਕ ਸਿਹਤ ਵਿਗੜਨ ਮਗਰੋਂ ਉਸ ਨੂੰ ਸਿਵਲ ਹਸਪਤਾਲ ਲਿਆਂਦਾ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਉਸ ਦੀ ਲਾਸ਼ ਲੈਣ ਲਈ ਕਿਸੇ ਵੀ ਪਰਿਵਾਰਕ ਮੈਂਬਰ ਜਾਂ ਰਿਸ਼ਤੇਦਾਰ ਵੱਲੋਂ ਸੰਪਰਕ ਨਹੀਂ ਕੀਤਾ ਗਿਆ, ਜਿਸ ਤੋਂ ਬਾਅਦ ਲਾਸ਼ ਪਟਿਆਲਾ ਦੇ ਮੈਡੀਕਲ ਕਾਲਜ ਭੇਜੀ ਗਈ। ਇਸ ਤੋਂ ਪਹਿਲਾਂ ਸ਼ਹੀਦ ਭਗਤ ਸਿੰਘ ਵੈਲਫੇਅਰ ਐਂਬੂਲੈਂਸ ਸੁਸਾਇਟੀ ਦੇ ਪ੍ਰਧਾਨ ਨਿਰਭੈਅ ਸਿੰਘ ਬੱਬੀ ਨੇ ਦੋਸ਼ੀ ਜਸਵੀਰ ਸਿੰਘ ਦੀ ਮ੍ਰਿਤਕ ਦੇਹ ਪਟਿਆਲਾ ਤੱਕ ਲਿਜਾਣ ਲਈ ਅਸਮਰੱਥਾ ਪ੍ਰਗਟਾਈ ਸੀ। ਉਨ੍ਹਾਂ ਕਿਹਾ ਕਿ ਸੁਸਾਇਟੀ ਨੇ ਬੇਅਦਬੀਆਂ ਕਰਨ ਵਾਲਿਆਂ ਦੀ ਦੇਹ ਨੂੰ ਐਂਬੂਲੈਂਸ ਵਿੱਚ ਨਾ ਲਿਜਾਣ ਸਬੰਧੀ ਮਤਾ ਪਾਸ ਕੀਤਾ ਹੈ।

**ਦੋਸ਼ੀ ਦੇ ਸਸਕਾਰ ਵਿੱਚ ਕੋਈ ਗੁਰਸਿੱਖ ਨਹੀਂ ਹੋਵੇਗਾ ਸ਼ਾਮਲ**

ਗੁਰਦੁਆਰਾ ਕੋਤਵਾਲੀ ਸਾਹਿਬ ਮੋਰਿੰਡਾ ਦੀ ਪ੍ਰਬੰਧਕ ਕਮੇਟੀ ਅਤੇ ਡੇਰਾ ਕਾਰ ਸੇਵਾ ਵੱਲੋਂ ਐੱਸਡੀਐੱਮ ਦੀਪਾਂਕਰ ਗਰਗ ਨੂੰ ਮੰਗ ਪੱਤਰ ਦੇ ਕੇ ਮੰਗ ਕੀਤੀ ਹੈ ਕਿ ਸਿੱਖ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਬੇਅਦਬੀ ਦੇ ਦੋਸ਼ੀ ਦਾ ਮੋਰਿੰਡਾ ਦੀ ਕਿਸੇ ਵੀ ਸ਼ਮਸ਼ਾਨਘਾਟ ਵਿੱਚ ਸਸਕਾਰ ਨਾ ਹੋਣ ਦਿੱਤਾ ਜਾਵੇ। ਪੱਤਰਕਾਰਾਂ ਨਾਲ ਗੱਲ ਕਰਦਿਆਂ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਹਰਦੀਪ ਸਿੰਘ ਆਨੰਦ,ਤੀਰਥ ਸਿੰਘ ਭਟੋਆ, ਰਵਿੰਦਰ ਸਿੰਘ, ਮਨਦੀਪ ਸਿੰਘ ਰੌਣੀ ਅਤੇ ਰਾਜਵਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਨਾ ਹੀ ਗ੍ਰੰਥੀ ਅਰਦਾਸ ਕਰੇਗਾ ਅਤੇ ਨਾ ਹੀ ਕੋਈ ਗੁਰਸਿੱਖ ਸਸਕਾਰ ਵਿੱਚ ਸ਼ਾਮਲ ਹੋਵੇਗਾ। ਮੈਂਬਰਾਂ ਨੇ ਦੱਸਿਆ ਕਿ ਦੋਸ਼ੀ ਨਮਿਤ ਪਾਠ ਲਈ ਸ਼ਹਿਰ ਦੇ ਕਿਸੇ ਗੁਰੂ ਘਰ ਵਿੱਚੋਂ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨਹੀਂ ਦਿੱਤੇ ਜਾਣਗੇ ਅਤੇ ਨਾ ਹੀ ਕੋਈ ਪਾਠੀ ਸਿੰਘ ਅਤੇ ਕੀਰਤਨੀ ਜਥਾ, ਦੋਸ਼ੀ ਦੀ ਅੰਤਿਮ ਅਰਦਾਸ ਅਤੇ ਕੀਰਤਨ ਕਰੇਗਾ। ਮੈਂਬਰਾਂ ਨੇ ਦੱਸਿਆ ਕਿ ਐੱਸਡੀਐੱਮ ਨੇ ਭਰੋਸਾ ਦਿੱਤਾ ਹੈ ਕਿ ਉੱਚ ਅਧਿਕਾਰੀਆਂ ਨਾਲ ਗੱਲ ਕਰਕੇ ਸ਼ਹਿਰ ਤੇ ਇਲਾਕੇ ਵਿੱਚ ਅਮਨ ਸ਼ਾਂਤੀ ਬਣਾਈ ਰੱਖਣ ਲਈ ਢੁਕਵੇਂ ਕਦਮ ਚੁੱਕੇ ਜਾਣਗੇ।

## ਸਿਰਸਾ ਦੇ ਗੁਰਦੁਆਰਾ ਵਿੱਚ ਬੇਅਦਬੀ ਕਰਨ ਵਾਲਾ ਨੌਜਵਾਨ ਸੰਗਤਾਂ ਨੇ ਪੁਲਿਸ ਹਵਾਲੇ ਕੀਤਾ

ਸਿਰਸਾ/ਏ.ਟੀ.ਨਿਊਜ਼ : ਸਿਰਸਾ ਸ਼ਹਿਰ ਦੀ ਜੇਜੇ ਕਾਲੋਨੀ ਸਥਿਤ ਗੁਰਦੁਆਰੇ ਵਿੱਚ ਬੀਤੇ ਦਿਨੀਂ ਸਵੇਰੇ ਇੱਕ ਨੌਜਵਾਨ ਨੇ ਦਾਖ਼ਲ ਹੋ ਕੇ ਬੇਅਦਬੀ ਕੀਤੀ। ਜਿਸ ਕਾਰਨ ਸਿੱਖ ਸੰਗਤਾਂ ਨੇ ਨੌਜਵਾਨ ਨੂੰ ਫੜ ਲਿਆ। ਥਾਣਾ ਸਿਟੀ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਘਟਨਾ ਦੀ ਜਾਂਚ ਕੀਤੀ। ਮੁਲਜ਼ਮ ਨੌਜਵਾਨ ਨੂੰ ਪੁਲਿਸ ਨੇ ਫੜ ਕੇ ਸਿਟੀ ਥਾਣੇ ਲੈ ਗਈ। ਉੱਥੇ ਮੁਲਜ਼ਮ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲਿਸ ਨੇ ਗੁਰਦੁਆਰੇ ਦੇ ਗ੍ਰੰਥੀ ਸੇਵਾਦਾਰ ਦੀ ਸ਼ਿਕਾਇਤ 'ਤੇ ਕੇਸ ਦਰਜ ਕਰ ਲਿਆ ਹੈ।ਸ਼ਹਿਰ ਦੀ ਜੇਜੇ ਕਾਲੋਨੀ ਸਥਿਤ ਗੁਰਦੁਆਰੇ ਦੇ ਗ੍ਰੰਥੀ ਜੋਗਿੰਦਰ ਸਿੰਘ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਉਹ ਸਵੇਰੇ ਸਾਢੇ ਚਾਰ ਵਜੇ ਇਸ਼ਨਾਨ ਕਰ ਰਿਹਾ ਸੀ। ਇਸੇ ਦੌਰਾਨ ਇਕ ਨੌਜਵਾਨ ਗੁਰਦੁਆਰੇ ਅੰਦਰ ਦਾਖ਼ਲ ਹੋ ਗਿਆ। ਉੱਥੇ ਮੌਜੂਦ ਜੋਗਿੰਦਰ ਸਿੰਘ ਦੀ ਪਤਨੀ ਤੋਂ ਗੁਰਦੁਆਰੇ ਦੀਆਂ ਚਾਬੀਆਂ ਮੰਗਣ ਲੱਗਾ। ਉਸਨੂੰ ਚਾਬੀ ਬਾਰੇ ਦੱਸਿਆ ਤਾਂ ਉਸ ਨੇ ਚਾਬੀ ਚੁੱਕ ਲਈ। ਬਾਅਦ ਵਿੱਚ ਉਹ ਗੁਰਦੁਆਰੇ ਅੰਦਰ ਚਲਾ ਗਿਆ। ਉਸ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਚੁੱਕਣ ਲੱਗਾ ਅਤੇ ਪ੍ਰਕਾਸ਼ ਪਾਠ ਤੋਂ ਪਹਿਲਾਂ ਹੀ ਲੱਕੜ ਦੀ ਪੀੜੀ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੇਠਾਂ ਸੁੱਟ ਦਿੱਤਾ। ਇਸ ਤੋਂ ਬਾਅਦ ਉਹ ਭੱਜਣ ਲੱਗਾ। ਰੌਲਾ ਪੈਣ 'ਤੇ ਕਾਲੋਨੀ ਵਿੱਚ ਰਹਿੰਦੇ ਸਿੱਖ ਭਾਈਚਾਰੇ ਦੇ ਲੋਕਾਂ ਨੇ ਫੜ ਕੇ ਪੁਲੀਸ ਹਵਾਲੇ ਕਰ ਦਿੱਤਾ। ਦੋਸ਼ੀ ਕਾਲੋਨੀ ਦਾ ਵਸਨੀਕ ਦੱਸਿਆ ਜਾਂਦਾ ਹੈ। ਜਿਸ ਦੀ ਉਮਰ 40 ਸਾਲ ਦੇ ਕਰੀਬ ਹੈ।

## ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜੀ ਸ਼ਤਾਬਦੀ ਦੇ ਸਬੰਧ 'ਚ 'ਬੁੰਗਾ ਰਾਮਗੜ੍ਹੀਆ' ਨੂੰ ਲਾਈਟਾਂ ਨਾਲ ਰੋਸ਼ਨ ਕੀਤਾ

ਅੰਮ੍ਰਿਤਸਰ/ਏ.ਟੀ.ਨਿਊਜ਼ :- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜੀ ਸ਼ਤਾਬਦੀ ਦੇ ਸਬੰਧ 'ਚ 'ਬੁੰਗਾ ਰਾਮਗੜ੍ਹੀਆ' ਨੂੰ ਰੰਗ ਬਰੰਗੀਆਂ ਐੱਲਈਡੀ ਲਾਈਟਾਂ ਨਾਲ ਰੁਸ਼ਨਾਇਆ ਗਿਆ ਹੈ। ਹਰਿਮੰਦਰ ਸਾਹਿਬ ਦੀਆਂ ਪਰਿਕਰਮਾ ਵਿੱਚ ਸਥਿਤ 'ਬੁੰਗਾ ਰਾਮਗੜ੍ਹੀਆ' ਨੂੰ ਪੁਰਾਤਨ ਤਰੀਕੇ ਨਾਲ ਮੁੜ ਸੁਰਜੀਤ ਕਰ ਕੇ ਸ਼ਤਾਬਦੀ ਮੌਕੇ ਸੰਗਤਾਂ ਦੇ ਦੇਖਣ ਲਈ ਵੀ ਖੋਲ੍ਹ ਦਿੱਤਾ ਹੈ। 5 ਮਈ ਨੂੰ ਸ਼ਤਾਬਦੀ ਵਾਲੇ ਦਿਨ ਤੋਂ ਪਹਿਲਾਂ ਹੀ ਸੰਗਤਾਂ ਨੂੰ ਬੁੰਗੇ ਵੱਲ ਖਿੱਚਣ ਲਈ ਰੁਸ਼ਨਾ ਦਿੱਤਾ ਹੈ।

ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਬੁੰਗਾ ਰਾਮਗੜ੍ਹੀਆ ਦਾ ਨਿਰਮਾਣ 1755 ਈਸਵੀ ਨੂੰ ਕਰਵਾਇਆ ਸੀ। ਬੁੰਗਾ ਰਾਮਗੜ੍ਹੀਆ ਵਿਉਂਤਬੰਦੀ, ਉਸਾਰੀ, ਨਕਾਸ਼ੀ ਅਤੇ ਚਿੱਤਰਕਾਰੀ ਪੱਖੋਂ ਵਿਲੱਖਣ ਹੈ। ਜਿਸ ਵਿਚ ਦੀਵਾਨ-ਏ-ਖ਼ਾਸ ਤੇ ਸਰਦਾਰ ਜੱਸਾ ਸਿੰਘ (ਬਾਕੀ ਸ.ਫਾ 29 'ਤੇ)

# ਇੱਕ ਮੰਤਰੀ ਦੀ ਅਸ਼ਲੀਲ ਵੀਡੀਓ ਕਾਰਨ ਮਾਨ ਸਰਕਾਰ ਸੰਕਟ ਵਿੱਚ ਫਸੀ

## ਵਿਧਾਇਕ ਖਹਿਰਾ ਵੱਲੋਂ ਰਾਜਪਾਲ ਨੂੰ ਇੱਕ ਪੈਨ ਡਰਾਈਵ ਵਿੱਚ ਸੰਬੰਧਿਤ ਮੰਤਰੀ ਸੰਬੰਧੀ ਦੋ ਅਸ਼ਲੀਲ ਵੀਡੀਓ ਸੌਂਪੇ ਜਾਣ ਦਾ ਦਾਅਵਾ

ਚੰਡੀਗੜ੍ਹ: ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਇਕ ਹੋਰ ਸਨਸਨੀਖ਼ੇਜ਼ ਵਿਵਾਦ ਕਾਰਨ ਸੰਕਟ ਵਿੱਚ ਘਿਰਦੀ ਨਜ਼ਰ ਆ ਰਹੀ ਹੈ, ਕਿਉਂਕਿ ਉਨ੍ਹਾਂ ਦੇ ਮੰਤਰੀ ਮੰਡਲ ਦੇ ਇਕ ਵਜ਼ੀਰ ਸੰਬੰਧੀ ਕਾਂਗਰਸ ਦੇ ਮੌਜੂਦਾ ਵਿਧਾਇਕ ਸ੍ਰ.ਸੁਖਪਾਲ ਸਿੰਘ ਖਹਿਰਾ ਵੱਲੋਂ ਬੀਤੇ ਦਿਨੀਂ ਰਾਜਪਾਲ ਨੂੰ ਇਕ ਪੈੱਨ ਡਰਾਈਵ ਵਿਚ ਸੰਬੰਧਿਤ ਮੰਤਰੀ ਸੰਬੰਧੀ ਦੋ ਅਸ਼ਲੀਲ ਵੀਡੀਓ ਦਿੱਤੀਆਂ ਗਈਆਂ ਸਨ ਅਤੇ ਰਾਜਪਾਲ ਤੋਂ ਇਸ ਮਾਮਲੇ ਵਿੱਚ ਬਣਦੀ ਕਾਰਵਾਈ ਤੇ ਸੰਬੰਧਿਤ ਮੰਤਰੀ ਨੂੰ ਬਰਤਰਫ਼ ਕਰਨ ਦੀ ਲਿਖਤੀ ਮੰਗ ਵੀ ਰੱਖੀ ਗਈ ਸੀ । ਜਾਣਕਾਰੀ ਅਨੁਸਾਰ ਸ੍ਰ. ਖਹਿਰਾ ਵੱਲੋਂ ਆਪਣੀ ਸ਼ਿਕਾਇਤ ਵਿੱਚ ਸੰਬੰਧਿਤ ਮੰਤਰੀ ਦਾ ਬਕਾਇਦਾ ਨਾਂਅ ਵੀ ਦਿੱਤਾ ਗਿਆ ਹੈ ਪਰ ਮੰਤਰੀ ਦਾ ਨਾਂ ਜਨਤਕ ਕਰਨ ਬਾਰੇ ਚੁੱਪ ਵੱਟੀ ਹੋਈ ਹੈ । ਕੈਬਨਿਟ ਮੰਤਰੀ ਦੀ ਵੀਡੀਓ ਕਲਿੱਪ ਰਾਜਪਾਲ ਨੂੰ ਸੌਂਪਣ ਦੀ ਖ਼ਬਰ ਨੇ ਸਿਆਸੀ ਹਲਕਿਆਂ ਵਿੱਚ ਭੁਚਾਲ ਲਿਆ ਦਿੱਤਾ ਹੈ।ਰਾਜਪਾਲ ਵੱਲੋਂ ਰਾਜ ਦੇ ਡੀ.ਜੀ.ਪੀ. ਕੋਲੋਂ ਇਸ ਮਾਮਲੇ ਵਿੱਚ ਤੁਰੰਤ ਰਿਪੋਰਟ ਮੰਗੀ ਗਈ ਹੈ ਅਤੇ ਵੀਡੀਓ ਦੀ ਜਾਂਚ ਲਈ ਫੋਰੈਂਸਿਕ ਮਾਹਿਰਾਂ ਦੀ ਮਦਦ ਲੈਣ ਲਈ ਵੀ ਕਿਹਾ ਗਿਆ ਹੈ । ਸੂਚਨਾ ਅਨੁਸਾਰ ਸ਼ਿਕਾਇਤ ਦੀ ਕਾਪੀ ਮੁੱਖ ਮੰਤਰੀ ਨੂੰ ਵੀ ਭੇਜੀ ਗਈ ਹੈ । ਹਾਲਾਂ ਕਿ ਮੁੱਖ ਮੰਤਰੀ ਨੂੰ ਰਾਜਪਾਲ ਵੱਲੋਂ ਭੇਜੀਆਂ ਜਾਣ ਵਾਲੀਆਂ ਸ਼ਿਕਾਇਤਾਂ ਦਾ ਹੁਣ ਤੱਕ ਨਾ ਤਾਂ ਕੋਈ ਨੋਟਿਸ ਲਿਆ ਜਾ ਰਿਹਾ ਹੈ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਜਵਾਬ ਹੀ ਭੇਜਿਆ ਜਾ ਰਿਹਾ ਹੈ ।ਖਹਿਰਾ ਨੇ ਕਿਹਾ ਕਿ ਉਨ੍ਹਾਂ ਨੇ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਇੱਕ ਮੰਤਰੀ ਦੀਆਂ ਦੋ ਅਸ਼ਲੀਲ ਵੀਡੀਓਜ਼ ਰਾਜਪਾਲ ਨੂੰ ਸੌਂਪੀਆਂ ਹਨ ਅਤੇ ਬੇਨਤੀ ਕੀਤੀ ਹੈ ਕਿ ਇਨ੍ਹਾਂ ਵੀਡੀਓਜ਼ ਦੀ ਫੋਰੈਂਸਿਕ ਜਾਂਚ ਕਰਵਾਈ ਜਾਵੇ ਤਾਂ ਜੋ ਸੱਚਾਈ ਦਾ ਪਤਾ ਲੱਗ ਸਕੇ। ਖਹਿਰਾ ਨੇ ਕਿਹਾ ਕਿ ਅਜਿਹੀਆਂ ਵੀਡੀਓਜ਼ ਜੇਕਰ ਸੋਸ਼ਲ ਮੀਡੀਆ ਉੱਤੇ ਪਾਈਆ ਜਾਂਦੀਆਂ ਤਾਂ ਇਸ ਦਾ ਬਹੁਤ ਗ਼ਲਤ ਪ੍ਰਭਾਵ ਲੋਕਾਂ ਵਿੱਚ ਜਾਣਾ ਸੀ। ਇਸ ਲਈ ਉਹ ਇਹ ਵੀਡੀਓ ਪੰਜਾਬ ਦੇ ਗਵਰਨਰ ਬਨਵਾਰੀ ਲਾਲ ਪੁਰੋਹਿਤ ਕੋਲ ਲੈ ਕੇ ਗਏ। ਸੁਖਪਾਲ ਖਹਿਰਾ ਨੇ ਮੰਗ ਕੀਤੀ ਕਿ ਰਾਜਪਾਲ ਇਹਨਾਂ ਵੀਡੀਓ ਕਲਿੱਪਾਂ ਦੀ ਫੋਰੈਂਸਿਕ ਜਾਂਚ ਕਰਵਾਉਣ। ਜੇ ਇਹੀ ਕਲਿਪਜ਼ ਪੰਜਾਬ ਸਰਕਾਰ ਦੇ ਕਿਸੇ ਨੁਮਾਇੰਦੇ ਨੂੰ ਦਿੰਦੇ ਜਾਂ ਪੰਜਾਬ ਪੁਲਿਸ ਨੂੰ ਦਿੰਦੇ ਤਾਂ ਉਨ੍ਹਾਂ ਨੇ ਇਹ ਸਾਰਾ ਮਾਮਲਾ ਰਫ਼ਾ-ਦਫ਼ਾ ਕਰ ਦੇਣਾ ਸੀ। ਜਿਸ ਕਰਕੇ ਉਹਨਾਂ ਰਾਜਪਾਲ ਨੂੰ ਇਨ੍ਹਾਂ ਵੀਡੀਓਜ਼ ਦੀ ਜਾਂਚ ਚੰਡੀਗੜ੍ਹ ਪ੍ਰਸ਼ਾਸਨ ਕੋਲ ਕਰਵਾਉਣ ਲਈ ਕਿਹਾ ਹੈ।





ਇਸ ਸਬੰਧੀ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਅਸ਼ਲੀਲ ਕਾਰੇ ਬਾਰੇ ਕੁਝ ਸਮਾਂ ਪਹਿਲਾਂ ਪਤਾ ਲੱਗਾ ਸੀ ਤੇ ਉਨ੍ਹਾਂ ਕਿਹਾ ਕਿ ਜੇਕਰ ਇਹ ਸੱਚ ਹੈ ਤਾਂ ਰੱਬ ਪੰਜਾਬ ਨੂੰ ਅਜਿਹੀਆਂ (ਬਾਕੀ ਸ.ਫਾ 29 'ਤੇ)

ALL STATE INSURANCE
Allstate
You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

# ਕੀ ਅਸਰ ਦਿਖਾਏਗੀ ਨਸ਼ੇ ਵਿਰੁੱਧ 'ਵਿਸ਼ਵ ਜੰਗ' ?



- ਕਈ ਦੇਸ਼ਾਂ 'ਚ ਨਸ਼ਾ ਤਸਕਰਾਂ ਨੂੰ ਦਿੱਤੀ ਜਾਂਦੀ ਹੈ ਮੌਤ ਦੀ ਸਜ਼ਾ
- ਸਿਆਸੀ ਆਗੂਆਂ ਦੀ ਛਤਰ ਛਾਇਆ ਹੇਠ ਪਲਦੇ ਵੱਡੇ ਨਸ਼ਾ ਤਸਕਰ

ਨਵੀਂ ਦਿੱਲੀ/ਏ.ਟੀ.ਨਿਊਜ਼ : ਭਾਰਤ ਵਿੱਚ ਜਿਥੇ ਨਸ਼ੇ ਦੇ ਵੱਡੇ ਤਸਕਰ ਪੁਲਿਸ ਅਤੇ ਸਿਆਸੀ ਆਗੂਆਂ ਨਾਲ ਚਲਦੇ ਆਪਣੇ ਗੁਪਤ ਗਠਜੋੜ ਦੇ ਕਾਰਨ ਅਕਸਰ ਕਿਸੇ ਕਾਰਵਾਈ ਤੋਂ ਬਚੇ ਰਹਿੰਦੇ ਹਨ, ਜੇ ਕੁਝ ਤਸਕਰ ਪੁਲਿਸ ਦੇ ਕਾਬੂ ਆਉਂਦੇ ਵੀ ਹਨ ਤਾਂ ਭਾਰਤ ਵਿੱਚ ਲੰਬੀ ਅਤੇ ਗੁੰਝਲਦਾਰ ਕਾਨੂੰਨੀ ਪ੍ਰਕਿਰਿਆ ਅਤੇ ਕਾਨੂੰਨੀ ਚੋਰ ਮੋਰੀਆ ਦਾ ਲਾਭ ਉਠਾਉਂਦੇ ਹੋਏ ਉਹ ਜਾਂ ਤਾਂ ਬਚ ਨਿਕਲਦੇ ਹਨ ਜਾਂ ਉਹਨਾਂ ਨੂੰ ਬਹੁਤ ਘੱਟ ਸਜ਼ਾ ਮਿਲਦੀ ਹੈ ਪਰ ਇਸ ਦੁਨੀਆਂ 'ਚ ਕੁਝ ਦੇਸ਼ ਅਜਿਹੇ ਵੀ ਹਨ, ਜਿਥੇ ਕਿ ਨਸ਼ਾ ਤਸਕਰਾਂ ਨੂੰ ਮੌਤ ਦੀ ਸਜ਼ਾ ਦਿਤੀ ਜਾਂਦੀ ਹੈ।

ਭੰਗ ਦੀ ਤਸਕਰੀ ਕਰਨ ਵਾਲੇ ਭਾਰਤੀ ਵਿਅਕਤੀ ਨੂੰ ਸਿੰਗਾਪੁਰ ਵਿੱਚ ਫਾਂਸੀ: ਸਿੰਗਾਪੁਰ ਵਿੱਚ ਭੰਗ ਦੀ ਤਸਕਰੀ ਕਰਨ ਵਾਲੇ ਇਕ ਵਿਅਕਤੀ ਨੂੰ ਲੰਘੇ ਦਿਨੀਂ ਫਾਂਸੀ ਦੀ ਸਜ਼ਾ ਦੇ ਕੇ ਸਿੰਗਾਪੁਰ ਨੇ ਆਪਣੇ ਕਠੋਰ ਪੁਰਾਣੇ ਡਰੱਗ ਕਾਨੂੰਨਾਂ ਨੂੰ ਉਜਾਗਰ ਕੀਤਾ ਹੈ। ਸਿੰਗਾਪੁਰ ਦੇ ਟਾਂਗਾਰਾਜੂ ਸੁਪੀਆਹ ਨੂੰ ਭੰਗ ਦੀ ਤਸਕਰੀ ਦੀ ਸਾਜ਼ਿਸ਼ ਵਿੱਚ ਸ਼ਾਮਲ ਹੋਣ ਲਈ ਚਾਂਗੀ ਜੇਲ੍ਹ ਵਿੱਚ ਫਾਂਸੀ ਦਿੱਤੀ ਗਈ ਸੀ।

ਸੁਪੀਆਹ ਦੇ ਪਰਿਵਾਰ ਸਮੇਤ ਸਮਾਜਿਕ ਕਾਰਕੁਨਾਂ ਵੱਲੋਂ ਮੁਆਫੀ ਦੀਆਂ ਅਪੀਲਾਂ ਦੇ ਬਾਵਜੂਦ, ਸਿੰਗਾਪੁਰ ਦੇ ਅਧਿਕਾਰੀਆਂ ਨੇ ਦੇਸ਼ ਦੇ ਨਸ਼ਾ ਵਿਰੋਧੀ ਕਾਨੂੰਨਾਂ ਦੀ ਸਹੀ ਪ੍ਰਕਿਰਿਆ ਅਤੇ ਪ੍ਰਭਾਵਸ਼ਾਲੀ ਦਾ ਹਵਾਲਾ ਦਿੰਦੇ ਹੋਏ ਫਾਂਸੀ ਦਿੱਤੀ।

ਅਸਲ ਵਿੱਚ ਸੁਪੀਆਹ ਦੇ ਮੁਕੱਦਮੇ ਦੌਰਾਨ ਉਸਦੀ ਸੀਮਤ ਕਾਨੂੰਨੀ ਪਹੁੰਚ ਸੀ ਅਤੇ ਉਸਦੇ ਵਿਰੁੱਧ ਵਰਤੇ ਗਏ ਕਮਜ਼ੋਰ ਸਬੂਤ ਸਨ। ਰਿਪੋਰਟਾਂ ਦੇ ਅਨੁਸਾਰ, ਸੁਪੀਆਹ ਨਸ਼ੀਲੇ ਪਦਾਰਥਾਂ ਦੇ ਨਾਲ ਜਾਂ ਡਿਲੀਵਰੀ ਦੇ ਦੌਰਾਨ ਨਹੀਂ ਪਾਇਆ ਗਿਆ ਸੀ ਪਰ ਉਸਨੂੰ 2013 ਵਿੱਚ ਮਲੇਸ਼ੀਆ ਤੋਂ ਸਿੰਗਾਪੁਰ ਤੱਕ ਭੰਗ ਦੀ ਟ੍ਰੈਫਿਕ ਦੀ ਸਾਜ਼ਿਸ਼ ਵਿੱਚ ਸ਼ਾਮਲ ਕਰਕੇ ਉਕਸਾਉਣ ਦਾ ਦੋਸ਼ੀ ਠਹਿਰਾਇਆ ਗਿਆ ਸੀ।

ਜਦੋਂ ਕਿ ਸਿੰਗਾਪੁਰ ਦੇ ਅਧਿਕਾਰੀ ਜਨਤਕ ਸੁਰੱਖਿਆ ਨੂੰ ਬਣਾਈ ਰੱਖਣ ਲਈ ਜ਼ਰੂਰੀ ਕਾਨੂੰਨਾਂ ਦਾ ਬਚਾਅ ਕਰਦੇ ਹਨ। ਆਲੋਚਕ ਦਲੀਲ ਦਿੰਦੇ ਹਨ ਕਿ ਇਹ ਕਾਨੂੰਨ ਪੁਰਾਣੇ ਹਨ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਮੂਲ ਕਾਰਨਾਂ ਨੂੰ ਹੱਲ ਕਰਨ ਵਿੱਚ ਅਸਫਲ ਰਹਿੰਦੇ ਹਨ। ਹੁਣ ਬਹਿਸ ਜਾਰੀ ਹੈ ਅਤੇ ਇਹ ਦੇਖਣਾ ਬਾਕੀ ਹੈ ਕਿ ਕੀ ਸਿੰਗਾਪੁਰ ਆਪਣੇ ਡਰੱਗ ਕਾਨੂੰਨਾਂ ਨੂੰ ਸੁਧਾਰਨ ਲਈ ਕਦਮ ਚੁੱਕੇਗਾ ਅਤੇ ਮੌਤ ਦੀ ਸਜ਼ਾ ਦੀ ਵਰਤੋਂ ਤੋਂ ਦੂਰ ਰਹੇਗਾ।

ਹਾਲਾਂਕਿ, ਅਜਿਹੀਆਂ ਪੁਰਾਣੀਆਂ ਨੀਤੀਆਂ ਵਾਲਾ ਸਿੰਗਾਪੁਰ ਇਕੱਲਾ ਦੇਸ਼ ਨਹੀਂ ਹੈ। ਇੱਥੇ ਦੁਨੀਆ ਭਰ ਦੇ ਕੁਝ ਹੋਰ ਦੇਸ਼ ਹਨ ਜੋ ਇਸ ਦੀ ਪਾਲਣਾ ਕਰਦੇ ਹਨ:



**ਫਿਲੀਪੀਨਜ਼** : ਰਾਸ਼ਟਰਪਤੀ ਰੋਡਰੀਗੋ ਡੁਟੇਰਟੇ ਦੇ ਅਧੀਨ, ਫਿਲੀਪੀਨਜ਼ ਨੇ 'ਨਸ਼ੇ ਵਿਰੁੱਧ ਜੰਗ' ਨੂੰ ਸ਼ੁਰੂ ਕੀਤਾ ਹੈ ਜਿਸ ਦੇ ਨਤੀਜੇ ਵਜੋਂ ਹਜ਼ਾਰਾਂ ਸ਼ੱਕੀ ਡਰੱਗ ਉਪਭੋਗਤਾਵਾਂ ਅਤੇ ਡੀਲਰਾਂ ਦੀਆਂ ਗੈਰ-ਨਿਆਇਕ ਹੱਤਿਆਵਾਂ ਹੋਈਆਂ ਹਨ।

**ਸਾਊਦੀ ਅਰਬ**: ਸਾਊਦੀ ਅਰਬ ਦੀ ਨਸ਼ੀਲੇ ਪਦਾਰਥਾਂ ਪ੍ਰਤੀ ਜ਼ੀਰੋ-ਸਹਿਣਸ਼ੀਲਤਾ ਦੀ ਨੀਤੀ ਹੈ, ਜਿਸ ਵਿੱਚ ਕਬਜ਼ੇ ਅਤੇ ਤਸਕਰੀ ਦੇ ਅਪਰਾਧਾਂ ਲਈ ਕੈਦ, ਕੋਰੜੇ ਮਾਰਨ ਅਤੇ ਕੁਝ ਮਾਮਲਿਆਂ ਵਿੱਚ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ।

**ਚੀਨ** : ਚੀਨ ਵਿੱਚ ਦੁਨੀਆ ਦੇ ਸਭ ਤੋਂ ਸਖ਼ਤ ਨਸ਼ੀਲੇ ਪਦਾਰਥਾਂ ਦੇ ਕਾਨੂੰਨ ਹਨ, ਜਿਨ੍ਹਾਂ ਵਿੱਚ ਥੋੜ੍ਹੇ ਜਿਹੇ ਨਸ਼ੀਲੇ ਪਦਾਰਥ ਰੱਖਣ ਵਾਲੇ ਵਿਅਕਤੀ ਨੂੰ ਲੰਬੀ ਜੇਲ੍ਹ ਦੀ ਸਜ਼ਾ ਜਾਂ ਮੌਤ ਦੀ ਸਜ਼ਾ ਵੀ ਦਿੱਤੀ ਜਾ ਸਕਦੀ ਹੈ।

**ਇਰਾਨ** : ਇਰਾਨ ਦੀ ਨਸ਼ੀਲੇ ਪਦਾਰਥਾਂ ਪ੍ਰਤੀ ਜ਼ੀਰੋ-ਸਹਿਣਸ਼ੀਲਤਾ ਦੀ ਨੀਤੀ ਹੈ, ਜਿਸ ਵਿੱਚ ਕਬਜ਼ੇ ਅਤੇ ਤਸਕਰੀ ਦੇ ਅਪਰਾਧਾਂ ਵਿੱਚ ਕੈਦ, ਕੋੜੇ ਮਾਰਨ ਅਤੇ ਕੁਝ ਮਾਮਲਿਆਂ ਵਿੱਚ ਮੌਤ ਦੀ ਸਜ਼ਾ ਦਿੱਤੀ ਜਾ ਸਕਦੀ ਹੈ।

**ਮਲੇਸ਼ੀਆ** : ਮਲੇਸ਼ੀਆ ਵਿੱਚ ਦੱਖਣ-ਪੂਰਬੀ ਏਸ਼ੀਆ ਵਿੱਚ ਨਸ਼ੀਲੇ ਪਦਾਰਥਾਂ ਦੇ ਕੁਝ ਸਖ਼ਤ ਕਾਨੂੰਨ ਹਨ, ਜਿਨ੍ਹਾਂ ਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਅਪਰਾਧਾਂ ਲਈ ਮੌਤ ਦੀ ਸਜ਼ਾ ਦਿੱਤੀ ਜਾਂਦੀ ਹੈ।

**ਸੰਯੁਕਤ ਅਰਬ ਅਮੀਰਾਤ**: ਜਦੋਂ ਕਿ ਯੂਏਈ ਸ਼ਰਾਬ ਅਤੇ ਨਾਈਟ ਲਾਈਫ ਪ੍ਰਤੀ ਆਪਣੀਆਂ ਨਰਮ ਨੀਤੀਆਂ ਲਈ ਜਾਣਿਆ ਜਾਂਦਾ ਹੈ, ਇਸ ਵਿੱਚ ਨਸ਼ੀਲੇ ਪਦਾਰਥਾਂ ਦੀ ਵਰਤੋਂ ਅਤੇ ਤਸਕਰੀ ਦੇ ਵਿਰੁੱਧ ਸਖਤ ਕਾਨੂੰਨ ਹਨ। ਨਸ਼ੀਲੇ ਪਦਾਰਥ ਰੱਖਣ ਦੇ ਨਤੀਜੇ ਵਜੋਂ ਘੱਟੋ-ਘੱਟ ਚਾਰ ਸਾਲ ਦੀ ਕੈਦ ਹੋ ਸਕਦੀ ਹੈ, ਜਦੋਂ ਕਿ ਤਸਕਰੀ ਦੇ ਅਪਰਾਧਾਂ ਲਈ ਉਮਰ ਕੈਦ ਜਾਂ ਮੌਤ ਦੀ ਸਜ਼ਾ ਵੀ ਹੋ ਸਕਦੀ ਹੈ।

**ਬਰੂਨੇਈ**: ਬੋਰਨੀਓ ਟਾਪੂ 'ਤੇ ਸਥਿਤ ਇਸ ਛੋਟੇ, ਤੇਲ ਨਾਲ ਭਰਪੂਰ ਰਾਸ਼ਟਰ ਦੇ ਦੱਖਣ-ਪੂਰਬੀ ਏਸ਼ੀਆ ਵਿੱਚ ਕੁਝ ਸਖ਼ਤ ਡਰੱਗ ਕਾਨੂੰਨ ਹਨ। ਨਸ਼ੀਲੇ ਪਦਾਰਥ ਰੱਖਣ ਦੇ ਨਤੀਜੇ ਵਜੋਂ ਲੰਮੀ ਕੈਦ ਜਾਂ ਮੌਤ ਦੀ ਸਜ਼ਾ ਵੀ ਹੋ ਸਕਦੀ ਹੈ, ਅਤੇ ਦੇਸ਼ ਦੀ ਨਸ਼ੀਲੇ ਪਦਾਰਥਾਂ ਦੇ ਅਪਰਾਧਾਂ ਲਈ ਸਜ਼ਾ ਵਜੋਂ ਡੰਡੇ ਦੀ ਵਰਤੋਂ ਕਰਨ ਲਈ ਆਲੋਚਨਾ ਕੀਤੀ ਗਈ ਹੈ।

**ਜਪਾਨ**: ਜਪਾਨ ਵਿੱਚ ਨਸ਼ੀਲੇ ਪਦਾਰਥਾਂ ਦੇ ਕੁਝ ਸਖ਼ਤ ਕਾਨੂੰਨ ਹਨ, ਜਿਨ੍ਹਾਂ ਵਿੱਚ ਕਬਜ਼ਾ ਅਤੇ ਤਸਕਰੀ ਦੇ ਅਪਰਾਧਾਂ ਲਈ ਲੰਬੀ ਜੇਲ੍ਹ ਦੀ ਸਜ਼ਾ ਦਿੱਤੀ ਜਾਂਦੀ ਹੈ। ਦੇਸ਼ ਵਿੱਚ ਤਜਵੀਜ਼ ਕੀਤੀਆਂ ਦਵਾਈਆਂ 'ਤੇ ਵੀ ਸਖਤ ਨਿਯੰਤਰਣ ਹਨ ਅਤੇ ਯਾਤਰੀਆਂ ਨੂੰ ਕਿਸੇ ਵੀ ਦਵਾਈ ਦੀ ਘੋਸ਼ਣਾ ਕਰਨ ਦੀ ਲੋੜ ਹੁੰਦੀ ਹੈ ਜੋ ਉਹ ਦੇਸ਼ ਵਿੱਚ ਲਿਆ ਰਹੇ ਹਨ।

ਜ਼ਿਕਰਯੋਗ ਹੈ ਕਿ ਨਸ਼ੀਲੇ ਪਦਾਰਥਾਂ ਵਿਰੁੱਧ ਵਿਸ਼ਵ ਯੁੱਧ ਅਕਸਰ ਅਸਫਲ ਰਿਹਾ ਹੈ। ਖਰਬਾਂ ਡਾਲਰ ਖਰਚ ਕੀਤੇ ਜਾਣ ਅਤੇ ਅਣਗਿਣਤ ਜ਼ਿੰਦਗੀਆਂ ਬਰਬਾਦ ਹੋਣ ਦੇ ਬਾਵਜੂਦ, ਨਸ਼ੀਲੇ ਪਦਾਰਥਾਂ ਦੀ ਵਰਤੋਂ ਅਤੇ ਨਸ਼ੀਲੇ ਪਦਾਰਥਾਂ ਨਾਲ ਸਬੰਧਤ ਅਪਰਾਧ ਦੁਨੀਆਂ ਭਰ ਵਿੱਚ ਵਧਦੇ-ਫੁੱਲਦੇ ਰਹਿੰਦੇ ਹਨ।

ਸ਼ੁਰੂ ਤੋਂ ਹੀ, ਨਸ਼ੀਲੇ ਪਦਾਰਥਾਂ ਵਿਰੁੱਧ ਜੰਗ ਦੀ ਜੜ੍ਹ ਇੱਕ ਸ਼ੁੱਧਤਾਵਾਦੀ ਵਿਸ਼ਵ ਦ੍ਰਿਸ਼ਟੀਕੋਣ ਵਿੱਚ ਹੈ, ਜੋ ਨਸ਼ੀਲੇ ਪਦਾਰਥਾਂ ਦੀ ਵਰਤੋਂ ਨੂੰ ਪਾਪ ਅਤੇ ਪਤਨ ਨਾਲ ਜੋੜਦੀ ਹੈ। ਇਸ ਦੇ ਸਮਰਥਕਾਂ ਨੇ ਆਪਣੇ ਧਰਮ ਯੁੱਧ ਦੀ ਨੈਤਿਕ ਉੱਤਮਤਾ ਵਿੱਚ ਪ੍ਰਦਰਸ਼ਿਤ ਕੀਤਾ ਹੈ, ਬਹੁਤ ਜ਼ਿਆਦਾ ਸਬੂਤਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਕਿ ਮਨਾਹੀ ਸਿਰਫ ਉਹਨਾਂ ਸਮੱਸਿਆਵਾਂ ਨੂੰ ਵਧਾ ਦਿੰਦੀ ਹੈ ਜਿਸਦਾ ਇਸਦਾ ਉਦੇਸ਼ ਹੱਲ ਕਰਨਾ ਹੈ।

ਅਸਲ ਵਿੱਚ, ਨਸ਼ਿਆਂ ਵਿਰੁੱਧ ਜੰਗ ਸੰਗਠਿਤ ਅਪਰਾਧ, ਕਾਰਟੈਲਾਂ ਅਤੇ ਗੈਂਗਾਂ ਨੂੰ ਸ਼ਕਤੀ ਪ੍ਰਦਾਨ ਕਰਨ ਅਤੇ ਦੁਨੀਆਂ ਭਰ ਵਿੱਚ ਹਿੰਸਾ ਅਤੇ ਭ੍ਰਿਸ਼ਟਾਚਾਰ ਨੂੰ ਭੜਕਾਉਣ ਲਈ ਇੱਕ ਤੋਹਫ਼ੇ ਤੋਂ ਘੱਟ ਨਹੀਂ ਹੈ। ਇਹ ਜੇਲ੍ਹ-ਉਦਯੋਗਿਕ ਕੰਪਲੈਕਸ ਲਈ ਸਵਰਗ-ਭੇਜਣ ਵਾਲਾ ਵੀ ਰਿਹਾ ਹੈ, ਜਿਸ ਨੇ ਅਹਿੰਸਕ ਨਸ਼ੀਲੇ ਪਦਾਰਥਾਂ ਦੇ ਅਪਰਾਧੀਆਂ ਦੀ ਵੱਡੇ ਪੱਧਰ 'ਤੇ ਕੈਦ ਤੋਂ ਬਹੁਤ ਲਾਭ ਉਠਾਇਆ ਹੈ, ਵੱਖ ਵੱਖ ਭਾਈਚਾਰਿਆਂ ਨੂੰ ਅਸਧਾਰਨ ਤੌਰ 'ਤੇ ਪ੍ਰਭਾਵਿਤ ਕੀਤਾ ਹੈ ਅਤੇ ਗਰੀਬੀ ਅਤੇ ਅਧਿਕਾਰਾਂ ਤੋਂ ਵਾਂਝੇ ਦੇ ਚੱਕਰ ਨੂੰ ਜਾਰੀ ਰੱਖਿਆ ਹੈ। ਇਹਨਾਂ ਨਸ਼ਾ-ਵਿਰੋਧੀ ਨੀਤੀਆਂ ਦੀ ਬਿਆਨਬਾਜ਼ੀ ਲੜਾਉਣ ਅਤੇ ਖਤਮ ਕਰਨ 'ਤੇ ਕੇਂਦ੍ਰਿਤ ਹੈ, ਉਦਯੋਗ ਦੇ ਬੁਨਿਆਦੀ ਤੌਰ 'ਤੇ ਹਿੰਸਕ ਅਤੇ ਤਾਨਾਸ਼ਾਹੀ ਸੁਭਾਅ ਨੂੰ ਪ੍ਰਗਟ ਕਰਦੀ ਹੈ। ਨਸ਼ੇ ਦੀ ਲਤ ਨੂੰ ਜਨਤਕ ਸਿਹਤ ਦੇ ਮੁੱਦੇ ਵਜੋਂ ਮੰਨਣ ਦੀ ਬਜਾਏ, ਨਸ਼ਿਆਂ ਵਿਰੁੱਧ ਜੰਗ ਇਸ ਨੂੰ ਇੱਕ ਅਪਰਾਧਿਕ ਅਪਰਾਧ ਵਜੋਂ ਮੰਨਦੀ ਹੈ, ਨਸ਼ੇ ਦੇ ਨਾਲ ਸੰਘਰਸ਼ ਕਰਨ ਵਾਲਿਆਂ ਨੂੰ ਹੋਰ ਹਾਸ਼ੀਏ 'ਤੇ ਕਲੰਕਿਤ ਕਰਦੀ ਹੈ ਅਤੇ ਉਹਨਾਂ ਨੂੰ ਮੁੜ ਪ੍ਰਾਪਤ ਕਰਨ ਲਈ ਲੋੜੀਂਦੀ ਦੇਖਭਾਲ ਅਤੇ ਸਹਾਇਤਾ ਤੱਕ ਪਹੁੰਚਣ ਤੋਂ ਰੋਕਦੀ ਹੈ।

ਨਸ਼ੀਲੇ ਪਦਾਰਥਾਂ ਸਬੰਧੀ ਗਲੋਬਲ ਯੁੱਧ ਇੱਕ ਵੱਡੀ ਅਸਫਲਤਾ ਹੈ ਜਿਸ ਨੇ ਲਾਭ ਨਾਲੋਂ ਜ਼ਿਆਦਾ ਨੁਕਸਾਨ ਕੀਤਾ ਹੈ। ਇਹ ਇਸ ਹਕੀਕਤ ਨੂੰ ਸਵੀਕਾਰ ਕਰਨ ਅਤੇ ਡਰੱਗ ਨੀਤੀ ਪ੍ਰਤੀ ਵਧੇਰੇ ਗਿਆਨਵਾਨ ਅਤੇ ਹਮਦਰਦ ਪਹੁੰਚ ਅਪਣਾਉਣ ਦਾ ਸਮਾਂ ਹੈ, ਉਹ ਪਹੁੰਚ ਜੋ ਨੁਕਸਾਨ ਘਟਾਉਣ, ਜਨਤਕ ਸਿਹਤ ਅਤੇ ਮਨੁੱਖੀ ਸਨਮਾਨ ਨੂੰ ਇਸ ਸਵੈ-ਘੋਸ਼ਿਤ ਉੱਚ ਨੈਤਿਕ ਅਧਾਰ ਅਤੇ ਵਹਿਸ਼ੀ ਤਾਕਤ ਨਾਲੋਂ ਪਹਿਲ ਦਿੰਦੇ ਹਨ।

# ਲੁਧਿਆਣਾ 'ਚ ਜ਼ਹਿਰੀਲੀ ਗੈਸ ਕਾਰਨ ਦੋ ਬੱਚਿਆਂ ਸਣੇ 11 ਹਲਾਕ

ਲੁਧਿਆਣਾ/ਏ.ਟੀ.ਨਿਊਜ਼:ਸਨਅਤੀ ਸ਼ਹਿਰ ਲੁਧਿਆਣਾ ਦੇ ਸੰਘਣੀ ਵਸੋਂ ਵਾਲੇ ਗਿਆਸਪੁਰਾ ਇਲਾਕੇ 'ਚ ਐਤਵਾਰ ਨੂੰ ਜ਼ਹਿਰੀਲੀ ਗੈਸ ਚੜ੍ਹਨ ਨਾਲ ਦੋ ਬੱਚਿਆਂ ਸਣੇ 11 ਲੋਕਾਂ ਦੀ ਮੌਤ ਹੋ ਗਈ। ਜਿਨ੍ਹਾਂ 11 ਲੋਕਾਂ ਦੀ ਜਾਨ ਗਈ, ਉਹ ਤਿੰਨ ਪਰਿਵਾਰਾਂ ਨਾਲ ਸਬੰਧਤ ਹਨ। ਗੈਸ ਦਾ ਅਸਰ ਇੰਨਾ ਜ਼ਬਰਦਸਤ ਸੀ ਕਿ ਇਲਾਕੇ ਦੇ ਲੋਕ ਛੇ ਘੰਟੇ ਤੱਕ ਦਹਿਸ਼ਤ ਵਿੱਚ ਰਹੇ। ਘਟਨਾ ਦੀ ਜਾਣਕਾਰੀ ਮਿਲਦੇ ਹੀ ਪੀਸੀਆਰ ਸਟਾਫ਼ ਮੌਕੇ 'ਤੇ ਪੁੱਜਿਆ ਤਾਂ ਇਨ੍ਹਾਂ ਵਿੱਚੋਂ ਦੋ ਮੁਲਾਜ਼ਮ ਬੇਹੋਸ਼ ਹੋ ਗਏ। ਮੁਲਾਜ਼ਮਾਂ ਨੂੰ ਕੁਝ ਸਮਝ ਆਇਆ ਤਾਂ ਉਨ੍ਹਾਂ ਆਪਣੇ ਮੂੰਹ ਢੱਕ ਲਏ ਤੇ ਫੌਰੀ ਸਾਰਿਆਂ ਨੂੰ ਇਲਾਜ ਲਈ ਹਸਪਤਾਲ ਪਹੁੰਚਾਇਆ। ਗੈਸ ਲੀਕ ਬਾਰੇ ਪਤਾ ਲੱਗਦੇ ਹੀ ਐੱਨਡੀਆਰਐੱਫ, ਪੁਲਿਸ ਤੇ ਸਿਹਤ ਪ੍ਰਸ਼ਾਸਨ, ਨਗਰ ਨਿਗਮ ਦੀਆਂ ਟੀਮਾਂ ਨੇ ਸਾਂਝਾ ਆਪਰੇਸ਼ਨ ਸ਼ੁਰੂ ਕੀਤਾ। ਪੰਜਾਬ ਸਰਕਾਰ ਨੇ ਮ੍ਰਿਤਕਾਂ ਦੇ ਵਾਰਿਸਾਂ ਨੂੰ 2-2 ਲੱਖ ਰੁਪਏ ਤੇ ਜ਼ਖਮੀਆਂ ਨੂੰ 50 ਹਜ਼ਾਰ ਰੁਪਏ ਦਾ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ। ਇਸ ਘਟਨਾ ਵਿੱਚ 'ਆਰਤੀ ਕਲੀਨਿਕ' ਦੇ ਨਾਂ ਨਾਲ ਦੁਕਾਨ ਚਲਾਉਣ ਵਾਲੇ ਡਾ.ਕਵਿਲਾਸ਼ ਨੇ ਆਪਣਾ ਪੂਰਾ ਪਰਿਵਾਰ ਗੁਆ ਦਿੱਤਾ ਹੈ। ਮ੍ਰਿਤਕਾਂ ਵਿੱਚ ਉਨ੍ਹਾਂ ਦੀ ਪਤਨੀ ਅਤੇ ਤਿੰਨ ਬੱਚੇ ਸ਼ਾਮਲ ਹਨ। ਮ੍ਰਿਤਕਾਂ ਵਿੱਚ ਡਾ.ਕਵਿਲਾਸ਼ (40), ਉਸ ਦੀ ਪਤਨੀ ਵਰਸ਼ਾ (35), (ਬਾਕੀ ਸਫ਼ਾ 30 'ਤੇ)



## ਪ੍ਰਸ਼ਾਸਨ ਨੇ ਪਹਿਲਾਂ ਗੈਸ ਲੀਕ ਦੀਆਂ ਘਟਨਾਵਾਂ ਤੋਂ ਨਹੀਂ ਲਿਆ ਕੋਈ ਸਬਕ

ਲੁਧਿਆਣਾ ਇੱਕ ਉਦਯੋਗਿਕ ਸ਼ਹਿਰ ਹੈ, ਜਿੱਥੇ ਕਈ ਵੱਡੇ ਉਦਯੋਗ ਅਤੇ ਕਾਰਖਾਨੇ ਹਨ। ਜਿੱਥੇ ਕਈ ਤਰ੍ਹਾਂ ਦੀਆਂ ਗੈਸਾਂ ਦੀ ਵਰਤੋਂ ਕੀਤੀ ਜਾਂਦੀ ਹੈ। ਕਈ ਵਾਰ ਗੈਸ ਚੁੱਕਦੇ ਸਮੇਂ ਅਤੇ ਕਈ ਵਾਰ ਕੰਮ ਕਰਦੇ ਸਮੇਂ ਗੈਸ ਦਾ ਲੀਕ ਹੋਣਾ ਜਾਂ ਲੀਕ ਹੋਣਾ ਆਮ ਗੱਲ ਹੈ। ਭਾਵੇਂ ਪਹਿਲਾਂ ਵੀ ਅਜਿਹੀਆਂ ਘਟਨਾਵਾਂ ਵਾਪਰ ਚੁੱਕੀਆਂ ਹਨ। ਜਿਸ ਵਿੱਚ ਕਈ ਲੋਕਾਂ ਦੀ ਜਾਨ ਜਾ ਚੁੱਕੀ ਹੈ। ਪਰ, ਜ਼ਿਲ੍ਹਾ ਜਾਂ ਪੁਲਿਸ ਪ੍ਰਸ਼ਾਸਨ ਨੇ ਪਹਿਲਾਂ ਗੈਸ ਲੀਕ ਦੀਆਂ ਘਟਨਾਵਾਂ ਤੋਂ ਕੋਈ ਸਬਕ ਨਹੀਂ ਲਿਆ ਹੈ।

ਇਨ੍ਹਾਂ ਘਟਨਾਵਾਂ ਦੇ ਬਾਵਜੂਦ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੁਲੀਸ ਪ੍ਰਸ਼ਾਸਨ ਕੋਲ ਅਜਿਹਾ ਕੋਈ ਮਾਸਕ ਨਹੀਂ ਹੈ। ਜਿਸ ਨੂੰ ਪਹਿਨ ਕੇ ਉਹ ਮੌਕੇ 'ਤੇ ਪਹੁੰਚ ਸਕੇ। ਗਿਆਸਪੁਰਾ ਦੇ ਹਾਦਸੇ ਵਿੱਚ ਵੀ ਪਹਿਲਾਂ ਪਹੁੰਚੀ ਪੀ.ਸੀ.ਆਰ. ਮੌਕੇ 'ਤੇ ਪਹੁੰਚ ਕੇ ਮੁਲਾਜ਼ਮ ਖੁਦ ਬੇਹੋਸ਼ ਹੋ ਗਏ ਸਨ। ਜਿਸ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਪ੍ਰਸ਼ਾਸਨ ਕੋਲ ਕੋਈ ਗੈਸ ਬਚਾਓ ਮਾਸਕ ਨਹੀਂ ਸੀ। ਸਿਹਤ ਮੰਤਰੀ, ਪੁਲਿਸ ਕਮਿਸ਼ਨਰ, ਡਿਪਟੀ ਕਮਿਸ਼ਨਰ ਅਤੇ ਮੌਕੇ 'ਤੇ ਪਹੁੰਚੇ ਸਾਰੇ ਅਧਿਕਾਰੀ ਕੋਰੋਨਾ ਵਾਇਰਸ ਤੋਂ ਬਚਣ ਲਈ ਮਾਸਕ ਪਾ ਕੇ ਆਏ ਸਨ। ਤਕਰੀਬਨ (ਬਾਕੀ ਸਫ਼ਾ 30 'ਤੇ)

## ਜਾਂਚ ਲਈ ਪੰਜ ਮੈਂਬਰੀ ਸਿਟ ਕਾਇਮ



ਗਿਆਸਪੁਰਾ ਇਲਾਕੇ 'ਚ ਗੈਸ ਲੀਕ ਹੋਣ ਦੇ ਮਾਮਲੇ ਦੀ ਜਾਂਚ ਲਈ ਪੁਲਿਸ ਨੇ ਪੰਜ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਸਿਟ) ਕਾਇਮ ਕੀਤੀ ਹੈ। ਉਧਰ ਐੱਨਡੀਆਰਐੱਫ ਦੀ ਟੀਮ ਮੁਤਾਬਕ ਮੁੱਢਲੀ ਜਾਂਚ ਦੌਰਾਨ ਪਤਾ ਲੱਗਿਆ ਕਿ ਇਲਾਕੇ 'ਚ ਹਾਈਡਰੋਜਨ ਸਲਫਾਈਡ ਐੱਚ-2-ਐੱਸ ਗੈਸ ਦੀ ਮਾਤਰਾ ਜ਼ਿਆਦਾ ਸੀ ਜੋ ਸਿੱਧੀ ਸੀਵਰੇਜ 'ਚੋਂ ਨਿਕਲ ਕੇ ਫੈਲੀ ਜਿਸ ਕਾਰਨ ਮੌਤਾਂ ਹੋਈਆਂ ਹਨ। ਉਂਜ ਪਟਿਆਲਾ ਤੋਂ ਆਈ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਟੀਮ ਵੱਲੋਂ ਵੀ ਗੈਸ ਲੀਕ ਹੋਣ ਦੇ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਮੀਡੀਆ ਨਾਲ ਗੱਲਬਾਤ ਕਰਦਿਆਂ ਲੁਧਿਆਣਾ ਪੁਲਿਸ ਕਮਿਸ਼ਨਰ ਮਨਦੀਪ ਸਿੰਘ ਸਿੱਧੂ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਆਫ਼ ਪੁਲੀਸ (ਜਾਂਚ) ਹਰਮੀਤ ਸਿੰਘ ਹੁੰਦਲ ਦੀ ਅਗਵਾਈ ਹੇਠ ਸਿਟ ਬਣਾਈ ਗਈ ਹੈ। ਸਿਟ 'ਚ ਏਡੀਸੀਪੀ-2 ਸੁਹੇਲ ਮੀਰ, ਏਡੀਸੀਪੀ-4 ਤੁਸ਼ਾਰ ਗੁਪਤਾ, ਏਸੀਪੀ ਸਾਊਥ ਅਤੇ ਥਾਣਾ ਸਾਹਨੇਵਾਲ ਦੇ ਐੱਸਐੱਚਓ ਇੰਦਰਜੀਤ ਸਿੰਘ ਬੋਪਾਰਾਏ ਨੂੰ ਸ਼ਾਮਲ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਟੀਮ ਜਲਦੀ ਹੀ ਪੂਰੇ ਮਾਮਲੇ ਦੀ ਜਾਂਚ ਰਿਪੋਰਟ ਦੇਵੇਗੀ ਜਿਸ ਮਗਰੋਂ ਜ਼ਿੰਮੇਵਾਰ ਵਿਅਕਤੀਆਂ ਖ਼ਿਲਾਫ਼ ਕਾਰਵਾਈ ਕੀਤੀ ਜਾਵੇਗੀ। ਸ੍ਰੀ ਸਿੱਧੂ ਨੇ ਕਿਹਾ ਕਿ ਇਸ ਗੱਲ ਦੀ ਵੀ ਜਾਂਚ ਕੀਤੀ ਜਾਵੇਗੀ ਕਿ ਕਿਸੇ ਸਨਅਤੀ ਇਕਾਈ ਨੇ ਆਪਣੇ ਰਸਾਇਣਕ ਕਚਰੇ ਨੂੰ ਸੀਵਰੇਜ ਲਾਈਨ 'ਚ ਤਾਂ ਨਹੀਂ ਸੁੱਟਿਆ ਸੀ ਜਿਥੋਂ ਇਹ ਜ਼ਹਿਰੀਲੀ ਗੈਸ ਬਣੀ ਅਤੇ 11 ਲੋਕਾਂ ਦੀ ਜਾਨ ਚਲੀ ਗਈ। ਉਨ੍ਹਾਂ ਕਿਹਾ ਕਿ ਇੰਡਸਟਰੀਅਲ ਵੇਸਟ ਪਹਿਲਾਂ ਵੀ ਸੀਵਰੇਜ ਲਾਈਨਾਂ 'ਚ ਸੁੱਟਿਆ ਜਾਂਦਾ ਰਿਹਾ ਹੈ ਜਿਸ ਬਾਰੇ ਪ੍ਰਦੂਸ਼ਣ ਬੋਰਡ ਦੇ ਮੁਲਾਜ਼ਮਾਂ ਨੂੰ ਪਤਾ ਹੈ। ਉਨ੍ਹਾਂ ਕਿਹਾ ਕਿ ਜਾਂਚ 'ਚ ਜੇਕਰ ਪ੍ਰਦੂਸ਼ਣ ਬੋਰਡ ਦੇ (ਬਾਕੀ ਸਫ਼ਾ 30 'ਤੇ)



# ਦਾਣਿਆਂ ਖ਼ਾਤਰ ਜੋ ਆਲ੍ਹਣਿਆਂ ਤੋਂ ਦੂਰ ਹੋਏ . . .

ਅੰਤਿਮ ਭਾਗ

ਅੰਮ੍ਰਿਤਸਰ ਟਾਇਮਜ਼ ਬਿਊਰੋ

ਪੰਜਾਬੀਆਂ ਦੀ ਹਰ ਹੀਲੇ ਵਿਦੇਸ਼ ਜਾਣ ਦੀ ਲਾਲਸਾ ਦਾ ਫਾਇਦਾ ਟਰੈਵਲ ਏਜੰਸੀਆਂ ਖਾਸ ਕਰਕੇ ਜਾਅਲੀ ਟਰੈਵਲ ਏਜੰਸੀਆਂ ਨੇ ਚੁਕਿਆ ਹੈ। ਅਸਲ ਵਿੱਚ ਪੰਜਾਬ ਦੀਆਂ ਜਾਅਲੀ ਟਰੈਵਲ ਏਜੰਸੀਆਂ ਮਨੁੱਖੀ ਤਸਕਰੀ ਦੇ ਮੋਹਰੇ ਬਣ ਗਈਆਂ ਹਨ। ਪੰਜਾਬ ਵਿੱਚ ਟਰੈਵਲ ਏਜੰਸੀਆਂ ਦੀ ਗਿਣਤੀ ਵਿੱਚ 25% ਤੋਂ 30% ਵਾਧਾ ਹੋਇਆ ਹੈ। ਇਹ ਟਰੈਵਲ ਏਜੰਸੀਆਂ ਵਾਲੇ ਵਿਦੇਸ਼ ਜਾਣ ਦੇ ਚਾਹਵਾਨ ਪੰਜਾਬੀਆਂ ਨੂੰ ਆਪਣੇ ਭਰਮ ਜਾਲ ਵਿੱਚ ਫਸਾ ਲੈਂਦੇ ਹਨ। ਇਸ ਸਾਰੀ ਸਥਿਤੀ ਦੀ ਜ਼ਮੀਨੀ ਹਕੀਕਤ ਜਾਣਨ ਲਈ ਪੱਤਰਕਾਰਾਂ ਵੱਲੋਂ ਵੱਖ ਵੱਖ ਟਰੈਵਲ ਏਜੰਸੀਆਂ ਦਾ ਦੌਰਾ ਕੀਤਾ ਗਿਆ, ਇਸ ਦੌਰੇ ਦੌਰਾਨ ਪੱਤਰਕਾਰਾਂ ਨੇ ਟਰੈਲਵ ਏਜੰਸੀਆਂ ਦੇ ਮਾਲਕਾਂ ਸਾਹਮਣੇ ਆਪਣੇ ਆਪ ਨੂੰ ਵਿਦੇਸ਼ ਜਾਣ ਦੇ ਚਾਹਵਾਨਾਂ ਵਜੋਂ ਪੇਸ਼ ਕੀਤਾ। ਇਸ ਦੌਰਾਨ ਪੱਤਰਕਾਰਾਂ ਨੇ ਜੋ ਕੁਝ ਵੇਖਿਆ, ਉਸਦਾ ਵਰਨਣ ਕੀਤਾ ਗਿਆ ਹੈ। ਪੇਸ਼ ਹੈ ਇਸ ਦੀ ਦੂਜੀ ਕਿਸ਼ਤ

ਮੁੰਡਿਆਂ, ਕੁੜੀਆਂ ਅਤੇ ਜੋੜਿਆਂ ਲਈ ਵਰਕ ਵੀਜ਼ੇ ਉਪਲਬਧ ਹਨ। ਹਾਲਾਂਕਿ, ਉਸਨੇ ਮੰਨਿਆ ਕਿ ਘੱਟ ਕੁੜੀਆਂ ਆਪਣੇ ਆਪ ਹੀ ਪਰਵਾਸ ਕਰਦੀਆਂ ਹਨ।

ਇਹ ਪੁੱਛੇ ਜਾਣ 'ਤੇ ਕਿ ਕੀ ਰੋਮਾਨੀਆ ਵਿੱਚ ਕੰਮ ਕਰਨ ਨਾਲ ਕਿਸੇ ਵਿਅਕਤੀ ਨੂੰ ਇਟਲੀ ਜਾਣ ਵਿੱਚ ਮਦਦ ਮਿਲੇਗੀ, ਏਜੰਟ ਨੇ ਕਿਹਾ ਕਿ ਬਹੁਤ ਸਾਰੇ ਭਾਰਤੀ ਰੋਮਾਨੀਆ ਤੋਂ ਇਟਲੀ ਚਲੇ ਗਏ ਹਨ। ਅਸੀਂ ਰੋਮਾਨੀਆ ਅਤੇ ਮੱਧ ਪੂਰਬ ਦੇ ਕੁਝ ਦੇਸ਼ਾਂ ਲਈ ਵਰਕ ਵੀਜ਼ਾ ਪ੍ਰਦਾਨ ਕਰਦੇ ਹਾਂ। ਪਰ ਰੋਮਾਨੀਆ ਪਹੁੰਚਣ ਤੋਂ ਬਾਅਦ, ਜੇਕਰ ਕੋਈ ਕਿਸੇ ਹੋਰ ਦੇਸ਼ ਵਿੱਚ ਜਾਣਾ ਚਾਹੁੰਦਾ ਹੈ, ਤਾਂ ਇਹ ਉਸਦਾ ਵਿਸ਼ੇਸ਼ ਅਧਿਕਾਰ ਹੈ।ਕੀ ਇਹ ਨੌਕਰੀਆਂ ਜਾਇਜ਼ ਹਨ ਜਾਂ ਨਹੀਂ, ਇਹ ਇੱਕ ਸਵਾਲ ਹੈ ਜਿਸਦਾ ਜਵਾਬ ਕੇਵਲ ਉਦੋਂ ਹੀ ਦਿੱਤਾ ਜਾ ਸਕਦਾ ਹੈ ਜਦੋਂ ਬਿਨੈਕਾਰ ਅਸਲ ਵਿੱਚ ਰੋਮਾਨੀਆ ਪਹੁੰਚਦੇ ਹਨ।

ਰੋਮਾਨੀਆ ਦੀ ਅਸਲ ਹਾਲਤ : ਇਟਲੀ ਵਿੱਚ ਬਹੁਤ ਸਾਰੇ ਪੰਜਾਬੀ ਖੇਤ ਮਜ਼ਦੂਰਾਂ ਨੇ ਅਸਲ ਵਿੱਚ ਰੋਮਾਨੀਆ ਵਿੱਚ ਨੌਕਰੀਆਂ ਸਵੀਕਾਰ ਕਰਕੇ ਆਪਣੇ ਪਰਵਾਸ ਦੇ ਸਫ਼ਰ ਦੀ ਸ਼ੁਰੂਆਤ ਕੀਤੀ ਅਤੇ ਫਿਰ ਜਦੋਂ ਉਹ ਉੱਥੇ ਪਹੁੰਚੇ ਤਾਂ ਪਤਾ ਲੱਗਿਆ ਕਿ ਅਜਿਹੀ ਕੋਈ ਨੌਕਰੀ ਮੌਜੂਦ ਨਹੀਂ ਹੈ। ਲਾਤੀਨਾ ਵਿੱਚ ਇੱਕ ਕੀਵੀ ਫਾਰਮ ਵਿੱਚ ਇੱਕ ਕਰਮਚਾਰੀ ਸਤਵਿੰਦਰ ਸਿੰਘ ਨੇ ਕਿਹਾ ਕਿ ਸਾਨੂੰ ਰੋਮਾਨੀਆ ਵਿੱਚ ਇੱਕ ਇਲੈਕਟ੍ਰੌਨਿਕਸ ਕੰਪਨੀ ਦੁਆਰਾ ਕੰਮ ਦਾ ਸੱਦਾ ਦਿਤਾ ਗਿਆ ਸੀ, ਪਰ ਰੋਮਾਨੀਆ ਪਹੁੰਚਣ ਤੋਂ ਬਾਅਦ, ਸਾਨੂੰ ਅਹਿਸਾਸ ਹੋਇਆ ਕਿ ਕੰਪਨੀ ਇੱਕ ਧੋਖਾ ਸੀ ਅਤੇ ਕੰਮ, ਭੋਜਨ, ਰਹਿਣ ਅਤੇ ਯਾਤਰਾ ਲਈ ਕੋਈ ਉਚਿਤ ਸਹੂਲਤਾਂ ਨਹੀਂ ਸਨ। ਜਦੋਂ ਅਸੀਂ ਕੰਪਨੀ ਦੇ ਮਾਲਕਾਂ 'ਤੇ ਕੰਮ ਲਈ ਦਬਾਅ ਪਾਇਆ, ਤਾਂ ਉਨ੍ਹਾਂ ਨੇ ਸਾਨੂੰ ਕਿਸੇ ਹੋਰ ਕੰਪਨੀ ਵਿੱਚ ਜਾਣ ਲਈ ਕਿਹਾ। ਦੂਜੀ ਕੰਪਨੀ ਨੇ ਸਾਡੀਆਂ ਮੁਸ਼ਕਲਾਂ ਨੂੰ ਹੋਰ ਵਧਾ ਦਿੱਤਾ,ਕਿਉਂਕਿ ਉਹ ਪਹਿਲਾਂ ਹੀ ਰੋਮਾਨੀਆ ਵਿੱਚ ਸਨ। ਸਤਵਿੰਦਰ ਅਤੇ ਉਸਦੇ ਦੋਸਤ ਕਮਲਜੀਤ ਸਿੰਘ ਨੇ ਡੌਂਕੀ ਰੂਟ ਰਾਹੀਂ ਇਟਲੀ ਜਾਣ ਦਾ ਫੈਸਲਾ ਕੀਤਾ। ਉਹਨਾਂ ਕਿਹਾ ਕਿ ਸਾਨੂੰ ਟਰੈਵਲ ਏਜੰਟਾਂ ਨੇ ਫਸਾਇਆ, ਜਿਨ੍ਹਾਂ ਨੇ ਸਾਡੇ ਪਾਸਪੋਰਟ ਅਤੇ ਸਮਾਨ ਲੁੱਟ ਲਿਆ। ਅਸੀਂ ਬਿਨਾਂ ਕਿਸੇ ਕਾਨੂੰਨੀ ਦਸਤਾਵੇਜ਼ ਦੇ ਇਟਲੀ ਪਹੁੰਚ ਗਏ ਅਤੇ ਉਦੋਂ ਤੋਂ ਅਸੀਂ ਇਕ ਤੋਂ ਬਾਅਦ ਇਕ ਮੁਸੀਬਤਾਂ ਦਾ ਸਾਹਮਣਾ ਕਰ ਰਹੇ ਹਾਂ। ਉਹਨਾਂ ਕਿਹਾ ਕਿ ਕਿਸੇ ਨੂੰ ਵੀ ਗੈਰ ਕਾਨੂੰਨੀ ਤਰੀਕੇ ਨਾਲ ਇਟਲੀ ਨਹੀਂ ਆਉਣਾ ਚਾਹੀਦਾ।

ਪੋਲੈਂਡ/ ਪੁਰਤਗਾਲ ਜਾਂ ਨੀਦਰਲੈਂਡ ਰੂਟ : ਕਪੂਰਥਲਾ ਜ਼ਿਲ੍ਹੇ ਦੇ ਫਗਵਾੜਾ ਕਸਬੇ 'ਚ ਇਕ ਟਰੈਵਲ ਏਜੰਸੀ 'ਤੇ ਏਜੰਟ ਪਰਵਾਸ ਨਾਲ ਸਬੰਧਤ ਕੰਮ 'ਚ ਰੁੱਝ ਗਿਆ। ਅਰਜ਼ੀ ਕਰਤਾਵਾਂ ਵੱਲੋਂ ਫਾਈਲਾਂ, ਵੀਜ਼ਾ ਅਤੇ ਵਰਕ ਪਰਮਿਟਾਂ ਬਾਰੇ ਸਵਾਲ ਪੁੱਛਣ ਅਤੇ ਫੋਨ ਕਰਨ ਕਾਰਨ ਉਸ ਨਾਲ ਗੱਲਬਾਤ ਵਿੱਚ ਅਕਸਰ ਵਿਘਨ ਪੈਂਦਾ ਸੀ।ਇਸ ਦੌਰਾਨ ਏਜੰਟ ਨੇ ਦੱਸਿਆ ਕਿ ਉਨ੍ਹਾਂ ਦੇ ਯੂਰਪ ਦੀਆਂ 60 ਕੰਪਨੀਆਂ ਨਾਲ ਸਮਝੌਤੇ ਹਨ, ਜਿਨ੍ਹਾਂ ਰਾਹੀਂ ਲੋਕ ਇਟਲੀ ਸਮੇਤ ਯੂਰਪੀ ਸੰਘ ਦੇ ਸਾਰੇ 26 ਦੇਸ਼ਾਂ ਵਿੱਚ ਦਾਖਲ ਹੋ ਸਕਦੇ ਹਨ।ਉਸਨੇ ਕਿਹਾ ਕਿ ਇੱਕ ਵਾਰ ਜਦੋਂ ਤੁਸੀਂ ਯੂਰਪ ਵਿੱਚ ਹੋ, ਤਾਂ ਤੁਸੀਂ ਕਿਤੇ ਵੀ ਜਾ ਸਕਦੇ ਹੋ। ਅਸੀਂ ਸੌਦੇ ਨੂੰ ਪੂਰਾ ਕਰਦੇ ਹਾਂ, ਬਿਨੈਕਾਰ ਫੀਸਾਂ ਦਾ ਭੁਗਤਾਨ ਕਰਦਾ ਹੈ ਅਤੇ ਫਿਰ ਉਹ ਪੋਲੈਂਡ, ਸਵਿਟਜ਼ਰਲੈਂਡ, ਨੀਦਰਲੈਂਡਜ਼, ਪੁਰਤਗਾਲ - ਕਿਸੇ ਵੀ ਸ਼ੈਂਗੇਨ ਦੇਸ਼ ਲਈ ਵੀਜ਼ਾ ਪ੍ਰਾਪਤ ਕਰ ਸਕਦਾ ਹੈ। ਜਦੋਂ ਕਿ ਏਜੰਟ ਨੇ ਇਸ ਬਾਰੇ ਕੋਈ ਵੀ ਜਾਣਕਾਰੀ ਸਾਂਝੀ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਉਹ ਕਿਸ ਕਿਸਮ ਦੀਆਂ ਕੰਪਨੀਆਂ ਨਾਲ ਕੰਮ ਕਰ ਰਿਹਾ ਹੈ। ਉਸਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਕੰਪਨੀਆਂ ਨੌਕਰੀਆਂ ਅਤੇ ਭੋਜਨ ਲਈ ਸਹੂਲਤਾਂ ਪ੍ਰਦਾਨ ਕਰਦੀਆਂ ਹਨ। ਚਾਰ ਮਹੀਨਿਆਂ ਦੇ ਅੰਦਰ, ਇੱਕ ਵਿਅਕਤੀ ਸ਼ੈਂਗੇਨ ਵੀਜ਼ਾ ਪ੍ਰਾਪਤ ਕਰ ਸਕਦਾ ਹੈ। ਏਜੰਟ ਨੇ ਕਿਹਾ ਕਿ ਸਾਰੀ ਪ੍ਰਕਿਰਿਆ ਦੀ ਲਾਗਤ 13.5 ਲੱਖ ਰੁਪਏ ਹੈ, ਜਾਂ ਅਸੀਂ ਅੱਧੇ ਖਰਚੇ ਲਈ ਵਿਅਕਤੀ ਨੂੰ ਯੂਰਪੀਅਨ ਯੂਨੀਅਨ ਦੇ ਆਲੇ ਦੁਆਲੇ ਦੇ ਕਿਸੇ ਇੱਕ ਦੇਸ਼, ਜਿਵੇਂ ਕਿ ਕ੍ਰੋਏਸ਼ੀਆ ਵਿੱਚ ਭੇਜ ਸਕਦੇ ਹਾਂ। ਪਰ ਉਸ ਤੋਂ ਬਾਅਦ, ਬਿਨੈਕਾਰ ਨੂੰ ਆਪਣੇ ਤੌਰ 'ਤੇ ਯੂਰਪੀਅਨ ਯੂਨੀਅਨ ਦੇ ਦੇਸ਼ਾਂ ਵਿੱਚ ਜਾਣਾ ਪਵੇਗਾ। ਹਾਲਾਂਕਿ, ਬਿੰਦੂ ਇਹ ਹੈ ਕਿ ਤੁਸੀਂ ਇਨ੍ਹਾਂ ਰੂਟਾਂ ਰਾਹੀਂ ਇਟਲੀ ਪਹੁੰਚ ਸਕਦੇ ਹੋ।ਜਦੋਂ ਉਨ੍ਹਾਂ ਨੂੰ ਉਨ੍ਹਾਂ ਰਿਪੋਰਟਾਂ ਬਾਰੇ ਪੁੱਛਿਆ ਗਿਆ ਕਿ ਟਰੈਵਲ ਏਜੰਸੀਆਂ ਦੁਆਰਾ ਲੋਕਾਂ ਨੂੰ ਠੱਗਿਆ ਗਿਆ ਹੈ, ਤਾਂ ਉਸਨੇ ਜਵਾਬ ਦਿੱਤਾ ਕਿ ਮੈਂ ਦੂਜਿਆਂ ਬਾਰੇ ਨਹੀਂ ਬੋਲ ਸਕਦਾ, ਪਰ ਅਸੀਂ 28 ਸਾਲਾਂ ਤੋਂ ਇਸ ਕਾਰੋਬਾਰ ਵਿੱਚ ਹਾਂ। ਅਸੀਂ ਹਾਲ ਹੀ ਵਿੱਚ ਪੁਰਤਗਾਲ ਵਿੱਚ ਲੜਕਿਆਂ ਨੂੰ ਭੇਜਿਆ ਹੈ। ਵਿਚਾਰ ਇਹ ਹੈ ਕਿ ਤੁਸੀਂ ਸ਼ੈਂਗੇਨ ਵੀਜ਼ਾ ਪ੍ਰਾਪਤ ਕਰੋ ਅਤੇ ਫਿਰ ਜਿੱਥੇ ਚਾਹੋ ਉੱਥੇ ਸੈਟਲ ਹੋ ਜਾਓ।

ਫਗਵਾੜਾ ਵਿੱਚ ਇੱਕ ਉੱਚੀ ਇਮਾਰਤ ਵਿੱਚ ਇੱਕ ਹੋਰ ਟਰੈਵਲ ਏਜੰਸੀ ਵਿੱਚ ਮੌਜੂਦ ਇੱਕ ਏਜੰਟ ਨੇ ਕਿਹਾ ਕਿ ਉਹ ਯੂਰਪ ਵਿੱਚ ਪਰਵਾਸ ਕਰਨ ਦੇ ਚਾਹਵਾਨ ਲੋਕਾਂ ਲਈ ਕਈ ਵਿਕਲਪ ਪੇਸ਼ ਕਰ ਸਕਦਾ ਹੈ ਅਤੇ ਇਸਦੀ ਕੀਮਤ 15 ਲੱਖ ਰੁਪਏ ਦੇ ਕਰੀਬ ਹੋਵੇਗੀ।ਜਦੋਂ ਖਾਸ ਤੌਰ 'ਤੇ ਇਟਲੀ ਦੇ ਵੀਜ਼ੇ ਬਾਰੇ ਪੁੱਛਿਆ ਗਿਆ, ਤਾਂ ਏਜੰਟ ਨੇ ਕਿਹਾ ਕਿ ਕੀ ਤੁਹਾਡਾ ਬਿਨੈਕਾਰ ਨੰਬਰ ਦੋ ਵਿੱਚ ਜਾ ਸਕਦਾ ਹੈ ? (ਨੰਬਰ 2 ਗੈਰ-ਕਾਨੂੰਨੀ ਰਸਤੇ ਲਈ ਕਿਹਾ ਜਾਂਦਾ ਹੈ।) ਜੇਕਰ ਨਹੀਂ, ਤਾਂ ਅਸੀਂ ਯੂਕਰੇਨ ਲਈ ਸਟੱਡੀ ਵੀਜ਼ਾ ਪ੍ਰਦਾਨ ਕਰ ਸਕਦੇ ਹਾਂ, ਜਿੱਥੋਂ ਵਿਅਕਤੀ ਇਟਲੀ ਜਾ ਸਕਦਾ ਹੈ।ਜਦੋਂ ਅਸੀਂ ਦੱਸਿਆ ਕਿ ਯੂਕਰੇਨ ਵਰਤਮਾਨ ਵਿੱਚ ਰੂਸ ਨਾਲ ਯੁੱਧ ਵਿੱਚ ਰੁਝਿਆ ਹੈ, ਤਾਂ ਏਜੰਟ ਨੇ ਜ਼ੋਰਦਾਰ ਢੰਗ ਨਾਲ ਕਿਹਾ, ਨਹੀਂ, ਨਹੀਂ, ਯੁੱਧ ਖਤਮ ਹੋ ਗਿਆ ਹੈ। ਉਨ੍ਹਾਂ ਨੇ ਇੱਕ ਸੌਦਾ ਕੀਤਾ ਹੈ। ਦੇਖੋ, ਸਾਨੂੰ ਹੁਣੇ ਯੂਕਰੇਨ ਦਾ ਵੀਜ਼ਾ ਮਿਲਿਆ ਹੈ।ਏਜੰਟ ਦੇ ਅਨੁਸਾਰ, ਯੂਕਰੇਨ ਈਯੂ ਦਾ ਹਿੱਸਾ ਹੈ ਅਤੇ ਇਸ ਤਰ੍ਹਾਂ ਇੱਕ ਸ਼ੈਂਗੇਨ ਦੇਸ਼ ਹੈ। [ਇਹ ਗਲਤ ਹੈ: ਯੂਕਰੇਨ ਨੇ ਈ.ਯੂ. ਦੀ ਮੈਂਬਰਸ਼ਿਪ ਲਈ ਅਰਜ਼ੀ ਦਿੱਤੀ ਹੈ ਅਤੇ ਸ਼ਾਮਲ ਹੋਣ ਲਈ ਉਮੀਦਵਾਰ ਵਜੋਂ ਸਵੀਕਾਰ ਕੀਤਾ ਗਿਆ ਹੈ। ਪਰ ਇਹ ਅਜੇ ਤੱਕ ਯੂਰਪੀ ਸੰਘ ਦਾ ਮੈਂਬਰ ਬਣਨਾ ਬਾਕੀ ਹੈ।] ਏਜੰਟ ਨੇ ਕਿਹਾ ਕਿ ਜਦੋਂ ਯੂਕਰੇਨ ਅਤੇ ਰੂਸ ਵਿਚਕਾਰ ਜੰਗ ਛਿੜ ਗਈ ਸੀ, ਤਾਂ ਸਾਰੇ ਲੋਕ ਜੋ ਯੂਕਰੇਨ ਗਏ ਸਨ, ਪੋਲੈਂਡ ਰਾਹੀਂ ਇਟਲੀ ਜਾਣ ਵਿੱਚ ਕਾਮਯਾਬ ਹੋ ਗਏ ਸਨ। ਏਜੰਟ ਨੇ ਅੱਗੇ ਕਿਹਾ ਕਿ ਉਹ ਸਾਰੇ ਹੁਣ ਇਟਲੀ ਵਿੱਚ ਸੈਟਲ ਹੋ ਗਏ ਹਨ।

ਇਸ ਏਜੰਟ ਦੀ ਰਾਏ ਵਿੱਚ, ਟ੍ਰੈਵਲ ਏਜੰਸੀਆਂ ਜੋ ਇਟਲੀ ਜਾਣ ਦੇ ਸਾਧਨ ਵਜੋਂ ਰੋਮਾਨੀਆ ਲਈ ਵਰਕ ਵੀਜ਼ੇ ਦੀ ਪੇਸ਼ਕਸ਼ ਕਰਦੀਆਂ ਹਨ, ਇੱਕ ਧੋਖਾ ਹੈ। ਯੂਕਰੇਨ ਸਭ ਤੋਂ ਵਧੀਆ ਤਰੀਕਾ ਹੈ। ਉਸਨੇ ਕਿਹਾ ਕਿ ਅਸੀਂ ਤੁਹਾਨੂੰ ਯੂਕਰੇਨ ਦਾ ਵੀਜ਼ਾ ਪ੍ਰਦਾਨ ਕਰਾਂਗੇ। ਯੂਕਰੇਨ ਤੋਂ ਤੁਹਾਡਾ ਬਿਨੈਕਾਰ ਸਾਈਪ੍ਰਸ ਜਾਵੇਗਾ ਅਤੇ ਉੱਥੋਂ ਸਾਡੇ ਬੰਦੇ ਉਸ ਨੂੰ ਕਾਰ ਰਾਹੀਂ ਪੋਲੈਂਡ ਦੀ ਸਰਹੱਦ ਰਾਹੀਂ ਇਟਲੀ ਲੈ ਜਾਣਗੇ।ਏਜੰਟ ਨੇ ਦਾਅਵਾ ਕੀਤਾ ਕਿ ਇਹ ਸਭ ਕਾਨੂੰਨੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਖੇਤੀ ਕੰਪਨੀਆਂ ਰਾਹੀਂ ਲੋਕਾਂ ਨੂੰ ਇਟਲੀ ਭੇਜਣ ਦੀ ਕੋਈ ਸੰਭਾਵਨਾ ਨਹੀਂ ਹੈ। ਏਜੰਟ ਨੇ ਕਿਹਾ ਕਿ ਯੂਰਪ ਦਾ ਵੀਜ਼ਾ ਕਿਤੇ ਵੀ ਉਪਲਬਧ ਨਹੀਂ ਹੈ। ਸ਼ੈਂਗੇਨ ਵੀਜ਼ਾ ਉਪਲਬਧ ਨਹੀਂ ਹੈ। ਇਟਲੀ, ਯੂਐਸ ਅਤੇ ਯੂਕੇ ਦੂਤਾਵਾਸ ਨਿਯੁਕਤੀਆਂ ਨਹੀਂ ਦੇ ਰਹੇ ਹਨ। ਏਜੰਟ ਨੇ ਕਿਹਾ ਕਿ ਸਾਡੇ ਕੋਲ ਲੋਕਾਂ ਨੂੰ ਇਟਲੀ ਭੇਜਣ ਦੇ ਤਰੀਕੇ ਹਨ। ਯੂਕਰੇਨ ਰਾਹੀਂ ਕਾਨੂੰਨੀ ਤੌਰ 'ਤੇ ਇਟਲੀ ਜਾਣ ਲਈ ਤੁਹਾਨੂੰ ਸਿਰਫ਼ 13 ਤੋਂ 14 ਲੱਖ ਰੁਪਏ ਦੇਣੇ ਪੈਣਗੇ (ਜਿਵੇਂ ਕਿ ਇਹ ਕਾਫ਼ੀ ਨਹੀਂ ਸੀ)।




ਪੱਤਰਕਾਰਾਂ ਨੇ ਦਸਿਆ ਕਿ ਫਗਵਾੜਾ ਵਿੱਚ ਇੱਕ ਟ੍ਰੈਵਲ ਏਜੰਸੀ ਤੋਂ ਦੂਜੀ ਟ੍ਰੈਵਲ ਏਜੰਸੀ ਤੱਕ ਜਾਂਦਿਆਂ ਸਾਡੇ ਪਿੱਛੇ-ਪਿੱਛੇ ਇੱਕ 20-22 ਸਾਲ ਦੇ ਇੱਕ ਨੌਜਵਾਨ ਨੇ ਸਰਬੀਆ ਦੇ ਰਸਤੇ ਇਟਲੀ ਦੇ ਡੌਂਕੀ ਰੂਟ ਲਈ 15 ਲੱਖ ਰੁਪਏ ਵਿੱਚ ਸਾਡੇ ਨਾਲ ਸੰਪਰਕ ਕੀਤਾ ਅਤੇ ਸਾਨੂੰ ਭਰੋਸਾ ਦਿਵਾਇਆ ਕਿ ਯਾਤਰਾ ਅਤੇ ਵੀਜ਼ਾ ਸਹੂਲਤ ਦਾ ਸੰਚਾਲਨ ਕਰਨ ਵਾਲਾ ਵਿਅਕਤੀ ਸਰੋਤਾਂ ਨਾਲ ਚੰਗੀ ਤਰ੍ਹਾਂ ਲੈਸ ਸੀ। ਹਾਲਾਂਕਿ, ਉਸਨੇ ਗਠਜੋੜ ਨੂੰ ਚਲਾਉਣ ਵਾਲੇ ਵਿਅਕਤੀ ਬਾਰੇ ਕੋਈ ਵੀ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ। ਨੌਜਵਾਨ ਨੇ ਕਿਹਾ ਕਿ ਤੁਸੀਂ ਕਿਰਪਾ ਕਰਕੇ ਸਾਡੇ ਪਿੰਡ ਆਓ ਅਤੇ ਫਿਰ ਅਸੀਂ ਸੌਦਾ ਤੈਅ ਕਰ ਸਕਦੇ ਹਾਂ।

ਦਿਲਚਸਪ ਗੱਲ ਇਹ ਹੈ ਕਿ ਉਹ ਵੀ ਵਿਦੇਸ਼ ਜਾਣ ਦਾ ਰਾਹ ਲੱਭ ਰਿਹਾ ਸੀ। ਇਸ ਪ੍ਰਕਿਰਿਆ ਵਿੱਚ, ਉਸਨੇ ਆਪਣੇ ਆਪ ਨੂੰ ਦੂਜੇ ਪ੍ਰਵਾਸੀਆਂ ਲਈ ਸੌਦੇਬਾਜ਼ੀ ਕਰਦੇ ਹੋਏ ਅਤੇ ਫਗਵਾੜਾ ਅਤੇ ਜਲੰਧਰ ਦੇ ਆਲੇ ਦੁਆਲੇ ਜਾਅਲੀ ਏਜੰਟਾਂ ਲਈ ਸੰਭਾਵੀ ਗਾਹਕਾਂ ਨੂੰ ਲੱਭਿਆ।ਉਸਨੇ ਕਿਹਾ ਕਿ ਚਿੰਤਾ ਨਾ ਕਰੋ, ਤੁਹਾਡਾ ਕੰਮ ਹੋ ਜਾਵੇਗਾ। ਬਸ ਮਨ ਬਣਾ ਕੇ ਸਾਡੇ ਪਿੰਡ ਆ ਜਾਓ। ਤੁਹਾਡਾ ਵਿਅਕਤੀ ਇਟਲੀ ਪਹੁੰਚ ਜਾਵੇਗਾ। ਮੈਂ ਸਿਰਫ਼ ਇੱਕ ਕਾਲ ਦੂਰ ਹਾਂ, ਉਸਨੇ ਆਪਣਾ ਫ਼ੋਨ ਨੰਬਰ ਸਾਂਝਾ ਕਰਨ ਤੋਂ ਬਾਅਦ ਕਿਹਾ।

ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨਜ਼ : 2012 ਵਿੱਚ, ਜਦੋਂ ਪ੍ਰਕਾਸ਼ ਸਿੰਘ ਬਾਦਲ ਪੰਜਾਬ ਦੇ ਮੁੱਖ ਮੰਤਰੀ ਸਨ, ਉਨ੍ਹਾਂ ਨੇ ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨਜ਼ ਐਕਟ ਨਾਮ ਦਾ ਇੱਕ ਕਾਨੂੰਨ ਬਣਾਇਆ ਸੀ।ਹੇਅਰ ਯਾਦ ਕਰਦੇ ਹਨ ਕਿ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਨੂੰ ਇਨ੍ਹਾਂ ਫਰਜ਼ੀ ਟਰੈਵਲ ਏਜੰਟਾਂ ਲਈ ਸਖ਼ਤ ਕਾਨੂੰਨ ਬਣਾਉਣ ਦੇ ਨਿਰਦੇਸ਼ ਦਿੱਤੇ ਸਨ। ਪਹਿਲਾਂ, ਜਾਅਲੀ ਟਰੈਵਲ ਏਜੰਟਾਂ 'ਤੇ ਭਾਰਤੀ ਦੰਡ ਵਿਧਾਨ (ਆਈਪੀਸੀ) ਦੀ ਸਿਰਫ ਧਾਰਾ 420 ਲਾਗੂ ਕੀਤੀ ਜਾ ਸਕਦੀ ਸੀ, ਪਰ ਇਹ ਜ਼ਮਾਨਤਯੋਗ ਅਪਰਾਧ ਹੈ। ਪਹਿਲਾਂ ਤਾਂ ਪੰਜਾਬ ਸਰਕਾਰ ਇਸ ਬਾਰੇ ਗੰਭੀਰ ਨਹੀਂ ਸੀ।

ਫਰਜ਼ੀ ਟਰੈਵਲ ਏਜੰਟ ਦੇ ਕੇਸਾਂ ਨਾਲ ਨਜਿੱਠਣ ਵਾਲੇ ਜਲੰਧਰ ਦੇ ਵਕੀਲ ਸਤਨਾਮ ਸਿੰਘ ਨੇ ਕਿਹਾ ਕਿ ਤਿੰਨ ਕਾਨੂੰਨ ਹਨ ਜਿਨ੍ਹਾਂ ਦੇ ਤਹਿਤ ਟਰੈਵਲ ਏਜੰਟ ਦੀ ਧੋਖਾਧੜੀ 'ਤੇ ਮੁਕੱਦਮਾ ਚਲਾਇਆ ਜਾ ਸਕਦਾ ਹੈ।ਪੰਜਾਬ ਟਰੈਵਲ ਪ੍ਰੋਫੈਸ਼ਨਲਜ਼ ਰੈਗੂਲੇਸ਼ਨ ਐਕਟ, 2012: ਇਸ ਐਕਟ ਦਾ ਉਦੇਸ਼ ਟਰੈਵਲ ਏਜੰਟਾਂ, ਅੰਤਰਰਾਸ਼ਟਰੀ ਅੰਗਰੇਜ਼ੀ ਭਾਸ਼ਾ ਟੈਸਟਿੰਗ ਸਿਸਟਮ ਕੋਚਿੰਗ ਸੰਸਥਾਵਾਂ, ਟਿਕਟਿੰਗ ਏਜੰਟਾਂ ਅਤੇ ਏਅਰਲਾਈਨ ਜਨਰਲ ਸੇਲਜ਼ ਏਜੰਟਾਂ ਨੂੰ ਗੈਰ-ਕਾਨੂੰਨੀ ਅਤੇ ਧੋਖਾਧੜੀ ਵਾਲੀਆਂ ਗਤੀਵਿਧੀਆਂ ਦੇ ਨਾਲ-ਨਾਲ ਇਸ ਵਿੱਚ ਸ਼ਾਮਲ ਵਿਅਕਤੀਆਂ ਦੀਆਂ ਦੁਰਵਿਵਹਾਰਾਂ ਨੂੰ ਰੋਕਣ ਅਤੇ ਰੋਕਣ ਲਈ ਨਿਯਮਤ ਕਰਨਾ ਹੈ।

ਪੰਜਾਬ ਵਿੱਚ ਸੰਗਠਿਤ ਮਨੁੱਖੀ ਤਸਕਰੀ ਇਮੀਗ੍ਰੇਸ਼ਨ ਐਕਟ, 1983 : ਇਹ ਐਕਟ ਭਾਰਤ ਦੇ ਨਾਗਰਿਕਾਂ ਦੇ ਪਰਵਾਸ ਨਾਲ ਸਬੰਧਤ ਕਾਨੂੰਨ ਨੂੰ ਮਜ਼ਬੂਤ ਕਰਨ ਅਤੇ ਸੋਧਣ ਲਈ ਪਾਸ ਕੀਤਾ ਗਿਆ ਸੀ।

ਇੱਕ ਕਾਰਨ ਇਹ ਹੈ ਕਿ ਧੋਖਾਧੜੀ ਦੇ ਬਹੁਤ ਘੱਟ ਪੀੜ੍ਹਤ ਸ਼ਿਕਾਇਤ ਕਰਦੇ ਹਨ। ਦੂਜਾ ਕਾਰਨ ਇਹ ਹੈ ਕਿ ਪੁਲਿਸ ਜਾਂਚਾਂ ਵਿੱਚ ਢਿੱਲ ਹੁੰਦੀ ਹੈ।ਸਤਨਾਮ ਸਿੰਘ ਦੇ ਅਨੁਸਾਰ, ਜਾਅਲੀ ਟਰੈਵਲ ਏਜੰਟ ਆਮ ਤੌਰ 'ਤੇ ਆਪਣੇ ਗਾਹਕਾਂ ਨੂੰ ਸਟੈਂਪ ਪੇਪਰ ਦੀਆਂ ਖਾਲੀ ਸ਼ੀਟਾਂ 'ਤੇ ਦਸਤਖਤ ਕਰਵਾ ਕੇ ਕੰਮ ਕਰਦੇ ਹਨ, ਜਿਸ ਨੂੰ ਵਕੀਲ ਦੁਆਰਾ ਕਾਨੂੰਨੀ ਦਸਤਾਵੇਜ਼ਾਂ ਵਿੱਚ ਬਦਲ ਦਿੱਤਾ ਜਾਂਦਾ ਹੈ। ਸਤਨਾਮ ਸਿੰਘ ਨੇ ਕਿਹਾ ਕਿ ਸਟੈਂਪ ਪੇਪਰਾਂ ਵਿੱਚ ਏਜੰਟ ਦੀ ਫੀਸ ਵਜੋਂ 10,000 ਰੁਪਏ ਦਾ ਜ਼ਿਕਰ ਹੋ ਸਕਦਾ ਹੈ, ਜਦੋਂ ਕਿ ਅਸਲ ਵਿੱਚ ਏਜੰਟ ਨੇ ਗਾਹਕ ਤੋਂ ਲੱਖਾਂ ਰੁਪਏ ਲਏ ਹਨ। ਉਹਨਾਂ ਕਿਹਾ ਕਿ ਏਜੰਟ ਕਦੇ ਵੀ ਗਾਹਕ ਨੂੰ ਰਸੀਦ ਨਹੀਂ ਦਿੰਦਾ ਅਤੇ ਨਾ ਹੀ ਗਾਹਕ ਕਦੇ ਰਸੀਦ ਮੰਗਦਾ ਹੈ। ਇਹ ਰੁਝਾਨ ਲੰਬੇ ਸਮੇਂ ਤੋਂ ਜਾਰੀ ਹੈ, ਪਰ ਕਿਸੇ ਦਾ ਧਿਆਨ ਨਹੀਂ ਗਿਆ ਹੈ। ਇੱਥੋਂ ਤੱਕ ਕਿ ਰਜਿਸਟਰਡ ਟਰੈਵਲ ਏਜੰਟ ਕਦੇ ਵੀ ਨਕਦ ਭੁਗਤਾਨ ਲਈ ਰਸੀਦਾਂ ਨਹੀਂ ਦਿੰਦੇ ਹਨ। ਇਹੀ ਕਾਰਨ ਹੈ ਕਿ ਅਸੀਂ ਵੱਡੇ ਪੱਧਰ 'ਤੇ ਧੋਖਾਧੜੀ ਬਾਰੇ ਸੁਣਦੇ ਹਾਂ।

ਉਹਨਾਂ ਇਹ ਵੀ ਦੱਸਿਆ ਕਿ ਪੰਜਾਬ ਵਿੱਚ ਸਾਰੇ ਟਰੈਵਲ ਏਜੰਟਾਂ ਵਿੱਚੋਂ ਸਿਰਫ਼ 10 ਫ਼ੀਸਦੀ ਕੋਲ ਹੀ ਲਾਇਸੈਂਸ ਹਨ। ਇਸਦਾ ਵੱਡਾ ਕਾਰਨ ਇਹ ਹੈ ਕਿ ਕੋਈ ਵੀ ਫਰਜ਼ੀ ਟਰੈਵਲ ਏਜੰਟਾਂ ਵਿਰੁੱਧ ਸ਼ਿਕਾਇਤ ਨਹੀਂ ਕਰਦਾ। ਉਹਨਾਂ ਕਿਹਾ ਕਿ ਲੋਕ ਵੀਜ਼ਾ ਲਈ ਅਪਲਾਈ ਕਰਦੇ ਹਨ ਅਤੇ ਜੇ ਉਹ ਆਪਣੀ ਪਸੰਦ ਦੇ ਦੇਸ਼ ਵਿੱਚ ਪਹੁੰਚਦੇ ਹਨ, ਤਾਂ ਉਹ ਦੂਜਿਆਂ ਨੂੰ

(ਬਾਕੀ ਸਫ਼ਾ 31 'ਤੇ)

# ਬਾਦਲ ਦਲ ਦੀ ਰਾਜਨੀਤੀ ਤੋਂ ਖ਼ਾਲਸਾ ਪੰਥ ਦੀ ਨਿਰਾਸ਼ਤਾ ਤੇ ਸੁਖਬੀਰ ਬਾਦਲ ਦਾ ਸਿਆਸੀ ਭਵਿੱਖ



ਂਜਾਬ ਦੇ ਪੰਜ ਵਾਰ ਮੁੱਖ ਮੰਤਰੀ ਰਹੇ ਬੀਤੇ ਪ੍ਰਕਾਸ਼ ਸਿੰਘ ਬਾਦਲ ਦੀ ਮੌਤ ਹੋ ਗਈ ਸੀ। ਰਾਜਨੀਤਕ ਅਤੇ ਸਰੀਰਕ ਤੌਰ ਤੇ ਸਭ ਤੋਂ ਲੰਬੀ ਉਮਰ ਭੋਗਣ ਵਾਲੇ ਵੱਡੇ ਬਾਦਲ ਨੇ ਪਿਛਲੇ ਦਿਨੀ ਆਖਰੀ ਸਾਹ ਲਏ।ਪ੍ਰਕਾਸ਼ ਸਿੰਘ ਬਾਦਲ ਉਹ ਸ਼ਖਸ਼ ਸੀ , ਜਿਸ ਨੇ ਸਿਧਾਂਤਕ ਤੇ ਪੰਥਕ ਪੱਖੀ ਸਿੱਖ ਰਾਜਨੀਤੀ ਦਾ ਅੰਤ ਕਰਕੇ ਆਪਣੀ ਰਾਜਨੀਤੀ ਨੂੰ ਭ੍ਰਿਸ਼ਟ ਸਭਿਆਚਾਰ ਵਾਲੀ ਰਾਜਨੀਤੀ ਵੱਜੋਂ ਸਿਰਜਿਆ ਅਤੇ ਚਾਪਲੂਸ ਕਿਸਮ ਦੇ ਲੋਕਾਂ ਨੂੰ ਅਕਾਲੀ ਦਲ ਵਿੱਚ ਸ਼ਾਮਲ ਕਰਕੇ ਸ੍ਰੋਮਣੀ ਅਕਾਲੀ ਦਲ ਦਾ ਵਿਕਾਸ ਰੋਕਿਆ। ਸਿੱਖਾਂ ਪੰਥ ਦੀਆਂ ਵੱਡੀਆਂ ਪੰਥਕ ਸੰਸਥਾਵਾਂ ਅਕਾਲ ਤਖਤ ਸਾਹਿਬ ਤੇ ਸ੍ਰੋਮਣੀ ਕਮੇਟੀ ਨੂੰ ਆਪਣੀ ਮਨਮਰਜ਼ੀ ਤੇ ਨਿੱਜੀ ਸਿਆਸਤ ਅਧੀਨ ਚਲਾਇਆ। ਸਿੱਖ ਰਾਜਨੀਤੀ ਨੂੰ ਉਸ ਨੇ ਸੰਘਰਸ਼ ਦੀ ਰਾਜਨੀਤੀ ਤੋਂ ਧੰਦੇ ਤੇ ਸੱਤਾ ਦੀ ਲਾਲਸਾ ਵਾਲੀ ਰਾਜਨੀਤੀ ਬਣਾ ਦਿੱਤਾ। ਉਸਦੀ ਰਾਜਨੀਤੀ ਦਾ ਆਧਾਰ ਕੱਟੜ ਹਿੰਦੂ ਵੋਟ ਬੈਂਕ ਤੇ ਸਿੱਖ ਵਿਰੋਧੀ ਡੇਰਿਆਂ ਦੀ ਭੀੜ ਰਹੀ ਹੈ। ਮਨੁੱਖੀ ਅਧਿਕਾਰਾਂ ਤੇ ਸਿੱਖ ਨੌਜਵਾਨਾਂ ਦੇ ਘਾਣ ਕਰਨ ਦੇ ਦੋਸ਼ੀ ਸੁਮੇਧ ਸੈਣੀ ਅਤੇ ਇਜਹਾਰ ਆਲਮ ਵਰਗੇ ਕਥਿਤ ਭ੍ਰਿਸ਼ਟ ਪੁਲਿਸ ਅਫਸਰ ਬਾਦਲ ਦੀ ਸੱਤਾ ਦੌਰਾਨ ਉਸਦੀ ਮਿਹਰ ਦਾ ਪਾਤਰ ਬਣੇ ਰਹੇ ਤੇ ਉਸਦੇ ਰਾਜ ਵਿੱਚ ਤਰੱਕੀਆਂ ਮਾਣਦੇ ਰਹੇ।ਬਾਦਲ ਦੇ ਰਾਜ ਦੌਰਾਨ ਗੁਰੂ ਗਰੰਥ ਸਾਹਿਬ ਦੀ ਬੇਅਦਬੀ ਹੋਈ ਤੇ ਕੋਟਕਪੂਰਾ ਵਿੱਚ ਗੋਲੀ ਚਲੀ।ਸੌਦਾ ਸਾਧ ਨਾਲ ਸਾਂਝ ਨਿਭਾਈ ਗਈ।

ਪ੍ਰਕਾਸ਼ ਸਿੰਘ ਬਾਦਲ ਦੀਆਂ ਇਨ੍ਹਾਂ ਨਿੱਜੀ ਗਿਣਤੀਆਂ ਮਿਣਤੀਆਂ ਕਾਰਨ ਹੀ ਪੰਜਾਬ ਵਿੱਚ ਭਾਜਪਾ ਤੇ ਆਪ ਪਾਰਟੀ ਦੇ ਪੈਰ ਵੱਡੀ ਪੱਧਰ ਉਪਰ ਲੱਗੇ ਅਤੇ ਅਕਾਲੀ ਦਲ ਖਾਤਮੇ ਵਲ ਵਧ ਗਿਆ ਤੇ ਭਾਜਪਾ ਨਾਲ ਗੱਠਜੋੜ ਵੀ ਟੁੱਟ ਗਿਆ।

ਬੇਸ਼ੱਕ ਪਰਕਾਸ਼ ਸਿੰਘ ਬਾਦਲ ਅੱਜ ਇਸ ਦੁਨੀਆਂ ਵਿੱਚ ਨਹੀ ਪਰ ਉਹ ਆਪਣੀ ਰਾਜਨੀਤੀ ਦੇ ਹੋ ਰਹੇ ਅੰਤ ਨੂੰ ਆਪਣੀਆਂ ਅੱਖਾਂ ਨਾਲ ਦੇਖਕੇ ਗਏ ਹਨ।

ਕਿਸੇ ਵੇਲੇ ਬਾਦਲ ਪਰਿਵਾਰ ਪ੍ਰਸਤਾਂ ਨੇ ਮਰਹੂਮ ਪ੍ਰਕਾਸ਼ ਸਿੰਘ ਬਾਦਲ ਜੀ ਦੀ ਤੁਲਨਾ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨਾਲ ਕੀਤੀ ਸੀ।ਪਰ ਮਹਾਰਾਜਾ ਰਣਜੀਤ ਸਿੰਘ ਦੇ ਵੈਲਫੇਅਰ ਸਟੇਟ ਦਾ ਜਮਹੂਰੀਅਤ ਰਾਜਨੀਤੀ ਜਾਂ ਉਸ ਸਮੇਂ ਦੇ ਸ਼ਾਸ਼ਕਾਂ ਨਾਲ ਮੁਕਾਬਲਾ ਨਹੀਂ ਹੋ ਸਕਦਾ।ਇਹੋ ਜਿਹੇ ਲੋਕਾਂ ਵਲੋਂ ਸ਼ੇਰੇ ਪੰਜਾਬ ਵਰਗੇ ਨਿਆਂ ਪੱਖੀ ਰਾਜ ਨਾਲ ਅਜੋਕੀ ਤਾਨਸ਼ਾਹੀ ਤੇ ਭ੍ਰਿਸ਼ਟ ,ਅਨਿਆਂ ਪੱਖੀ ਰਾਜ ਦੀ ਤੁਲਨਾ ਕਰਨੀ ਸੂਰਜ ਨੂੰ ਸ਼ੀਸ਼ਾ ਦਿਖਾਉਣ ਵਾਲੀ ਗੱਲ ਹੈ। ਪੰਜਾਬ ਨੇ ਸ਼ੇਰੇ ਪੰਜਾਬ ਕਾਰਣ ਸੁਤੰਤਰ ਰਾਜ ਕੀਤਾ ਤੇ ਮਾਣਿਆ ਹੈ।ਉਸਦੇ ਪ੍ਰਭਾਵ ਕਾਰਨ ਪੰਜਾਬੀ ਕੌਮ ਦੀ ਰਚਨਾ ਹੋਈ ਸੀ।ਸ਼ੇਰੇ ਪੰਜਾਬ ਦੇ ਰਾਜ ਦੌਰਾਨ ਪੰਜਾਬ ਨੇ ਯੂਰਪ ਤੋਂ ਵਧ ਵਿਕਾਸ ਕੀਤਾ।ਸ਼ੇਰੇ ਪੰਜਾਬ ਦੇ ਰਾਜ ਦੀ ਕਰੰਸੀ ਦਾ ਮੁੱਲ ਯੂਰਪ ਦੀ ਕਰੰਸੀ ਤੋਂ ਵਧੀਕ ਸੀ।ਹੈਰਾਨੀ ਦੀ ਗਲ ਹੈ ਕਿ ਸ਼ੇਰੇ ਪੰਜਾਬ ਨੇ 40 ਸਾਲ ਰਾਜ ਕੀਤਾ ਤੇ ਉਸ ਦੀ ਮੜੀ ਨੇ ਦਸ ਸਾਲ ਹੋਰ ।ਪਰ ਪ੍ਰਕਾਸ਼ ਸਿੰਘ ਬਾਦਲ ਆਪਣੀ ਮੌਤ ਤੋਂ ਦਸ ਸਾਲ ਪਹਿਲਾਂ ਆਪਣਾ ਰਾਜ ਖਤਮ ਕਰ ਬੈਠਾ ਤੇ ਆਪਣੇ ਸਿੱਖ ਭਾਈਚਾਰੇ ਤੋਂ ਭਰੋਸਾ ਗੁਆ ਬੈਠਾ।ਪਰ ਹੁਣ ਸ਼ੇਰੇ ਪੰਜਾਬ ਵਾਂਗ ਵੱਡੇ ਬਾਦਲ ਦੀ ਮੜੀ ਦੇ ਰਾਜ ਕਰਨ ਦੀ ਸੰਭਾਵਨਾ ਨਹੀਂ।ਬਾਦਲ ਦੇ ਰਾਜ ਦੌਰਾਨ ਨਸ਼ਿਆਂ ਦੀ ਸ਼ੁਰੂਆਤ ਹੋਈ,ਗੈਂਗਸਟਰਾਂ ਦਾ ਜਨਮ ਬਾਦਲਕਿਆਂ ਦੀ ਰਾਜਨੀਤੀ ਦੁਆਰਾ ਹੋਇਆ।ਬਾਦਲਾਂ ਦਾ ਖਜਾਨਾ ਦਿਨੋਂ ਦਿਨ ਭਰਪੂਰ ਹੋਇਆ ਪਰ ਪੰਜਾਬ ਕਰਜ਼ਾਈ ਹੋ ਗਿਆ।

ਕਹਿੰਦੇ ਹਨ ਬਾਦਲ ਰਾਜਨੀਤੀ ਵਿੱਚ ਮਾਹਿਰ ਤੇ ਸਿਆਣਾ ਸੀ।ਜੇ ਉਹ ਨਿਜੀ ਹਿਤ ਤੇ ਪਰਿਵਾਰਵਾਦ ਦੀ ਥਾਂ ਪੰਜਾਬ ਤੇ ਪੰਥ ਨੂੰ ਸਮਰਪਿਤ ਹੋਇਆ ਹੁੰਦਾ, ਫੈਡਰਲ ਢਾਂਚੇ ਦੇ ਸੋਮੇ ਅਨੰਦਪੁਰ ਮਤੇ ਦਾ ਘਾਣ ਨਾ ਕਰਦਾ, ਉਸ ਦੀ ਮੜੀ ਸਦੀਆਂ ਤਕ ਰਾਜ ਕਰਦੀ ਪੰਥ ਤੇ ਪੰਜਾਬ ਦੇ ਹੌਸਲੇ ਬੁਲੰਦ ਰਹਿੰਦੇ। ਇਸ ਸਮੇਂ ਸਿੱਖ ਲੀਡਰਸ਼ਿੱਪ ਵਿੱਚ ਅਨੇਕਾਂ ਧੜੇ ਹਨ ਤੇ ਖਿਚੋਤਾਣ ਵੀ ਬਹੁਤ ਹੈ।ਪਰ ਕੋਈ ਵੀ ਨਵਾਂ ਅਕਾਲੀ ਦਲ ਸਿਰਜਣ ਦੇ ਸਮਰੱਥ ਨਹੀਂ ਹੈ।ਸੰਗਤ ਨੂੰ ਵਿਸ਼ਵਾਸ ਨਹੀਂ ਕਿ ਬਾਦਲ ਵਿਰੋਧੀ ਇਹ ਲੀਡਰਸ਼ਿਪ ਬਾਦਲ ਪਰਿਵਾਰ ਤੋਂ ਚੰਗੀ ਹੋਵੇਗੀ।ਨਾਰੇਬਾਜ਼ੀ ਦੀ ਸਿਖ ਸਿਆਸਤ ਦਾ ਪੰਜਾਬ ਵਿੱਚ ਕੋਈ ਸਕੋਪ ਨਹੀਂ। ਬਾਦਲ ਅਕਾਲੀ ਦਲ ਬਾਦਲ ਪਰਿਵਾਰ ਬਿਨਾਂ ਨਹੀਂ ਚਲ ਸਕੇਗਾ ਪਰ ਉਸਦਾ ਭਵਿੱਖ ਨਹੀਂ ਹੈ।ਕਿਉਂਕਿ ਸੁਖਬੀਰ ਬਾਦਲ ਕੋਲ ਰਾਜਨੀਤਕ ਗੰਭੀਰ ਸੋਝੀ ਨਹੀਂ । ਸੁਖਬੀਰ ਦੁਆਲੇ ਜਿਹਨਾਂ ਚਾਪਲੂਸ ਲੀਡਰਾਂ ਦਾ ਘੇਰਾ ਤੇ ਚਕਰਵਿਊ ਹੈ, ਉਹ ਪੰਜਾਬ ਪੰਥ ਦੀ ਮਾਨਸਿਕਤਾ ਨਹੀਂ ਪਛਾਣਦੇ।ਨਾ ਹੀ ਉਹਨਾਂ ਦੀ ਰੂਹ ਵਿੱਚ ਪੰਜਾਬ ਵਸਦਾ ਹੈ। ਪੰਥ ਤਾਂ ਬਹੁਤ ਦੂਰ ਦੀ ਗੱਲ ਹੈ। ਉਹ ਲਕੜਬਘਿਆਂ ਵਾਂਗ ਸੱਤਾ ਨੂੰ ਚੂਸਣਾ ਚਾਹੁੰਦੇ ਹਨ।ਪਰ ਸੱਤਾ ਉਹਨਾਂ ਤੋਂ ਅੰਬਰ ਤੋਂ ਵੀ ਦੂਰ ਹੈ।ਜੇ ਸੁਖਬੀਰ ਬਾਦਲ ਨੇ ਪੰਜਾਬ ਤੇ ਅਕਾਲੀ ਦਲ ਬਚਾਉਣਾ ਹੈ ਤਾਂ ਉਸਨੂੰ ਰਾਜਨੀਤੀ ਆਪਣੇ ਬਾਪ ਵਰਗੀ ਤੇ ਕਰੈਕਟਰ ਮਾਸਟਰ ਤਾਰਾ ਸਿੰਘ, ਗਿਆਨੀ ਕਰਤਾਰ ਸਿੰਘ ਵਰਗਾ ਪੈਦਾ ਕਰਨਾ ਪਵੇਗਾ।ਉਸਨੂੰ ਨਵੀਂ ਲੀਡਰਸ਼ਿਪ ਪੈਦਾ ਕਰਨੀ ਪਵੇਗੀ ਜੋ ਨੈਤਿਕ ਪਧਰ ਉਪਰ ਸੱਚੀ ਸੁੱਚੀ ਹੋਵੇ।ਪੰਜਾਬ ਤੇ ਪੰਥ ਪ੍ਰਤੀ ਸਮਰਪਿਤ ਹੋਵੇ।ਅਕਾਲ ਤਖਤ ਤੇ ਸ੍ਰੋਮਣੀ ਕਮੇਟੀ ਰਾਹੀ ਸੁਖਬੀਰ ਸਿੰਘ ਬਾਦਲ ਧਾਰਮਿਕ ਮੁਹਿੰਮ ਵਿਚ ਜਾਗ੍ਰਿਤੀ ਲਿਆ ਸਕਦਾ ਹੈ।ਪਰ ਇਹ ਲੰਬੀ ਜਦੋ ਜਹਿਦ ਹੋਵੇਗੀ ਸਿਖ ਪੰਥ ਵਿੱਚ ਪੁਨਰ ਵਿਸ਼ਵਾਸ ਪੈਦਾ ਕਰਨ ਲਈ।ਕਿਰਦਾਰ ਬਿਨਾਂ ਖਾਲਸਾ ਪੰਥ ਹਾਜ਼ਰੀ ਪ੍ਰਵਾਨ ਨਹੀਂ ਕਰੇਗਾ।

ਜਲੰਧਰ ਲੋਕ ਸਭਾ ਦੀ ਉਪ ਚੋਣ ਦਾ ਭਾਰਤੀ ਤੇ ਪੰਜਾਬ ਦੀ ਰਾਜਨੀਤੀ ਉਪਰ ਪਵੇਗਾ ਡੂੰਘਾ ਪ੍ਰਭਾਵ

ਜਲੰਧਰ ਲੋਕ ਸਭਾ ਦੀ ਉਪ-ਚੋਣ ਪੰਜਾਬ ’ਤੇ ਹੀ ਨਹੀਂ, ਸਗੋਂ ਉੱਤਰ ਭਾਰਤ ਦੀ ਭਵਿੱਖ ਦੀ ਰਾਜਨੀਤੀ ’ਤੇ ਵੀ ਪ੍ਰਭਾਵ ਪਾਵੇਗੀ ਤੇ ਇਸ ਦੇ ਨਾਲ ਹੀ ਕਰਨਾਟਕ ਵਿਧਾਨ ਸਭਾ ਦੀ ਚੋਣ ਦਾ ਨਤੀਜਾ ਵੀ ਦੇਸ਼ ਦੀ ਰਾਜਨੀਤੀ ਵਿਚ ਡੂੰਘਾ ਅਸਰ ਛਡੇਗਾ।ਜੇਕਰ ਜਲੰਧਰ ਲੋਕ ਸਭਾ ਚੋਣ ਵਿੱਚ

(ਬਾਕੀ ਸਫ਼ਾ 31 ’ਤੇ)

## ਪੀ.ਐਮ. ਕੇਅਰਜ਼ ਫੰਡ ਦੇ ਗੁਪਤ ਰਾਜ ਸਬੰਧੀ ਭੇਦ ਕੀ ਹਨ ?




ਪੀਐਮ ਕੇਅਰਜ਼ ਫੰਡ ਦਾ ਗਠਨ 27 ਮਾਰਚ 2020 ਨੂੰ ਕੋਰੋਨਾ ਵਾਇਰਸ ਨਾਲ ਲੜਨ ਲਈ ਜਨਤਾ ਤੋਂ ਵਿੱਤੀ ਮਦਦ ਪ੍ਰਾਪਤ ਕਰਨ ਲਈ ਕੀਤਾ ਗਿਆ ਸੀ, ਪਰ ਉਦੋਂ ਤੋਂ ਇਹ ਫੰਡ ਆਪਣੇ ਕੰਮਕਾਜ ਵਿੱਚ ਬਹੁਤ ਜ਼ਿਆਦਾ ਗੁਪਤ ਭੇਦ ਰਖਣ ਕਾਰਣ ਆਲੋਚਨਾ ਦੇ ਘੇਰੇ ਵਿੱਚ ਆ ਗਿਆ ਹੈ। ਪੀ ਐੱਮ ਰਿਲੀਫ ਫੰਡ ਦੇ ਮੁਕਾਬਲੇ ’ਤੇ ਬਣਾਇਆ ਗਿਆ ਪੀ ਐੱਮ ਕੇਅਰਜ਼ ਫੰਡ ਹੁਣ ਫਿਰ ਚਰਚਾ ਵਿਚ ਹੈ। ਅਖਬਾਰ ‘ਬਿਜ਼ਨਸ ਸਟੈਂਡਰਡ’ ਨੇ ਨੈਸ਼ਨਲ ਸਟਾਕ ਐਕਸਚੇਂਜ ਵਿੱਚ ਸੂਚੀਬੱਧ ਸਾਰੀਆਂ ਕੰਪਨੀਆਂ ਦੇ ਅੰਕੜਿਆਂ ਦਾ ਵਿਸ਼ਲੇਸ਼ਣ ਕਰਕੇ ਲਿਖਿਆ ਹੈ ਕਿ ਸਰਕਾਰ ਵੱਲੋਂ ਸੰਚਾਲਤ ਸੂਚੀਬੱਧ ਕੰਪਨੀਆਂ ਨੇ 2019-20 ਤੇ 2021-22 ਵਿਚਾਲੇ ਇਸ ਵਿਵਾਦਗ੍ਰਸਤ ਫੰਡ ਵਿਚ ਘੱਟੋ-ਘੱਟ 2913.6 ਕਰੋੜ ਰੁਪਏ ਦਾ ਯੋਗਦਾਨ ਦਿੱਤਾ। ਇਹ ਯੋਗਦਾਨ ਹੋਰਨਾਂ ਕੰਪਨੀਆਂ ਵੱਲੋਂ ਫੰਡ ਵਿੱਚ ਦਿੱਤੇ ਗਏ ਕੁਲ ਦਾਨ ਨਾਲੋਂ ਵੱਧ ਹੈ। ਇਹ ਕੁਲ ਦਾਨ 4910.5 ਕਰੋੜ ਦਾ 59.3 ਫੀਸਦੀ ਬੈਠਦਾ ਹੈ। ਸਿਖਰਲੀਆਂ ਪੰਜ ਦਾਨੀ ਸਰਕਾਰੀ ਕੰਪਨੀਆਂ ਵਿਚ ਆਇਲ ਐਂਡ ਨੈਚੁਰਲ ਗੈਸ ਕਾਰਪੋਰੇਸ਼ਨ (370 ਕਰੋੜ), ਐੱਨ ਟੀ ਪੀ ਸੀ (330 ਕਰੋੜ), ਪਾਵਰ ਗਰਿੱਡ ਕਾਰਪੋਰੇਸ਼ਨ ਆਫ ਇੰਡੀਆ (275 ਕਰੋੜ), ਇੰਡੀਅਨ ਆਇਲ ਕਾਰਪੋਰੇਸ਼ਨ (265 ਕਰੋੜ) ਤੇ ਪਾਵਰ ਫਾਈਨੈਂਸ ਕਾਰਪੋਰੇਸ਼ਨ (222.4 ਕਰੋੜ) ਸ਼ਾਮਲ ਹਨ। ਰਿਪੋਰਟ ਵਿਚ ਅਜਿਹੀਆਂ 57 ਕੰਪਨੀਆਂ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ਵਿਚ ਸਰਕਾਰ ਦੀ ਅਹਿਮ ਹਿੱਸੇਦਾਰੀ ਹੈ। ਮਾਰਚ 2020 ਵਿੱਚ ਕਾਇਮ ਕੀਤਾ ਗਿਆ ਪੀ ਐੱਮ ਕੇਅਰਜ਼ ਫੰਡ ਵਿਵਾਦਾਂ ਵਿੱਚ ਚਲਿਆ ਆ ਰਿਹਾ ਹੈ। ਅਜਿਹਾ ਇਸ ਦੇ ਜਨਤਕ ਜਾਂਚ ਤੋਂ ਬਚਣ ਤੇ ਚੀਨੀ ਕੰਪਨੀਆਂ ਸਣੇ ਵਿਦੇਸ਼ੀ ਸੰਸਥਾਵਾਂ ਤੋਂ ਧਨ ਹਾਸਲ ਕਰਨ ਕਾਰਨ ਹੈ। ਮਾਮਲਾ ਅਦਾਲਤ ਵਿਚ ਗਿਆ ਤਾਂ ਕੇਂਦਰ ਸਰਕਾਰ ਨੇ ਜਨਵਰੀ 2023 ਦੌਰਾਨ ਦਿੱਲੀ ਹਾਈ ਕੋਰਟ ਵਿਚ ਹਲਫਨਾਮਾ ਦੇ ਕੇ ਕਿਹਾ ਕਿ ਫੰਡ ਦਾ ਕੰਟਰੋਲ ਭਾਰਤ ਦੇ ਸੰਵਿਧਾਨ ਦੇ ਆਰਟੀਕਲ 12 ਤਹਿਤ ਭਾਰਤ ਸਰਕਾਰ ਦੇ ਹੱਥਾਂ ਵਿਚ ਨਹੀਂ ਹੈ। ਇਸ ਲਈ ਸੂਚਨਾ ਦੇ ਅਧਿਕਾਰ (ਆਰ ਟੀ ਆਈ) ਕਾਨੂੰਨ ਤਹਿਤ ਇਹ ਆਪਣੇ ਕੰਮਕਾਜ ਬਾਰੇ ਲੋਕਾਂ ਪ੍ਰਤੀ ਜਵਾਬਦੇਹ ਨਹੀਂ ਹੈ। ਇਸ ਨੇ ਇਹ ਵੀ ਕਿਹਾ ਸੀ ਕਿ ਫੰਡ ਨੂੰ ਚਲਾਉਣ ਵਾਲੇ ਟਰੱਸਟ ਨੂੰ

(ਬਾਕੀ ਸਫ਼ਾ 31 ’ਤੇ)

## ਸੁਪਰੀਮ ਕੋਰਟ ਦੇ ਹੇਟ ਸਪੀਚ ਬਾਰੇ ਸਖ਼ਤ ਹੁਕਮ ਅਤੇ ਸਿੱਖ ਕੌਮ ’ਤੇ ਜਾਰੀ ਭਗਵੇਂ ਨਸਲੀ ਹਮਲੇ

### ਕੀ ਸੁਪਰੀਮ ਕੋਰਟ ਦੇ ਹੁਕਮ ਮੁਤਾਬਕ ਸਿੱਖਾਂ ਉੱਪਰ ਨਸਲੀ ਹਮਲਿਆਂ ਖ਼ਿਲਾਫ਼ ਭਗਵਿਆਂ ਤੇ ਗੋਦੀ ਮੀਡੀਆ ’ਤੇ ਕਾਰਵਾਈ ਹੋਵੇਗੀ ?

ਬੀਤੇ ਦਿਨੀਂ ਸੁਪਰੀਮ ਕੋਰਟ ਨੇ ਸਾਰੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਨੂੰ ਨਫ਼ਰਤ ਭਰੇ ਭਾਸ਼ਣਾਂ ’ਤੇ ਐਫਆਈਆਰ ਦਰਜ ਕਰਨ ਦੇ ਨਿਰਦੇਸ਼ ਦਿੱਤੇ ਹਨ। ਅਦਾਲਤ ਨੇ ਆਪਣੇ 2022 ਦੇ ਹੁਕਮ ਦਾ ਦਾਇਰਾ ਵਧਾਉਂਦੇ ਹੋਏ ਕਿਹਾ ਕਿ ਇਸ ਮਾਮਲੇ ਵਿੱਚ ਬਿਨਾਂ ਕਿਸੇ ਸ਼ਿਕਾਇਤ ਦੇ ਵੀ ਐਫਆਈਆਰ ਦਰਜ ਕਰਨੀ ਪਵੇਗੀ। ਇਸ ਦੇ ਨਾਲ ਹੀ ਸੁਪਰੀਮ ਕੋਰਟ ਨੇ ਚਿਤਾਵਨੀ ਦਿੱਤੀ ਕਿ ਜੇਕਰ ਇਸ ਮਾਮਲੇ ਵਿੱਚ ਕੇਸ ਦਰਜ ਕਰਨ ਵਿੱਚ ਦੇਰੀ ਹੁੰਦੀ ਹੈ ਤਾਂ ਇਸ ਨੂੰ ਅਦਾਲਤ ਦਾ ਅਪਮਾਨ ਮੰਨਿਆ ਜਾਵੇਗਾ।ਨਫ਼ਰਤ ਭਰੇ ਨਸਲਵਾਦੀ ਭਾਸ਼ਣਾਂ ’ਤੇ ਸਖ਼ਤ ਰੁਖ਼ ਅਪਣਾਉਂਦੇ ਹੋਏ ਸੁਪਰੀਮ ਕੋਰਟ ਨੇ ਧਰਮ ਦੀ ਪਰਵਾਹ ਕੀਤੇ ਬਿਨਾਂ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਇਹ ਹੁਕਮ ਸਿਰਫ਼ ਯੂਪੀ, ਦਿੱਲੀ ਅਤੇ ਉੱਤਰਾਖੰਡ ਸਰਕਾਰਾਂ ਨੂੰ ਦਿੱਤੇ ਸਨ ਪਰ ਹੁਣ ਇਹ ਹੁਕਮ ਸਾਰੇ ਰਾਜਾਂ ਨੂੰ ਦੇ ਦਿੱਤੇ ਗਏ ਹਨ।

ਪਰ ਸੁਆਲ ਇਹ ਹੈ ਕਿ ਭਗਵੇਂ ਗੋਦੀ ਮੀਡੀਆ ਤੇ ਭਗਵੀ ਟਰੋਲ ਆਰਮੀ ਤੇ ਭਗਵੀਆਂ ਜਥੇਬੰਦੀਆਂ ਜੋ ਮੁਸਲਮਾਨਾਂ ਬਾਅਦ ਸਿੱਖਾਂ ਨੂੰ ਨਿਸ਼ਾਨਾ ਬਣਾਕੇ ਸ਼ਬਦੀ ਨਸਲਵਾਦੀ ਤੇ ਨਫਰਤੀ ਹਮਲੇ ਕਰ ਰਹੀਆਂ ਹਨ,ਕੀ ਉਹਨਾਂ ਉਪਰ ਸਰਕਾਰਾਂ ਸਖਤ ਕਨੂੰਨੀ ਕਾਰਵਾਈ ਕਰਨਗੀਆਂ ਜਾਂ ਸੁਪਰੀਮ ਕੋਰਟ ਦੇ ਹੁਕਮ ਅੱਖੋਂ ਪਰੌਖੇ ਕਰ ਦਿਤੇ ਜਾਣਗੇ। ਹੁਣੇ ਜਿਹੇ ਭਾਈ ਅੰਮ੍ਰਿਤਪਾਲ ਸਿੰਘ ਵਾਲੀ ਘਟਨਾ ਦੌਰਾਨ ਗੋਦੀ ਮੀਡੀਆ ਰਾਹੀਂ ਭਗਵਿਆਂ ਵਲੋਂ ਸਿੱਖ ਕੌਮ ਨੂੰ ਨਿਸ਼ਾਨਾ ਬਣਾਇਆ ਗਿਆ ਤੇ ਨਫਰਤ ਫੈਲਾਈ ਗਈ।ਦਰਬਾਰ ਸਾਹਿਬ ਵਿੱਚ ਟੈਟੂ ਬਣਾਕੇ ਜਾਣ ਵਾਲੀ ਹਿੰਦੂ ਲੜਕੀ ਨੂੰ ਜਾਣ ਤੋਂ ਰੋਕਣ ਬਾਅਦ ਹਿੰਦੂ ਰਾਸ਼ਟਰਵਾਦੀਆਂ ਵਲੋਂ ਸਿਖਾਂ ਉਪਰ ਨਫਰਤੀ ਸ਼ਬਦੀ ਹਮਲੇ ਕੀਤੇ ਗਏ ।ਇਥੋਂ ਤਕ ਸ਼ੋਸ਼ਲ ਮੀਡੀਆ ਰਾਹੀਂ ਕਿਹਾ ਗਿਆ ਕਿ ਮਸਜਿਦਾਂ ਵਾਂਗ ਦਰਬਾਰ ਸਾਹਿਬ ਉਪਰ ਬੁਲਡੋਜਰੀ ਹਮਲੇ ਦੀ ਲੋੜ ਹੈ।ਹੁਣ ਫਿਰਕੂ ਹਿੰਦੂ ਰਾਸ਼ਟਵਾਦੀ ਚਿਹਰਿਆਂ ਉਪਰ ਫਲੈਗ ਦੇ ਟੈਟੂ ਬਣਾਕੇ ਜਾਣ ਬੁਝਕੇ ਦਰਬਾਰ ਸਾਹਿਬ ਜਾਣ ਦੀ ਕੋਸ਼ਿਸ਼ ਕਰਦੇ ਹਨ ਤੇ ਸੇਵਾਦਾਰ ਵਲੋਂ ਰੋਕਣ ਉਪਰੰਤ ਦਰਬਾਰ ਸਾਹਿਬ ਵਿਰੁੱਧ ਸ਼ੋਸ਼ਲ ਮੀਡੀਆ ਉਪਰ ਦੁਸ਼ਟ ਪ੍ਰਚਾਰ ਕਰਦੇ ਹਨ।ਇਹ ਹਮਲੇ ਹੁਣ ਤਕ ਜਾਰੀ ਹਨ।ਪੰਥਕ ਮਾਹਿਰ ਮੰਨਦੇ ਹਨ ਕਿ ਇਹ ਹਮਲੇ 2024 ਤਕ ਜਾਰੀ ਰਹਿਣ ਦੀ ਸੰਭਾਵਨਾ ਹੈ।ਬੀਤੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸੋਸ਼ਲ ਮੀਡੀਆ ’ਤੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਨੂੰ ਗ਼ਲਤ ਤਰੀਕੇ ਨਾਲ ਪੇਸ਼ ਕਰਨ ਤੇ ਭੱਦੀ ਸ਼ਬਦਾਵਲੀ ਦੀ ਵਰਤੋਂ ਕਰਨ ਵਾਲਿਆਂ ਖ਼ਿਲਾਫ਼ ਸਰਕਾਰ ਤੋਂ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਵੱਲੋਂ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਨੂੰ ਪੱਤਰ ਲਿਖ ਕੇ ਦੋ ਇੰਸਟਾਗ੍ਰਾਮ ਖ਼ਾਤਿਆਂ ਖ਼ਿਲਾਫ਼ ਐੱਫਆਈਆਰ ਦਰਜ ਕਰਨ ਲਈ ਕਿਹਾ ਗਿਆ ਸੀ। ਪੁਲਿਸ ਕਮਿਸ਼ਨਰ ਨੂੰ ਲਿਖੇ ਪੱਤਰ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਸ਼ਿਕਾਇਤ ਕੀਤੀ ਗਈ ਹੈ ਕਿ ਇੰਸਟਾਗ੍ਰਾਮ ਸਾਈਟ ’ਤੇ ਸ਼ਰਾਰਤੀ ਅਨਸਰਾਂ ਵੱਲੋਂ ਸਿੱਕਇਜ਼ਮ ਅਤੇ ਗੋਬਿੰਦ ਨਾਂ ਦੇ ਦੋ ਅਕਾਊਂਟ ਚਲਾਏ ਜਾ ਰਹੇ ਹਨ, ਜਿਨ੍ਹਾਂ ਉੱਪਰ ਸਿੱਖ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਗ਼ਲਤ ਤਰੀਕੇ ਨਾਲ ਪੇਸ਼ ਕਰਨ ਦੇ ਨਾਲ-ਨਾਲ ਭੱਦੀ ਸ਼ਬਦਵਾਲੀ ਵੀ ਵਰਤੀ ਜਾ ਰਹੀ ਹੈ। ਇਸ ਨਾਲ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਗਹਿਰੀ ਸੱਟ ਵੱਜ ਰਹੀ ਹੈ ਅਤੇ ਸ਼੍ਰੋਮਣੀ ਕਮੇਟੀ ਪਾਸ ਇਨ੍ਹਾਂ ਵਿਰੁੱਧ ਕਾਰਵਾਈ ਕਰਨ ਲਈ ਸ਼ਿਕਾਇਤਾਂ ਵੀ ਪੁੱਜੀਆਂ ਹਨ। ਅਜਿਹੀਆਂ ਹਰਕਤਾਂ ਨਾਲ ਸਮਾਜਿਕ ਅਤੇ ਫ਼ਿਰਕੂ ਤਣਾਅ ਵਧਣ ਅਤੇ ਅਮਨ ਸ਼ਾਂਤੀ ਭੰਗ ਹੋਣ ਦਾ ਖ਼ਤਰਾ ਬਣਿਆ ਹੋਇਆ ਹੈ। ਸ਼੍ਰੋਮਣੀ ਕਮੇਟੀ ਸਕੱਤਰ ਵੱਲੋਂ ਮੰਗ ਕੀਤੀ ਗਈ ਸੀ ਕਿ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੇ ਅਜਿਹੇ ਸ਼ਰਾਰਤੀ ਲੋਕਾਂ ਖ਼ਿਲਾਫ਼ ਕੇਸ ਦਰਜ ਕਰ ਕੇ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ। ਪਰ ਸਰਕਾਰ ਵਲੋਂ ਇਹਨਾਂ ਫਿਰਕੂਆਂ ਤੇ ਨਸਲਵਾਦੀ ਹਿੰਦੂ ਰਾਸ਼ਟਰਵਾਦੀਆਂ ਵਿਰੁਧ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ।ਸ੍ਰੋਮਣੀ ਕਮੇਟੀ ਤੇ ਸਿਖ ਵਕੀਲਾਂ ਨੂੰ ਇਸ ਬਾਰੇ ਸੁਪਰੀਮ ਕੋਰਟ ਵਿਚ ਹਿੰਦੂ ਰਾਸ਼ਟਰਵਾਦੀਆਂ ਖਿਲਾਫ ਤੇ ਸਰਕਾਰ ਦੀ ਚੁਪੀ ਖਿਲਾਫ਼ ਮਸਲਾ ਉਠਾਉਣਾ ਚਾਹੀਦਾ ਹੈ।

ਅਜੀਬੋ ਗ਼ਰੀਬ ਦੁਨੀਆਂ

# ਨੀਦਰਲੈਂਡ: ਜਿੱਥੇ ਹੁਣ ਨਹੀਂ ਹੁੰਦੇ ਅਪਰਾਧ !

## ਖ਼ਾਲੀ ਜੇਲ੍ਹਾਂ ਨੂੰ ਰੈਸਟੋਰੈਂਟਾਂ ਵਿੱਚ ਕੀਤਾ ਜਾ ਰਿਹਾ ਹੈ ਤਬਦੀਲ

ਜਦੋਂ ਕਿਸੇ ਦੇਸ਼ ਵਿੱਚ ਅਪਰਾਧ ਦੀ ਦਰ ਵੱਧ ਜਾਂਦੀ ਹੈ, ਤਾਂ ਉਸ ਦੇਸ਼ ਲਈ ਸਥਿਤੀ ਸਭ ਤੋਂ ਮਾੜੀ ਹੁੰਦੀ ਹੈ। ਵਧਦੇ ਅਪਰਾਧਾਂ ਤੋਂ ਜ਼ਿਆਦਾਤਰ ਦੇਸ਼ ਪ੍ਰੇਸ਼ਾਨ ਹਨ। ਭਾਰਤ ਵਿੱਚ ਵੀ ਅਪਰਾਧ ਦਾ ਗ੍ਰਾਫ ਬਹੁਤ ਉੱਚਾ ਹੈ। ਚੋਰੀ, ਲੁੱਟ-ਖੋਹ, ਅਗਵਾ, ਕਤਲ, ਡਕੈਤੀ ਵਰਗੇ ਸਾਰੇ ਮਾਮਲੇ ਨਿੱਤ ਸਾਹਮਣੇ ਆਉਂਦੇ ਹਨ ਪਰ ਇੱਕ ਅਜਿਹਾ ਦੇਸ਼ ਹੈ ਜਿੱਥੇ ਅਪਰਾਧ ਦਾ ਗ੍ਰਾਫ ਲਗਾਤਾਰ ਡਿੱਗ ਰਿਹਾ ਹੈ। ਜਿੱਥੇ ਜੇਲ੍ਹਾਂ ਖਾਲੀ ਹੋ ਗਈਆਂ ਹਨ। ਜਿੱਥੇ ਨਾ ਕੋਈ ਅਪਰਾਧ ਹੈ ਅਤੇ ਨਾ ਹੀ ਅਪਰਾਧੀ।



**ਇੱਕ ਦੇਸ਼ ਜਿੱਥੇ ਖਾਲੀ ਹਨ ਜੇਲ੍ਹਾਂ:** ਇਹ ਦੇਸ਼ ਨੀਦਰਲੈਂਡ ਹੈ। ਯੂਰਪੀ ਦੇਸ਼ਾਂ ’ਚ ਸ਼ਾਮਲ ਨੀਦਰਲੈਂਡ ’ਚ ਅਪਰਾਧ ਦਾ ਗ੍ਰਾਫ ਪਿਛਲੇ ਕੁਝ ਸਾਲਾਂ ’ਚ ਕਾਫੀ ਹੇਠਾਂ ਆਇਆ ਹੈ। ਇਸ ਦੇਸ਼ ਵਿੱਚ ਬਹੁਤ ਘੱਟ ਅਪਰਾਧ ਹੁੰਦੇ ਹਨ, ਜਿਸ ਕਾਰਨ ਇੱਥੋਂ ਦੀਆਂ ਜੇਲ੍ਹਾਂ ਪੂਰੀ ਤਰ੍ਹਾਂ ਖਾਲੀ ਹਨ। ਜਦੋਂ ਦੇਸ਼ ਵਿੱਚ ਕੋਈ ਅਪਰਾਧੀ ਹੀ ਨਹੀਂ ਤਾਂ ਜੇਲ੍ਹਾਂ ਵਿੱਚ ਕਿਸ ਨੂੰ ਡੱਕਿਆ ਜਾਵੇ। ਪ੍ਰਸ਼ਾਸਨ ਜੇਲ੍ਹਾਂ ਵਿੱਚ ਕੰਮ ਕਰ ਰਿਹਾ ਹੈ। ਜੇਲ੍ਹਰ ਦੇ ਨਾਲ-ਨਾਲ ਹੋਰ ਕਰਮਚਾਰੀ ਜੋ ਜੇਲ੍ਹ ਦੀ ਸਾਂਭ-ਸੰਭਾਲ ਕਰਦੇ ਹਨ, ਪਰ ਜੇ ਨਹੀਂ, ਤਾਂ ਸਿਰਫ ਅਪਰਾਧੀ।

**ਜੇਲ੍ਹਾਂ ਨੂੰ ਕੀਤਾ ਜਾ ਰਿਹਾ ਰੈਸਟੋਰੈਂਟਾਂ ਵਿੱਚ ਤਬਦੀਲ** : ਇੱਕ ਪਾਸੇ ਅਪਰਾਧ ਦਰ ਦਾ ਘਟਣਾ ਦੇਸ਼ ਲਈ ਖੁਸ਼ੀ ਦੀ ਗੱਲ ਹੈ, ਦੂਜੇ ਪਾਸੇ ਜੇਲ੍ਹਾਂ ਦਾ ਖਾਲੀ ਹੋਣਾ ਪ੍ਰਸ਼ਾਸਨ ਲਈ ਚਿੰਤਾ ਦਾ ਵਿਸ਼ਾ ਹੈ। ਜੇਲ੍ਹਾਂ ਦੇ ਰੱਖ-ਰਖਾਅ ਅਤੇ ਪ੍ਰਬੰਧਾਂ ’ਤੇ ਪੂਰਾ ਖਰਚ ਕੀਤਾ ਜਾ ਰਿਹਾ ਹੈ, ਪਰ ਇਨ੍ਹਾਂ ਦਾ ਕੋਈ ਫਾਇਦਾ ਨਹੀਂ ਹੈ। ਇਸ ਦੇ ਮੱਦੇਨਜ਼ਰ ਇਸ ਦੇਸ਼ ਦੀਆਂ ਕਈ ਜੇਲ੍ਹਾਂ ਨੂੰ ਰੈਸਟੋਰੈਂਟ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ। ਜੇਲ੍ਹਾਂ ਅੰਦਰ ਵੱਡੇ-ਵੱਡੇ ਰੈਸਟੋਰੈਂਟ ਖੁੱਲ੍ਹ ਗਏ ਹਨ ਅਤੇ ਜੇਲ੍ਹ ਪ੍ਰਸ਼ਾਸਨ ਇਨ੍ਹਾਂ ਨੂੰ ਚਲਾ ਰਿਹਾ ਹੈ।

**ਵਿਦੇਸ਼ਾਂ ਤੋਂ ਲਿਆਂਦੇ ਜਾ ਰਹੇ ਹਨ ਅਪਰਾਧੀ :** ਇਸ ਤੋਂ ਇਲਾਵਾ ਇੱਥੋਂ ਦਾ ਪ੍ਰਸ਼ਾਸਨ ਜੇਲ੍ਹਾਂ ਨੂੰ ਕਿਰਾਏ ’ਤੇ ਦੇਣ ਦੀ ਵੀ ਯੋਜਨਾ ਬਣਾ ਰਿਹਾ ਹੈ। ਇਹ ਲੋਕ ਵਿਦੇਸ਼ਾਂ ਤੋਂ ਅਪਰਾਧੀਆਂ ਨੂੰ ਲਿਆ ਕੇ ਜੇਲ੍ਹਾਂ ਵਿੱਚ ਭਰਨਾ ਚਾਹੁੰਦੇ ਹਨ ਤਾਂ ਜੋ ਖ਼ਾਲੀ ਜੇਲ੍ਹਾਂ ਤੋਂ ਕੁਝ ਆਮਦਨ ਹੋ ਸਕੇ। ਯੂਰਪ ਵਿੱਚ ਹੀ, ਆਲੇ-ਦੁਆਲੇ ਦੇ ਕਈ ਦੇਸ਼ਾਂ ਵਿੱਚ ਅਪਰਾਧ ਦਰ ਬਹੁਤ ਜ਼ਿਆਦਾ ਹੈ। ਅਜਿਹੇ ’ਚ ਜੇਕਰ ਨੀਦਰਲੈਂਡ ਦੀਆਂ ਜੇਲਾਂ ਨੂੰ ਕਿਰਾਏ ’ਤੇ ਦਿੱਤਾ ਜਾਵੇ ਤਾਂ ਦੋਹਾਂ ਦੇਸ਼ਾਂ ਦੀਆਂ ਸਮੱਸਿਆਵਾਂ ਹੱਲ ਹੋ ਸਕਦੀਆਂ ਹਨ। ਇੱਥੋਂ ਦੀ ਸਰਕਾਰ ਨੇ ਕੁਝ ਸਾਲ ਪਹਿਲਾਂ ਨਾਰਵੇ ਨਾਲ ਸਮਝੌਤਾ ਕੀਤਾ ਸੀ ਅਤੇ ਨਾਰਵੇ ਤੋਂ ਇੱਥੇ ਅਪਰਾਧੀ ਵੀ ਭੇਜੇ ਜਾਂਦੇ ਸਨ।

ਜੇਲ੍ਹਾਂ ਵਿੱਚ ਕੈਦੀਆਂ ਨੂੰ ਮਿਲਦੀ ਹੈ

**ਇੰਟਰਨੈੱਟ ਦੀ ਸਹੂਲਤ** : ਨੀਦਰਲੈਂਡ ਦੀਆਂ ਜੇਲ੍ਹਾਂ ਕਾਫੀ ਹਾਈਟੈਕ ਹਨ। ਇੱਥੇ ਬੰਦ ਕੈਦੀਆਂ ਲਈ ਜੇਲ੍ਹਾਂ ਅੰਦਰ ਸਾਰੀਆਂ ਸਹੂਲਤਾਂ ਦਾ ਪ੍ਰਬੰਧ ਕੀਤਾ ਗਿਆ ਹੈ। ਇੱਥੋਂ ਤੱਕ ਕਿ ਕੈਦੀਆਂ ਨੂੰ ਰਾਤ ਨੂੰ ਇੰਟਰਨੈੱਟ ਮੁਹੱਈਆ ਕਰਵਾਇਆ ਜਾਂਦਾ ਹੈ ਤਾਂ ਜੋ ਉਹ ਸੌਣ ਤੋਂ ਪਹਿਲਾਂ ਆਪਣੇ ਬੱਚਿਆਂ ਨੂੰ ਕਹਾਣੀਆਂ ਸੁਣਾ ਸਕਣ। ਨੀਦਰਲੈਂਡ ਦੁਨੀਆਂ ਦੇ ਅਮੀਰ ਦੇਸ਼ਾਂ ਵਿੱਚ ਗਿਣਿਆ ਜਾਂਦਾ ਹੈ। ਉਨ੍ਹਾਂ ਦੀ ਆਰਥਿਕਤਾ ਦੁਨੀਆਂ ਵਿੱਚ 15ਵੇਂ ਨੰਬਰ ’ਤੇ ਆਉਂਦੀ ਹੈ ਅਤੇ ਇੱਥੋਂ ਦੀ ਸਰਕਾਰ ਨਾਗਰਿਕਾਂ ਨੂੰ ਬਿਹਤਰ ਸਹੂਲਤਾਂ ਦੇਣ ਲਈ ਹਰ ਸੰਭਵ ਕੋਸ਼ਿਸ਼ ਕਰਦੀ ਹੈ। ਇਸ ਦੇਸ਼ ਦੀ ਆਬਾਦੀ ਵੀ ਬਹੁਤ ਘੱਟ ਹੈ ਅਤੇ ਇਹ ਸਾਰੇ ਕਾਰਨ ਹਨ ਜੋ ਇੱਥੇ ਅਪਰਾਧ ਦੇ ਗ੍ਰਾਫ ਨੂੰ ਘਟਾਉਂਦੇ ਹਨ।

**ਇਸ ਦੇਸ਼ ਵਿੱਚ ਸਜ਼ਾ ਬਹੁਤ ਘੱਟ ਹੈ** : ਅਪਰਾਧ ਘਟਣ ਤੋਂ ਇਲਾਵਾ ਇੱਥੋਂ ਦੀਆਂ ਜੇਲ੍ਹਾਂ ਖਾਲੀ ਹੋਣ ਦੇ ਹੋਰ ਵੀ ਕਈ ਕਾਰਨ ਹਨ। ਇੱਥੇ ਜ਼ਿਆਦਾਤਰ ਅਪਰਾਧਾਂ ਲਈ 1 ਤੋਂ 3 ਮਹੀਨੇ ਦੀ ਸਜ਼ਾ ਦਾ ਪ੍ਰਬੰਧ ਹੈ। ਯਾਨੀ ਵੱਧ ਤੋਂ ਵੱਧ ਤਿੰਨ ਮਹੀਨਿਆਂ ਵਿੱਚ ਹੀ ਜੇਲ੍ਹਾਂ ਖਾਲੀ ਹੋ ਜਾਂਦੀਆਂ ਹਨ। ਇਸ ਤੋਂ ਇਲਾਵਾ ਇੱਥੇ ਅਪਰਾਧੀਆਂ ਨੂੰ ਸਜ਼ਾ ਦੇਣ ਦੇ ਹੋਰ ਤਰੀਕੇ ਵੀ ਅਪਣਾਏ ਜਾਂਦੇ ਹਨ। ਕਿਸੇ ਅਪਰਾਧੀ ਨੂੰ ਸਜ਼ਾ ਦੇਣ ਲਈ ਉਸ ਨੂੰ ਦੇਸ਼ ਦੇ ਭਲਾਈ ਦੇ ਕੰਮਾਂ ਨਾਲ ਜੋੜਿਆ ਜਾਂਦਾ ਹੈ। ਜਿਵੇਂ ਸੜਕਾਂ ਬਣਾਉਣ, ਸਿੰਚਾਈ, ਸਫ਼ਾਈ ਅਤੇ ਹੋਰ ਕੰਮਾਂ ਵਿੱਚ ਅਪਰਾਧੀਆਂ ਨੂੰ ਲਾਇਆ ਜਾਂਦਾ ਹੈ ਅਤੇ ਇਹ ਉਨ੍ਹਾਂ ਦੀ ਸਜ਼ਾ ਹੈ।

## ਚੰਦਰਮਾ ’ਤੇ ਘਰ ਬਣਾਉਣ ਲਈ 3ਡੀ ਤਕਨੀਕ ਵਿਕਸਿਤ ਕਰ ਰਿਹਾ ਹੈ ਚੀਨ





ਚੀਨ ਅਜਿਹੀ ਤਕਨੀਕ ਵਿਕਸਿਤ ਕਰ ਰਿਹਾ ਹੈ ਜੋ ਚੰਦਰਮਾ ’ਤੇ ਇਮਾਰਤਾਂ ਬਣਾਉਣ ਲਈ ਫਾਇਦੇਮੰਦ ਹੋਵੇਗੀ। ਇਸ ਦੇ ਲਈ ਚੀਨ 3ਡੀ ਪ੍ਰਿੰਟਿੰਗ ਦਾ ਸਹਾਰਾ ਲੈ ਰਿਹਾ ਹੈ। 2020 ਵਿੱਚ, ਉਸਨੇ ‘ਚੰਗਸ 5’ ਨਾਮ ਦਾ ਚੰਦਰਯਾਨ ਭੇਜਿਆ। ਚਾਂਗ ਚੀਨ ਦੇ ਇੱਕ ਮਿਥਿਹਾਸਕ ਦੇਵਤੇ ਦਾ ਨਾਮ ਹੈ, ਜਿਸਦੇ ਨਾਮ ਉੱਤੇ ਚੀਨ ਨੇ ਆਪਣਾ ਮਿਸ਼ਨ ਰੱਖਿਆ ਹੈ। 2013 ਵਿੱਚ, ਚੀਨ ਨੇ ਪਹਿਲੀ ਵਾਰ ਚੰਦਰਮਾ ’ਤੇ ਆਪਣਾ ਵਾਹਨ ਉਤਾਰਿਆ ਸੀ ਅਤੇ ਉਹ 2030 ਤੱਕ ਆਪਣੇ ਲੋਕਾਂ ਨੂੰ ਉੱਥੇ ਭੇਜਣ ਦਾ ਇਰਾਦਾ ਰੱਖਦਾ ਹੈ।

**ਚਾਂਗਸ-8 ਦੀ ਤਿਆਰੀ**

ਉਦੋਂ ਤੱਕ ਚੀਨ ਨੇ ਚਾਂਗ ਦੇ ਮਿਸ਼ਨ ਤਹਿਤ ਤਿੰਨ ਹੋਰ ਵਾਹਨ ਭੇਜੇ ਹੋਣਗੇ। ਇਨ੍ਹਾਂ ਮੁਹਿੰਮਾਂ ਤਹਿਤ ਚੰਦਰਮਾ ’ਤੇ ਲੰਬੇ ਸਮੇਂ ਤੱਕ ਟਿਕੇ ਰਹਿਣ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਇਆ ਜਾਵੇਗਾ। ਚਾਈਨਾ ਡੇਲੀ ਨੇ ਚਾਈਨਾ ਸਪੇਸ ਐਡਮਿਨਿਸਟ੍ਰੇਸ਼ਨ ਦੇ ਇੱਕ ਵਿਗਿਆਨੀ ਵੀਰੇਨ ਦਾ ਹਵਾਲਾ ਦਿੰਦੇ ਹੋਏ ਲਿਖਿਆ ਹੈ ਕਿ ਚਾਂਗ 8 ਦੇ ਤਹਿਤ ਚੀਨੀ ਵਿਗਿਆਨੀ ਚੰਦਰਮਾ ਦੀਆਂ ਸਥਿਤੀਆਂ ਅਤੇ ਖਣਿਜ ਰਚਨਾ ਦਾ ਅਧਿਐਨ ਕਰਨਗੇ ਅਤੇ ਇਹ ਸਮਝਣ ਦੀ ਕੋਸ਼ਿਸ਼ ਕਰਨਗੇ ਕਿ ਚੰਦਰਮਾ ਦੀ ਸਤ੍ਹਾ ’ਤੇ 3ਡੀ ਪ੍ਰਿੰਟਿੰਗ ਵਰਗੀਆਂ ਸਫਲ ਤਕਨੀਕਾਂ ਕਿੰਨੀਆਂ ਸਫਲ ਹਨ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ ’ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਅੰਤਰਰਾਸ਼ਟਰੀ ਝਰੋਖਾ

## ਅਮਰੀਕਾ ਵਿੱਚ 15.6 ਮਿਲੀਅਨ ਬੱਚੇ ਕੋਵਿਡ ਤੋਂ ਪ੍ਰਭਾਵਿਤ

ਵਾਸ਼ਿੰਗਟਨ: ਤਾਜ਼ਾ ਰਿਪੋਰਟ ਦੇ ਅਨੁਸਾਰ, 2020 ਦੇ ਸ਼ੁਰੂ ਵਿੱਚ ਮਹਾਂਮਾਰੀ ਦੀ ਸ਼ੁਰੂਆਤ ਤੋਂ ਬਾਅਦ ਅਮਰੀਕਾ ਵਿੱਚ ਲਗਭਗ 15.6 ਮਿਲੀਅਨ ਬੱਚਿਆਂ ਵਿੱਚ ਕੋਵਿਡ -19 ਲਈ ਸਕਾਰਾਤਮਕ ਟੈਸਟ ਕੀਤੇ ਗਏ ਹਨ।



ਅਮੈਰੀਕਨ ਅਕੈਡਮੀ ਆਫ ਪੀਡੀਆਟ੍ਰਿਕਸ (ਏਏਪੀ) ਅਤੇ ਚਿਲਡਰਨ ਹਸਪਤਾਲ ਐਸੋਸੀਏਸ਼ਨ ਦੀ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ 20 ਅਪ੍ਰੈਲ ਨੂੰ ਖਤਮ ਹੋਏ ਹਫ਼ਤੇ ਵਿੱਚ ਲਗਭਗ 9,000 ਬਾਲ ਕੋਵਿਡ -19 ਕੇਸ ਦਰਜ ਕੀਤੇ ਗਏ ਸਨ।ਪਿਛਲੇ 7 ਮਹੀਨਿਆਂ ਵਿੱਚ, ਹਫਤਾਵਾਰੀ ਰਿਪੋਰਟ ਕੀਤੇ ਗਏ ਬਾਲ ਕੇਸਾਂ ਵਿੱਚ ਔਸਤਨ 27,000 ਕੇਸ ਦਰਜ ਕੀਤੇ ਗਏ ਹਨ, ਜਦੋਂ ਕਿ ਪਿਛਲੇ ਚਾਰ ਹਫ਼ਤਿਆਂ ਵਿੱਚ ਔਸਤ ਰਿਪੋਰਟ ਕੀਤੇ ਗਏ ਹਫ਼ਤਾਵਾਰੀ ਕੇਸਾਂ ਦੀ ਗਿਣਤੀ ਘਟ ਕੇ ਲਗਭਗ 11,000 ਹੋ ਗਈ ਹੈ।ਰਿਪੋਰਟ ਕੀਤੇ ਗਏ ਕੇਸ ਸੰਭਾਵਤ ਤੌਰ 'ਤੇ ਬੱਚਿਆਂ ਵਿੱਚ ਕੋਵਿਡ -19 ਮਾਮਲਿਆਂ ਦੀ ਕਾਫ਼ੀ ਘੱਟ ਗਿਣਤੀ ਹਨ, ਇਸ ਵਿੱਚ ਕਿਹਾ ਗਿਆ ਹੈ।ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਨਵੇਂ ਰੂਪਾਂ ਨਾਲ ਸਬੰਧਤ ਬਿਮਾਰੀ ਦੀ ਗੰਭੀਰਤਾ ਦੇ ਨਾਲ-ਨਾਲ ਸੰਭਾਵੀ ਲੰਬੇ ਸਮੇਂ ਦੇ ਪ੍ਰਭਾਵਾਂ ਦਾ ਮੁਲਾਂਕਣ ਕਰਨ ਲਈ ਵਧੇਰੇ ਉਮਰ-ਵਿਸ਼ੇਸ਼ ਡੇਟਾ ਇਕੱਤਰ ਕਰਨ ਦੀ ਜ਼ਰੂਰਤ ਹੈ।

ਇਹ ਜਾਣਨਾ ਮਹੱਤਵਪੂਰਨ ਹੈ ਕਿ ਬੱਚਿਆਂ ਦੀ ਸਿਹਤ 'ਤੇ ਮਹਾਂਮਾਰੀ ਦੇ ਤੁਰੰਤ ਪ੍ਰਭਾਵ ਹਨ, ਪਰ ਮਹੱਤਵਪੂਰਨ ਤੌਰ 'ਤੇ ਬੱਚਿਆਂ ਅਤੇ ਨੌਜਵਾਨਾਂ ਦੀ ਇਸ ਪੀੜ੍ਹੀ ਦੇ ਸਰੀਰਕ, ਮਾਨਸਿਕ ਅਤੇ ਸਮਾਜਿਕ ਤੰਦਰੁਸਤੀ 'ਤੇ ਲੰਬੇ ਸਮੇਂ ਤੱਕ ਰਹਿਣ ਵਾਲੇ ਪ੍ਰਭਾਵਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਹੱਲ ਕਰਨ ਦੀ ਜ਼ਰੂਰਤ ਹੈ।

ਕੋਵਿਡ -19 ਦੇ ਕੇਸਾਂ ਅਤੇ ਮੌਤਾਂ ਦੋਵਾਂ ਦੀ ਸਭ ਤੋਂ ਵੱਧ ਸੰਖਿਆ ਦੇ ਨਾਲ ਅਮਰੀਕਾ ਦੁਨੀਆ ਦਾ ਸਭ ਤੋਂ ਪ੍ਰਭਾਵਿਤ ਦੇਸ਼ ਬਣਿਆ ਹੋਇਆ ਹੈ।

## ਯੂਰੋਪ ਵਿੱਚ ਹਰ ਸਾਲ ਹੋ ਜਾਂਦੀ ਹੈ ਹਵਾ ਪ੍ਰਦੂਸ਼ਣ ਕਾਰਨ 1200 ਨੌਜਵਾਨਾਂ ਦੀ ਮੌਤ

ਕੋਪੇਨਹੇਗਨ/ਏ.ਟੀ.ਨਿਊਜ਼ :ਯੂਰੋਪੀਅਨ ਐਨਵਾਇਰਮੈਂਟ ਏਜੰਸੀ (ਈਈਏ) ਵੱਲੋਂ ਜਾਰੀ ਇੱਕ ਨਵੀਂ ਰਿਪੋਰਟ ਅਨੁਸਾਰ ਯੂਰੋਪ ਵਿੱਚ ਹਰ ਸਾਲ ਹਵਾ ਪ੍ਰਦੂਸ਼ਣ ਕਾਰਨ 1,200 ਤੋਂ ਵੱਧ ਬੱਚੇ ਅਤੇ ਨੌਜਵਾਨਾਂ ਦੀ ਮੌਤ ਹੋ ਜਾਂਦੀ ਹੈ।

ਕੋਪੇਨਹੇਗਨ ਸਥਿਤ ਏਜੰਸੀ ਨੇ ਆਪਣੀ ਰਿਪੋਰਟ 'ਚ ਕਿਹਾ ਕਿ ਬੱਚੇ ਗਰਭ 'ਚ ਹੋਣ ਤੋਂ ਲੈ ਕੇ ਜਵਾਨੀ ਤੱਕ ਹਵਾ ਪ੍ਰਦੂਸ਼ਣ ਪ੍ਰਤੀ ਖਾਸ ਤੌਰ 'ਤੇ ਸੰਵੇਦਨਸ਼ੀਲ ਹੁੰਦੇ ਹਨ।ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹਾਲਾਂਕਿ ਇਸ ਉਮਰ ਸਮੂਹ ਵਿੱਚ ਸਮੇਂ ਤੋਂ ਪਹਿਲਾਂ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਹਰ ਸਾਲ ਅਨੁਮਾਨਿਤ ਯੂਰੋਪੀਅਨ ਆਬਾਦੀ ਨਾਲੋਂ ਘੱਟ ਹੈ, ਜੀਵਨ ਦੇ ਸ਼ੁਰੂ ਵਿੱਚ ਹੋਣ ਵਾਲੀਆਂ ਮੌਤਾਂ ਭਵਿੱਖ ਦੀ ਸੰਭਾਵਨਾ ਦੇ ਨੁਕਸਾਨ ਨੂੰ ਦਰਸਾਉਂਦੀਆਂ ਹਨ ਅਤੇ ਵੱਡੀ ਉਮਰ ਵਿੱਚ ਬਿਮਾਰੀ ਦਾ ਇੱਕ ਮਹੱਤਵਪੂਰਨ ਬੋਝ ਹੁੰਦਾ ਹੈ।

ਉੱਚ ਹਵਾ ਪ੍ਰਦੂਸ਼ਣ ਦੇ ਸੰਪਰਕ ਵਿੱਚ ਆਉਣ ਨਾਲ ਅਸਥਮਾ ਦੀਆਂ ਉੱਚ ਦਰਾਂ ਵੀ ਹੁੰਦੀਆਂ ਹਨ, ਇੱਕ ਬਿਮਾਰੀ ਜੋ ਪਹਿਲਾਂ ਹੀ ਯੂਰਪ ਵਿੱਚ 9 ਪ੍ਰਤੀਸ਼ਤ ਬੱਚਿਆਂ ਅਤੇ ਕਿਸ਼ੋਰਾਂ ਨੂੰ ਪ੍ਰਭਾਵਿਤ ਕਰਦੀ ਹੈ। ਇਸ ਦੇ ਨਾਲ ਹੀ ਫੇਫੜਿਆਂ ਦੀ ਕਾਰਜਕੁਸ਼ਲਤਾ, ਸਾਹ ਦੀ ਲਾਗ ਅਤੇ ਐਲਰਜੀ ਨਾਲ ਲੜਨ ਦੀ ਸਮਰੱਥਾ ਵੀ ਘੱਟ ਜਾਂਦੀ ਹੈ।

ਰਿਪੋਰਟ ਵਿੱਚ ਯੂਰੋਪੀਅਨ ਯੂਨੀਅਨ ਦੇ 27 ਮੈਂਬਰ ਰਾਜਾਂ ਸਮੇਤ 30 ਦੇਸ਼ਾਂ ਨੂੰ ਸ਼ਾਮਲ ਕੀਤਾ ਗਿਆ, ਪਰ ਰੂਸ, ਯੂਕਰੇਨ ਅਤੇ ਯੂਕੇ ਵਰਗੇ ਵੱਡੇ ਉਦਯੋਗਿਕ ਦੇਸ਼ਾਂ ਨੂੰ ਬਾਹਰ ਰੱਖਿਆ ਗਿਆ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਹਵਾ ਪ੍ਰਦੂਸ਼ਣ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਇਸ ਤੋਂ ਵੀ ਵੱਧ ਹੋ ਸਕਦੀ ਹੈ।

## ਵਿਦਿਆਰਥੀ 'ਤੇ ਹਮਲੇ ਦੇ ਮਾਮਲੇ 'ਚ 4 ਗ੍ਰਿਫ਼ਤਾਰ

ਸੈਕਰਾਮੈਂਟੋ ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਦੇ ਪੈਨਸਿਲਵਾਨੀਆ ਰਾਜ ਵਿਚ ਸਥਿੱਤ ਲੀਹਾਈ ਯੁਨੀਵਰਸਿਟੀ ਦੇ ਇਕ ਕਾਲੇ ਵਿਦਿਆਰਥੀ 'ਤੇ ਕਥਿੱਤ ਤੌਰ 'ਤੇ ਹਮਲਾ ਕਰਨ ਤੇ ਨਸਲੀ ਟਿੱਪਣੀਆਂ ਕਰਨ ਦੇ ਮਾਮਲੇ ਵਿੱਚ 4 ਵਿਅਕਤੀਆਂ ਨੂੰ ਗ੍ਰਿਫਤਾਰ ਕਰਨ ਦੀ ਰਿਪੋਰਟ ਹੈ। ਨਾਰਥੈਂਪਟਨ ਕਾਊਂਟੀ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਗ੍ਰਿਫਤਾਰ ਵਿਅਕਤੀਆਂ ਵਿੱਚ ਬਰੈਂਡਨ ਜੌਹਨ (22), ਮਿਸਾਲ ਰੋਸਟਾ (21), ਨਾਬਿਲ ਜਮੀਲ (22) ਤੇ ਕੈਮਰਨ ਗਰਾਫ (22) ਸ਼ਾਮਿਲ ਹਨ। ਇਨਾਂ ਵਿਰੁੱਧ ਵੱਖ ਵੱਖ ਦੋਸ਼ ਆਇਦ ਕੀਤੇ ਗਏ ਹਨ ਜਿਨ੍ਹਾਂ ਵਿੱਚ ਹਮਲਾ ਕਰਨ, ਲੁੱਟਮਾਰ ਤੇ ਪ੍ਰੇਸ਼ਾਨ ਕਰਨ ਵਰਗੇ ਦੋਸ਼ ਸ਼ਾਮਿਲ ਹਨ। ਡਿਸਟ੍ਰਿਕਟ ਅਟਾਰਨੀ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਇਨਾਂ ਚਾਰਾਂ ਦਾ ਯੁਨੀਵਰਸਿਟੀ ਨਾਲ ਕੋਈ ਸਬੰਧ ਨਹੀਂ ਹੈ।

## ਆਸਟਰੇਲੀਆ ਦੇ ਮਸ਼ਹੂਰ ਸ਼ੈੱਫ ਜੌਕ ਜ਼ੋਨਫ੍ਰੀਲੋ ਦੀ ਮੌਤ

ਸਿਡਨੀ/ਏ.ਟੀ.ਨਿਊਜ਼: ਮਾਸਟਰ ਸ਼ੈੱਫ ਆਸਟ੍ਰੇਲੀਆ ਦੇ ਅਵਾਰਡ ਜੇਤੂ ਸ਼ੈੱਫ ਅਤੇ ਮੇਜ਼ਬਾਨ ਜੌਕ ਜ਼ੋਨਫ੍ਰੀਲੋ ਦਾ 46 ਸਾਲ ਦੀ ਉਮਰ ਵਿੱਚ ਅਚਾਨਕ ਦਿਹਾਂਤ ਹੋ ਗਿਆ, ਜਿਸ ਨਾਲ ਰਸੋਈ ਅਤੇ ਮਨੋਰੰਜਨ ਜਗਤ ਸਦਮੇ ਵਿੱਚ ਹੈ।ਜ਼ੋਨਫ੍ਰੀਲੋ ਇੱਕ ਮਸ਼ਹੂਰ ਸ਼ੈੱਫ ਸੀ ਜਿਸਨੇ ਆਸਟ੍ਰੇਲੀਆ ਵਿੱਚ ਆਪਣਾ ਖੁਦ ਦਾ ਰੈਸਟੋਰੈਂਟ ਖੋਲ੍ਹਣ ਤੋਂ ਪਹਿਲਾਂ ਦੁਨੀਆ ਭਰ ਦੇ ਵੱਕਾਰੀ ਰੈਸਟੋਰੈਂਟਾਂ ਵਿੱਚ ਕੰਮ ਕੀਤਾ ਸੀ। ਉਹ ਆਪਣੇ ਪਿੱਛੇ ਪਤਨੀ ਅਤੇ ਚਾਰ ਬੱਚੇ ਛੱਡ ਗਏ ਹਨ। ਵਿਕਟੋਰੀਆ ਪੁਲਿਸ ਨੂੰ ਵੈਲਫੇਅਰ ਚੈਕਿੰਗ ਦੌਰਾਨ ਮੈਲਬੌਰਨ ਵਿੱਚ ਇੱਕ ਘਰ ਵਿੱਚ ਜ਼ੋਨਫ੍ਰੀਲੋ ਦੀ ਲਾਸ਼ ਮਿਲੀ ਅਤੇ ਉਨ੍ਹਾਂ ਨੇ ਕਿਹਾ ਕਿ ਮੌਤ ਸ਼ੱਕੀ ਨਹੀਂ ਹੈ।ਗਲਾਸਗੋ, ਸਕਾਟਲੈਂਡ ਵਿੱਚ ਜਨਮਿਆ, ਜ਼ੋਨਫ੍ਰੀਲੋ ਸਿਰਫ 15 ਸਾਲ ਦੀ ਉਮਰ ਵਿੱਚ ਟਰਨਬੇਰੀ ਹੋਟਲ ਵਿੱਚ ਸਭ ਤੋਂ ਘੱਟ ਉਮਰ ਦੇ ਅਪ੍ਰੈਂਟਿਸਾਂ ਵਿੱਚੋਂ ਇੱਕ ਬਣ ਗਿਆ, ਪਹਿਲਾਂ ਹੀ 3 ਸਾਲਾਂ ਲਈ ਰਸੋਈ ਦੀ ਦੁਨੀਆ ਵਿੱਚ ਕੰਮ ਕਰ ਚੁੱਕਾ ਹੈ। ਉਸਨੇ ਜਲਦੀ ਹੀ ਮਿਸ਼ੇਲਿਨ-ਸਟਾਰਡ ਬ੍ਰਿਟਿਸ਼ ਸ਼ੈੱਫ ਮਾਰਕੋ ਪਿਅਰੇ ਵ੍ਹਾਈਟ ਦਾ ਧਿਆਨ ਖਿੱਚ ਲਿਆ ਅਤੇ ਆਪਣੇ ਮਸ਼ਹੂਰ ਹਾਈਡ ਪਾਰਕ ਹੋਟਲ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ।



ਆਪਣੇ ਸਫਲ ਕੈਰੀਅਰ ਦੇ ਬਾਵਜੂਦ, ਜ਼ੋਨਫ੍ਰੀਲੋ ਨੇ ਆਪਣੇ ਕਿਸ਼ੋਰ ਸਾਲਾਂ ਵਿੱਚ ਨਸ਼ੇ ਦੀ ਲਤ ਨਾਲ ਸੰਘਰਸ਼ ਕੀਤਾ, ਜਿਸ ਬਾਰੇ ਉਸਨੇ (ਬਾਕੀ ਸਫ਼ਾ 31 'ਤੇ)

## ਹਫ਼ਤੇ 'ਚ ਘੱਟੋ-ਘੱਟ ਤਿੰਨ ਦਿਨ ਇੱਕ ਮੁੱਠੀ ਅਖਰੋਟ ਖਾਣ ਨਾਲ ਨਾਬਾਲਗਾਂ 'ਚ ਤੇਜੀ ਨਾਲ ਵਧਦੀ ਹੈ ਇਕਾਗਰਤਾ

### ਸਪੇਨ ਦੇ ਖੋਜੀਆਂ ਨੇ ਕੀਤਾ ਨਵੇਂ ਅਧਿਐਨ ਵਿਚ ਖ਼ੁਲਾਸਾ

ਲੰਡਨ : ਅਖਰੋਟ ਇਕਾਗਰਤਾ ਵਧਾਉਣ ਵਿੱਚ ਮਦਦਗਾਰ ਹੋ ਸਕਦਾ ਹੈ। ਇੱਕ ਅਧਿਐਨ ਵਿੱਚ ਸਾਹਮਣੇ ਆਇਆ ਹੈ ਕਿ ਹਰ ਰੋਜ਼ ਜਾਂ ਹਫ਼ਤੇ ਵਿੱਚ ਘੱਟੋ-ਘੱਟ ਤਿੰਨ ਦਿਨ ਇੱਕ ਮੁੱਠੀ ਅਖਰੋਟ ਖਾਣ ਨਾਲ ਨਾਬਾਲਗਾਂ ਵਿੱਚ ਇਕਾਗਰਤਾ ਤੇਜ਼ੀ ਨਾਲ ਵਧਦੀ ਹੈ। ਇਹ ਅਧਿਐਨ ਸਪੇਨ ਦੇ ਖੋਜੀਆਂ ਨੇ ਕੀਤਾ ਹੈ। ਇਸ ਨੂੰ ਜਰਨਲ ਈ ਕਲੀਨਿਕਲ ਮੈਡੀਸਨ ਵਿਚ ਪ੍ਰਕਾਸ਼ਿਤ ਕੀਤਾ ਗਿਆ ਹੈ।



ਇਹ ਪਾਇਆ ਗਿਆ ਹੈ ਕਿ ਰੋਜ਼ਾਨਾ ਆਧਾਰ 'ਤੇ ਅਖਰੋਟ ਖਾਣ ਨਾਲ ਨਾਬਾਲਗਾਂ ਦੇ ਬੋਧਾਤਮਕ ਹੁਨਰ ਵਿੱਚ ਮਹੱਤਵਪੂਰਨ ਵਾਧਾ ਹੁੰਦਾ ਹੈ। ਇਸ ਦੇ ਨਾਲ ਹੀ ਇਹ ਉਨ੍ਹਾਂ ਦੀ ਮਨੋਵਿਗਿਆਨਕ ਪਰਿਪੱਕਤਾ ਨੂੰ ਵਧਾਉਣ ਵਿੱਚ ਵੀ ਮਦਦਗਾਰ ਹੈ।ਖੋਜੀਆਂ ਦੇ ਅਨੁਸਾਰ, ਪਿਛਲੇ ਅਧਿਐਨਾਂ ਨੇ ਮਾਨਸਿਕ ਸਿਹਤ 'ਤੇ ਬਦਾਮ ਦੇ ਪ੍ਰਭਾਵ ਨੂੰ ਦਰਸਾਇਆ ਹੈ। ਉਹ ਦਾਅਵਾ ਕਰਦੇ ਹਨ ਕਿ ਕਿਸ਼ੋਰ ਅਵਸਥਾ ਵਿੱਚ ਬੋਧਾਤਮਕ ਵਿਕਾਸ 'ਤੇ ਅਜਿਹੇ ਖਪਤ ਦੇ ਪ੍ਰਭਾਵ ਦੀ ਕਦੇ ਵੀ ਜਾਂਚ ਨਹੀਂ ਕੀਤੀ ਗਈ ਹੈ। ਅਖਰੋਟ ਅਲਫ਼ਾ-ਲਿਨੋਲੇਨਿਕ ਫੈਟੀ ਐਸਿਡ ਨਾਲ ਭਰਪੂਰ ਹੁੰਦਾ ਹੈ। ਇਹ ਓਮੇਗਾ-3 ਦੀ ਇਕ ਕਿਸਮ ਹੈ, ਜੋ ਦਿਮਾਗ ਦੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ, ਖਾਸ ਕਰਕੇ ਨਾਬਾਲਿਗ ਅਵਸਥਾ ਦੌਰਾਨ।ਖੋਜ ਵਿੱਚ 700 ਨਾਬਾਲਿਗਾਂ ਨੇ ਹਿੱਸਾ ਲਿਆ। ਨਾਬਾਲਿਗਾਂ ਨੂੰ ਰੋਜ਼ਾਨਾ ਲਗਭਗ 30 ਗ੍ਰਾਮ ਅਖਰੋਟ ਦਿੱਤੇ ਗਏ ਸਨ। ਉਨ੍ਹਾਂ ਨੂੰ ਛੇ ਮਹੀਨੇ ਲਗਾਤਾਰ ਇਸੇ ਤਰ੍ਹਾਂ ਇਨ੍ਹਾਂ ਨੂੰ ਖਾਣ ਲਈ ਕਿਹਾ ਗਿਆ। ਇਹ ਪਾਇਆ ਗਿਆ ਕਿ ਜਿਨ੍ਹਾਂ ਲੋਕਾਂ ਨੇ 100 ਦਿਨਾਂ ਤੱਕ ਇਸ ਦੀ ਵਰਤੋਂ ਕੀਤੀ, ਉਨ੍ਹਾਂ ਦੀ ਇਕਾਗਰਤਾ ਵਿੱਚ ਕਾਫ਼ੀ ਸੁਧਾਰ ਹੋਇਆ ਹੈ।

## ਟੋਰਾਂਟੋ ਵਿਖੇ 41 ਭਾਰਤੀਆਂ 'ਤੇ 17 ਕਰੋੜ ਦੀਆਂ ਕਾਰਾਂ ਦੀ ਚੋਰੀ ਬਾਰੇ ਲੱਗੇ ਦੋਸ਼, ਮਾਮਲਾ ਦਰਜ

### ਟੋਰਾਂਟੋ ਪੁਲਿਸ ਅਨੁਸਾਰ 39 ਮੁਲਜ਼ਮ ਪੰਜਾਬੀ ਮੂਲ ਦੇ

ਟੋਰਾਂਟੋ : ਪੀਲ ਰੀਜਨ ਦੇ ਅਧੀਨ ਟੋਰਾਂਟੋ ਪੁਲਿਸ ਨੇ ਜੀਟੀਏ ਵਿੱਚ ਕਾਰ ਚੋਰੀ ਦੇ ਇੱਕ ਵੱਡੇ ਰੈਕੇਟ ਵਿੱਚ 119 ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਮਾਮਲੇ ਸਬੰਧੀ ਜਾਣਕਾਰੀ ਦਿੰਦੇ ਹੋਏ ਪੁਲਿਸ ਨੇ ਦੱਸਿਆ ਕਿ 'ਪ੍ਰੋਜੈਕਟ ਸਟੈਲੀਅਨ' ਨਾਮ ਦੀ ਮਹੀਨਿਆਂ ਤੱਕ ਚੱਲੀ ਜਾਂਚ ਵਿੱਚ ਉਨ੍ਹਾਂ ਦੇ ਕਬਜ਼ੇ ਵਿੱਚੋਂ 556 ਚੋਰੀ ਹੋਏ ਵਾਹਨ ਬਰਾਮਦ ਕੀਤੇ ਗਏ ਹਨ। ਗ੍ਰਿਫ਼ਤਾਰ ਵਿਅਕਤੀਆਂ ਵਿੱਚ 41 ਭਾਰਤੀ ਹਨ ਅਤੇ 39 ਪੰਜਾਬ ਦੇ ਹਨ। ਪੁਲਿਸ ਨੇ ਅਜੇ ਤੱਕ ਕਾਰ ਚੋਰੀ ਦੇ ਕੇਸਾਂ ਵਿੱਚ ਦਰਜ ਮੁਲਜ਼ਮਾਂ ਦੀ ਪਛਾਣ ਨਹੀਂ ਦੱਸੀ ਹੈ।

ਟੋਰਾਂਟੋ ਪੁਲਿਸ ਦੇ ਸੁਪਰਡੈਂਟ ਰੌਬ ਟਵੈਰਨਰ ਨੇ ਦੱਸਿਆ ਕਿ ਉਨ੍ਹਾਂ ਨੇ ਪਿਛਲੇ ਦਿਨਾਂ ਵਿੱਚ ਚੋਰੀ ਹੋਈਆਂ 556 ਕਾਰਾਂ ਬਰਾਮਦ ਕੀਤੀਆਂ ਹਨ ਜਿਨ੍ਹਾਂ ਦੀ ਕੀਮਤ ਕਰੀਬ 27 ਲੱਖ ਡਾਲਰ ਹੈ। ਇਸ ਮਾਮਲੇ ਵਿੱਚ ਪੁਲਿਸ ਨੇ 119 ਜਣਿਆਂ ਨੂੰ ਨਾਮਜ਼ਦ ਕੀਤਾ ਹੈ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਵਿੱਚੋਂ 47 ਮੁਲਜ਼ਮ ਪੰਜਾਬੀ ਮੂਲ ਦੇ ਹਨ। ਪੁਲਿਸ ਅਫ਼ਸਰ ਨੇ ਦੱਸਿਆ ਕਿ ਉਨ੍ਹਾਂ ਕੁਝ ਕਾਰਾਂ ਮੌਂਟਰੀਅਲ ਦੀ ਬੰਦਰਗਾਹ ਤੋਂ ਉਸ ਵੇਲੇ ਬਰਾਮਦ ਕੀਤੀਆਂ, ਜਦੋਂ ਉਨ੍ਹਾਂ ਨੂੰ ਕੰਟੇਨਰਾਂ ਵਿੱਚ ਵਿਦੇਸ਼ ਭੇਜਿਆ ਜਾ ਰਿਹਾ ਸੀ। ਪੁਲਿਸ ਨੇ ਮੁਲਜ਼ਮਾਂ ਦੀ ਸੂਚੀ ਜਾਰੀ ਕਰ ਕੇ ਅਗਲੀ ਕਾਰਵਾਈ ਆਰੰਭ ਦਿੱਤੀ ਹੈ।

2022 ਵਿੱਚ ਸ਼ੁਰੂ ਹੋਈ ਸੀ ਜਾਂਚ

ਨਵੰਬਰ 2022 ਵਿੱਚ ਇੱਕ ਸਾਲ ਦੌਰਾਨ ਜੀਟੀਏ ਵਿੱਚ ਲਗਭਗ 2000 ਵਾਹਨ ਚੋਰੀ ਹੋਣ ਤੋਂ ਬਾਅਦ ਜਾਂਚ ਸ਼ੁਰੂ ਹੋਈ ਸੀ। ਜਾਂਚ ਮੁੱਖ ਤੌਰ 'ਤੇ 22 ਅਤੇ 23 ਡਿਵੀਜ਼ਨ ਵਿੱਚ ਸਥਿਤ ਈਟੋਬੀਕੋਕ ਨੇੜਲਿਆਂ 'ਤੇ ਕੇਂਦ੍ਰਿਤ ਸੀ।

ਪੀਲ ਖੇਤਰ ਦੇ ਪੁਲਿਸ ਮੁਖੀ ਮਾਈਰੋਨ ਡੈਮਕੀਵ, 22 ਅਤੇ 23 ਜ਼ਿਲ੍ਹਾ ਕਮਾਂਡਰ, ਸੁਪਰਡੈਂਟ ਰੌਨ ਟੈਵਰਨਰ ਅਤੇ ਆਰਗੇਨਾਈਜ਼ਡ ਕ੍ਰਾਈਮ ਇਨਵੈਸਟੀਗੇਟਿਵ ਸਪੋਰਟ ਟੀਮ (ਓਸੀਆਈਐਸ) ਦੇ ਡਿਟੈਕਟਿਵ ਸਾਰਜੈਂਟ ਪੀਟਰ ਵੇਹਬੀ ਨਾਲ ਪ੍ਰੋਜੈਕਟ ਸਟੈਲੀਅਨ, ਵਾਹਨ ਅਤੇ ਕੈਟੇਲੀਟਿਕ ਕਨਵਰਟਰ ਚੋਰੀਆਂ ਦੀ ਚੱਲ ਰਹੀ ਜਾਂਚ ਦੇ ਵੇਰਵੇ ਦੇਣ ਲਈ ਸ਼ਾਮਲ ਹੋਏ।

ਚੀਫ ਡੈਮਕੀਵ ਨੇ ਕਿਹਾ ਕਿ ਟੋਰਾਂਟੋ ਵਿੱਚ ਵਾਹਨ ਚੋਰੀਆਂ 2019 ਤੋਂ ਦੁੱਗਣੇ ਤੋਂ ਵੀ ਵੱਧ ਹੋ ਗਈਆਂ ਹਨ, (ਬਾਕੀ ਸਫ਼ਾ 31 'ਤੇ)

## ਧਰਤੀ ਦੇ ਹੇਠਾਂ ਮੌਜੂਦ ਹੈ 24 ਅੱਖਾਂ ਵਾਲੀ ਭਿਆਨਕ ਮੱਛੀ



ਹਾਂਗਕਾਂਗ: ਹਾਂਗਕਾਂਗ ਬੈਪਟਿਸਟ ਯੂਨੀਵਰਸਿਟੀ ਦੇ ਵਿਗਿਆਨੀਆਂ ਨੇ ਜੈਲੀਫਿਸ਼ ਪ੍ਰਜਾਤੀ ਦੀ ਅਜਿਹੀ ਮੱਛੀ ਦੀ ਖੋਜ ਕੀਤੀ ਹੈ, ਜੋ ਨਾ ਸਿਰਫ ਦੇਖਣ 'ਚ ਅਨੋਖੀ ਹੈ ਸਗੋਂ ਬਹੁਤ ਖਤਰਨਾਕ ਵੀ ਹੈ। ਇਸ ਮੱਛੀ ਨੇ ਵਿਗਿਆਨੀਆਂ ਨੂੰ ਵੀ ਹੈਰਾਨ ਕਰ ਦਿੱਤਾ ਹੈ। ਵਿਗਿਆਨੀਆਂ ਦਾ ਕਹਿਣਾ ਹੈ ਕਿ ਇਹ ਮੱਛੀ ਬੇਹੱਦ ਜ਼ਹਿਰੀਲੀ ਜੈਲੀਫਿਸ਼ ਦੀ ਨਵੀਂ ਪ੍ਰਜਾਤੀ ਦੀ ਮੈਂਬਰ ਹੈ।

ਜੈਲੀਫਿਸ਼ ਦੀ ਇਹ ਪ੍ਰਜਾਤੀ ਹਾਂਗਕਾਂਗ ਦੇ ਮਾਈ ਪੋ ਰਿਜ਼ਰਵ ਵਿੱਚ ਇੱਕ ਛੋਟੇ ਤਾਲਾਬ ਵਿੱਚ ਪਾਈ ਗਈ ਹੈ। ਇਸ ਦੀ ਸ਼ਕਲ ਬਹੁਤ ਹੀ ਵਿਲੱਖਣ ਹੈ। ਮੱਛੀ ਦਾ ਸਰੀਰ ਇੱਕ ਇੰਚ ਤੋਂ ਵੀ ਘੱਟ ਲੰਬਾ ਅਤੇ ਪਾਰਦਰਸ਼ੀ ਹੈ। ਖੋਜਕਰਤਾਵਾਂ ਦੇ ਅਨੁਸਾਰ, ਇਸ ਦੀਆਂ ਤਿੰਨ ਲੱਤਾਂ ਹਨ, ਜੋ ਫੈਲਣ 'ਤੇ 10 ਸੈਂਟੀਮੀਟਰ ਤੱਕ ਵਧ ਸਕਦੀਆਂ ਹਨ। ਸਭ ਤੋਂ ਖਾਸ ਅਤੇ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਦੀਆਂ 24 ਅੱਖਾਂ ਹਨ, ਜਿਨ੍ਹਾਂ ਨੂੰ ਚਾਰ-ਚਾਰ ਦੇ ਛੇ ਸਮੂਹਾਂ ਵਿੱਚ ਵੰਡਿਆ ਗਿਆ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

# ਸੰਪਾਦਕੀ

3 ਮਈ ਤੋਂ 9 ਮਈ, 2023

## ਗੁਰੂ 'ਤੇ ਟੇਕ ਰੱਖ ਕੇ ਹੀ ਇਹਨਾਂ ਹਮਲਿਆਂ 'ਚੋਂ ਨਿੱਕਲਿਆ ਜਾਵੇਗਾ

ਅਪ੍ਰੈਲ 1984 ਦੇ ਅਖੀਰਲੇ ਦਿਨਾਂ ਵਿੱਚ ਮੋਗਾ ਵਿਖੇ ਸੀ.ਆਰ.ਪੀ.ਐੱਫ. ਵੱਲੋਂ ਸ਼ਹਿਰ ਦੇ ਤਿੰਨ ਗੁਰਦੁਆਰਾ ਸਾਹਿਬਾਨ - ਗੁਰਦੁਆਰਾ ਅਕਾਲਸਰ ਸਾਹਿਬ, ਗੁਰਦੁਆਰਾ ਬੀਬੀ ਕਾਹਨ ਕੌਰ ਜੀ ਅਤੇ ਗੁਰਦੁਆਰਾ ਸਿੰਘ ਸਭਾ ਨੂੰ ਘੇਰਾ ਪਾਇਆ ਗਿਆ ਅਤੇ ਸਰਕਾਰ ਨੇ ਸਖ਼ਤੀ ਕਰਦਿਆਂ ਕਰਫ਼ਿਊ ਲਗਾ ਦਿੱਤਾ। ਕਰਫ਼ਿਊ ਲੱਗਣ 'ਤੇ ਸੰਗਤ ਗੁਰਦੁਆਰਾ ਬੀਬੀ ਕਾਹਨ ਕੌਰ ਚਲੀ ਗਈ। ਪੁਲਿਸ ਅਤੇ ਸੀ.ਆਰ.ਪੀ.ਐੱਫ. ਦਾ ਗੁਰਦੁਆਰਾ ਸਾਹਿਬ ਨੂੰ ਘੇਰਾ ਵੀ ਸੀ ਪਰ ਸੰਗਤ ਨੂੰ ਇੱਕ ਥਾਂ ਇਕੱਠਾ ਹੋਣ ਦਿੱਤਾ ਗਿਆ। 26 ਅਪ੍ਰੈਲ ਨੂੰ ਪੁਲਿਸ/ਸੀ.ਆਰ.ਪੀ.ਐੱਫ ਨੇ ਅੰਨ੍ਹੇਵਾਹ ਗੋਲ਼ੀ ਚਲਾ ਦਿੱਤੀ ਜਿਸ ਨਾਲ ਭਾਈ ਗੁਰਮੇਲ ਸਿਘ ਸਰਪੰਚ (ਅਜੀਤਵਾਲ) ਸਮੇਤ 7 ਸਿੰਘ ਹੋਰ ਸ਼ਹੀਦ ਹੋਏ। ਇਹਨਾਂ ਤੋਂ ਇਲਾਵਾ ਅਨੇਕਾਂ ਸਿੰਘ ਜਖਮੀ ਹੋ ਗਏ ਸਨ। ਜਿਹੜੇ ਸਿੰਘ ਸ਼ਹੀਦ ਹੋਏ ਉਹਨਾਂ ਦੇ ਪਰਿਵਾਰਾਂ ਨੂੰ ਉਹਨਾਂ ਦੀਆਂ ਮ੍ਰਿਤਕ ਦੇਹਾਂ ਵੀ ਨਹੀਂ ਦਿੱਤੀਆਂ ਗਈਆਂ। ਮਈ 1984 ਵਿੱਚ ਫਿਰੋਜ਼ਪੁਰ ਜ਼ਿਲ੍ਹੇ ਦੇ ਵਿੱਚ ਨਿਹੰਗ ਸਿੰਘਾਂ ਦਾ ਪ੍ਰਸ਼ਾਸਨ ਨਾਲ ਕੋਈ ਮਸਲਾ ਹੋ ਗਿਆ ਸੀ ਜਿਸ ਵਿੱਚ ਚਾਰ ਨਿਹੰਗ ਸਿੰਘ ਸ਼ਹੀਦ ਕਰ ਦਿੱਤੇ ਗਏ ਸਨ। ਇਸ ਸਬੰਧੀ ਜਥੇਬੰਦੀਆਂ ਨੇ ਗੁਰਦੁਆਰਾ ਜਾਮਨੀ ਸਾਹਿਬ ਫਿਰੋਜ਼ਪੁਰ ਇਕੱਠ ਰੱਖਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਸੰਗਤ ਪਹੁੰਚੀ। ਇਸੇ ਦੌਰਾਨ ਇੱਕ ਵਾਰ ਫਿਰ ਜੂਨ '84 ਵਿੱਚ ਕੀਤੀ ਜਾਣ ਵਾਲੀ ਕਾਰਵਾਈ ਦਾ ਅਭਿਆਸ ਕੀਤਾ ਗਿਆ। ਸੀ.ਆਰ.ਪੀ.ਐੱਫ. ਅਤੇ ਪੁਲਿਸ ਨੇ ਗੁਰਦੁਆਰਾ ਸਾਹਿਬ ਨੂੰ ਚਾਰੇ ਪਾਸੇ ਤੋਂ ਘੇਰਾ ਪਾ ਲਿਆ। ਇਹ ਚਿਤਾਵਨੀ ਮੁੜ ਦੁਹਰਾਈ ਗਈ ਕਿ ਕਿਸੇ ਦੇ ਵੀ ਮਨ ਵਿੱਚ ਇਹ ਵਹਿਮ ਨਾ ਰਹੇ ਕਿ ਸਿੱਖਾਂ ਦੇ ਪਵਿੱਤਰ ਅਸਥਾਨ ਘੇਰੇ ਨਹੀਂ ਜਾ ਸਕਦੇ। ਸੁਭਾਵਿਕ ਹੀ ਹੈ ਕਿ ਜੋ ਕੁਝ ਵੀ ਇੱਥੇ ਕੀਤਾ ਗਿਆ ਉਸ ਦੀ ਪਰਖ ਨੂੰ ਭਵਿੱਖ ਵਿੱਚ ਵਰਤਣ ਦੀ ਮਨਸ਼ਾ ਨਾਲ ਹੀ ਕੀਤਾ ਗਿਆ।

ਇਸ ਤੋਂ ਬਾਅਦ ਜੂਨ 1984 ਵਿੱਚ ਬਿਪਰ ਰਾਜ-ਹਉਂ ਵੱਲੋਂ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਦੇ ਨਾਲ-ਨਾਲ ਹੋਰਨਾਂ ਗੁਰਦੁਆਰਾ ਸਾਹਿਬਾਨ 'ਤੇ ਵੱਖ-ਵੱਖ ਰੂਪਾਂ ਵਿੱਚ ਹਮਲਾ ਕੀਤਾ ਗਿਆ ਸੀ। ਸਮੇਂ ਦੇ ਤਖ਼ਤਾਂ ਨਾਲ ਸਿੱਖ ਪਹਿਲਾਂ ਵੀ ਲੜ੍ਹਦੇ ਰਹੇ ਹਨ ਪਰ ਇਸ ਵਾਰ ਦੇ ਮਨੋਵਿਗਿਆਨਕ ਅਸਰ ਪਹਿਲਾਂ ਨਾਲੋਂ ਬਿਲਕੁਲ ਵੱਖਰੇ ਅਤੇ ਘਾਤਕ ਹਨ। ਇੱਕ ਤਾਂ ਇਸ ਵਾਰ ਹਮਲਾਵਰ ਕਿਤੋਂ ਬਾਹਰੀ ਖਿੱਤੇ 'ਚੋਂ ਨਹੀਂ ਆਇਆ ਸਗੋਂ ਇੱਥੋਂ ਦੇ ਸਥਾਨਕ ਮੱਤ ਵਾਲੇ ਹੀ ਹਮਲਾਵਰ ਹੋਏ ਜਿਸ ਵਰਤਾਰੇ ਦੀ ਸਿੱਖਾਂ ਦਾ ਵੱਡਾ ਹਿੱਸਾ ਆਸ ਨਹੀਂ ਸੀ ਕਰਦਾ ਅਤੇ ਦੂਸਰਾ ਵਰਤਮਾਨ ਸਟੇਟ ਨੇ ਮਨੋਵਿਗਿਆਨਕ ਹਮਲਾ ਡੂੰਘਾ ਕਰਨ ਲਈ ਬਹੁਤ ਜਿਆਦਾ ਤਰੱਕੀ ਵੀ ਕਰ ਲਈ ਹੈ। ਜਦੋਂ ਵਿਚਾਰਾਂ ਦਾ ਫਰਕ ਦੁਸ਼ਮਣੀ ਵਿੱਚ ਬਦਲ ਜਾਵੇ ਅਤੇ ਦੁਸ਼ਮਣੀ ਇੱਥੋਂ ਤੱਕ ਪਹੁੰਚ ਜਾਵੇ ਕਿ ਉਹ ਨਸਲਕੁਸ਼ੀ ਵਿੱਚ ਬਦਲ ਜਾਵੇ ਤਾਂ ਇਸ ਦੇ ਕਾਰਨ ਸਧਾਰਨ ਨਹੀਂ ਹੁੰਦੇ। ਇਹ ਲੜ੍ਹਾਈ ਮੁਕਤੀ ਦੇ ਵੱਖੋ-ਵੱਖਰੇ ਰਾਹ ਹੋਣ ਕਾਰਨ (ਭਾਵ ਧਰਮਾਂ ਦੀ ਲੜ੍ਹਾਈ) ਨਹੀਂ ਸਗੋਂ ਇਹ ਹਮਲਾ ਪਦਾਰਥਕ ਅਧਾਰ ਵਾਲੇ ਬਿਪਰ (ਅਧਰਮੀ) ਵੱਲੋਂ ਰੂਹਾਨੀ ਮਾਰਗ ਉੱਤੇ ਚੱਲਣ ਵਾਲੇ ਗੁਰਮੁਖਾਂ (ਧਰਮੀਆਂ) ਉੱਤੇ ਕੀਤਾ ਗਿਆ। ਇਸ ਸਭ ਕਾਸੇ 'ਚੋਂ ਸਿੱਖਾਂ ਦਾ ਵੱਡਾ ਹਿੱਸਾ ਇਸ ਕਰਕੇ ਨਿਕਲ ਆਇਆ ਕਿਉਂਕਿ ਓਹਨਾ ਦੀ ਟੇਕ ਗੁਰੂ ਸੀ। ਅੱਜ ਵੀ ਸਾਨੂੰ ਇਹ ਗੱਲ ਮਹਿਸੂਸ ਕਰਨੀ ਚਾਹੀਦੀ ਹੈ ਅਤੇ ਮੌਜੂਦਾ ਸੰਕਟ ਨਾਲ ਨਜਿੱਠਣ ਲਈ ਆਪਣੀ ਟੇਕ ਗੁਰੂ 'ਤੇ ਰੱਖ ਕੇ ਗੁਰੂ ਦੇ ਦੱਸੇ ਰਾਹ 'ਤੇ ਚੱਲਣ ਦੇ ਉੱਦਮ ਕਰਨੇ ਚਾਹੀਦੇ ਹਨ।

ਅੱਜ ਉਹ ਸਮਾਂ ਹੈ ਜਦੋਂ ਰਾਜਨੀਤਕ ਤੌਰ 'ਤੇ ਹਰ ਪਾਸੇ ਹਾਲਾਤ ਅਸਥਿਰਤਾ ਵੱਲ ਜਾ ਰਹੇ ਹਨ ਤਾਂ ਦਿੱਲੀ ਦਰਬਾਰ ਲਗਾਤਾਰ ਸਿੱਖਾਂ ਵਿੱਚ ਪਾੜਾ ਵਧਾ ਰਿਹਾ ਹੈ। ਸਿੱਖਾਂ ਦੇ ਮਸਲਿਆਂ, ਸਿੱਖ ਦੇ ਆਪਸੀ ਮਤਭੇਦਾਂ ਅਤੇ ਅਜਿਹੇ ਮੁੱਦਿਆਂ ਜਿਨ੍ਹਾਂ 'ਤੇ ਸਿੱਖ ਇੱਕਮੱਤ ਨਹੀਂ ਹਨ, ਉਨ੍ਹਾਂ ਨੂੰ ਲਗਾਤਾਰ ਉਭਾਰਿਆ ਜਾ ਰਿਹਾ ਹੈ। ਇਸ ਸਭ ਵਿੱਚ ਵੱਡੀ ਗੱਲ ਇਹ ਵੀ ਹੈ ਕਿ ਬਦਨਾਮ ਵੀ ਸਿੱਖਾਂ ਨੂੰ ਹੀ ਕੀਤਾ ਜਾ ਰਿਹਾ ਹੈ ਅਤੇ ਲਗਾਤਰ ਸਿੱਖਾਂ ਖਿਲਾਫ ਅਜਿਹਾ ਬਿਰਤਾਂਤ ਬਣਾਇਆ ਜਾ ਰਿਹਾ ਹੈ। ਇਸ ਵਕਤ ਆਪੋ ਧਾਪੀ ਦਾ ਮਹੌਲ ਕਿਸੇ ਵੀ ਤਰ੍ਹਾਂ ਸਿੱਖਾਂ ਦੇ ਹਿਤ ਵਿੱਚ ਨਹੀਂ ਹੈ। ਸਾਨੂੰ ਅਜਿਹੇ ਹਮਲਿਆਂ 'ਚੋਂ ਨਿਕਲਣ ਲਈ ਆਪਣੀ ਰਵਾਇਤ ਦਾ ਪੱਲਾ ਫੜ੍ਹਨਾ ਪਵੇਗਾ। ਅਜੇ ਆਉਂਦੇ ਸਾਲਾਂ ਵਿੱਚ ਹਲਾਤ ਹੋਰ ਪੇਚੀਦਾ ਹੋਣੇ ਹਨ। ਸਦੀ ਪਹਿਲਾਂ ਸੰਘਰਸ਼ ਵਿੱਚੋਂ ਨਿੱਕਲੀਆਂ ਸਿੱਖ ਸੰਸਥਾਵਾਂ ਦਿੱਲੀ ਦਰਬਾਰ ਦੀ ਰਾਜਸੀ ਅਧੀਨਗੀ ਹੇਠ ਆ ਜਾਣ ਦੇ ਨਾਲ-ਨਾਲ ਕਈ ਹੋਰ ਅੰਦਰੂਨੀ ਕਮਜੋਰੀਆਂ ਦਾ ਵੀ ਸ਼ਿਕਾਰ ਹੋ ਚੁੱਕੀਆਂ ਹਨ। ਇਸ ਕਾਰਨ ਇਹ ਸਿੱਖਾਂ ਵਿੱਚ ਆਪਣੀ ਮਾਨਤਾ ਅਤੇ ਅਸਰ ਰਸੂਖ ਗਵਾਈ ਜਾ ਰਹੀਆਂ ਹਨ। ਵਰਤਮਾਨ ਗੈਰ ਸਿਧਾਂਤਕ ਪ੍ਰਬੰਧ ਕਾਰਨ ਖਾਲਸਾ ਪੰਥ ਦੇ ਕੇਂਦਰੀ ਧੁਰੇ ਵਜੋਂ ਅਗਵਾਈ ਕਰਨ ਵਾਲੇ ਸਰਵਉੱਚ ਤੇ ਸਰਵਪਰਵਾਨਤ ਅਕਾਲ ਤਖ਼ਤ ਸਾਹਿਬ ਦੀ ਸਰਵਉੱਚਤਾ ਨੂੰ ਵੱਡੀ ਆਂਚ ਆਈ ਹੈ। ਇਸ ਤੋਂ ਇਲਾਵਾ ਸਿੱਖਾਂ ਵਿੱਚ ਆਪਸੀ ਤਾਲਮੇਲ ਵੀ ਲਗਾਤਾਰ ਘੱਟ ਰਿਹਾ ਹੈ।

ਗੁਰਦੁਆਰਾ ਸਿੱਖਾਂ ਦੇ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਸੱਭਿਆਚਾਰਕ ਜੀਵਨ ਦਾ ਕੇਂਦਰ ਹੈ। ਗੁਰਦੁਆਰਾ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ ਅਤੇ ਅਕਾਲ ਦੀ ਉਸਤਤ ਹੋਵੇ, ਵਿਦਿਆਰਥੀਆਂ ਲਈ ਵਿਦਿਆਲਾ ਹੋਵੇ, ਰੋਗੀਆਂ ਲਈ ਸ਼ਫਾਖਾਨਾ ਹੋਵੇ, ਜਿੱਥੇ ਭੁੱਖਿਆਂ ਲਈ ਲੰਗਰ ਹੋਵੇ, ਜਿੱਥੇ ਰਾਹਗੀਰਾਂ ਲਈ ਵਿਸ਼ਰਾਮ/ਠਾਹਰ ਦਾ ਪ੍ਰਬੰਧ ਹੋਵੇ ਅਤੇ ਲੋੜਵੰਦ/ਮਜਲੂਮ ਲਈ ਕਿਲ੍ਹਾ ਹੋਵੇ। ਇਹ ਉਹ ਥਾਂ ਹੈ ਜਿੱਥੇ ਸੰਗਤ ਜੁੜਦੀ ਹੈ, ਬਾਣੀ ਪੜ੍ਹਦੀ ਹੈ, ਸੇਵਾ ਕਰਦੀ ਹੈ, ਸਖਸ਼ੀਅਤ ਦੀ ਉਸਾਰੀ ਹੁੰਦੀ ਹੈ ਜਿਸ ਸਦਕਾ ਹੀ ਵੱਡੇ ਵੱਡੇ ਸੰਘਰਸ਼ ਫਤਹਿ ਹੁੰਦੇ ਹਨ। ਇਸ ਥਾਂ ਦਾ ਅਸਲ ਰੂਪ ਬਹਾਲ ਕਰਨ ਲਈ ਸਾਨੂੰ ਹਰ ਸੰਭਵ ਯਤਨ ਕਰਨੇ ਚਾਹੀਦੇ ਹਨ। ਸਾਡਾ ਸਭ ਕੁਝ ਇਥੇ ਹੀ ਟਿਕਿਆ ਹੈ, ਇਸੇ ਨਾਲ ਹੀ ਅਸੀਂ ਵੱਡੇ ਤੋਂ ਵੱਡੇ ਮਨੋਵਿਗਿਆਨਕ ਅਤੇ ਸ਼ਰੀਰਕ ਹਮਲਿਆਂ 'ਚੋਂ ਨਿਕਲ ਸਕਾਂਗੇ। ਇਸ ਲਈ ਸਮੇਂ ਦੀ ਲੋੜ ਅਨੁਸਾਰ ਸਾਨੂੰ ਮੁਕਾਮੀ ਪੱਧਰ 'ਤੇ ਸੰਗਤਾਂ ਕਾਇਮ ਕਰਨੀਆਂ ਚਾਹੀਦੀਆਂ ਹਨ, ਗੁਰਦੁਆਰਾ ਸਾਹਿਬਾਨ ਦਾ ਅਸਲ ਰੂਪ ਬਹਾਲ ਕਰਨਾ ਚਾਹੀਦਾ ਹੈ, ਮਿਲ ਬੈਠ ਕੇ ਵਿਚਾਰਾਂ ਕਰਨ ਦੀ ਕਸਰਤ ਵਿੱਚ ਪੈਣਾ ਚਾਹੀਦਾ ਹੈ ਅਤੇ ਸਾਂਝੀ ਰਾਇ ਬਣਾਉਣ ਦੇ ਅਮਲ ਵਿੱਚ ਪੈਣਾ ਚਾਹੀਦਾ ਹੈ। ਇਸੇ ਸਦਕਾ ਹੀ ਸਾਡੇ ਵਖਰੇਵੇਂ ਘਟ ਸਕਣਗੇ ਅਤੇ ਅਸੀਂ ਗੁਰਮਤੇ ਵੱਲ ਪਰਤ ਸਕਾਂਗੇ ਜਿਸ ਨਾਲ ਵੱਡੇ ਤੋਂ ਵੱਡੇ ਹਮਲਿਆਂ ਨੂੰ ਟੱਕਰ ਦਿੱਤੀ ਜਾ ਸਕੇਗੀ।

**ਸੰਪਾਦਕ, ਅੰਮ੍ਰਿਤਸਰ ਟਾਈਮਜ਼**

# ਭੀੜਤੰਤਰ 'ਚ ਬਦਲ ਰਿਹਾ ਭਾਰਤੀ ਲੋਕਤੰਤਰ





**ਮਹੂਆ ਮੋਇਤਰਾ**
ਮੈਂਬਰ ਲੋਕ ਸਭਾ ਤ੍ਰਿਮੂਨਲ ਕਾਂਗਰਸ

ਇਹ ਭਾਰਤ ਦੇ ਸੰਵਿਧਾਨਕ ਲੋਕਤੰਤਰ 'ਤੇ ਇੱਕ ਧੱਬਾ ਹੈ ਕਿ ਅਤੀਕ ਅਤੇ ਅਸ਼ਰਫ ਨੂੰ ਇਕ ਅਜਿਹੇ ਅਪਰਾਧ ਲਈ ਮਾਰ ਦਿੱਤਾ ਗਿਆ, ਜਿਸ ਦੇ ਲਈ ਉਨ੍ਹਾਂ 'ਤੇ ਅਜੇ ਮੁਕੱਦਮਾ ਚਲਾਇਆ ਜਾਣਾ ਬਾਕੀ ਸੀ। ਅਤੀਕ ਦੇ ਕਤਲ ਤੋਂ ਸਾਬਤ ਹੁੰਦਾ ਹੈ ਕਿ ਇੱਕ ਰਾਸ਼ਟਰ ਦੇ ਰੂਪ ਵਿੱਚ ਭਾਰਤ ਭੀੜਤੰਤਰ ਵਿੱਚ ਬਦਲ ਰਿਹਾ ਹੈ। 2005 ਦੇ ਰਾਜੂ ਪਾਲ ਕਤਲ ਕੇਸ ਦੇ ਗਵਾਹ ਉਮੇਸ਼ ਪਾਲ ਦੇ ਕਤਲ ਤੋਂ ਅਗਲੇ ਦਿਨ, 25 ਫਰਵਰੀ 2023 ਨੂੰ ਯੋਗੀ ਆਦਿਤਿਆਨਾਥ ਨੇ ਯੂਪੀ ਵਿਧਾਨ ਸਭਾ ਵਿੱਚ ਕਿਹਾ ਸੀ, ਇਸ ਸਦਨ ਮੇਂ ਕਹਿ ਰਹਾ ਹੂੰ, ਇਸ ਮਾਫੀਆ ਕੋ ਮਿੱਟੀ ਮੇਂ ਮਿਲਾ ਦੂੰਗਾ।

ਇਸ ਦੌਰਾਨ, ਗੈਂਗਸਟਰ ਤੋਂ ਸਿਆਸਤਦਾਨ ਬਣੇ, ਪੰਜ ਵਾਰ ਵਿਧਾਇਕ ਰਹੇ, ਸਾਬਕਾ ਸੰਸਦ ਮੈਂਬਰ, 100 ਤੋਂ ਵੱਧ ਮਾਮਲਿਆਂ ਵਿੱਚ ਦੋਸ਼ੀ ਅਤੀਕ ਅਹਿਮਦ ਗੁਜਰਾਤ ਦੀ ਸਾਬਰਮਤੀ ਜੇਲ੍ਹ ਵਿੱਚ ਬੰਦ ਸੀ। ਯੋਗੀ ਦੀ ਪੁਲਿਸ ਉਮੇਸ਼ ਪਾਲ ਕਤਲ ਕਾਂਡ ਦੀ ਜਾਂਚ ਲਈ ਅਤੀਕ ਨੂੰ ਯੂਪੀ ਲਿਆਉਣ ਲਗੀ ਸੀ। ਆਦਿਤਿਆਨਾਥ ਦੇ ਬਿਆਨ ਨੂੰ ਦੇਖਦੇ ਹੋਏ, ਅਤੀਕ ਨੂੰ ਡਰ ਸੀ ਕਿ ਯੂਪੀ ਪੁਲਿਸ ਕਿਸੇ ਵੀ ਬਹਾਨੇ ਉਸਨੂੰ ਝੂਠੇ ਮੁਕਾਬਲੇ ਵਿੱਚ ਮਾਰ ਦੇਵੇਗੀ ਅਤੇ ਉਸਨੂੰ ਯੂਪੀ ਦੇ ਹਵਾਲੇ ਕਰਨਾ ਉਸਦੀ ਮੌਤ ਦੇ ਫ਼ਰਮਾਨ ਵਾਂਗ ਹੋਵੇਗਾ।

ਇਸ ਤੋਂ ਬਚਣ ਲਈ ਅਤੀਕ ਸੁਪਰੀਮ ਕੋਰਟ ਗਿਆ। ਸੁਪਰੀਮ ਕੋਰਟ ਨੇ 28 ਮਾਰਚ ਨੂੰ ਉਸਦੀ ਪਟੀਸ਼ਨ 'ਤੇ ਵਿਚਾਰ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਉਸਨੂੰ ਭਰੋਸਾ ਦਿਵਾਇਆ ਕਿ ਰਾਜ ਸਰਕਾਰ ਉਸਦੀ ਸੁਰੱਖਿਆ ਕਰੇਗੀ ਅਤੇ ਉਸਨੂੰ ਸੁਪਰੀਮ ਕੋਰਟ ਦੀ ਬਜਾਏ ਹਾਈ ਕੋਰਟ ਵਿੱਚ ਜਾਣਾ ਚਾਹੀਦਾ ਹੈ।

ਅਤੀਕ ਅਤੇ ਉਸ ਦੇ ਭਰਾ ਅਸ਼ਰਫ਼ ਨੂੰ ਹਥਿਆਰਬੰਦ ਪੁਲਿਸ ਦੀ ਵੱਡੀ ਟੁਕੜੀ ਨਾਲ ਸਖ਼ਤ ਸੁਰੱਖਿਆ ਹੇਠ ਇਲਾਹਾਬਾਦ ਲਿਆਂਦਾ ਗਿਆ। 13 ਅਪ੍ਰੈਲ 2023 ਨੂੰ,ਯੂਪੀ ਪੁਲਿਸ ਦੀ ਵਿਸ਼ੇਸ਼ ਟਾਸਕ ਫੋਰਸ (ਐਸਟੀਐਫ)ਨੇ ਅਤੀਕ ਦਾ ਪੁੱਤਰ ਅਸਦ ਅਤੇ ਉਸਦਾ ਇੱਕ ਸਾਥੀ, ਉਮੇਸ਼ ਪਾਲ ਜੋ ਕਤਲ ਕੇਸ ਵਿੱਚ ਦੋਸ਼ੀ ਸਨ, ਨੂੰ ਝਾਂਸੀ ਵਿੱਚ ਇੱਕ 'ਮੁਕਾਬਲੇ' ਦੌਰਾਨ ਮਾਰ ਦਿੱਤਾ ਸੀ।

ਅਤੀਕ ਨੇ ਆਪਣੇ ਬੇਟੇ ਦੇ ਅੰਤਿਮ ਸਸਕਾਰ ਵਿੱਚ ਸ਼ਾਮਲ ਹੋਣ ਦੀ ਇਜਾਜ਼ਤ ਬਾਰੇ ਅਰਜ਼ੀ ਦਿੱਤੀ। ਉਸ ਨੂੰ ਪ੍ਰਸ਼ਾਸਨ ਵੱਲੋਂ ਰਦ ਕਰ ਦਿੱਤਾ ਗਿਆ ਸੀ। 15 ਅਪ੍ਰੈਲ 2023 ਦੀ ਰਾਤ ਕਰੀਬ 10:30 ਵਜੇ ਪੁਲਿਸ ਅਤੀਕ ਅਤੇ ਅਸ਼ਰਫ ਨੂੰ ਮੈਡੀਕਲ ਚੌਂਕਅਪ ਲਈ ਇਲਾਹਾਬਾਦ ਮੈਡੀਕਲ ਕਾਲਜ ਲੈ ਗਈ। ਜਦੋਂ ਉਹ ਪੁਲਿਸ ਦੀ ਜੀਪ ਤੋਂ ਬਾਹਰ ਨਿਕਲੇ ਤਾਂ ਉਨ੍ਹਾਂ ਦੀਆਂ ਹੱਥਕੜੀਆਂ ਇਕ ਦੂਜੇ ਨਾਲ ਬਝੀਆਂ ਹੋਈਆਂ ਸਨ। ਉਹ ਕੇਵਲ 15-20 ਪੁਲਿਸ ਵਾਲਿਆਂ ਦੇ ਇੱਕ ਬਹੁਤ ਹੀ ਢਿੱਲੇ ਜਿਹੇ ਘੇਰੇ ਵਿੱਚ ਸਨ।ਅਚਾਨਕ ਹਸਪਤਾਲ ਦੇ ਗੇਟ ਤੋਂ ਕੁਝ ਦੂਰੀ 'ਤੇ ਮੀਡੀਆ ਦੇ ਕੈਮਰੇ ਉਨ੍ਹਾਂ ਦੇ ਚਿਹਰਿਆਂ ਦੇ ਬਿਲਕੁਲ ਨੇੜੇ ਲਿਆਂਦੇ ਗਏ। ਪੁਲਿਸ ਨੇ ਉਹਨਾਂ ਨੂੰ ਨਾ ਰੋਕਿਆ।ਲਾਈਵ ਟੀਵੀ ਫੁਟੇਜ ਤੋਂ ਸਪੱਸ਼ਟ ਹੈ ਕਿ ਮੀਡੀਆ ਵਾਲਿਆਂ ਦੀ ਪੁਲਿਸ ਨੇ ਚੈਕਿੰਗ ਨਹੀਂ ਕੀਤੀ। ਦੋਵਾਂ ਦੀ ਜਾਨ ਨੂੰ ਗੰਭੀਰ ਖ਼ਤਰੇ ਦੇ ਮੱਦੇਨਜ਼ਰ,ਪੁਲਿਸ ਦੀ ਇਹ ਢਿੱਲ ਬਿਲਕੁਲ ਸਾਜਿਸ਼ੀ ਜਾਪਦੀ ਹੈ। ਮੀਡੀਆ ਨੇ ਉਨ੍ਹਾਂ ਨੂੰ ਪੁੱਛਿਆ ਕਿ ਉਹ ਆਪਣੇ ਬੇਟੇ ਦੇ ਅੰਤਿਮ ਸਸਕਾਰ ਵਿੱਚ ਕਿਉਂ ਸ਼ਾਮਲ ਨਹੀਂ ਹੋਏ। ਅਤੀਕ ਨੇ ਕਿਹਾ, ਜੇ ਇਹ ਲੋਕ ਨਹੀਂ ਲੈ ਕੇ ਗਏ, ਤਾਂ ਨਹੀਂ ਗਏ।

ਅਗਲੇ ਹੀ ਪਲ, ਇੱਕ ਪੁਰਾਣੇ, ਵੱਡੇ ਅਕਾਰ ਦੇ ਟੀਵੀ ਕੈਮਰੇ ਵਾਲੇ ਤਿੰਨ ਨੌਜਵਾਨਾਂ ਨੇ ਅਤੀਕ ਅਤੇ ਅਸ਼ਰਫ 'ਤੇ ਗੋਲੀਆਂ ਚਲਾ ਦਿੱਤੀਆਂ, ਗੋਲੀਆਂ ਦੀ ਬੁਛਾੜ ਕਾਰਨ ਦੋਵਾਂ ਦੀ ਮੌਤ ਹੋ ਗਈ। ਜਦੋਂ ਪੁਲਿਸ ਵਾਲਿਆਂ ਨੇ ਉਨ੍ਹਾਂ ਲੜਕਿਆਂ ਨੂੰ ਫੜਿਆ ਤਾਂ ਉਹ ਜੈ ਸ਼੍ਰੀ ਰਾਮ ਦੇ ਨਾਅਰੇ ਲਗਾ ਰਹੇ ਸਨ। ਖਾਸ ਗੱਲ ਇਹ ਹੈ ਕਿ ਪੁਲਿਸ ਨੇ ਜਵਾਬੀ ਕਾਰਵਾਈ ਨਹੀਂ ਕੀਤੀ। ਉਨ੍ਹਾਂ ਨੇ ਆਪਣੀ ਪੁਲਿਸ ਹਿਰਾਸਤ ਦੀ ਮੰਗ ਵੀ ਨਹੀਂ ਕੀਤੀ, ਉਲਟਾ ਉਹ ਆਪਣੇ ਜੁਡੀਸ਼ੀਅਲ ਰਿਮਾਂਡ ਤੋਂ ਖੁਸ਼ ਸਨ, ਜਿਸ ਦਾ ਸਾਫ਼ ਮਤਲਬ ਸੀ ਕਿ ਪੁਲਿਸ ਨੇ ਇਸ ਖੁੱਲ੍ਹੇਆਮ ਦੋਹਰੇ ਕਤਲੇਆਮ ਵਿੱਚ ਕਿਸੇ ਵੀ ਤਰ੍ਹਾਂ ਦੀ ਜਾਂਚ ਦੀ ਲੋੜ ਮਹਿਸੂਸ ਨਹੀਂ ਕੀਤੀ।

ਉਪਲਬਧ ਵੀਡੀਓ ਫੁਟੇਜ ਤੋਂ ਸਪੱਸ਼ਟ ਹੈ ਕਿ ਜਦੋਂ ਉਹਨਾਂ ਨੂੰ ਹਸਪਤਾਲ ਲਿਜਾਇਆ ਜਾ ਰਿਹਾ ਸੀ ਤਾਂ ਉੱਚ ਸੁਰੱਖਿਆ ਵਾਲੇ ਕੈਦੀਆਂ ਲਈ ਲੋੜੀਂਦੇ ਪ੍ਰੋਟੋਕੋਲ ਦੀ ਪਾਲਣਾ ਨਹੀਂ ਕੀਤੀ ਗਈ। ਜੇਕਰ ਪੁਲਿਸ ਨਿਹੱਥੀ ਸੀ ਤਾਂ ਇਹ ਕਨੂੰਨ ਦੀ ਘੋਰ ਉਲੰਘਣਾ ਸੀ ਅਤੇ ਜੇਕਰ ਪੁਲਿਸ ਹਥਿਆਰਬੰਦ ਸੀ ਤਾਂ ਕਾਤਲਾਂ 'ਤੇ ਜਵਾਬੀ ਹਮਲਾ ਕਰਨਾ ਚਾਹੀਦਾ ਸੀ, ਖਾਸ ਤੌਰ 'ਤੇ ਇਸ ਲਈ ਵੀ ਕਿ ਇਕ ਦਿਨ ਪਹਿਲਾਂ ਹੀ ਉਸੇ ਪੁਲਿਸ ਨੇ ਅਤੀਕ ਦੇ ਪੁੱਤਰ ਅਤੇ ਸਾਥੀ ਨੂੰ ਗੈਂਗਸਟਰ ਹੋਣ ਦਾ ਦੋਸ਼ ਲਗਾਕੇ ਮਾਰਿਆ ਸੀ।

ਅਜਿਹੇ ਖਤਰਨਾਕ ਉੱਚ-ਸੁਰੱਖਿਆ ਕੈਦੀਆਂ ਤੱਕ ਮੀਡੀਆ ਦੀ ਬੇਰੋਕ ਪਹੁੰਚ ਸਵਾਲ ਪੈਦਾ ਕਰਦੀ ਹੈ, ਕੀ ਮੀਡੀਆ ਨੂੰ ਇਨ੍ਹਾਂ ਬੰਦਿਆਂ ਬਾਰੇ ਦੇਰ ਰਾਤ ਹਸਪਤਾਲ ਲਿਜਾਣ ਬਾਰੇ ਸੂਚਿਤ ਕੀਤਾ ਗਿਆ ਸੀ ? ਰਾਤ 10:30 ਵਜੇ ਡਾਕਟਰੀ ਜਾਂਚ ਦਾ ਸਮਾਂ ਆਪਣੇ ਆਪ ਵਿੱਚ ਸ਼ੱਕ ਪੈਦਾ ਕਰਦਾ ਹੈ ਕਿ ਇਹ ਇੱਕ ਯੋਜਨਾਬੱਧ ਕਤਲ ਸੀ।

ਹਾਲਾਂਕਿ, ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਇਹ ਇੱਕ ਹਿਰਾਸਤੀ ਮੌਤ ਸੀ। ਪਰ ਭਾਰਤ ਵਰਗੇ ਦੇਸ਼ ਵਿੱਚ, ਜਿੱਥੇ ਬੇਰਹਿਮੀ ਨਾਲ ਹਿਰਾਸਤੀ ਮੌਤਾਂ ਦਾ ਇੱਕ ਲੰਮਾ ਇਤਿਹਾਸ ਹੈ, ਇਹ ਸ਼ਾਇਦ ਪਹਿਲੀ ਵਾਰ ਹੈ ਜਦੋਂ ਪੁਲਿਸ ਹਿਰਾਸਤ ਵਿੱਚ ਕਿਸੇ ਵਿਅਕਤੀ ਦਾ ਤੀਜੀ ਧਿਰ ਦੁਆਰਾ ਕਤਲ ਕੀਤਾ ਗਿਆ ਹੋਵੇ। ਹਿਰਾਸਤ ਵਿੱਚ ਹੋਣ ਵਾਲੀ ਹਰ ਮੌਤ ਲਈ ਰਾਜ ਸਰਕਾਰ ਜ਼ਿੰਮੇਵਾਰ ਹੈ। ਇਸ ਵਾਰ ਸਵਾਲ ਇਹ ਹੈ ਕਿ ਕੀ ਸਰਕਾਰ ਨੇ ਇਨ੍ਹਾਂ ਲੋਕਾਂ ਨੂੰ ਕਾਨੂੰਨ ਦੀ ਬਣਦੀ ਪ੍ਰਕਿਰਿਆ ਤੋਂ ਵਾਂਝੇ ਰੱਖ ਕੇ ਹਿਰਾਸਤ ਵਿੱਚ ਲੈ ਕੇ ਮਾਰਨ ਦੀ ਰਣਨੀਤੀ ਘੜੀ ਹੈ ?ਹਰ ਵਿਅਕਤੀ ਦੇ ਨਿਰਦੋਸ਼ ਹੋਣ ਦੀ ਧਾਰਨਾ ਜੀਵਨ ਦੇ ਅਧਿਕਾਰ ਦਾ ਇੱਕ ਪਹਿਲੂ ਹੈ। ਇਸ ਮਾਮਲੇ ਵਿੱਚ ਨਾ ਸਿਰਫ਼ ਨਿਰਦੋਸ਼ ਹੋਣ ਦੀ ਧਾਰਨਾ ਦੀ ਉਲੰਘਣਾ ਕੀਤੀ ਗਈ ਹੈ, ਸਗੋਂ ਜੀਵਨ ਦੇ ਅਧਿਕਾਰ ਦੀ ਵੀ ਉਲੰਘਣਾ ਕੀਤੀ ਗਈ ਹੈ। ਜਿਨ੍ਹਾਂ ਦੇ ਦੋਸ਼ ਸਾਬਤ ਹੋ ਜਾਂਦੇ ਹਨ, ਉਨ੍ਹਾਂ ਦੇ ਮੌਲਿਕ ਅਧਿਕਾਰ ਖ਼ਤਮ ਨਹੀਂ ਹੁੰਦੇ। ਧਾਰਾ 32 ਤਹਿਤ ਸੁਪਰੀਮ ਕੋਰਟ ਤੱਕ ਪਹੁੰਚ ਕਰਨ ਦਾ ਅਧਿਕਾਰ ਆਪਣੇ ਆਪ ਵਿੱਚ ਇੱਕ ਮੌਲਿਕ ਅਧਿਕਾਰ ਹੈ, ਜਿਸ ਨੂੰ ਬਾਬਾ ਸਾਹਿਬ ਸਾਹਿਬ ਅੰਬੇਡਕਰ ਨੇ ਸੰਵਿਧਾਨ ਦੀ ਆਤਮਾ ਕਿਹਾ ਸੀ।

ਅਤੀਕ ਨੇ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਉਂਦੇ ਹੋਏ ਇਸ ਅਧਿਕਾਰ ਦੀ ਵਰਤੋਂ ਕੀਤੀ ਸੀ। ਅਦਾਲਤ ਸਾਰੇ ਅਧਿਕਾਰਾਂ ਦਾ ਰਖਵਾਲਾ ਹੈ, ਪਰ ਸਭ ਤੋਂ ਬੁਨਿਆਦੀ ਮਨੁੱਖੀ ਅਧਿਕਾਰ, ਜਿਵੇਂ ਕਿ ਜੀਵਨ ਦੇ ਅਧਿਕਾਰ, ਨੂੰ ਇੱਕ ਵਿਸ਼ੇਸ਼ ਦਰਜਾ ਦਿੱਤਾ ਗਿਆ ਹੈ। ਜਦੋਂ ਉਸ ਦੀ ਜਾਨ ਨੂੰ ਖ਼ਤਰਾ ਸੀ, ਤਾਂ ਉਸ ਨੂੰ ਹਾਈ ਕੋਰਟ ਤੱਕ ਪਹੁੰਚ ਕਰਨ ਲਈ ਕਹਿ ਕੇ ਹਟਾਉਣਾ ਸੰਵਿਧਾਨਕ ਜ਼ਿੰਮੇਵਾਰੀ ਨੂੰ ਤਿਆਗਣ ਦੇ ਬਰਾਬਰ ਹੈ।

ਸੋਸ਼ਲ ਮੀਡੀਆ ਇਸ ਸਮੇਂ ਭਗਵਿਆਂ ਨਾਲ ਭਰਿਆ ਹੋਇਆ ਹੈ, ਇਸ ਗੱਲ ਦਾ ਜਸ਼ਨ ਮਨਾ ਰਿਹਾ ਹੈ ਕਿ ਆਖਿਰਕਾਰ, ਸਾਡੇ ਕੋਲ ਯੋਗੀ ਆਦਿਤਿਆਨਾਥ ਦੇ ਰੂਪ ਵਿੱਚ ਇੱਕ ਨੇਤਾ ਹੈ ਜੋ ਆਪਣੇ ਵਾਅਦੇ ਪੂਰੇ ਕਰਦਾ ਹੈ। ਦੇਖ ਕਰ ਬਹੁਤ ਮਜ਼ਾ ਆਇਆ , ਹਮਨੇ ਉਨਹੇ ਸਬਕ ਸਿਖਾ ਦੀਆ। ਇਸ ਤਰ੍ਹਾਂ ਦੀਆਂ ਗੱਲਾਂ ਸਾਡੇ ਲੋਕਤੰਤਰ ਵਿੱਚ ਪਤਨ ਦੀ ਨਿਸ਼ਾਨੀ ਹਨ, ਜੋ ਕਿ ਸੱਚਮੁੱਚ ਭਿਆਨਕ ਹੈ। ਜਦੋਂ ਕੋਈ ਰਾਜ ਭੀੜ ਵਿੱਚ ਖੂਨ ਦੀ ਲਾਲਸਾ ਇਸ ਭਰਮ ਵਿੱਚ ਵਧਾਉਣ ਲਗਦਾ ਹੈ ਕਿ ਇਸ ਨਾਲ ਉਸਦੀ ਰਾਜਨੀਤਿਕ ਸ਼ਕਤੀ ਬਣੀ ਰਹੇਗੀ, ਤਾਂ ਕੋਈ ਵੀ ਤਾਕਤ ਉਸਨੂੰ ਅਦਾਲਤਾਂ ਨੂੰ ਭੰਗ ਕਰਨ ਅਤੇ ਕਾਨੂੰਨੀ ਪ੍ਰਕਿਰਿਆ ਨੂੰ ਤਬਾਹ ਕਰਨ ਤੋਂ ਨਹੀਂ ਰੋਕ ਸਕਦੀ।

ਇਸ ਘਟਨਾ 'ਤੇ ਟਿੱਪਣੀ ਕਰਨ ਵਾਲਾ ਹਰ ਸੀਨੀਅਰ ਪੱਤਰਕਾਰ ਆਪਣਾ ਬਿਆਨ ਇਸ ਤਰ੍ਹਾਂ ਸ਼ੁਰੂ ਕਰ ਰਿਹਾ ਹੈ,ਮੈਨੂੰ ਅਤੀਕ ਨਾਲ ਕੋਈ ਪਿਆਰ ਨਹੀਂ ਹੈ। ਪਰ ਮਾਮਲਾ ਅਜਿਹਾ ਨਹੀਂ ਹੈ। ਇੱਥੋਂ ਤੱਕ ਕਿ ਸਭ ਤੋਂ ਖ਼ਤਰਨਾਕ ਅਪਰਾਧੀ ਨੂੰ ਵੀ ਸੰਵਿਧਾਨਕ ਤੌਰ 'ਤੇ ਧਾਰਾ 21 ਦੇ ਤਹਿਤ ਸੁਰੱਖਿਆ ਦਿੱਤੀ ਗਈ ਹੈ। ਇਹ ਆਰਟੀਕਲ ਦੱਸਦਾ ਹੈ ਕਿ ਕਾਨੂੰਨ ਦੁਆਰਾ ਸਥਾਪਿਤ ਪ੍ਰਕਿਰਿਆ ਦੇ ਬਿਨਾਂ ਕਿਸੇ ਵੀ ਵਿਅਕਤੀ ਨੂੰ ਉਸਦੇ ਜੀਵਨ ਅਤੇ ਆਜ਼ਾਦੀ ਤੋਂ ਵਾਂਝਾ ਨਹੀਂ ਕੀਤਾ ਜਾਵੇਗਾ।

ਅਤੀਕ ਦੇ ਜੁਰਮਾਂ ਲਈ ਸਾਡੀ ਨਫ਼ਰਤ ਦੇ ਨਤੀਜੇ ਵਜੋਂ ਸਾਨੂੰ ਉਸ 'ਤੇ ਮਜਬੂਤੀ ਨਾਲ ਮੁਕੱਦਮਾ ਚਲਾਉਣਾ ਚਾਹੀਦਾ ਸੀ, ਨਾ ਕਿ ਗੈਰ-ਕਾਨੂੰਨੀ ਤਰੀਕਿਆਂ ਨਾਲ ਉਸ ਨੂੰ ਖਤਮ ਕਰਨਾ ਚਾਹੀਦਾ ਸੀ। ਇਨ੍ਹਾਂ ਲੋਕਾਂ ਦਾ ਬੇਰਹਿਮੀ ਨਾਲ ਕਤਲ ਓਨਾ ਹੀ ਨਿੰਦਣਯੋਗ ਹੈ ਜਿੰਨਾ ਕਿ ਇਨ੍ਹਾਂ ਵੱਲੋਂ ਕੀਤੇ ਗਏ ਅਪਰਾਧ। ਅਤੀਕ ਨੂੰ ਇੱਕ ਅਪਰਾਧ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਉਹ ਉਮਰ ਕੈਦ ਦੀ ਸਜ਼ਾ ਕੱਟ ਰਿਹਾ ਸੀ।ਇਹ ਭਾਰਤ ਦੇ ਸੰਵਿਧਾਨਕ ਲੋਕਤੰਤਰ 'ਤੇ ਇੱਕ ਧੱਬਾ ਹੈ ਕਿ ਉਸ ਨੂੰ ਉਸ ਅਪਰਾਧ ਲਈ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ, ਜਿਸ ਲਈ ਉਸ 'ਤੇ ਅਜੇ ਮੁਕੱਦਮਾ ਚੱਲਣਾ ਬਾਕੀ ਸੀ। ਅਤੀਕ ਦੇ ਕਤਲ ਨੂੰ ਇੱਕ ਰਾਸ਼ਟਰ ਦੇ ਰੂਪ ਵਿੱਚ ਭਾਰਤ ਨੂੰ ਇੱਕ ਭੀੜਤੰਤਰ ਵਿੱਚ ਬਦਲ ਜਾਣ ਦੇ ਰੂਪ ਵਿੱਚ ਦੇਖਿਆ ਜਾਣਾ ਚਾਹੀਦਾ ਹੈ।

**ਇੰਡੀਅਨ ਐਕਸਪ੍ਰੈਸ ਤੋਂ ਧੰਨਵਾਦ ਸਹਿਤ**

# ਪੰਜਾਬ ’ਚ ਦਲਿਤ ਸਿਆਸਤ ਦੇ ਪਿੱਛੜਣ ਲਈ ਜ਼ਿੰਮੇਵਾਰ ਕੌਣ ?

## ਜਲੰਧਰ ਲੋਕ ਸਭਾ ਜ਼ਿਮਨੀ ਚੋਣ : ਦਲਿਤ ਰਾਜਨੀਤੀ ਤੇ ਮੁੱਦੇ ਗ਼ਾਇਬ

### ਦਲਿਤਾਂ ਦੇ ਗੜ੍ਹ ’ਚ ਹੀ ਦਲਿਤਾਂ ਨੂੰ ਸਿਆਸੀ ਪਾਰਟੀਆਂ ਨੇ ਵੋਟ ਬੈਂਕ ਵਜੋਂ ਵਰਤਿਆ

ਪੰਜਾਬ ਦੇ ਮਾਨਚੈਸਟਰ ਕਹੇ ਜਾਂਦੇ ਦੋਆਬਾ ਖੇਤਰ ਨੂੰ ਦਲਿਤ ਭਾਈਚਾਰੇ ਦਾ ਗੜ੍ਹ ਮੰਨਿਆ ਜਾਂਦਾ ਹੈ। ਦੋਆਬਾ ਖੇਤਰ ਵਿੱਚ ਅਨੇਕਾਂ ਦਲਿਤ ਆਰਥਿਕ ਤੌਰ ’ਤੇ ਵੀ ਮਜ਼ਬੂਤ ਹਨ ਅਤੇ ਸਿਆਸੀ ਤੌਰ ’ਤੇ ਵੀ ਸੁਚੇਤ ਹਨ ਪਰ ਇਸਦੇ ਬਾਵਜੂਦ ਦਲਿਤਾਂ ਦੇ ਗੜ੍ਹ ਦੋਆਬਾ ’ਚ ਹੀ ਦਲਿਤਾਂ ਨੂੰ ਸਿਆਸੀ ਪਾਰਟੀਆਂ ਨੇ ਆਪਣੇ ਵੋਟ ਬੈਂਕ ਵਜੋਂ ਵਰਤਿਆ ਹੈ। ਇਸਦਾ ਇੱਕ ਕਾਰਨ ਇਹ ਵੀ ਮੰਨਿਆ ਜਾਂਦਾ ਹੈ ਕਿ ਅਜੇ ਵੀ ਵੱਡੀ ਗਿਣਤੀ ਦਲਿਤ ਬੇਜ਼ਮੀਨੇ ਹਨ ਅਤੇ ਸਾਧਨਾਂ, ਸੋਮਿਆਂ ਦੀ ਅਣਹੋਂਦ ਤੇ ਬੁਨਿਆਦੀ ਸਹੂਲਤਾਂ ਦੀ ਘਾਟ ਦਾ ਸਾਹਮਣਾ ਕਰ ਰਹੇ ਹਨ। ਜਦੋਂ ਵੀ ਕਿਸੇ ਵੀ ਤਰਾਂ ਦੀ ਚੋਣ ਆਉਂਦੀ ਹੈ ਤਾਂ ਸਿਆਸੀ ਪਾਰਟੀਆਂ ਤੁਰੰਤ ਦਲਿਤ ਪੱਤਾ ਖੇਡਣ ਲੱਗਦੀਆਂ ਹਨ ਅਤੇ ਸਿਆਸੀ ਪਾਰਟੀਆਂ ਨੂੰ ਦਲਿਤਾਂ ਦੇ ਮੁੱਦੇ ਅਤੇ ਮਸਲੇ ਯਾਦ ਆ ਜਾਂਦੇ ਹਨ ਅਤੇ ਚੋਣਾਂ ਹੋਣ ਉਪਰੰਤ ਸਿਆਸੀ ਪਾਰਟੀਆਂ ਵੱਲੋਂ ਦਲਿਤਾਂ ਦੇ ਮੁੱਦੇ ਅਤੇ ਮਸਲੇ ਠੰਡੇ ਬਸਤੇ ਵਿੱਚ ਪਾ ਦਿਤੇ ਜਾਂਦੇ ਹਨ। ਦੋਆਬਾ ਸਮੇਤ ਪੂਰੇ ਪੰਜਾਬ ਵਿੱਚ ਭਾਰਤ ਦੇ ਹੋਰਨਾਂ ਰਾਜਾਂ ਨਾਲੋਂ ਵੱਧ ਦਲਿਤ ਵਸਦੇ ਹਨ ਪਰ ਇਸਦੇ ਬਾਵਜੂਦ ਪੰਜਾਬ ਦਲਿਤ ਸਿਆਸਤ ਪਿਛੜ ਰਹੀ ਹੈ, ਜਿਸਦੇ ਕਾਰਨਾਂ ਦੀ ਘੋਖ ਕਰਨੀ ਜਰੂਰੀ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਪੰਜਾਬ ਵਿੱਚ ਦਲਿਤ ਸਿਆਸਤ ਦੇ ਪਿੱਛੜਨ ਲਈ ਜਿੰਮੇਵਾਰ ਕੌਣ ਹੈ ?

**ਜਲੰਧਰ ਲੋਕ ਸਭਾ ਜ਼ਿਮਨੀ ਚੋਣ** : ਇਸ ਸਮੇਂ ਪੂਰੀ ਦੁਨੀਆਂ ਦੀ ਨਜ਼ਰਾਂ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਤੇ ਲੱਗੀਆਂ ਹੋਈਆਂ ਹਨ। ਜਲੰਧਰ ਲੋਕ ਸਭਾ (ਰਿਜ਼ਰਵ ਸੀਟ) ਦੀ ਉਪ ਚੋਣ ਲਈ ਇਨ੍ਹੀਂ ਦਿਨੀਂ ਸਾਰੀਆਂ ਸਿਆਸੀ ਪਾਰਟੀਆਂ ਮੈਦਾਨ ਵਿੱਚ ਨਿੱਤਰੀਆਂ ਹੋਈਆਂ ਹਨ। ਇੱਥੇ 10 ਮਈ ਨੂੰ ਵੋਟਾਂ ਪੈਣਗੀਆਂ, ਜਦਕਿ 13 ਮਈ ਨੂੰ ਵੋਟਾਂ ਦੀ ਗਿਣਤੀ ਹੋਵੇਗੀ। ਜਲੰਧਰ ਪੰਜਾਬ ਦੇ ਦੋਆਬਾ ਖੇਤਰ ਵਿੱਚ ਸਥਿਤ ਹੈ, ਜਿੱਥੇ ਦਲਿਤਾਂ ਦੀ ਵੱਡੀ ਆਬਾਦੀ ਹੈ। ਜਲੰਧਰ ਲੋਕ ਸਭਾ ਜ਼ਿਮਨੀ ਚੋਣ ਵਿੱਚ ਦਲਿਤ ਇਸ ਵਾਰ ਵੀ ਸਾਰੀਆਂ ਪਾਰਟੀਆਂ ਦੇ ਏਜੰਡੇ ’ਤੇ ਹਨ। ਪਰ ਉਹਨਾਂ ਦੇ ਪ੍ਰਮੁਖ ਮੁੱਦੇ ਤੇ ਦਲਿਤ ਰਾਜਨੀਤੀ ਗਾਇਬ ਹੈ। ਹਾਲਾਂਕਿ, ਇਹ ਦੇਖਣਾ ਦਿਲਚਸਪ ਹੋਵੇਗਾ ਕਿ ਕੀ ਪੰਜਾਬ ਦਾ ਦਲਿਤ ਭਾਈਚਾਰਾ ਯੂਪੀ ਅਤੇ ਬਿਹਾਰ ਵਾਂਗ ਇਸ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਵਿੱਚ ਆਪਣੇ ਆਪ ਨੂੰ ਵੋਟ ਬੈਂਕ ਵਜੋਂ ਸਥਾਪਿਤ ਕਰ ਸਕਦਾ ਹੈ ? ਇਹ ਸਵਾਲ ਇਸ ਲਈ ਪੁੱਛਣਾ ਪਿਆ, ਕਿਉਂਕਿ ਦਲਿਤਾਂ ਦੇ ਨਾਂ ’ਤੇ ਬਣੀ ਬਸਪਾ ਪੰਜਾਬ ਵਿੱਚ ਬਹੁਜਨ ਸਮਾਜ ਦੇ ਬਾਨੀ ਬਾਬੇ ਕਾਂਸ਼ੀ ਰਾਮ ਤੋਂ ਬਾਅਦ ਆਪਣੀ ਹੋਂਦ ਜਾਰੀ ਨਹੀਂ ਰਖ ਸਕੀ। ਸੱਤਾ ਤਾਂ ਦੂਰ ਦੀ ਗੱਲ, ਬਹੁਜਨ ਸਮਾਜ ਪਾਰਟੀ ਮੁੱਖ ਵਿਰੋਧੀ ਪਾਰਟੀ ਵੀ ਨਹੀਂ ਬਣ ਸਕੀ। ਇਹ ਹਾਲਤ ਉਦੋਂ ਹੈ ਜਦੋਂ ਯੂਪੀ ਅਤੇ ਬਿਹਾਰ ਨਾਲੋਂ ਪੰਜਾਬ ਵਿੱਚ ਦਲਿਤ ਵੋਟਰ ਜ਼ਿਆਦਾ ਹਨ।ਜਲੰਧਰ ਲੋਕ ਸਭਾ ਹਲਕੇ ਵਿੱਚ ਦਲਿਤਾਂ ਦੀ ਵੋਟਾਂ ਕਿਸੇ ਵੀ ਉਮੀਦਵਾਰ ਦੀ ਜਿੱਤ ਹਾਰ ਦਾ ਫੈਸਲਾ ਕਰ ਸਕਦੀਆਂ ਹਨ। ਇਸਦੇ ਬਾਵਜੂਦ ਦਲਿਤਾਂ ਨੂੰ ਅਜੇ ਤਕ ਸਿਆਸੀ ਪਾਰਟੀਆਂ ਵੱਲੋਂ ਬਣਦਾ ਮਾਣ ਸਤਿਕਾਰ ਤੇ ਢੁੱਕਵੀਂ ਨੁਮਾਇੰਦਗੀ ਨਹੀਂ ਦਿਤੀ ਗਈ।


redit:PTI Facebook-@KanshiRamSaheb

**ਦਲਿਤਾਂ ਦੀ ਆਬਾਦੀ** : ਪੰਜਾਬ ਵਿੱਚ ਦਲਿਤਾਂ ਦੀ ਆਬਾਦੀ ਲਗਭਗ 33 ਫੀਸਦੀ ਹੈ, ਜੋ ਕਿ ਭਾਰਤ ਦੇ ਬਾਕੀ ਸੂਬਿਆਂ ਨਾਲੋਂ ਸਭ ਤੋਂ ਵੱਧ ਹੈ। ਪੇਂਡੂ ਖੇਤਰਾਂ ਵਿੱਚ ਇਹ ਆਬਾਦੀ 37 ਫੀਸਦੀ ਤੱਕ ਪਹੁੰਚ ਜਾਂਦੀ ਹੈ। ਦੋਆਬਾ ਖੇਤਰ ਦੇ ਕਈ ਖੇਤਰਾਂ ਵਿੱਚ ਇਹ ਅਨੁਪਾਤ 45 ਤੋਂ 50 ਫੀਸਦੀ ਤੱਕ ਚਲਾ ਜਾਂਦਾ ਹੈ। ਦਲਿਤਾਂ ਦੀ ਸਮੁੱਚੀ ਵੋਟ ਕਦੇ ਕਿਸੇ ਇੱਕ ਪਾਰਟੀ ਨੂੰ ਨਹੀਂ ਗਈ। ਇਸ ਦੇ ਕਈ ਕਾਰਨ ਹਨ। ਪੰਜਾਬ ਵਿੱਚ ਦਲਿਤ ਭਾਈਚਾਰਾ 39 ਜਾਤਾਂ ਵਿੱਚ ਵੰਡਿਆ ਹੋਇਆ ਹੈ। ਉਨ੍ਹਾਂ ਦੇ ਆਪਸੀ ਹਿੱਤ ਵੀ ਟਕਰਾਉਂਦੇ ਹਨ। ਪੰਜਾਬ ਵਿੱਚ ਦਲਿਤਾਂ ਦੀਆਂ ਮੁੱਖ ਜਾਤਾਂ ਰਾਮਦਾਸੀਏ, ਰਵਿਦਾਸੀਏ, ਮਜ਼੍ਹਬੀ, ਵਾਲਮੀਕੀ, ਭਗਤ ਜਾਂ ਕਬੀਰ ਪੰਥੀ ਹਨ।ਪੰਜਾਬ ਦੇ ਇੱਕ ਵੱਡੇ ਇਲਾਕੇ ਮਾਲਵੇ ਵਿੱਚ ਜੱਟ ਅਤੇ ਮਜਹਬੀ ਸਿੱਖ ਵੱਡੀ ਗਿਣਤੀ ਵਿੱਚ ਹਨ। ਮਾਝਾ ਖੇਤਰ ਵਿੱਚ ਜ਼ਿਆਦਾਤਰ ਮਜਹਬੀ ਸਿੱਖ ਅਤੇ ਈਸਾਈ ਦਲਿਤ ਹਨ। ਦੋਆਬੇ ਵਿੱਚ ਜੱਟ ਅਤੇ ਵਾਲਮੀਕੀ ਭਾਈਚਾਰੇ ਵੱਡੀ ਗਿਣਤੀ ਵਿੱਚ ਹਨ।

ਆਮ ਤੌਰ ’ਤੇ ਇਹ ਮੰਨਿਆ ਜਾਂਦਾ ਹੈ ਕਿ ਜੱਟ ਵੋਟਰਾਂ ਦੀਆਂ ਵੋਟਾਂ ਜ਼ਿਆਦਾਤਰ ਕਾਂਗਰਸ ਤੇ ਅਕਾਲੀਆਂ ਨੂੰ ਗਈਆਂ ਹਨ, ਜਦੋਂ ਕਿ ਵਾਲਮੀਕਿ ਅਤੇ ਮਜਹਬੀ ਸਿੱਖ ਵੋਟਰ ਅਕਾਲੀ ਦਲ, ਬਸਪਾ ਅਤੇ ਹੋਰ ਪਾਰਟੀਆਂ ਨੂੰ ਵੋਟਾਂ ਪਾਉਂਦੇ ਰਹੇ ਹਨ। ਪਰ 2022 ਵਿੱਚ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਨੇ ਇਸ ਧਾਰਨਾ ਨੂੰ ਬਦਲ ਦਿੱਤਾ ਸੀ। 2022 ਵਿੱਚ ਕਾਂਗਰਸ ਨੇ ਚਰਨਜੀਤ ਸਿੰਘ ਚੰਨੀ ਨੂੰ ਦਲਿਤ ਮੁੱਖ ਮੰਤਰੀ ਵਜੋਂ ਪੇਸ਼ ਕੀਤਾ ਸੀ ਪਰ ਇਸ ਦਾ ਲਾਭ ਕਾਂਗਰਸ ਨੂੰ ਦੋਆਬਾ ਖੇਤਰ ਵਿੱਚ ਹੀ ਮਿਲਿਆ। ਦੋਆਬਾ ਖੇਤਰ ਵਿੱਚ 23 ਵਿਧਾਨ ਸਭਾ ਸੀਟਾਂ ਹਨ, ਜਿੱਥੇ ‘ਆਪ’ ਨੇ 10 ਅਤੇ ਕਾਂਗਰਸ ਨੇ 9 ਸੀਟਾਂ ਜਿੱਤੀਆਂ ਹਨ।

**ਬਸਪਾ ਦੀ ਸਥਿਤੀ** : 1984 ਦੌਰਾਨ ਦਲਿਤਾਂ ਦੀ ਨੁਮਾਇੰਦਾ ਪਾਰਟੀ ਵਜੋਂ ਹੋਂਦ ਵਿੱਚ ਆਈ ਬਸਪਾ ਦੇ ਬਾਨੀ ਕਾਂਸ਼ੀ ਰਾਮ ਦਾ ਸਬੰਧ ਵੀ ਪੰਜਾਬ ਨਾਲ ਹੀ ਸੀ। ਉਹ ਪੰਜਾਬ ਦੇ ਰੂਪਨਗਰ ਜ਼ਿਲ੍ਹੇ ਦੇ ਰਹਿਣ ਵਾਲੇ ਸਨ। ਬਹੁਜਨ ਸਮਾਜ ਪਾਰਟੀ ਨੇ 1989 ਦੀਆਂ ਲੋਕ ਸਭਾ ਚੋਣਾਂ ਵਿੱਚ ਪੰਜਾਬ ਦੇ ਸ਼੍ਰੋਮਣੀ ਅਕਾਲੀ ਦਲ ਦੇ ਸਹਿਯੋਗ ਨਾਲ ਫਿਲੌਰ ਲੋਕ ਸਭਾ ਸੀਟ ਜਿੱਤੀ। ਇਸ ਸੀਟ ਤੋਂ ਬਸਪਾ ਉਮੀਦਵਾਰ ਹਰਭਜਨ ਸਿੰਘ ਲਾਖਾ ਜੇਤੂ ਰਹੇ। ਬਸਪਾ ਨੇ 1991 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਇੱਕ ਸੀਟ ਜਿੱਤੀ ਸੀ। ਫਿਰੋਜ਼ਪੁਰ ਲੋਕ ਸਭਾ ਹਲਕਾ ਉਸ ਸਮੇਂ ਬਸਪਾ ਦੇ ਮੋਹਨ ਸਿੰਘ ਫਲੀਆਂ ਵਾਲੇ ਨੇ ਜਿੱਤੀ ਸੀ (ਪੰਜਾਬ ਸੰਤਾਪ ਕਾਰਨ ਉਹ ਚੋਣਾਂ 1992 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੇ ਨਾਲ ਹੀ ਹੋਈਆਂ ਸਨ)। 1992 ਦੀਆਂ ਵਿਧਾਨ ਸਭਾ ਚੋਣਾਂ ਬਸਪਾ ਦਾ ਹੁਣ ਤੱਕ ਦਾ ਸਭ ਤੋਂ ਵਧੀਆ ਪ੍ਰਦਰਸ਼ਨ ਸੀ। ਉਸ ਚੋਣ ਵਿੱਚ ਬਸਪਾ ਨੇ 9 ਸੀਟਾਂ ਜਿੱਤ ਕੇ ਵਿਰੋਧੀ ਪਾਰਟੀ ਦਾ ਦਰਜਾ ਹਾਸਲ ਕੀਤਾ ਸੀ। ਸ਼੍ਰੋਮਣੀ ਅਕਾਲੀ ਦਲ ਨੇ ਖਾੜਕੂਆਂ ਦੇ ਪ੍ਰਭਾਵ ਕਾਰਣ ਇਨ੍ਹਾਂ ਚੋਣਾਂ ਦਾ ਬਾਈਕਾਟ ਕੀਤਾ ਸੀ।

**ਅਕਾਲੀ ਦਲ ਤੇ ਬਸਪਾ ਗਠਜੋੜ** : 1995 ਵਿੱਚ ਬਠਿੰਡਾ ਜ਼ਿਲ੍ਹੇ ਦੇ ਗਿੱਦੜਬਾਹਾ ਵਿਧਾਨ ਸਭਾ ਹਲਕੇ ਲਈ ਹੋਈਆਂ ਉਪ ਚੋਣਾਂ ਵਿੱਚ ਅਕਾਲੀ ਦਲ ਨੇ ਬਸਪਾ ਦਾ ਸਹਿਯੋਗ ਲਿਆ ਸੀ। ਉਸ ਸੀਟ ਤੋਂ ਅਕਾਲੀ ਦਲ ਦੇ ਉਮੀਦਵਾਰ ਪ੍ਰਕਾਸ਼ ਸਿੰਘ ਬਾਦਲ ਦਾ ਭਤੀਜਾ ਅਤੇ ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਚੋਣ ਜਿੱਤਣ ਵਿੱਚ ਕਾਮਯਾਬ ਰਿਹਾ ਜੋ ਬਾਦਲ ਦਲ ਛੱਡਕੇ ਕਾਂਗਰਸ ਅਪਨਾਉਣ ਤੋਂ ਬਾਅਦ ਹੁਣ ਭਾਜਪਾ ਵਿੱਚ ਹੈ।

1996 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਅਕਾਲੀ ਦਲ ਨੇ ਬਸਪਾ ਨਾਲ ਗਠਜੋੜ ਕੀਤਾ ਸੀ। ਪੰਜਾਬ ਦੀਆਂ ਕੁੱਲ 13 ਸੀਟਾਂ ਵਿੱਚੋਂ ਅਕਾਲੀ-ਬਸਪਾ ਗਠਜੋੜ ਨੇ 11 ਸੀਟਾਂ ਜਿੱਤੀਆਂ ਹਨ। ਅਕਾਲੀ ਦਲ ਨੂੰ 8, ਬਸਪਾ ਨੂੰ 3 ਸੀਟਾਂ ਮਿਲੀਆਂ ਸਨ। ਇਨ੍ਹਾਂ ਵਿੱਚੋਂ ਬਸਪਾ ਦੇ ਬਾਨੀ ਕਾਂਸ਼ੀ ਰਾਮ ਹੁਸ਼ਿਆਰਪੁਰ ਸੀਟ ਤੋਂ, ਮੋਹਨ ਸਿੰਘ ਫਲੀਆਂ ਵਾਲਾ ਫਿਰੋਜ਼ਪੁਰ ਤੋਂ ਅਤੇ ਹਰਭਜਨ ਸਿੰਘ ਲਾਖਾ ਫਿਲੌਰ ਤੋਂ ਜਿੱਤੇ ਸਨ। ਉਸ ਚੋਣ ਵਿੱਚ ਕਾਂਗਰਸ ਨੂੰ ਸਿਰਫ਼ ਦੋ ਸੀਟਾਂ ਮਿਲੀਆਂ ਸਨ। ਇਸ ਜਿੱਤ ਤੋਂ ਕੁਝ ਮਹੀਨਿਆਂ ਬਾਅਦ, ਬਸਪਾ ਨੂੰ ਬਿਨਾਂ ਦੱਸਿਆਂ, ਅਕਾਲੀ ਦਲ ਨੇ ਭਾਜਪਾ ਨਾਲ ਗਠਜੋੜ ਕਰ ਲਿਆ ਅਤੇ ਬਸਪਾ ਨਾਲੋਂ ਨਾਤਾ ਤੋੜ ਲਿਆ। ਜਿਸ ਕਾਰਨ ਕਾਂਸ਼ੀਰਾਮ ਬਹੁਤ ਨਿਰਾਸ਼ ਹੋਏ। ਉਹਨਾਂ ਕਿਹਾ ਸੀ ਕਿ ਬਾਦਲਕਿਆਂ ਨੇ ਭਾਜਪਾ ਨਾਲ ਸਮਝੌਤਾ ਕਰਕੇ ਆਪਣੀ ਸਿਆਸੀ ਕਬਰ ਖੋਦ ਲਈ ਹੈ। ਕਾਂਸ਼ੀਰਾਮ ਜੀ ਦੇ ਸ਼ਬਦ ਅੱਜ ਸੱਚ ਸਾਬਤ ਹੋ ਰਹੇ ਹਨ।ਬਾਦਲ ਅਕਾਲੀ ਦਲ ਰਾਜਨੀਤੀ ਵਿੱਚ ਪਛੜਕੇ ਰਹਿ ਗਿਆ ਹੈ।ਯਾਦ ਰਹੇ ਕਿ ਭਾਜਪਾ ਨਾਲ ਗਠਜੋੜ ਕਰਨ ਬਾਅਦ ਅਕਾਲੀ ਦਲ ਨੇ ਕੇਂਦਰ ਵਿੱਚ ਭਾਜਪਾ ਨੂੰ ਬਿਨਾਂ ਸ਼ਰਤ ਦੇ ਸਮਰਥਨ ਦਿੱਤਾ ਸੀ। ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨੇ 1997 ਦੀਆਂ ਵਿਧਾਨ ਸਭਾ ਚੋਣਾਂ ਸਾਂਝੇ ਤੌਰ ’ਤੇ ਲੜੀਆਂ, ਆਪਣੇ ਗਠਜੋੜ ਨੂੰ ਸਿੱਖ-ਹਿੰਦੂ ਏਕਤਾ ਦੇ ਪ੍ਰਤੀਕ ਵਜੋਂ ਪੇਸ਼ ਕੀਤਾ। ਗਠਜੋੜ 93 ਸੀਟਾਂ (75 ਅਕਾਲੀ ਦਲ ਅਤੇ 18 ਭਾਜਪਾ) ਨਾਲ ਸੱਤਾ ਵਿੱਚ ਆਇਆ। ਕਾਂਗਰਸ ਨੂੰ 14 ਸੀਟਾਂ ਨਾਲ ਕਰਾਰੀ ਹਾਰ ਮਿਲੀ।

ਇਨ੍ਹਾਂ ਵਿਧਾਨ ਸਭਾ ਚੋਣਾਂ ਵਿੱਚ ਬਸਪਾ ਸਿਰਫ਼ ਇੱਕ ਸੀਟ ਜਿੱਤ ਸਕੀ। ਇਸ ਸਮੇਂ ਦੌਰਾਨ ਕਈ ਹੋਰ ਦਲਿਤ ਗਰੁੱਪ ਅਤੇ ਪਾਰਟੀਆਂ ਬਸਪਾ ਨਾਲੋਂ ਟੁੱਟ ਗਈਆਂ, ਜਿਨ੍ਹਾਂ ਵਿੱਚੋਂ ਇੱਕ ਸਤਨਾਮ ਸਿੰਘ ਕੈਂਥ ਦਾ ਬਹੁਜਨ ਸਮਾਜ ਮੋਰਚਾ ਸੀ, ਜਿਸ ਲਈ ਸ਼੍ਰੋਮਣੀ ਅਕਾਲੀ ਦਲ ਨੇ 1998 ਅਤੇ 1999 ਵਿੱਚ ਫਿਲੌਰ ਲੋਕ ਸਭਾ ਸੀਟ ਛੱਡ ਦਿੱਤੀ ਸੀ। 1998 ਦੀਆਂ ਲੋਕ ਸਭਾ ਚੋਣਾਂ ਵਿੱਚ ਸਤਨਾਮ ਸਿੰਘ ਕੈਂਥ ਫਿਲੌਰ ਤੋਂ ਜਿੱਤ ਕੇ ਸੰਸਦ ਮੈਂਬਰ ਬਣੇ। 2002 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਵੀ ਅਕਾਲੀ ਦਲ ਨੇ ਬਹੁਜਨ ਸਮਾਜ ਮੋਰਚੇ ਲਈ ਦੋ ਸੀਟਾਂ ਛੱਡੀਆਂ ਸਨ ਪਰ ਦੋਵੇਂ ਹੀ ਹਾਰ ਗਏ ਸਨ। ਬਾਅਦ ਵਿੱਚ ਸਤਨਾਮ ਸਿੰਘ ਕੈਂਥ ਨੇ ਬਹੁਜਨ ਸਮਾਜ ਮੋਰਚੇ ਦਾ ਕਾਂਗਰਸ ਵਿੱਚ ਰਲੇਵਾਂ ਕਰ ਲਿਆ। ਕਿਹਾ ਜਾਂਦਾ ਹੈ ਕਿ ਬਸਪਾ ਵਿਚ ਪਾੜ ਪਾਉਣ ਦੀ ਭੂਮਿਕਾ ਵਡੇ ਬਾਦਲ ਦੀ ਸੀ।2002 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਬਸਪਾ ਕੋਈ ਵੀ ਸੀਟ ਨਹੀਂ ਜਿੱਤ ਸਕੀ ਸੀ ਪਰ ਉਸ ਨੇ 5.69 ਫੀਸਦੀ ਵੋਟਾਂ ਹਾਸਲ ਕੀਤੀਆਂ ਸਨ। ਬਸਪਾ ਨੇ 2007 ਦੀਆਂ ਵਿਧਾਨ ਸਭਾ ਚੋਣਾਂ ਵਿੱਚ 4.13 ਫੀਸਦੀ ਅਤੇ 2012 ਦੀਆਂ ਵਿਧਾਨ ਸਭਾ ਚੋਣਾਂ ਵਿੱਚ 4.29 ਫੀਸਦੀ ਵੋਟਾਂ ਹਾਸਲ ਕੀਤੀਆਂ ਸਨ। 2017 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੇ ਹੋਰ ਪਾਰਟੀਆਂ ਦੇ ਨਾਲ ਮਿਲ ਕੇ ਬਸਪਾ ਦੀਆਂ ਵੋਟਾਂ ਵਿੱਚ ਸੰਨ ਲਗਾਈ ਅਤੇ ਬਸਪਾ ਦਾ ਵੋਟ ਸ਼ੇਅਰ 1.52 ਫੀਸਦੀ ਰਹਿ ਗਿਆ। ਬਸਪਾ ਨੇ 2019 ਦੀਆਂ ਲੋਕ ਸਭਾ ਚੋਣਾਂ ਬਹੁ-ਪਾਰਟੀ ਗਠਜੋੜ ‘ਪੰਜਾਬ ਜਮਹੂਰੀ ਗਠਜੋੜ’ ਦੇ ਹਿੱਸੇ ਵਜੋਂ ਲੜੀਆਂ ਅਤੇ ਕੁਝ ਹੱਦ ਤੱਕ ਆਪਣੀ ਹਾਲਤ ਵਿੱਚ ਸੁਧਾਰ ਕੀਤਾ। ਆਨੰਦਪੁਰ ਲੋਕ ਸਭਾ ਸੀਟ ਤੋਂ 1 ਲੱਖ 46 ਹਜ਼ਾਰ, ਹੁਸ਼ਿਆਰਪੁਰ ਤੋਂ 1 ਲੱਖ 28 ਹਜ਼ਾਰ ਤੋਂ ਵੱਧ ਅਤੇ ਜਲੰਧਰ ਤੋਂ 2 ਲੱਖ ਤੋਂ ਵੱਧ ਵੋਟਾਂ ਹਾਸਲ ਕੀਤੀਆਂ। ਕੁੱਲ ਮਿਲਾ ਕੇ ਬਸਪਾ ਦੀ

(ਬਾਕੀ ਸਫ਼ਾ 31 ’ਤੇ)

# ਪੰਜਾਬ ਵਿੱਚ ਕਿਉਂ ਨਾ ਹੋ ਸਕਿਆ ਦਲਿਤ ਸਿਆਸਤ ਦਾ ਉਭਾਰ ?

ਬਸਪਾ ਦੀ ਸਥਿਤੀ ਦੱਸਦੀ ਹੈ ਕਿ ਯੂਪੀ ਅਤੇ ਬਿਹਾਰ ਵਿੱਚ ਜੋ ਦਲਿਤ ਸਮਾਜ ਸੱਤਾ ਦਿਵਾਉਣ ਵਿੱਚ ਏਨਾ ਪ੍ਰਭਾਵਸ਼ਾਲੀ ਹੈ, ਉਹ ਪੰਜਾਬ ਵਿੱਚ ਆਪਣਾ ਪ੍ਰਭਾਵ ਛੱਡਣ ਦੇ ਸਮਰੱਥ ਨਹੀਂ ਹੋ ਸਕਿਆ। ਇਹੀ ਕਾਰਨ ਹੈ ਕਿ ਪੰਜਾਬ ਦੀਆਂ ਸਿਆਸੀ ਪਾਰਟੀਆਂ ਕਦੇ ਵੀ ਦਲਿਤਾਂ ਨੂੰ ਲੈਕੇ ਇੰਨੀਆਂ ਹਮਲਾਵਰ ਨਹੀਂ ਰਹੀਆਂ। ਅਸਲ ਵਿੱਚ ਇਸ ਬੁਨਿਆਦੀ ਫਰਕ ਦਾ ਅਸਲ ਕਾਰਨ ਇਹ ਹੈ ਕਿ ਪੰਜਾਬ ਵਿੱਚ ਦਲਿਤਾਂ ਦੀ ਹਾਲਤ ਦੋਵਾਂ ਸੂਬਿਆਂ ਦੇ ਮੁਕਾਬਲੇ ਬਿਲਕੁਲ ਵੱਖਰੀ ਹੈ। ਇੱਥੇ ਦਲਿਤ ਯੂਪੀ ਅਤੇ ਬਿਹਾਰ ਵਾਂਗ ਇਕਜੁੱਟ ਨਹੀਂ ਜਾਪਦੇ। ਪੰਜਾਬ ਵਿੱਚ 32 ਫੀਸਦੀ ਵੋਟਰ ਦਲਿਤ ਹੋਣ ਦੇ ਬਾਵਜੂਦ ਆਪਸ ਵਿੱਚ ਬੁਰੀ ਤਰ੍ਹਾਂ ਵੰਡੇ ਹੋਏ ਹਨ, ਕਦੇ ਇੱਕ ਨਹੀਂ ਹੋਏ। ਨਤੀਜਾ ਇਹ ਹੈ ਕਿ 25% ਦੇ ਕਰੀਬ ਹੋਣ ਦੇ ਬਾਵਜੂਦ ਵੀ ਜੱਟ ਸਿੱਖਾਂ ਦਾ ਪੰਜਾਬ ਦੀ ਸਿਆਸਤ ’ਤੇ ਦਬਦਬਾ ਕਾਇਮ ਹੈ। ਉਨ੍ਹਾਂ ਦੀ ਏਕਤਾ ਨੇ ਉਨ੍ਹਾਂ ਨੂੰ ਇੱਕ ਮਹੱਤਵਪੂਰਨ ਕਾਰਕ ਬਣਾਇਆ ਹੋਇਆ ਹੈ।ਬਹੁਗਿਣਤੀ ਸਿਖ ਭਾਈਚਾਰਾ ਜੱਟ ਸਿਖ ਭਾਈਚਾਰੇ ਦੀ ਹੋਂਦ ਵਿੱਚ ਹੋਰ ਇਜਾਫਾ ਕਰ ਦਿੰਦਾ ਹੈ।ਇਸ ਕਾਰਣ ਪੰਜਾਬ ਦੀ ਸਿਆਸਤ ਵਿਚ ਜੱਟ ਭਾਈਚਾਰੇ ਦਾ ਦਬਦਬਾ ਹੈ।ਇਸ ਨੂੰ ਪੰਥਕ ਸਿਆਸਤ ਵੀ ਕਿਹਾ ਜਾਂਦਾ ਹੈ।ਇਸ ਸਿਆਸਤ ਨਾਲ ਮਜਹਬੀ ਭਾਈਚਾਰਾ ਵੀ ਸ਼ਾਮਲ ਹੋ ਜਾਂਦਾ ਹੈ।ਭਾਜਪਾ ਨੇ ਹਰਿਆਣੇ ਦੇ ਜਾਟ ਭਾਈਚਾਰੇ ਵਾਂਗ ਜੱਟ ਭਾਈਚਾਰੇ ਦਾ ਸਿਆਸੀ ਸੰਤੁਲਨ ਵਿਗਾੜਨ ਦੀ ਕੋਸ਼ਿਸ਼ ਕੀਤੀ ਜੋ ਹੁਣ ਤਕ ਜਾਰੀ ਹੈ ,ਉਸ ਵਿਚ ਉਹ ਸਫਲ ਨਹੀਂ ਹੋ ਸਕੇ।

**ਕੀ ਕਹਿੰਦੇ ਨੇ ਬੁੱਧੀਜੀਵੀ** : ਸਿੱਖ ਚਿੰਤਕ ਗੁਰਬਚਨ ਸਿੰਘ ਆਖਦੇ ਹਨ ਕਿ ਕਾਂਸ਼ੀ ਰਾਮ ਜੀ ਦੇ ਯਤਨਾਂ ਸਦਕਾ ਉਨ੍ਹਾਂ ਦੀ ਜ਼ਿੰਦਗੀ ਦੌਰਾਨ ਹੀ ਦਲਿਤ ਸਮਾਜ ਨੂੰ ਯੂ.ਪੀ. ਵਰਗੇ ਵੱਡੇ ਰਾਜ ਵਿੱਚ ਸੱਤਾ ਸੁਖ ਭੋਗਣ ਦਾ ਮੌਕਾ ਵੀ ਮਿਲਿਆ। ਬਦਕਿਸਮਤੀ ਇਹ ਰਹੀ ਕਿ ਨਾ ਤਾਂ ਕਾਂਸ਼ੀ ਰਾਮ ਜੀ ਦੇ ਸਮੇਂ ਅਤੇ ਨਾ ਹੀ ਬਾਅਦ ਵਿੱਚ ਰਾਜ ਸੱਤਾ ਦਾ ਇਹ ਤਜਰਬਾ



ਕਿਸੇ ਹੋਰ ਰਾਜ ਵਿੱਚ ਜਾਂ ਕੇਂਦਰ ਸਰਕਾਰ ਬਣਾਉਣ ਲਈ ਕੰਮ ਆਇਆ।ਉਹਨਾਂ ਦਾ ਕਹਿਣਾ ਹੈ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਪੰਜਾਬ ਦੇ ਦਲਿਤ ਯੂਪੀ ਅਤੇ ਬਿਹਾਰ ਦੇ ਦਲਿਤਾਂ ਨਾਲੋਂ ਆਰਥਿਕ ਤੌਰ ’ਤੇ ਮਜ਼ਬੂਤ ? ?ਹਨ। ਦੁਆਬੇ ਦੇ ਕਈ ਅਜਿਹੇ ਇਲਾਕੇ ਹਨ, ਜਿੱਥੇ ਦਲਿਤ ਪਰਿਵਾਰਾਂ ਦੇ ਕਈ ਮੈਂਬਰ ਵਿਦੇਸ਼ਾਂ ਵਿੱਚ ਵੱਸ ਗਏ ਹਨ। ਵੱਡੇ ਤੋਂ ਵੱਡੇ ਵਪਾਰੀ ਅਤੇ ਹੋਟਲ ਮਾਲਕ ਵੀ ਇਸ ਭਾਈਚਾਰੇ ਵਿੱਚੋਂ ਹੀ ਆਉਂਦੇ ਹਨ। ਇਹੀ ਕਾਰਨ ਹੈ ਕਿ ਇਨ੍ਹਾਂ ਇਲਾਕਿਆਂ ਦੇ ਲੋਕ ਆਪਣੇ ਆਪ ਨੂੰ ਦਲਿਤ ਅਖਵਾਉਣ ਵਿੱਚ ਸ਼ਰਮ ਦੀ ਬਜਾਏ ਮਾਣ ਮਹਿਸੂਸ ਕਰਦੇ ਹਨ।ਪਰ ਇਸ ਦੇ ਬਾਵਜੂਦ ਬਹੁਜਨ ਰਾਜਨੀਤੀ ਉਭਾਰਨ ਵਲ ਉਹਨਾਂ ਦਾ ਧਿਆਨ ਨਹੀਂ ਹੈ।ਉਹ ਪੰਜਾਬ ਵਿੱਚ ਬਸਪਾ ਨੂੰ ਉਭਾਰਨ ਦੀ ਥਾਂ ਵਖ ਵਖ ਪਾਰਟੀਆਂ ਨਾਲ ਜੁੜੇ ਹੋਏ ਹਨ।

ਦਲਿਤ ਚਿੰਤਕ ਸਵਰਨ ਸਿੰਘ ਆਈਏਐਸ ਆਖਦੇ ਹਨ ਕਿ ਦਲਿਤ ਸਮਾਜ ਵਿੱਚ ਸੋਮਿਆਂ ਅਤੇ ਸਾਧਨਾਂ ਦੀ ਜਬਰਦਸਤ ਕਮੀ ਹੈ। ਪੰਜਾਬ ਵਿੱਚ ਇੱਕ ਤਿਹਾਈ ਵਸੋਂ ਕੋਲ ਸਿਰਫ 3.2% ਵਾਹੀਯੋਗ ਜ਼ਮੀਨ ਹੈ। ਜੇਕਰ ਪੰਜਾਬ ਵਸੋਂ ਮੁਤਾਬਿਕ ਪੂਰੇ ਦੇਸ਼ ਦਾ ਇੱਕ ਨੰਬਰ ਦਾ ਸੂਬਾ ਹੈ ਤਾਂ ਸਾਧਨ ਵਿਹੀਨਤਾ ਵਜੋਂ ਵੀ ਪੰਜਾਬ ਇੱਕ ਨੰਬਰ ਦਾ ਸੂਬਾ ਹੈ। ਪੰਜਾਬ ਵਿੱਚ ਸਦੀਆਂ ਤੋਂ ਦਲਿਤ ਸਮਾਜ ਨੂੰ ਘਰ ਤਕ ਬਣਾਉਣ ਲਈ ਜ਼ਮੀਨ ਖਰੀਦਣ ਦੀ ਇਜਾਜ਼ਤ ਨਹੀਂ ਸੀ। ਪੰਜਾਬ ਲੈਂਡ ਐਲੀਨੇਸ਼ਨ ਐਕਟ ਅਨੁਸਾਰ ਪੰਜਾਬ ਵਿੱਚ ਸਿਰਫ ਖੇਤੀਬਾੜੀ ਕਬੀਲਿਆਂ ਨਾਲ ਸਬੰਧਤ ਲੋਕ ਹੀ ਜ਼ਮੀਨ ਖਰੀਦ ਸਕਦੇ ਸਨ।

ਦੇਸ਼ ਅਜ਼ਾਦ ਹੋਣ ਤੋਂ ਬਾਅਦ, ਦਲਿਤਾਂ ਨੂੰ ਰਾਖਵਾਂਕਰਨ ਮਿਲਣ ਕਾਰਨ ਅਤੇ ਸਰਕਾਰੀ ਨੌਕਰੀਆਂ ਕਾਰਨ ਲੋਕ ਥੋੜ੍ਹੀਆਂ ਬਹੁਤ ਜ਼ਮੀਨਾਂ ਖਰੀਦ ਸਕੇ। ਗਿਆਨੀ ਜੈਲ ਸਿੰਘ ਦੇ ਮੁੱਖ ਮੰਤਰੀ ਕਾਲ ਦੇ ਦੌਰਾਨ ਬਹੁਤ ਸਾਰੀਆਂ ਸਰਕਾਰੀ ਜ਼ਮੀਨਾਂ ਦਲਿਤਾਂ ਨੂੰ ਜੋ ਬੇ-ਜ਼ਮੀਨੇ ਸਨ, ਇੱਕ ਪਾਲਸੀ ਤਹਿਤ ਅਲਾਟ ਕੀਤੀਆਂ ਗਈਆਂ। ਉਨ੍ਹਾਂ ਜ਼ਮੀਨਾਂ ਵਿੱਚੋਂ ਵੀ ਬਹੁਤੀਆਂ ਜ਼ਮੀਨਾਂ ਆਨੇ ਬਹਾਨੇ ਪਿੰਡਾਂ ਵਿੱਚ ਵਾਪਸ ਜੱਟਾਂ ਕੋਲ ਚਲੀਆਂ ਗਈਆਂ ਅਤੇ ਉਹ ਲੋਕ ਫਿਰ ਜ਼ਮੀਨ ਮਾਲਕਾਂ ਤੋਂ ਬੇ-ਜ਼ਮੀਨੇ ਹੋ ਗਏ।

# ਘੁੰਮ ਚਰਖੜਿਆ ਵੇ...

## ਹੁਣ ਨਹੀਂ ਸੁਣਦੀ ਚਰਖੇ ਦੀ ਮਿੱਠੀ ਮਿੱਠੀ ਘੂਕ

### ਨਾ ਤ੍ਰਿੰਞਣ ਰਹੇ, ਨਾ ਤ੍ਰਿੰਞਣਾਂ ਵਿੱਚ ਚਰਖਾ ਕੱਤਦੀਆਂ ਮੁਟਿਆਰਾਂ






ਅੱਜ ਦੇ ਮਸ਼ੀਨੀਕਰਨ, ਉਦਯੋਗੀਕਰਨ ਦੇ ਆਧੁਨਿਕਤਾ ਭਰੇ ਇਸ ਹਾਈ ਫਾਈ ਯੁੱਗ ਵਿੱਚ ਹਰ ਪਾਸੇ ਮਸ਼ੀਨਾਂ ਦੀ ਖੜ੍ਹ ਖੜ੍ਹ, ਵਾਹਨਾਂ ਦੀ ਚਿਲ ਪੌਂ, ਸਪੀਕਰਾਂ ਦੀ ਕੰਨ ਪਾੜੂ ਆਵਾਜ਼, ਡੀ ਜੇ ਸਪੀਕਰਾਂ ਦੇ ਰੌਲਾ ਪਾਉਂਦੇ ਸੰਗੀਤ, ਹਰ ਪਾਸੇ ਮੱਚੀ ਆਪੋਧਾਪੀ, ਹਰ ਵੇਲੇ ਮਨੁੱਖ ਦੇ ਕਾਹਲ਼ੇਪਣ ਅਤੇ ਭੱਜ ਦੌੜ ਦੇ ਮਾਹੌਲ ਵਿੱਚ ਚਰਖੇ ਦੀ ਮਿੱਠੀ ਮਿੱਠੀ ਘੂਕ ਕਿਧਰੇ ਗੁਆਚ ਗਈ ਹੈ। ਹੁਣ ਨਾ ਤਾਂ ਤ੍ਰਿੰਞਣ ਜੁੜਦੇ ਨੇ, ਨਾ ਹੀ ਤ੍ਰਿੰਞਣਾਂ ਵਿੱਚ ਮੁਟਿਆਰਾਂ ਚਰਖਾ ਕੱਤਦੀਆਂ ਹਨ, ਨਾ ਹੀ ਘਰ ਦੇ ਵਿਹੜੇ ਵਿੱਚ ਮੁਟਿਆਰਾਂ ਹੁਣ ਚਰਖਾ ਡਾਹੁੰਦੀਆਂ ਹਨ। ਹਾਲ ਤਾਂ ਇਹ ਹੈ ਕਿ ਵੱਡੀ ਗਿਣਤੀ ਅੱਲ੍ਹੜ ਕੁੜੀਆਂ ਨੂੰ ਤਾਂ ਚਰਖਾ ਕੱਤਣ ਬਾਰੇ ਹੀ ਕੋਈ ਜਾਣਕਾਰੀ ਨਹੀਂ ਹੈ, ਹਾਂ! ਪੰਜਾਬੀ ਗਾਣਿਆਂ, ਗੀਤਾਂ ਤੇ ਬੋਲੀਆਂ ਵਿੱਚ ਉਹਨਾਂ ਨੇ ਚਰਖੇ ਦਾ ਜ਼ਿਕਰ ਜ਼ਰੂਰ ਸੁਣਿਆ ਹੁੰਦਾ ਹੈ। ਇਹ ਇਕ ਕੁਸੈਲੀ ਹਕੀਕਤ ਹੈ ਕਿ ਅੱਜ ਦੀਆਂ ਵੱਡੀ ਗਿਣਤੀ ਆਧੁਨਿਕ ਨਾਰਾਂ ਨੂੰ ਚਰਖੇ ਦੇ ਮੁੰਨੇ, ਗੁੱਡੀਆਂ, ਮਾਹਲ, ਗਲੋਟੇ, ਤੰਦ ਬਾਰੇ ਨਾਂਹ ਦੇ ਬਰਾਬਰ ਜਾਣਕਾਰੀ ਹੈ। ਹੁਣ ਉਹ ਵੇਲਾ ਨਹੀਂ ਰਿਹਾ, ਜਦੋਂ ਚਰਖਾ ਕੱਤਦੀਆਂ ਮੁਟਿਆਰਾਂ ਹੇਕ ਲਾ ਕੇ ਗੀਤ ਗਾਉਂਦੀਆਂ ਸਨ–

"ਚਰਖਾ ਮੇਰਾ ਰੰਗਲਾ ਧੌਣਾ,
ਮੁੰਨੇ ਮੇਰੇ ਭਾਈ,
ਗੁੱਡੀਆਂ ਮੇਰੀਆਂ ਸਕੀਆਂ ਭੈਣਾਂ,
ਮਾਹਲ ਮੇਰੀ ਭਰਜਾਈ।"

ਹੁਣ ਤਾਂ ਅੰਮ੍ਰਿਤ ਵੇਲੇ ਵੰਝਲੀ ਦੀ ਹੂਕ, ਕਿਸੇ ਨਵ ਵਿਆਹੀ ਦੀਆਂ ਚੂੜੇ ਵਾਲੀਆਂ ਗੋਰੀਆਂ ਬਾਂਹਾਂ ਨਾਲ ਦੁੱਧ ਰਿੜਕਣ ਮੌਕੇ ਪੈਦਾ ਹੁੰਦਾ ਮਧਾਣੀ ਦਾ ਸੰਗੀਤ, ਦੁੱਧ ਦੇ ਹਵਾ ਵਿੱਚ ਉੱਡਦੇ ਤੇ ਅਸਮਾਨ ਦੇ ਤਾਰਿਆਂ ਵਾਂਗ ਚਮਕਦੇ ਛਿੱਟੇ ਅਤੇ ਚਰਖੇ ਦੀ ਮਿੱਠੀ ਮਿੱਠੀ ਘੂਕ ਸਭ ਬੀਤੇ ਸਮੇਂ ਦੀਆਂ ਗੱਲਾਂ ਬਣ ਗਈਆਂ ਹਨ। ਅਸਲ ਵਿੱਚ ਕਿਸੇ ਸਮੇਂ ਹਰ ਘਰ ਦੀ ਸ਼ਾਨ ਰਿਹਾ ਚਰਖਾ ਹੁਣ ਘਰਾਂ ਵਿਚੋਂ ਅਲੋਪ ਹੀ ਹੋ ਗਿਆ ਹੈ। ਅੱਜ ਕੱਲ੍ਹ ਚਰਖਾ ਜਾਂ ਤਾਂ ਅਜਾਇਬ ਘਰਾਂ ਵਿੱਚ ਪਿਆ ਹੈ ਜਾਂ ਫਿਰ ਸਟੇਜਾਂ ਦਾ ਸ਼ਿੰਗਾਰ ਹੈ।

ਪੰਜਾਬੀ ਬਨਾਮ ਚਰਖਾ : ਚਰਖੇ ਦੀ ਤੁਲਨਾ ਪੰਜਾਬੀ ਲੋਕਾਂ ਨਾਲ ਵੀ ਕੀਤੀ ਜਾਂਦੀ ਹੈ। ਜਿਸ ਤਰਾਂ ਚਰਖਾ ਘੁੰਮਦਾ ਰਹਿੰਦਾ ਹੈ, ਉਸੇ ਤਰਾਂ ਹੀ ਪੰਜਾਬੀਆਂ ਦੀ ਜਿੰਦਗੀ ਵੀ ਚਲਦੀ ਰਹਿੰਦੀ ਹੈ। ਜਿਸ ਤਰਾਂ ਚਰਖੇ ਦੇ ਹਰ ਅੰਗ ਦੇ ਸਹੀ ਤਾਲਮੇਲ ਨਾਲ ਰੂੰ ਦੀਆਂ ਪੂਣੀਆਂ ਤੋਂ ਸੂਤ ਕੱਤਿਆ ਜਾਂਦਾ ਹੈ, ਉਸੇ ਤਰਾਂ ਪੰਜਾਬੀਆਂ ਨੂੰ ਹਰ ਪੱਖ ਨਾਲ ਸਹੀ ਤਾਲਮੇਲ ਬੈਠਾ ਕੇ ਆਪਣੀ ਜਿੰਦਗੀ ਖੁਦ ਗਤੀਸ਼ੀਲ ਰਹਿਕੇ ਤਰਾਸ਼ਣੀ ਪੈਂਦੀ ਹੈ। ਵੱਡੀ ਗਿਣਤੀ ਪੰਜਾਬੀ ਇਹ ਸੋਚਦੇ ਹਨ ਕਿ ਉਹਨਾਂ ਦੀ ਮਿਹਨਤ, ਪੜ੍ਹਾਈ ਅਤੇ ਯੋਗਤਾ ਦਾ ਉਹਨਾਂ ਦੇ ਆਪਣੇ ਮੁਲਕ ਵਿੱਚ ਸਹੀ ਮੁੱਲ ਨਹੀਂ ਪੈਂਦਾ, ਜਿਸ ਕਾਰਨ ਉਹ ਚਰਖੇ ਵਾਂਗ ਗਤੀਸ਼ੀਲ ਰਹਿੰਦਿਆਂ ਦੂਸਰੇ ਦੇਸ਼ਾਂ ਨੂੰ ਪਰਵਾਸ ਕਰ ਰਹੇ ਹਨ। ਕਿਹਾ ਜਾਂਦਾ ਹੈ ਕਿ ਜਿੰਦਗੀ ਚਲਦੇ ਰਹਿਣ ਦਾ ਨਾਂਅ ਹੈ। ਇਸੇ ਲਈ ਚਰਖੇ ਦੇ ਚਲਦੇ ਹੋਏ ਭਾਵ ਘੁੰਮਣ ਨਾਲ ਹੀ ਪੰਜਾਬੀਆਂ ਦੀ ਜਿੰਦਗੀ ਵਿੱਚ ਆਉਂਦੇ ਜਾਂਦੇ ਉਤਰਾਅ ਚੜ੍ਹਾਅ ਦੇ ਬਾਵਜੂਦ ਪੰਜਾਬੀਆਂ ਦੀ ਜਿੰਦਗੀ ਦੀ ਚਾਲ ਚਲਦੀ ਰਹਿੰਦੀ ਹੈ। ਇਸ ਸਮੇਂ ਵੱਡੀ ਗਿਣਤੀ ਪੰਜਾਬੀ ਪੰਜਾਬ ਨੂੰ ਬੇਦਾਵਾ ਦੇ ਰਹੇ ਹਨ, ਫਿਰ ਵੀ ਚਰਖੇ ਦੀ ਘੂਕਰ ਉਹਨਾਂ ਦੇ ਦਿਲਾਂ ਵਿੱਚ ਅਚੇਤ ਰੂਪ 'ਚ ਗੂੰਜਦੀ ਰਹਿੰਦੀ ਹੈ।

ਇਤਿਹਾਸਿਕ ਪਿਛੋਕੜ : ਚਰਖੇ ਦਾ ਇਤਿਹਾਸ ਫਰੋਲਦਿਆਂ ਪਤਾ ਚਲਦਾ ਹੈ ਕਿ ਚਰਖਾ 11ਵੀ ਸਦੀ ਵਿੱਚ ਹੋਂਦ ਵਿੱਚ ਆਇਆ। ਚਰਖੇ ਦੀ ਸ਼ੁਰੂਆਤ ਸਭ ਤੋਂ ਪਹਿਲਾਂ ਇਰਾਕ ਵਿੱਚ ਹੋਈ ਮੰਨੀ ਜਾਂਦੀ ਹੈ। ਇਰਾਕ ਦੇ ਸ਼ਹਿਰ ਬਗ਼ਦਾਦ ਵਿਚੋਂ ਹੀ ਇਹ ਚਰਖਾ ਪੰਜਾਬ ਵਿੱਚ ਆਇਆ ਮੰਨਿਆ ਜਾਂਦਾ ਹੈ। ਜਿਹੜੇ ਇਰਾਕ ਵਿੱਚ ਪਿਛਲੇ ਦੋ ਤਿੰਨ ਦਹਾਕਿਆਂ ਦੌਰਾਨ ਜਹਾਜ਼ਾਂ ਦੀ ਬੰਬਾਰ, ਸਟੇਨਗੰਨਾਂ ਦੀਆਂ ਗੋਲੀਆਂ ਦਾ ਖੜਾਕ ਅਤੇ ਹਰ ਪਾਸੇ ਬੰਬ ਧਮਾਕਿਆਂ ਦੀ ਗੂੰਜ ਸੁਣਾਈ ਦਿੰਦੇ ਰਹੇ ਹਨ, ਜਿਹੜੇ ਇਰਾਕ ਦੀ ਆਵੋ ਹਵਾ ਵਿੱਚ ਇਸ ਸਮੇਂ ਬਾਰੂਦ ਦਾ ਮੁਸ਼ਕ ਸਮਾਇਆ ਹੋਇਆ ਹੈ, ਉਸੇ ਇਰਾਕ ਵਿੱਚ ਸਦੀਆਂ ਪਹਿਲਾਂ ਹਰ ਪਾਸੇ ਚਰਖੇ ਦੀ ਮਿੱਠੀ ਮਿੱਠੀ ਘੂਕ ਸੁਣਾਈ ਦਿੰਦੀ ਸੀ, ਜੋ ਕਿ ਇਰਾਕ ਦੇ ਪੌਣ ਪਾਣੀ ਵਿੱਚ ਸੰਗੀਤ ਘੋਲਦੀ ਸੀ। ਇਰਾਕ ਦਾ ਸ਼ਹਿਰ ਬਗ਼ਦਾਦ ਚਰਖੇ ਦਾ ਗੜ੍ਹ ਮੰਨਿਆ ਜਾਂਦਾ






ਸੀ। ਇਰਾਕ ਤੋਂ ਹੀ ਚਰਖੇ ਦੀ ਗੂੰਜ ਸਾਰੀ ਦੁਨੀਆਂ ਵਿੱਚ ਗੂੰਜੀ। ਇਰਾਕ ਦੀਆਂ ਮੁਟਿਆਰਾਂ ਖੁਦ ਵੀ ਬਹੁਤ ਸੁੰਦਰ-ਸੋਹਣੀਆਂ ਹੋਣ ਦੇ ਨਾਲ- ਨਾਲ ਸੁੰਦਰ ਚਰਖਿਆਂ ਨੂੰ ਪਸੰਦ ਕਰਦੀਆਂ ਸਨ, ਇਸੇ ਕਾਰਨ ਤਾਂ ਬਸਰੇ ਦੀ ਹੂਰ ਅਤੇ ਇਰਾਕ ਦੇ ਚਰਖੇ ਦੀਆਂ ਗੱਲਾਂ ਅੱਜ ਵੀ ਹੁੰਦੀਆਂ ਹਨ।

ਉੱਤਮ ਕਾਰੀਗਰੀ : ਚਰਖਾ ਲੱਕੜ ਦੀ ਕਾਰੀਗਰੀ ਦੀ ਉੱਤਮ ਨਮੂਨਾ ਹੈ। ਚਰਖਾ ਇੱਕ ਵਿਸ਼ੇਸ਼ ਤਰਾਂ ਦੀ ਲੱਕੜ ਨੂੰ ਤਰਾਸ਼ ਕੇ ਬਣਾਇਆ ਜਾਂਦਾ ਹੈ। ਚਰਖੇ ਵਿੱਚ ਅਸਲ ਵਿੱਚ ਲੱਕੜ ਦੇ ਇੱਕ ਪਹੀਏ ਨਾਲ ਇੱਕ ਹੱਥੀ ਲੱਗੀ ਹੁੰਦੀ ਹੈ। ਪਹੀਏ ਅਤੇ ਤੱਕਲ਼ੇ ਨੂੰ ਇੱਕ ਧਾਗੇ ਨਾਲ ਜੋੜਿਆ ਹੁੰਦਾ ਹੈ। ਇਸ ਧਾਗੇ ਨੂੰ ਮਾਹਲ ਕਹਿੰਦੇ ਹਨ। ਸੱਜੇ ਹੱਥ ਨਾਲ ਹੱਥੀ ਨੂੰ ਘੁਮਾਇਆ ਜਾਂਦਾ ਹੈ ਅਤੇ ਖੱਬੇ ਹੱਥ ਨਾਲ ਪੂਣੀ ਨੂੰ ਕੱਤਿਆ ਜਾਂਦਾ ਹੈ।

ਚਰਖੇ ਦੀਆਂ ਕਿਸਮਾਂ : ਚਰਖੇ ਵੀ ਕਈ ਤਰਾਂ ਦੇ ਹੁੰਦੇ ਸਨ। ਕਈ ਵੱਡੇ ਚਰਖੇ ਹੁੰਦੇ ਸਨ, ਜਿਨ੍ਹਾਂ ਨੂੰ ਸਿਆਣੀਆਂ ਬੁੜੀਆਂ ਜਾਂ ਬਜ਼ੁਰਗ ਔਰਤਾਂ ਹੀ ਚਲਾਉਂਦੀਆਂ ਸਨ। ਬਾਕੀ ਕੁੜੀਆਂ ਦਰਮਿਆਨੇ ਅਕਾਰ ਦੇ ਚਰਖੇ ਨੂੰ ਕੱਤਦੀਆਂ ਹੁੰਦੀਆਂ ਸਨ। ਆਮ ਤੌਰ 'ਤੇ ਆਪਣੀ ਲੋੜ ਦੇ ਹਿਸਾਬ ਨਾਲ ਚਰਖੇ ਦਾ ਸਾਇਜ ਵੱਡਾ ਛੋਟਾ ਬਣਵਾਇਆ ਜਾਂਦਾ ਸੀ। ਚਰਖੇ ਵਿੱਚ ਕਈ ਵਾਰ ਸੋਨੇ ਦੀਆਂ ਜਾਂ ਪਿੱਤਲ ਦੀਆਂ ਮੇਖਾਂ ਲਾਈਆਂ ਜਾਂਦੀਆਂ ਸਨ।

ਮੁਟਿਆਰਾਂ ਦੇ ਦੁੱਖ- ਸੁੱਖ ਦਾ ਗਵਾਹ : ਚਰਖਾ ਮੁਟਿਆਰਾਂ ਦੇ ਦੁੱਖ ਸੁੱਖ ਦਾ ਸਾਥੀ ਵੀ ਸੀ। ਅਕਸਰ ਹੀ ਚਰਖਾ ਕੱਤਦੀਆਂ ਮੁਟਿਆਰਾਂ ਆਪਣੇ ਚੰਨ ਮਾਹੀ, ਮਾਂ -ਬਾਪ, ਭਰਾ ਨੂੰ ਯਾਦ ਕਰਕੇ ਗੀਤ ਛੋਹ ਲੈਂਦੀਆਂ ਸਨ। ਅਸਲ ਵਿੱਚ ਚਰਖਾ ਹਰ ਮੁਟਿਆਰ ਦੇ ਦੁੱਖ ਸੁੱਖ ਅਤੇ ਪ੍ਰੀਤਾਂ ਦਾ ਗਵਾਹ ਹੁੰਦਾ ਸੀ। ਪਹਿਲਾਂ ਮੁਟਿਆਰਾਂ ਕਪਾਹ ਦੀ ਰੂੰ ਤੋਂ ਸੂਤ ਬਨ੍ਹਾਉਂਦੀਆਂ ਹੁੰਦੀਆਂ ਸਨ ਅਤੇ ਫਿਰ ਸੂਤ ਤੋਂ ਖੇਸ, ਦਰੀਆਂ ਤੇ ਹੋਰ ਸਮਾਨ ਤਿਆਰ ਕੀਤਾ ਜਾਂਦਾ ਸੀ।

ਹੁਣ ਜੇ ਅੱਜ ਦੇ ਸਮੇਂ ਦੀ ਗਲ ਕੀਤੀ ਜਾਵੇ ਤਾਂ ਅੱਜ ਚਰਖਾ ਘਰਾਂ ਵਿਚੋਂ ਅਲੋਪ ਹੋ ਗਿਆ ਹੈ। ਹਾਂ! ਹੁਣ ਸਕੂਲ, ਕਾਲਜਾਂ, ਯੂਨੀਵਰਸਿਟੀਆਂ ਵਿੱਚ ਹੁੰਦੇ ਸਮਾਗਮਾਂ ਅਤੇ ਹੋਰ ਸਮਾਗਮਾਂ ਦੌਰਾਨ ਜ਼ਰੂਰ ਚਰਖੇ ਦੇ ਦਰਸ਼ਨ ਹੋ ਜਾਂਦੇ ਹਨ, ਜਿਥੇ ਕਿ ਕੁੜੀਆਂ ਚਰਖਾ ਕੱਤਦੀਆਂ ਜਾਂ ਚਰਖੇ ਕੋਲ ਬੈਠੀਆਂ ਗੱਲਾਂ ਕਰਦੀਆਂ ਦਿਖਾਈ ਦਿੰਦੀਆਂ ਹਨ ਜਾਂ ਫਿਰ ਵਿਆਹਾਂ ਮੌਕੇ ਡੀ ਜੇ ਵਾਲੇ ਜਾਂ ਆਰਕੈਸਟਰਾ ਵਾਲੇ ਵੀ ਚਰਖੇ ਨੂੰ ਆਪਣੇ ਨਾਲ ਰੱਖਦੇ ਹਨ ਤੇ ਚਰਖੇ ਨਾਲ ਸਬੰਧਿਤ ਗਾਣੇ ਗਾਉਂਦੇ ਹਨ।

ਹੁਣ ਨਾ ਤਾਂ ਅੰਬਾਂ ਦੇ ਰੁੱਖਾਂ ਦੀ ਛਾਂ ਹੇਠ ਤ੍ਰਿੰਞਣ ਲੱਗਦੇ ਹਨ ਤੇ ਨਾ ਹੀ ਚਰਖੇ ਕੱਤੇ ਜਾਂਦੇ ਹਨ ਤੇ ਨਾ ਹੀ ਹੁਣ ਸਿਆਲਾਂ ਦੀਆਂ ਲੰਮੀਆਂ ਰਾਤਾਂ ਦੌਰਾਨ ਕਿਸੇ ਘਰ ਵਿਚੋਂ ਚਰਖੇ ਦੀ ਘੂਕ ਸੁਣਦੀ ਹੈ। ਹੁਣ ਤਾਂ ਚਰਖਾ ਮੁਟਿਆਰ ਬਿਨਾ ਰੋਂਦਾ ਹੀ ਦਿਖਾਈ ਦਿੰਦਾ ਹੈ। ਕਈ ਘਰਾਂ ਵਿੱਚ ਚਰਖੇ ਨੂੰ ਨਵਾਂ ਰੰਗ ਰੋਗਨ ਕਰਕੇ ਡਰਾਇੰਗ ਰੂਮਾਂ ਵਿੱਚ ਵੀ ਰਖਿਆ ਹੁੰਦਾ ਹੈ। ਪਹਿਲਾਂ ਸਾਵਣ ਮਹੀਨੇ ਅਸਮਾਨ 'ਤੇ ਚੜ੍ਹੀਆਂ ਕਾਲੀਆਂ ਘਟਾਵਾਂ ਅਤੇ ਸਿਲੀ ਸਿਲੀ ਹਵਾ ਦੇ ਰੁਮਕਦਿਆਂ ਜਾਂ ਰਾਤ ਸਮੇਂ ਚੰਨ ਦੀ ਸ਼ੀਤਲ ਚਾਨਣੀ ਵਿੱਚ ਚਰਖਾ ਕੱਤਦੀਆਂ ਕੁੜੀਆਂ ਅਕਸਰ ਹੀ ਨਜ਼ਰ ਆ ਜਾਂਦੀਆਂ ਸਨ, ਚਰਖਾ ਕੱਤਦੀਆਂ ਕੁੜੀਆਂ ਵਿਚੋਂ ਹੀ ਅਕਸਰ ਕੋਈ ਮੁਟਿਆਰ ਆਪਣੀ ਮਿੱਠੀ ਅਤੇ ਸੁਰੀਲੀ ਆਵਾਜ਼ ਵਿੱਚ ਕੋਈ ਲੋਕ ਗੀਤ ਗਾਉਣ ਲੱਗਦੀ ਸੀ, ਉਸ ਸਮੇਂ ਮੁਟਿਆਰ ਦੇ ਬੋਲ, ਚਰਖੇ ਦੀ ਘੂਕਰ ਨਾਲ ਕੋਇਲ ਵੀ ਸੁਰ ਮਿਲਾ ਕੇ ਬੋਲਦੀ ਹੁੰਦੀ ਸੀ ਪਰ ਹੁਣ ਤਾਂ ਇਹ ਸਾਰਾ ਕੁਝ ਬੀਤ ਚੁੱਕੇ ਸਮੇਂ ਦੀ ਗੱਲ ਬਣ ਗਿਆ ਹੈ।





# ਪੰਜਾਬ ਦੇ ਬੈਂਕਾਂ ’ਚ ਪੰਜਾਬੀ ਭਾਸ਼ਾ ਕਿੱਥੇ ?



## ਆਪਣੇ ਆਪ ਨੂੰ ਪੰਜਾਬੀ ਕਹਿਣਾ ਸੌਖਾ ਪਰ ਬਣਨਾ ਬਹੁਤ ਔਖਾ : ਸੁੱਖਪ੍ਰੀਤ ਸਿੰਘ

ਪੰਜਾਬ ਸਰਕਾਰ ਵੱਲੋਂ ਭਾਵੇਂ ਪੰਜਾਬੀ ਨੂੰ ਸਰਕਾਰੀ ਅਦਾਰਿਆਂ ਵਿੱਚ ਢੁੱਕਵਾਂ ਮਾਣ ਸਨਮਾਣ ਦੇਣ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਅਜੇ ਵੀ ਪੰਜਾਬ ਵਿੱਚ ਸਥਿਤ ਵੱਖ- ਵੱਖ ਬੈਂਕਾਂ ਵਿੱਚ ਪੰਜਾਬੀ ਭਾਸ਼ਾ ਨੂੰ ਅਣਗੌਲਿਆ ਕੀਤਾ ਜਾ ਰਿਹਾ ਹੈ। ਅਕਸਰ ਬੈਂਕਾਂ ਵਿੱਚ ਹਰ ਤਰਾਂ ਦੇ ਫਾਰਮ ਅੰਗ੍ਰੇਜੀ ਜਾਂ ਹਿੰਦੀ ਵਿੱਚ ਹੁੰਦੇ ਹਨ ਅਤੇ ਪੰਜਾਬੀ ਭਾਸ਼ਾ ਵਿੱਚ ਫਾਰਮ ਨਾ ਹੋਣ ਕਾਰਨ ਆਮ ਪੰਜਾਬੀਆਂ ਨੂੰ ਬਹੁਤ ਸਮੱਸਿਆਵਾਂ ਦਾ ਸਾਹਮਣਾਂ ਕਰਨਾ ਪੈਂਦਾ ਹੈ। ਸੁੱਖਪ੍ਰੀਤ ਸਿੰਘ ਨਾਂਅ ਦੇ ਪੰਜਾਬੀ ਨੌਜਵਾਨ ਵੱਲੋਂ ਇਕ ਬੈਂਕ ਵਿੱਚ ਪੰਜਾਬੀ ਵਿੱਚ ਫਾਰਮ ਨਾ ਮਿਲਣ ਕਾਰਨ ਸੰਘਰਸ਼ ਕੀਤਾ ਗਿਆ, ਜਿਸ ਵਿੱਚ ਉਸ ਨੂੰ ਸਫਲਤਾ ਵੀ ਮਿਲੀ ਅਤੇ ਬੈਂਕ ਵਾਲਿਆਂ ਨੂੰ ਪੰਜਾਬੀ ਵਿੱਚ ਵੀ ਫਾਰਮ ਰਖਣੇ ਸ਼ੂਰੂ ਕਰਨੇ ਪਏ। ਸੁੱਖਪ੍ਰੀਤ ਸਿੰਘ ਵੱਲੋਂ ਬੈਂਕਾਂ ਵਿੱਚ ਪੰਜਾਬੀ ਵਿੱਚ ਫਾਰਮ ਸ਼ੁਰੂ ਕਰਵਾਉਣ ਲਈ ਜੋ ਸੰਘਰਸ਼ ਕੀਤਾ ਗਿਆ, ਉਸਦੇ ਸ਼ਬਦਾਂ ’ਚ ਪੇਸ਼ ਹੈ)

ਪੰਜਾਬ ਵਿੱਚ ਦਿਨੋ ਦਿਨ ਪੰਜਾਬੀ ਭਾਸ਼ਾ ਨੂੰ ਖਤਮ ਕਰਨ ਲਈ ਸਿੱਧੇ ਤੇ ਅਸਿਧੇ ਤਰੀਕੇ ਵਰਤੇ ਜਾ ਰਹੇ ਨੇ ਕੇਂਦਰ ਸਰਕਾਰ ਵੱਲੋਂ। ਹਾਲਾਂਕਿ ਪੰਜਾਬ ਸਰਕਾਰ ਨੇ ਕਿਹਾ ਹੈ ਕਿ ਪੰਜਾਬੀ ਭਾਸ਼ਾ ਨੂੰ ਹਰ ਵਰਗ ਵਿੱਚ ਮੋਹਰੀ ਰੱਖੋ ਪਰ ਇਸਦਾ ਕਿਤੇ ਕੋਈ ਅਸਰ ਦੇਖਣ ਨੂੰ ਨੀ ਮਿਲ ਰਿਹਾ ਖੈਰ ਮੈਂ ਆਪਣੀ ਇਕ ਛੋਟੀ ਜਿਹੀ ਕੋਸ਼ਿਸ਼ ਤੁਹਾਡੇ ਨਾਲ ਸਾਂਝੀ ਕਰਨਾ ਚਾਹੁੰਦਾ ਹਾਂ। ਅਜਕਲ ਬੈਂਕਾਂ ਦਾ ਸਾਰਾ ਕੰਮ ਆਨਲਾਈਨ ਹੋ ਚੁੱਕਾ ਹੈ ਤਾਂ ਬੈਂਕ ਦੇ ਵਿੱਚ ਬਹੁਤ ਘੱਟ ਜਾਇਆ ਜਾਂਦਾ ਪਰ ਮੈਨੂੰ ਕਿਸੇ ਕਾਰਨ ਕਰਕੇ 4 ਮਹੀਨੇ ਪਹਿਲਾ ਬੈਂਕ ਜਾਣਾ ਪਿਆ ਆਪਣੇ ਪਿਤਾ ਨਾਲ। ਵੈਸੇ ਸਾਡੇ ਸਾਰੇ ਘਰ ਵਾਲਿਆਂ ਦੇ ਖਾਤੇ ਇਕ ਹੀ ਬੈਂਕ ਦੀ ਬਰਾਂਚ ’ਚ ਨੇ, ਤੇ ਮੈਂ ਉਹਨਾਂ ਦਾ ਏ. ਟੀ. ਐਮ. ਕਾਰਡ ਅਪਲਾਈ ਕਰਨਾ ਸੀ ਸੋ ਉਸ ਲਈ ਮੈਂ ਬੈਂਕ ਤੋਂ ਫਾਰਮ ਮੰਗਿਆ, ਬੈਂਕ ਵਾਲਿਆਂ ਨੇ ਜੋ ਫਾਰਮ ਮੈਨੂੰ ਦਿੱਤਾ ਉਹ ਫਾਰਮ ਹਿੰਦੀ ਭਾਸ਼ਾ ਵਿੱਚ ਸੀ। ਮੈ ਬੈਂਕ ਤੋਂ ਮੰਗ ਕੀਤੀ ਕਿ ਮੈਨੂੰ ਇਹ ਫਾਰਮ ਪੰਜਾਬੀ ’ਚ ਦਿੱਤਾ ਜਾਵੇ ਪਰ ਬੈਂਕ ਵਾਲਿਆਂ ਦਾ ਕਹਿਣਾ ਸੀ ਕਿ ਪੰਜਾਬੀ ਵਿੱਚ ਸਾਡੇ ਕੋਲ ਫਾਰਮ ਨੀ ਹੁੰਦੇ । ਮੈਂ ਸਮਝ ਗਿਆ ਸੀ ਕਿ ਇਥੇ ਕੀ ਚੱਲ ਰਿਹਾ ਹੈ। ਉਸ ਸਮੇਂ ਮੈਂ ਬੈਂਕ ਦੇ ਸਟਾਫ਼ ਨੂੰ ਅਪੀਲ ਕੀਤੀ ਕਿ ਫਾਰਮ ਪੰਜਾਬੀ ’ਚ ਇਸ਼ੂ ਕਰਵਾਉ। ਇਸਤੋਂ ਮਹੀਨਾ ਕੁ ਬਾਅਦ ਮੈਂ ਆਪਣੀ ਚੈਕ ਬੁੱਕ ਬੰਦ ਕਰਾਉਣੀ ਸੀ ਤੇ ਉਸ ਲਈ ਮੈਂ ਫੇਰ ਬੈਂਕ ਗਿਆ ਜਦ ਮੈਂ ਫਾਰਮ ਮੰਗਿਆ ਫਾਰਮ ਫੇਰ ਮੈਨੂੰ ਪੰਜਾਬੀ ’ਚ ਨਾ ਮਿਲਿਆ ਮੈਂ ਬਹੁਤ ਦੁਖੀ ਸੀ ਉਸ ਸਮੇਂ ਮੈਂ ਬਿਨਾ ਸੋਚੇ ਸਮਝੇ ਸਿੱਧਾ ਬਰਾਂਚ ਮੈਨੇਜਰ ਕੋਲ ਗਿਆ ਜਦ ਉਹਨੂੰ ਇਹ ਗੱਲ ਦੱਸੀ ਉਸਨੇ ਕੁਝ ਧਿਆਨ ਨਾ ਦਿੱਤਾ ਤੇ ਉਹ ਕਹਿੰਦੇ ਅਸੀਂ ਕੁਝ ਕਰਾਂਗੇ। ਦਸ ਦੇਵਾਂ ਕਿ ਮੈਂ ਇੰਨਾ ਪਰੇਸ਼ਾਨ ਸੀ ਇਸ ਗੱਲ ਤੋਂ ਕਿ ਪੰਜਾਬ ਦੇ ਬੈਂਕਾਂ ’ਚ ਪੰਜਾਬੀ ਦਾ ਅਤਾ ਪਤਾ ਨੀ ਮੈਂ ਚੈਕ ਬੁੱਕ ਬੰਦ ਕਰਵਾਣ ਲਈ ਫਾਰਮ ਹੀ ਨੀ ਭਰਿਆ ਤੇ ਸਿੱਧਾ ਘਰ ਆ ਗਿਆ। ਕੁਝ ਦਿਨਾਂ ਬਾਅਦ ਫੇਰ ਬੈਂਕ ਗਿਆ, ਓਹੀ ਗੱਲ ਫੇਰ ਹੋਈ ਪਰ ਇਸ ਵਾਰ ਮੈਂ ਤਿਆਰ ਸੀ ਕਿ ਕੀ ਕਰਨਾ ਹੈ। ਮੈਂ ਇਕ ਅਰਜ਼ੀ ਲਿਖੀ ਬਰਾਂਚ ਮੈਨੇਜਰ ਨੂੰ, ਜੋ ਕੀ ਮੈ ਪੰਜਾਬੀ ਵਿੱਚ ਹੀ ਲਿਖੀ ਜੋ ਕਿ ਮੇਰੀ ਅਸਲ ਸ਼ੁਰੂਆਤ ਸੀ ਲੜਾਈ ਦੀ। ਉਹ ਅਰਜ਼ੀ ਮੈਂ ਮੈਨੇਜਰ ਨੂੰ ਦਿਤੀ ਤੇ ਕਿਹਾ ਕਿ ਇੰਡੀਆ ’ਚ ਟਰੈਂਗਲ ਭਾਸ਼ਾ ਦਾ ਕਾਨੂੰਨ ਹੈ ਬੈਂਕਿੰਗ ਸੈਕਟਰ ’ਚ, ਇਹ ਤੁਹਾਡੀ ਜਿੰਮੇਵਾਰੀ ਬਣਦੀ ਹੈ ਕਿ ਬੈਂਕ ’ਚ ਹੋਰ ਭਾਸ਼ਾਵਾਂ ਦੇ ਨਾਲ ਨਾਲ ਪੰਜਾਬੀ ਦੇ ਫਾਰਮ ਮੌਜੂਦ ਹੋਣ। ਮੈਨੂੰ ਇਹ ਉਮੀਦ ਸੀ ਕਿ ਹੁਣ ਸ਼ਾਇਦ ਗੱਲ ਬਣ ਹੀ ਜਾਉ ਕਿਉਂਕਿ ਮੈਨੂੰ ਇਹ ਕਿਹਾ ਗਿਆ ਸੀ ਕੀ ਅਸੀਂ ਹੁਣ ਪੰਜਾਬੀ ’ਚ ਫਾਰਮ ਇਸ਼ੂ ਕਰਵਾ ਦਿਆਂਗੇ ਖੈਰ ਮੈਂ ਇੰਤਜਾਰ ਕੀਤਾ ਤੇ 13 ਅਪ੍ਰੈਲ 2023 ਨੂੰ ਵਾਪਿਸ ਬੈਂਕ ਗਿਆ ਚੈਕ ਬੁੱਕ ਬੰਦ ਕਰਵਾਉਣ ਲਈ ਤੇ ਫਾਰਮ ਮੰਗਿਆ ਫੇਰ ਉਹੀ ਗੱਲ, ਮੈਨੂੰ 1 ਵੀ ਫਾਰਮ ਪੰਜਾਬੀ ’ਚ ਨਾ ਦਿਖਿਆ ਤੇ ਜਦ ਮੈਂ ਬੈਂਕ ਦੇ ਕਰਮਚਾਰੀ ਨੂੰ ਕਿਹਾ ਇਸਦਾ ਕੀ ਮਤਲਬ ਤਾਂ ਉਹ ਕਹਿੰਦੇ ਮਤਲਬ ਤੁਹਾਨੂੰ ਪਤਾ ਹੀ ਹੈ। ਮੈਂ ਇੱਕ ਕੋਰਾ ਕਾਗਜ ਲਿਆ ਤੇ ਉਸਤੇ ਲਿਖਿਆ “ਪੰਜਾਬ ਦੇ ਬੈਂਕਾਂ ’ਚ ਪੰਜਾਬੀ ਕਿੱਥੇ ??”




ਤੇ ਖੜ ਗਿਆ ਇੱਕਲਾ ਹੀ ਬੈਂਕ ਦੇ ਦਰਵਾਜੇ ਤੇ ਆਪਣੀ ਮਾ ਬੋਲੀ ਦੇ ਲਈ ਲੜਨ ਲਈ। ਕਈ ਲੋਕ ਦੇਖ ਕੇ ਰੁਕਦੇ ਤੇ ਪੜ੍ਹਦੇ ਤੇ ਕਈ ਦੇਖ ਕੇ ਅਣਦੇਖਿਆ ਕਰਦੇ ਪਰ ਮੈਂ ਹੌਂਸਲਾ ਨੀ ਛੱਡਿਆ ਹਾਲਾਂਕਿ ਇਹ ਕੰਮ ਮੈਂ ਦੁਪਹਿਰ 3.20 ਦੇ ਕਰੀਬ ਸ਼ੁਰੂ ਕੀਤਾ ਤੇ ਮੈ ਸ਼ਾਮ ਦੇ 6 ਕੁ ਵਜੇ ਤਕ ਖੜਾ ਰਿਹਾ ਓਸ ਦਿਨ ਕਿੰਨੇ ਲੋਕਾਂ ਨੇ ਮੇਰੀ ਵੀਡਿਓ ਵੀ ਬਣਾਈ ਤੇ ਕਈਆਂ ਨੇ ਮੈਨੂੰ ਵੱਟਸਐਪ ਤੇ ਭੇਜੀ ਮੇਰਾ ਨੰਬਰ ਲੈਕੇ। ਮੈਨੂੰ ਕੋਈ ਅੰਦਾਜ਼ਾ ਨਹੀਂ ਸੀ ਕੀ ਕਰਾਂ ਫੇਰ ਮੈਂ ਸੋਚਿਆ ਕਿਉਂ ਨਾ ਇਸ ਨੂੰ ਹੀ ਆਪਣਾ ਹਥਿਆਰ ਬਣਾ ਲਵਾਂ, ਸੋ ਮੈਂ ਇਹ ਵੀਡਿਉ ਇੰਸਟਾਗ੍ਰਾਮ ’ਤੇ ਪਾਈ ਬੈਂਕ ਨੂੰ ਟੈਗ ਕਰਕੇ ਤੇ ਇਕ #sevrveinmylanguage ਦਾ ਇਸਤੇਮਾਲ ਕੀਤਾ ਜੋਕਿ ਸਾਊਥ ਇੰਡੀਆ ਤੋਂ ਸ਼ੁਰੂ ਹੋਇਆ ਸੀ। ਮੈਨੂੰ ਕਾਫੀ ਭਰਵਾਂ ਹੁੰਗਾਰਾ ਮਿਲਿਆ, ਇੰਸਟਾਗ੍ਰਾਮ ਤੋਂ ਲੋਕਾਂ ਨੇ ਕਾਫੀ ਸਮਰਥਣ ਕੀਤਾ, ਇਥੋਂ ਤਕ ਮੁੰਬਈ ਦੇ ਕੁਝ ਲੋਕਾਂ ਨੇ ਵੀ ਮੈਨੂੰ ਸਮਰਥਣ ਕੀਤਾ ਤੇ ਮੈਂ ਆਪਣੇ ਇਰਾਦੇ ਵਿੱਚ ਹੋਰ ਪੱਕਾ ਹੋ ਗਿਆ ਆਪਣੀ ਲੜਾਈ ਲਈ, ਇਸਤੋਂ ਇਲਾਵਾ ਮੈਂ ਬੈਂਕ ਨੂੰ ਈਮੇਲ ਵੀ ਭੇਜੀ ਤੇ ਵੈੱਬਸਾਈਟ ’ਤੇ ਵੀ ਸ਼ਿਕਾਇਤ ਰਜਿਸਟਰ ਕੀਤੀ। 3 ਦਿਨ ਇੰਟਰਨੈੱਟ ’ਤੇ ਮੈਂ ਤੇ ਮੇਰੇ ਨਾਲ ਜੁੜੇ ਹੋਏ ਲੋਕਾਂ ਨੇ ਪੂਰਾ ਇਸ ਵੀਡਿਓ ਨੂੰ ਸ਼ੇਅਰ ਕੀਤਾ, 3 ਦਿਨਾਂ ਲਈ ਬੈਂਕ ਵੀ ਬੰਦ ਸੀ। 24 ਅਪ੍ਰੈਲ ਨੂੰ ਮੈਨੂੰ ਬੈਂਕ ਤੋਂ ਫੋਨ ਆਉਂਦਾ ਹੈ ਤੇ ਕਿਹਾ ਜਾਂਦਾ ਹੈ ਕਿ ਸਰ ਅਸੀਂ ਪੰਜਾਬੀ ’ਚ ਫਾਰਮ ਇਸ਼ੂ ਕਰ ਦਿੱਤੇ ਨੇ ਤੁਸੀਂ ਆ ਕੇ ਚੈਕ ਕਰ ਲਉ ਯਕੀਨ ਮੰਨਿਓ ਮੈਨੂੰ ਉਸ ਪਲ ਇੰਨੀ ਖੁਸ਼ੀ ਹੋਈ ਕਿ ਮੈਂ ਆਪਣੇ ਮਾਤਾ ਜੀ ਨੂੰ ਦੱਸਿਆ ਪਰ ਉਹਨਾਂ ਨੂੰ ਇਸ ਚੀਜ ਦਾ ਕੋਈ ਅੰਦਾਜ਼ਾ ਨਹੀਂ ਸੀ ਕਿ ਮੈਂ ਇਹ ਕੰਮ ਸ਼ੁਰੂ ਕੀਤਾ ਸੀ। ਉਹਨਾਂ ਨੂੰ ਵੀ ਬਹੁਤ ਖੁਸ਼ੀ ਹੋਈ ਤੇ ਆਪਣਾ ਆਸ਼ੀਰਵਾਦ ਦਿੱਤਾ ਫੇਰ ਮੈਂ ਬੈਂਕ ਜਾ ਕੇ ਸਭ ਕੁਝ ਚੈਕ ਕੀਤਾ। ਬੈਂਕ ਵਾਲਿਆਂ ਨੇ ਵੀ ਮੇਰਾ ਕਾਫੀ ਸਤਿਕਾਰ ਕੀਤਾ, ਸ਼ਾਇਦ ਇਸ ਲਈ ਮੈਂ ਅੜ ਗਿਆ ਸੀ ਤੇ ਖੜ ਗਿਆ ਸੀ। ਮੈਨੂੰ ਐਵੇਂ ਮਹਿਸੂਸ ਹੋ ਰਿਹਾ ਸੀ ਜਿਵੇਂ ਮੈ ਕੋਈ ਦੇਸ਼ ਜਿੱਤ ਲਿਆ ਹੋਵੇ ।

ਆਪਣੀ ਮਾਂ ਬੋਲੀ ਨੂੰ ਮਿਲਦਾ ਰੁਤਵਾ ਦਿਵਾ ਕੇ ਮੈ ਬਹੁਤ ਖੁਸ਼ ਹਾਂ ਪਰ ਇਹ ਇਕ ਛੋਟਾ ਜਿਹਾ ਕਦਮ ਸੀ ਤੇ ਮੈਂ ਅੱਗੇ ਵੀ ਕਦਮ ਚੁੱਕਦਾ ਰਹਾਂਗਾ ਤੇ ਸਭ ਨੂੰ ਬੇਨਤੀ ਕਰਦਾ ਹਾਂ ਚਾਹੇ ਸ਼ੁਰੂਆਤ ਛੋਟੀ ਕਰੋ ਪਰ ਮਾਂ ਬੋਲੀ ਲਈ ਲੜਨਾ ਸਿੱਖੋ , ਖੜਨਾ ਸਿੱਖੋ । ਆਪਣੇ ਆਪ ਨੂੰ ਪੰਜਾਬੀ ਕਹਿਣਾ ਸੌਖਾ ਪਰ ਬਣਨਾ ਬਹੁਤ ਔਖਾ।

**ਧੰਨਵਾਦ**
**ਸੁੱਖਪ੍ਰੀਤ ਸਿੰਘ**

*ਵਿੱਦਿਆ ਵਿਚਾਰੀ ਤਾਂ ਪਰਉਪਕਾਰੀ*

# ਪੰਜਾਬੀ ਯੂਨੀਵਰਸਿਟੀ
# ਅਤੀਤ, ਵਰਤਮਾਨ ਅਤੇ ਭਵਿੱਖ





ਅੰਗਰੇਜ ਸਿੰਘ ਵਿੱਕੀ

ਪੰਜਾਬੀ ਯੂਨੀਵਰਸਿਟੀ ਪਟਿਆਲਾ ਇਜ਼ਰਾਈਲ ਦੀ ਹਿਬਰੋ ਭਾਸ਼ਾ ਦੇ ਨਾਮ ’ਤੇ ਬਣੀ ਯੂਨੀਵਰਸਿਟੀ ਤੋਂ ਬਾਅਦ ਵਿਸ਼ਵ ਦੀ ਦੂਸਰੀ ਅਜਿਹੀ ਯੂਨੀਵਰਸਿਟੀ ਹੈ ਜੋ ਕਿਸੇ ਭਾਸ਼ਾ ਯਾਨੀ ਪੰਜਾਬੀ ਭਾਸ਼ਾ ਦੇ ਨਾਮ ’ਤੇ ਬਣੀ ਹੋਈ ਹੈ।ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ 1961 ਈਸਵੀ ਦੇ ਪੰਜਾਬ ਐਕਟ ਨੰਬਰ 35 ਅਧੀਨ ਪੰਜਾਬੀ ਭਾਸ਼ਾ ਦੇ ਪ੍ਰਚਾਰ/ਪਸਾਰ ਹਿੱਤ 30 ਅਪ੍ਰੈਲ 1962 ਈਸਵੀ ਨੂੰ ਕੀਤੀ ਗਈ ਸੀ । ਪੰਜਾਬੀ ਯੂਨੀਵਰਸਿਟੀ ਪਟਿਆਲਾ ਦਾ ਨੀਂਹ ਪੱਥਰ ਉਸ ਸਮੇਂ ਦੇ ਮਾਨਯੋਗ ਰਾਸ਼ਟਰਪਤੀ ਡਾ.ਐਸ.ਰਾਧਾ ਕ੍ਰਿਸ਼ਨਨ ਜੀ ਨੇ 24 ਜੂਨ 1962 ਈਸਵੀ ਨੂੰ ਰੱਖਿਆ ਸੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਦੇਸ਼ ਵਿਦੇਸ ਤੋਂ ਵਿਸ਼ੇਸ਼ ਤੌਰ ’ਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਪੜਨ ਲਈ ਇੱਥੇ ਆਉਂਦੇ ਹਨ । ਮਾਲਵੇ ਇਲਾਕੇ ਦੇ ਤਕਰੀਬਨ ਨੌਂ ਜ਼ਿਲ੍ਹਿਆਂ ਦੇ ਪੌਣੇ ਤਿੰਨ ਸੌ ਦੇ ਲੱਗਭੱਗ ਕਾਲਜ ਇਸ ਯੂਨੀਵਰਸਿਟੀ ਨਾਲ ਜੁੜੇ ਹੋਏ/ਸੰਬੰਧਤ ਹਨ । ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਜਿਆਦਾਤਰ ਕਿਰਤੀ ਤੇ ਗਰੀਬ ਪਰਿਵਾਰਾਂ ਦੇ ਬੱਚੇ ਹੀ ਪੜ੍ਹਦੇ ਹਨ । ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਪੜਨਾ ਹਰ ਕੋਈ ਆਪਣੇ ਲਈ ਬਹੁਤ ਮਾਣ/ਫਖਰ ਵਾਲੀ ਗੱਲ ਸਮਝਦਾ ਹੈ,ਪ੍ਰੰਤੂ ਸਰਕਾਰੀ ਬੇਰੁਖੀ ਅਤੇ ਯੂਨੀਵਰਸਿਟੀ ਦੇ ਪ੍ਰਬੰਧਕੀ ਬਲਾਕ ’ਚ ਗੁੰਝਲਦਾਰ ਪ੍ਰਕਿਰਿਆ ਹੋਣ ਕਰਕੇ ਸਰਟੀਫਿਕੇਟ ਲੈਣ ਖਾਤਰ ਕਈ- ਕਈ ਸਾਲਾਂ ਤੱਕ ਧੱਕੇ ਖਾਣ ਕਰਕੇ ਵੱਡੀ ਗਿਣਤੀ ਵਿਦਿਆਰਥੀਆਂ ਦਾ ਯੂਨੀਵਰਸਿਟੀ ਤੋਂ ਮੋਹ ਭੰਗ ਹੋ ਰਿਹਾ ਹੈ। ਯੂਨੀਵਰਸਿਟੀ ਦਾ ਬਹੁਤ ਹੀ ਮਨਮੋਹਕ ਤੇ ਹਰਿਆ ਭਰਿਆ ਵਾਤਾਵਰਣ ਹਰ ਕਿਸੇ ਨੂੰ ਆਪਣੇ ਵੱਲ ਆਕਰਸ਼ਿਤ ਕਰਦਾ ਨਜ਼ਰ ਆਉਂਦਾ ਹੈ। ਪੰਜਾਬੀ ਯੂਨੀਵਰਸਿਟੀ ਨੇ ਕਿਸੇ ਸਮੇਂ ਵੱਡੇ ਵੱਡੇ ਵਿਦਵਾਨ, ਫਨਕਾਰ ਤੇ ਨੇਤਾ ਪੈਦਾ ਕੀਤੇ ਹਨ, ਜੋ ਅੱਜ ਦੇਸਾਂ ਵਿਦੇਸ਼ਾਂ ਵਿੱਚ ਬੈਠੇ ਹੋਣ ਦੇ ਬਾਵਜੂਦ ਵੀ ਪੰਜਾਬੀ ਯੂਨੀਵਰਸਿਟੀ ਦੀਆਂ ਯਾਦਾਂ ਧੁਰ ਅੰਦਰ ਤੱਕ ਦਿਲ ਵਿੱਚ ਸਮੋਈ ਬੈਠੇ ਹਨ। ਪੰਜਾਬੀ ਯੂਨੀਵਰਸਿਟੀ ਦੀਆਂ ਲਾਇਬ੍ਰੇਰੀਆਂ ਵਿੱਚ ਅਜਿਹਾ ਇਤਿਹਾਸਕ ਤੇ ਸਾਹਿਤਕ ਖਜਾਨਾ ਪਿਆ ਹੈ ਜੋ ਹੋਰ ਕਿਧਰੇ ਵੀ ਨਹੀਂ ਮਿਲਦਾ। ਯੂਨੀਵਰਸਿਟੀ ਵਿੱਚ ਵੱਖ - ਵੱਖ ਖੇਡਾਂ ਦੇ ਖੇਡ ਮੈਦਾਨ , ਸ੍ਰੀ ਗੁਰੂ ਗ੍ਰੰਥ ਸਾਹਿਬ ਭਵਨ, ਅਜਾਇਬ ਘਰ, ਕਲਾ ਭਵਨ, ਪੰਜਾਬੀ ਭਵਨ, ਡਾ. ਗੰਡਾ ਸਿੰਘ ਪੰਜਾਬੀ ਰੈਫਰੈਂਸ ਲਾਇਬ੍ਰੇਰੀ, ਭਾਈ ਕਾਹਨ ਸਿੰਘ ਨਾਭਾ ਲਾਇਬ੍ਰੇਰੀ, ਜਿਸ ਵਿੱਚ ਲੱਖਾਂ ਦੀ ਗਿਣਤੀ ਵਿੱਚ ਕਿਤਾਬਾਂ ਦਾ ਵੱਡਾ ਖਜ਼ਾਨਾ ਤੇ ਗੁਰ ਗੋਬਿੰਦ ਸਿੰਘ ਭਵਨ ਯੂਨੀਵਰਸਿਟੀ ਦੀ ਸੋਭਾ/ਸਾਨ ਵਧਾਉਣ ਵਿੱਚ ਵਡਮੁੱਲਾ ਯੋਗਦਾਨ ਪਾਉਂਦੇ ਹਨ । ਪੰਜਾਬੀ ਯੂਨੀਵਰਸਿਟੀ ਦੇ ਵਿਹੜੇ ਵਿੱਚ ਬਣੇ ਗੁਰੂ ਗੋਬਿੰਦ ਸਿੰਘ ਭਵਨ ਨੇ ਤਾਂ ਪੰਜਾਬੀ ਯੂਨੀਵਰਸਿਟੀ ਦੀ ਪੂਰੇ ਜਗਤ ਵਿੱਚ ਵਿਸ਼ੇਸ਼ ਪਹਿਚਾਣ ਹੀ ਬਣਾਕੇ ਰੱਖ ਦਿੱਤੀ ਹੈ। ਗੁਰੂ ਗੋਬਿੰਦ ਸਿੰਘ ਜੀ ਭਵਨ ਦਾ ਨੀਂਹ ਪੱਥਰ ਉਸ ਸਮੇਂ ਦੇ ਮਾਨਯੋਗ ਰਾਸ਼ਟਰਪਤੀ ਡਾ.ਜ਼ਾਕਿਰ ਹੁਸੈਨ ਜੀ ਨੇ 27 ਦਸੰਬਰ 1967 ਈਸਵੀ ਨੂੰ ਰੱਖਿਆ ਸੀ।



ਇਸ ਤੋਂ ਇਲਾਵਾ ਖੇਡਾਂ ਦੇ ਖੇਤਰ ਵਿੱਚ ਵੀ ਪੰਜਾਬੀ ਯੂਨੀਵਰਸਿਟੀ ਦੇ ਖੇਡ ਵਿਭਾਗ ਨੇ ਕਾਬਲੇ ਤਾਰੀਫ਼ ਮੱਲਾਂ ਮਾਰਦੇ ਹੋਏ ਅਨੇਕਾਂ ਵਾਰ ਮਾਕਾ ਟਰਾਫ਼ੀ ਜਿੱਤ ਕੇ ਪੰਜਾਬੀ ਯੂਨੀਵਰਸਿਟੀ ਦੀ ਝੋਲੀ ਵਿੱਚ ਪਾਕੇ ਵਿਸ਼ੇਸ਼ ਨਾਮਣਾ/ਮਾਣ ਖੱਟਿਆ ਹੈ। ਬੀਤੇ ਸਮੇਂ ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਕਲਾ , ਸਾਹਿਤ, ਸੱਭਿਆਚਾਰ ਤੇ ਖੇਡਾਂ ਦੇ ਖੇਤਰ ਵਿੱਚ ਵੱਡੀਆਂ ਮੱਲਾਂ ਮਾਰਨ ਦੇ ਨਾਲ ਨਾਲ ਹੋਰ ਵੀ ਕਈ ਖੇਤਰਾਂ ਵਿੱਚ ਅਸਮਾਨੀ ਬੁਲੰਦੀਆਂ ਨੂੰ ਫਤਿਹ ਕੀਤਾ ਹੈ । ਪੰਜਾਬੀ ਯੂਨੀਵਰਸਿਟੀ ਪਟਿਆਲਾ ਹੀ ਮਾਲਵਾ ਖੇਤਰ ਦੇ ਬਹੁ ਗਿਣਤੀ ਕਿਰਤੀ ਅਤੇ ਗਰੀਬ ਪਰਿਵਾਰਾਂ ਦੇ ਬੱਚਿਆਂ ਲਈ ਉੱਚ ਸਿੱਖਿਆ ਦੇ ਗਿਆਨ ਦਾ ਚਾਨਣ ਮੁਨਾਰਾ ਤੇ ਉਮੀਦ ਦੀ ਕਿਰਨ ਵੀ ਹੈ। ਯੂਨੀਵਰਸਿਟੀ ਦੇ ਪ੍ਰਕਾਸ਼ਨ ਬਿਊਰੋ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਦੀਆਂ ਹੋਰ ਸਾਰੀਆਂ ਯੂਨੀਵਰਸਿਟੀਆਂ ਤੋਂ ਜਿਆਦਾ /ਵੱਧ ਕਿਤਾਬਾਂ ਦੀ ਪ੍ਰਕਾਸ਼ਨਾ ਪੰਜਾਬੀ ਯੂਨੀਵਰਸਿਟੀ ਦੇ ਪ੍ਰਕਾਸ਼ਨ ਬਿਊਰੋ ਨੇ ਹੀ ਕੀਤੀ ਹੈ । ਪੰਜਾਬੀ ਭਾਸਾ. ਦੇ ਪ੍ਰਚਾਰ /ਪਸਾਰ

(ਬਾਕੀ ਸਫ਼ਾ 31 ’ਤੇ)

# ਪੂੰਜੀਵਾਦੀ ਖਪਤਕਾਰ ਯੁਗ 'ਚ ਇੱਕ ਵਸਤੂ ਬਣਦਾ ਜਾ ਰਿਹੈ ਇਨਸਾਨ

## ਸਾਡੀ ਸਦੀਆਂ ਤੋਂ ਬੱਝੀ ਸੋਚ ਨੂੰ ਨਕਾਰਾ ਕਰ ਰਹੀ ਹੈ ਆਰਟੀਫ਼ਿਸ਼ਲ ਇੰਟੈਂਲੀਜੈਂਸ



ਅੰਤਿਮ ਭਾਗ

ਅੰਮ੍ਰਿਤਸਰ ਟਾਇਮਜ਼ ਬਿਊਰੋ
7814732326

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ

ਆਰਟੀਫੀਸ਼ਲ ਇੰਟੈਲੀਜੈਂਸ ਨੇ ਮਨੁੱਖ ਦੇ ਜੀਵਨ 'ਤੇ ਕਾਫੀ ਪ੍ਰਭਾਵ ਪਾ ਲਿਆ ਹੈ। ਇਸ ਤਕਨੀਕ ਦੇ ਜਿਥੇ ਕੁਝ ਫਾਇਦੇ ਹਨ, ਉਥੇ ਵੱਡੇ ਨੁਕਸਾਨ ਵੀ ਹਨ। ਹੈਰਾਣੀ ਤਾਂ ਇਸ ਗਲ ਦੀ ਹੈ ਕਿ ਅੱਜ ਦਾ ਮਨੁੱਖ ਵਧੇਰੇ ਕਰਕੇ ਏਆਈ 'ਤੇ ਨਿਰਭਰ ਹੋ ਰਿਹਾ ਹੈ, ਜਿਸ ਕਾਰਨ ਮਨੁੱਖੀ ਜੀਵਨ ਵਿੱਚ ਇਸਦੇ ਕਈ ਖਤਰਨਾਕ ਨਤੀਜੇ ਸਾਹਮਣੇ ਆ ਰਹੇ ਹਨ। ਏਆਈ ਦੇ ਵੱਧ ਰਹੇ ਰੁਝਾਨ ਅਤੇ ਇਸਦੇ ਖਤਰਨਾਕ ਨਤੀਜਿਆਂ ਬਾਰੇ ਇਸ ਆਰਟੀਕਲ ਵਿੱਚ ਲੇਖਾ ਜੋਖਾ ਕੀਤਾ ਗਿਆ ਹੈ। ਪੇਸ਼ ਹੈ ਇਸਦੀ ਅੰਤਿਮ ਕਿਸ਼ਤ

**ਭਾਸ਼ਾ ਵਿੱਚ ਜ਼ਹਿਰ :** ਸਾਰੇ ਪਾਸਿਓਂ ਸਾਡੀ ਭਾਸ਼ਾ ਵਿੱਚ ਮਿਲਾਵਟ ਹੋ ਰਹੀ ਹੈ ਅਤੇ ਅਸੀਂ ਖ਼ੁਦ ਉਸ ਵਿੱਚ ਆਪਣਾ ਬਣਦਾ ਹਿੱਸਾ ਪਾ ਰਹੇ ਹਾਂ। ਹਰ ਭਾਸ਼ਾ ਸਿਖਣਾਂ ਚੰਗੀ ਗਲ ਹੈ ਪਰ ਆਪਣੀ ਭਾਸ਼ਾ ਦੇ ਨਾਲ ਗੱਦਾਰੀ ਸਭ ਤੋਂ ਵੱਡਾ ਗੁਨਾਹ ਹੈ। ਇਸ ਨੂੰ ਗੰਧਲਾ ਕਰਨ ਲਈ ਸਾਡੇ ਕੁਝ ਕੁ ਲੇਖਕ ਵੀ ਜਿੰਮੇਵਾਰ ਹਨ। ਇਤਿਹਾਸਕਾਰ ਅਤੇ ਲੇਖਕ ਦੇ ਵਿੱਚ ਫਰਕ ਹੁੰਦਾ ਹੈ ਤੇ ਲੇਖਕ ਬਹੁਤ ਹੋ ਗਏ ਹਨ ਕਿਉਂਕਿ ਸਾਡੀ ਸੋਚ ਇਹ ਹੈ ਕਿ ਜੋ ਕਿਤੇ ਵੀ ਲਿਖਿਆ ਹੁੰਦਾ ਹੈ ਉਹ ਸਹੀ ਹੁੰਦਾ ਹੈ। ਇਥੋਂ ਹੀ ਕਾਪੀ ਪੇਸਟ ਦਾ ਟ੍ਰੈਂਡ ਚਲਿਆ ਤੇ ਬਹੁਤ ਸਾਰੇ ਲੇਖਕ ਪੈਦਾ ਹੋ ਰਹੇ ਹਨ। ਲੇਖਕ ਬਣਾਏ ਨਹੀਂ ਜਾਂਦੇ, ਪਰ ਅੱਜ ਹਰ ਕੋਈ ਆਪਣੇ ਆਪ ਨੂੰ ਇਤਿਹਾਸਕਾਰ ਅਤੇ ਲੇਖਕ ਸਮਝਦਾ ਹੈ। ਲੇਖਕ ਹੁਣ ਬਣਾਏ ਜਾ ਰਹੇ ਹਨ ਅਤੇ ਲੇਖਕ ਇਕ ਵਸਤੂ ਬਣ ਗਏ ਹਨ। ਲੇਖਕ ਇਕ ਭੇਡਚਾਲ ਬਣ ਗਈ ਹੈ। ਆਪੂੰ ਬਣੇ ਲੇਖਕ ਜਾਂ ਬਣਾਏ ਗਏ ਲੇਖਕ ਆਪਣੀਆਂ ਰਚਨਾਵਾਂ ਵਿੱਚ ਅਜਿਹੀਆਂ ਗਲਾਂ ਲਿਖ ਦਿੰਦੇ ਹਨ, ਜੋ ਆਮ ਲੋਕਾਂ ਦੀ ਸਮਝ ਤੋਂ ਬਾਹਰ ਹੁੰਦੀਆਂ ਹਨ, ਪਰ ਲਿਖਤੀ ਰੂਪ ਵਿੱਚ ਹੋਣ ਕਾਰਨ ਲੋਕ ਇਹਨਾਂ ਗਲਾਂ 'ਤੇ ਕਈ ਵਾਰ ਵਿਸ਼ਵਾਸ਼ ਕਰਨ ਲੱਗਦੇ ਹਨ।

ਅਸਲ ਵਿੱਚ ਲਿਖਤ ਉਹ ਹੁੰਦੀ ਹੈ ਜੋ ਆਮ ਬੰਦੇ ਦੀ ਸਮਝ ਵਿੱਚ ਪਵੇ, ਇੱਕ ਦਮ ਸਪਸ਼ਟ ਹੋ ਕੇ। ਲੇਖਕ ਦਾ ਕੰਮ ਸਿਰਫ ਲਿਖਣਾ ਨਹੀਂ ਹੁੰਦਾ, ਸਮਾਜ ਨੂੰ ਸੁਨੇਹਾ ਦੇਣਾ ਵੀ ਹੁੰਦਾ ਹੈ ਅਤੇ ਉਸਤੇ ਪਹਿਰਾ ਦੇਣਾ ਵੀ ਹੁੰਦਾ ਹੈ। ਮਾੜੇ ਦੌਰ ਵਿੱਚ ਹਾਅ ਦਾ ਨਾਅਰਾ ਵੀ ਮਾਰਨਾ ਉਸਦੀ ਜਿੰਮੇਵਾਰੀ ਹੁੰਦੀ ਹੈ। ਜਿਹੜੀ ਕਲਮ ਪਹਿਲਾਂ ਸਰਕਾਰਾਂ ਨੂੰ ਵਖਤ ਪਾ ਦਿੰਦੀ ਸੀ, ਹੁਣ ਉਹ ਕਲਮ ਖੁੰਢੀ ਹੋ ਗਈ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਹਰ ਲੇਖਕ ਅਸਲੀ ਲੇਖਕ ਨਹੀ ਹੁੰਦਾ।

**ਪੜ੍ਹਨ ਦੇ ਤਰੀਕਿਆਂ ਵਿੱਚ ਬਦਲਾਓ :**

ਸਾਡੇ ਪੜ੍ਹਨ ਦੇ ਤਰੀਕਿਆਂ ਵਿੱਚ ਵੀ ਇਕ ਬਦਲਾਓ ਕਰ ਦਿਤਾ ਗਿਆ ਹੈ। ਹੁਣ ਤਾਂ ਸਾਡੀ ਯਾਦਦਾਸ਼ਤ 'ਤੇ ਵੀ ਅਟੈਕ ਹੋ ਰਿਹਾ ਹੈ। ਉਹ ਵੀ ਕਿਵੇਂ ਵਧਾਉਣੀ ਹੈ ਅਤੇ ਦਿਮਾਗ ਵਿੱਚ ਕੀ ਰਖਣਾ ਹੈ ਇਹ ਹੁਣ ਸਾਡੀ ਸਮਝ ਅਨੁਸਾਰ ਨਹੀਂ ਸਗੋਂ ਸਾਨੂੰ ਦਸਿਆ ਜਾਂਦਾ ਹੈ ਸ਼ਾਰਟ ਤਰੀਕਾ।

ਸਾਨੂੰ ਪਹਿਲਾਂ ਕੈਲਕੁਲੇਟਰ ਦੀ ਆਦਤ ਪਾਈ ਗਈ, ਹੁਣ ਆਨਲਾਈਨ ਸ਼ਾਰਟ ਤਰੀਕੇ ਦਸੇ ਜਾ ਰਹੇ ਹਨ। ਪਹਿਲਾਂ ਕਿਤਾਬਾਂ ਲਈ ਲਾਈਬ੍ਰੇਰੀ ਜਾਣਾ ਪੈਂਦਾ ਸੀ, ਕਿਤਾਬਾਂ ਲੱਭਣੀਆਂ ਪੈਂਦੀਆਂ ਸਨ, ਤਾਂ ਅਸੀਂ ਆਪਣੀ ਮਨ ਪਸੰਦ ਕਿਤਾਬ ਚੁਣਦੇ ਸੀ ਪਰ ਹੁਣ ਆਨ ਲਾਈਨ ਸਭ ਕੁਝ ਹੈ, ਆਨਲਾਈਨ ਕਿਤਾਬਾਂ

(ਬਾਕੀ ਸਫ਼ਾ 31 'ਤੇ)



### ਆਰਟੀਫੀਸ਼ਲ ਇੰਟੈਲੀਜੈਂਸ ਦੇ ਗੌਡ ਫਾਦਰ ਵਜੋਂ ਜਾਣੇ ਜਾਂਦੇ ਜੈਫਰੀ ਹਿੰਟਨ ਨੇ ਗੂਗਲ ਤੋਂ ਦਿੱਤਾ ਅਸਤੀਫ਼ਾ




ਨਵੀਂ ਦਿੱਲੀ: ਆਰਟੀਫੀਸ਼ਲ ਇੰਟੈਲੀਜੈਂਸ ਤਕਨਾਲੋਜੀ ਨੂੰ ਲੈ ਕੇ ਆਏ ਦਿਨ ਨਵੀਆਂ-ਨਵੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ। ਹੁਣ ਇਸੇ ਕੜੀ ਵਿੱਚ ਇੱਕ ਹੋਰ ਵੱਡੀ ਖਬਰ ਸਾਹਮਣੇ ਆਈ ਹੈ। 19 ਦੇ ਪਿਤਾ ਯਾਨੀ 19 ਗੌਡ ਫਾਦਰ ਕਹੇ ਜਾਣ ਵਾਲੇ ਜੈਫਰੀ ਹਿੰਟਨ ਨੇ ਗੂਗਲ ਤੋਂ ਅਸਤੀਫਾ ਦੇ ਦਿੱਤਾ ਹੈ। ਇੰਨਾ ਹੀ ਨਹੀਂ, ਜਿਓਫਰੀ ਹਿੰਟਨ ਨੇ 19 ਤਕਨੀਕ ਨੂੰ ਬੇਹੱਦ ਖਤਰਨਾਕ ਦੱਸਦੇ ਹੋਏ ਲੋਕਾਂ ਨੂੰ ਇਸ ਬਾਰੇ ਜਾਗਰੂਕ ਵੀ ਕੀਤਾ ਹੈ।

ਦਰਅਸਲ ਜੈਫਰੀ ਹਿੰਟਨ ਨੇ ਆਪਣੇ ਅਧਿਕਾਰਤ ਟਵਿਟਰ ਅਕਾਊਂਟ ਤੋਂ ਅਸਤੀਫੇ ਦੀ ਜਾਣਕਾਰੀ ਦਿੱਤੀ ਹੈ। ਉਨ੍ਹਾਂ ਨੇ ਟਵੀਟ ਚ ਕਿਹਾ ਹੈ ਕਿ ਉਨ੍ਹਾਂ ਨੇ ਪਿਛਲੇ ਹਫਤੇ ਹੀ ਗੂਗਲ ਤੋਂ ਅਸਤੀਫਾ ਦਿੱਤਾ ਹੈ।

ਤੁਹਾਨੂੰ ਦੱਸ ਦੇਈਏ ਕਿ ਜੈਫਰੀ ਹਿੰਟਨ ਦਾ ਨਾਂ 19 'ਤੇ ਆਧਾਰਿਤ ਨਵੀਂ ਟੈਕਨਾਲੋਜੀ ਲਿਆਉਣ ਲਈ ਜਾਣਿਆ ਜਾਂਦਾ ਹੈ, ਜੋ ਇਸ ਸਮੇਂ ਵਰਤੀ ਜਾ ਰਹੀ ਹੈ।

# ਦੁਨੀਆਂ ਦੇ 'ਬਾਇਓ ਵਾਰ' ਵੱਲ ਵੱਧ ਰਹੇ ਕਦਮ

## ਇਨਸਾਨ ਬਣ ਰਿਹਾ ਸੁਪਰ ਸੋਲਜਰ, ਕੋਰੋਨਾ ਤੋਂ ਵੀ ਵੱਧ ਜਾਨਲੇਵਾ ਵਾਇਰਸ

ਨਿਊਯਾਰਕ: ਹਾਲੀਵੁੱਡ ਫਿਲਮ ਟਰਮੀਨੇਟਰ ਵਿੱਚ ਅਜਿਹੇ ਖਤਰਨਾਕ ਰੋਬੋਟਾਂ ਦੀ ਕਲਪਨਾ ਕੀਤੀ ਗਈ ਹੈ, ਜੋ ਆਸਾਨੀ ਨਾਲ ਨਹੀਂ ਮਰਦੇ। ਇਨ੍ਹਾਂ ਰੋਬੋਟਾਂ ਨੂੰ ਕਿੰਨੀ ਵਾਰ ਵੀ ਗੋਲੀ ਮਾਰੀ ਜਾਵੇ, ਇਨ੍ਹਾਂ ਦਾ ਸਰੀਰ ਟੁੱਟ ਕੇ ਵਾਪਸ ਜੁੜ ਜਾਂਦਾ ਹੈ। ਹੁਣ ਦੁਨੀਆ ਭਰ ਵਿੱਚ ਮਨੁੱਖਾਂ ਨੂੰ ਵੀ ਇਸੇ ਤਰ੍ਹਾਂ ਦੇ ਰੋਬੋਟ ਸਿਪਾਹੀ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਜੀਨ ਐਡਿਟਿੰਗ ਨਾਲ ਇਹਨਾਂ ਸਿਪਾਹੀਆਂ ਨੂੰ ਬਣਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਜਿਨ੍ਹਾਂ ਦੇ ਦਿਮਾਗ ਕੰਪਿਊਟਰ ਨਾਲ ਜੁੜੇ ਹੋਣ।

ਦੁਨੀਆਂ ਨੇ ਪਿਛਲੀਆਂ ਕੁਝ ਸਦੀਆਂ ਵਿੱਚ ਬਹੁਤ ਤੇਜ਼ੀ ਨਾਲ ਤਰੱਕੀ ਕੀਤੀ ਹੈ। ਜੰਗ ਲੜਨ ਵਿੱਚ ਖਾਸ ਤੌਰ 'ਤੇ ਇਕ ਵਿਸ਼ੇਸ਼ ਕਿਸਮ ਦਾ ਵਿਕਾਸ ਦੇਖਿਆ ਗਿਆ ਹੈ। ਜਿੱਥੇ ਪਹਿਲਾਂ ਜੰਗ ਵਿੱਚ ਤਲਵਾਰਾਂ ਦੀ ਵਰਤੋਂ ਕੀਤੀ ਜਾਂਦੀ ਸੀ, ਹੁਣ ਇਹ ਤੋਪਾਂ ਅਤੇ ਟੈਂਕਾਂ ਰਾਹੀਂ ਪ੍ਰਮਾਣੂ ਹਥਿਆਰਾਂ ਤੱਕ ਪਹੁੰਚ ਗਈ ਹੈ। ਹੁਣ ਨਵੀਂ ਜੰਗ ਬਾਇਓ-ਇੰਜੀਨੀਅਰਡ ਫੌਜੀ ਅਤੇ ਮਨੁੱਖ ਦੁਆਰਾ ਬਣਾਏ ਵਾਇਰਸਾਂ ਦੀ ਵਰਤੋਂ ਕਰੇਗੀ ਜੋ ਪੂਰੇ ਦੇਸ਼ ਦਾ ਸਫਾਇਆ ਕਰ ਸਕਦੀ ਹੈ। ਮਾਹਿਰ ਚਿੰਤਾ ਪ੍ਰਗਟਾ ਰਹੇ ਹਨ ਕਿ ਜੀਨ-ਐਡੀਟਿੰਗ ਅਤੇ ਬਾਇਓਟੈਕਨਾਲੋਜੀ ਦੋਵੇਂ ਮਨੁੱਖਾਂ ਨੂੰ ਵਿਕਸਤ ਕਰ ਸਕਦੀ ਹੈ, ਪਰ ਇੱਕ ਨਵੀਂ ਹਥਿਆਰਾਂ ਦੀ ਦੌੜ ਵੀ ਸ਼ੁਰੂ ਹੋ ਸਕਦੀ ਹੈ।



ਸੁਪਰ ਸਿਪਾਹੀਆਂ ਦੀ ਹੋਂਦ ਹੁਣ ਤੱਕ ਸਿਰਫ ਸਾਇੰਸ ਫਿਕਸ਼ਨ ਫਿਲਮਾਂ ਵਿੱਚ ਹੀ ਦਿਖਾਈ ਦਿੰਦੀ ਸੀ। ਪਰ ਟੈਕਨਾਲੋਜੀ ਦੇ ਵਿਕਾਸ ਦੇ ਨਾਲ, ਹੁਣ ਡੀਐਨਏ ਬਦਲਾਅ ਵਾਲੇ ਫੌਜੀਆਂ ਦਾ ਦੌਰ ਆ ਸਕਦਾ ਹੈ। ਗਲੋਬਲ ਮਹਾਂਸ਼ਕਤੀ ਅਗਲੀ ਪੀੜ੍ਹੀ ਦੇ ਫੌਜੀਆਂ ਨੂੰ ਤਿਆਰ ਕਰਨ ਵਿੱਚ ਰੁੱਝੀ ਹੋਈ ਹੈ, ਜਿਸ ਨੂੰ ਪਸ਼ੂ ਪਾਲਕਾਂ ਵਾਂਗ ਪਾਲਿਆ ਜਾਵੇ ਅਤੇ ਜੋ ਵੀ ਆਦੇਸ਼ ਦਿੱਤੇ ਜਾਣ ਉਹ ਉਸ ਨੂੰ ਪੂਰਾ ਕਰੇ। ਫਰਾਂਸ ਪਹਿਲਾ ਦੇਸ਼ ਸੀ ਜਿਸਨੇ ਸਭ ਤੋਂ ਪਹਿਲਾਂ ਮੰਨਿਆ ਕਿ ਉਹ ਰਾਬੋਟ ਫੌਜਾਂ ਦਾ ਵਿਕਾਸ ਕਰ ਰਿਹਾ ਹੈ। ਇਸ ਤੋਂ ਇਲਾਵਾ ਦਾਅਵਾ ਕੀਤਾ ਗਿਆ ਸੀ ਕਿ ਚੀਨ ਵੀ ਇਸੇ ਤਰ੍ਹਾਂ ਦੇ ਸੈਨਿਕ ਬਣਾ ਰਿਹਾ ਹੈ।ਦਿ ਗਾਰਡੀਅਨ ਅਖ਼ਬਾਰ ਵਿੱਚ 2017 ਵਿੱਚ ਪ੍ਰਕਾਸ਼ਿਤ ਹੋਈ ਇੱਕ ਰਿਪੋਰਟ ਵਿੱਚ ਇਹ ਦਾਅਵਾ ਕੀਤਾ ਗਿਆ ਸੀ ਕਿ ਅਮਰੀਕੀ ਸੈਨਾ ਜੇਨੇਟਿਕ ਐਕਸਟਿੰਕਸ਼ਨ ਤਕਨੀਕ ਵਿੱਚ ਕਰੋੜਾਂ ਡਾਲਰ ਨਿਵੇਸ਼ ਕਰ ਰਹੀ ਹੈ।ਇਹ ਤਕਨੀਕ ਹਮਲਾਵਰ ਪ੍ਰਜਾਤੀਆਂ ਦਾ ਖ਼ਾਤਮਾ ਕਰ ਸਕਦੀ ਹੈ, ਪਰ ਸੰਯੁਕਤ ਰਾਸ਼ਟਰ ਦੇ ਮਾਹਿਰਾਂ ਦਾ ਮੰਨਣਾ ਹੈ ਕਿ ਇਸ ਦੇ ਸੈਨਿਕ ਇਸਤੇਮਾਲ ਵੀ ਹੋ ਸਕਦੇ ਹਨ।

ਇਸ ਦਿਸ਼ਾ ਵਿੱਚ ਸਿਰਫ਼ ਚੀਨ ਅਤੇ ਅਮਰੀਕਾ ਹੀ ਅੱਗੇ ਵੱਧਣਾ ਨਹੀਂ ਚਾਹੁੰਦੇ। ਫ਼ਰਾਂਸ ਵਿੱਚ ਵੀ ਫੌਜ ਨੂੰ ਉੱਨਤ ਸੈਨਿਕਾਂ ਦੇ ਵਿਕਾਸ ਲਈ ਪ੍ਰਵਾਨਗੀ ਦਿੱਤੀ ਗਈ ਹੈ। ਹਾਲਾਂਕਿ ਉਨ੍ਹਾਂ ਨੂੰ ਨੈਤਿਕ ਸੀਮਾਵਾਂ ਵਿੱਚ ਰਹਿਣ ਲਈ ਵੀ ਦਿਸ਼ਾ-ਨਿਰਦੇਸ਼ ਦਿੱਤੇ ਗਏ ਹਨ। ਅਮਰੀਕੀ ਅਧਿਕਾਰੀ ਪਹਿਲਾਂ ਹੀ ਭਵਿੱਖਬਾਣੀ ਕਰ ਚੁੱਕੇ ਹਨ ਕਿ 2050 ਤੱਕ ਉਨ੍ਹਾਂ ਕੋਲ ਜੀਨ ਐਡਿਟ ਸਿਪਾਹੀ ਅਤੇ ਸਾਈਬਰਗ ਹੋਣਗੇ। ਦੂਜੇ ਪਾਸੇ, ਹੁਣ ਬਾਇਓਟੈਕਨਾਲੋਜੀ ਨੇ ਨਵੇਂ ਕਿਸਮ ਦੇ ਹਥਿਆਰਾਂ ਦੀ ਇੱਕ ਅਗਿਆਤ ਦੁਨੀਆ ਖੋਲ੍ਹ ਦਿੱਤੀ ਹੈ। ਖ਼ਦਸ਼ਾ ਜਤਾਇਆ ਜਾ ਰਿਹਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਮਨੁੱਖ ਦੁਆਰਾ ਬਣਾਏ ਗਏ ਵਾਇਰਸ ਜੰਗ ਵਿੱਚ ਅਹਿਮ ਭੂਮਿਕਾ ਨਿਭਾਉਣਗੇ। ਦ ਸਨ ਦੀ ਰਿਪੋਰਟ ਮੁਤਾਬਕ ਬਾਇਓਸਕਿਓਰਿਟੀ ਮਾਹਿਰ ਰੈਨਾ ਮੈਕਿੰਟਾਇਰ ਨੇ ਕਿਹਾ, ਇਹ ਸੰਭਵ ਹੈ ਕਿ ਦੁਨੀਆ ਪੂਰੀ ਤਰ੍ਹਾਂ ਨਾਲ ਜੰਗ ਦੇ ਘੇਰੇ ਵਿਚ ਆ ਜਾਵੇਗੀ।

ਉਸ ਨੇ ਕਿਹਾ, ਕਲਪਨਾ ਕਰੋ ਕਿ ਉਹ ਯੁੱਧ ਕਿਹੋ ਜਿਹਾ ਹੋਵੇਗਾ ਜਦੋਂ ਇਕ ਪਾਸੇ ਉੱਨਤ ਅਤੇ ਮਜ਼ਬੂਤ ਸਿਪਾਹੀ ਹੋਣਗੇ ਅਤੇ ਦੂਜੇ ਪਾਸੇ ਵਾਇਰਸ ਜੋ ਆਬਾਦੀ ਨੂੰ ਤਬਾਹ ਕਰ ਰਿਹਾ ਹੈ। ਅੱਜ ਸਾਡੇ ਕੋਲ ਜੋ ਤਕਨਾਲੋਜੀ ਹੈ ਉਹ ਹੋਸ਼ ਉਡਾਉਣ ਵਾਲੀ ਹੈ। ਪਰ ਇਹ ਮਨੁੱਖਤਾ ਲਈ ਵੱਡਾ ਖ਼ਤਰਾ ਹੋ ਸਕਦਾ ਹੈ। ਮੈਕਿੰਟਾਇਰ ਨੇ ਪਹਿਲਾਂ ਵੀ ਚਿਤਾਵਨੀ ਦਿੱਤੀ ਸੀ ਕਿ ਅੱਤਵਾਦੀ ਵਾਇਰਸ ਨਾਲ ਭਰੇ ਕੀਟ ਡਰੋਨਾਂ ਰਾਹੀਂ ਮਹਾਂਮਾਰੀ ਫੈਲਾਉਣਾ ਚਾਹੁੰਦੇ ਹਨ। ਉਸ ਦਾ ਕਹਿਣਾ ਹੈ ਕਿ ਇਸ ਖਤਰੇ ਬਾਰੇ ਕੋਈ ਜਾਗਰੂਕਤਾ ਨਹੀਂ ਹੈ।



ਉਨ੍ਹਾਂ ਕਿਹਾ ਕਿ ਦੁਨੀਆ ਸਾਈਬਰ ਸੁਰੱਖਿਆ ਵਿਚ ਅੱਗੇ ਹੈ, ਪਰ ਬਾਇਓ ਸੁਰੱਖਿਆ ਵਿਚ 10 ਸਾਲ ਪਿੱਛੇ ਹੈ। ਨਾਟੋ ਵਿਖੇ ਰਸਾਇਣਕ, ਜੈਵਿਕ ਅਤੇ ਪਰਮਾਣੂ ਰੱਖਿਆ ਬਲਾਂ ਦੇ ਸਾਬਕਾ ਕਮਾਂਡਰ, ਹਾਮਿਸ਼ ਡੀ ਬ੍ਰੈਟਨ-ਗੋਰਡਨ ਨੇ ਪਹਿਲਾਂ ਚੇਤਾਵਨੀ ਦਿੱਤੀ ਹੈ ਕਿ ਬਾਇਓ ਸੁਰੱਖਿਆ ਭਵਿੱਖ ਵਿੱਚ ਪ੍ਰਮਾਣੂ ਹਥਿਆਰਾਂ ਦੀ ਥਾਂ ਲੈ ਸਕਦੀ ਹੈ। 2019 ਵਿੱਚ, ਪੈਂਟਾਗਨ ਦੁਆਰਾ ਇੱਕ ਕਲਾਸੀਫਾਈਡ ਦਸਤਾਵੇਜ਼ ਦੁਨੀਆ ਦੇ ਸਾਹਮਣੇ ਰੱਖਿਆ ਗਿਆ ਸੀ, ਜਿਸ ਦੇ ਅਨੁਸਾਰ ਅਜਿਹੇ ਸੈਨਿਕ 2050 ਤੱਕ ਇੱਕ ਹਕੀਕਤ ਬਣ ਜਾਣਗੇ।

ਰਿਪੋਰਟਾਂ ਮੁਤਾਬਕ ਇਨ੍ਹਾਂ ਸੈਨਿਕਾਂ ਵਿੱਚ ਜੀਨ ਐਡਿਟਿਡ ਬ੍ਰੇਨ ਹੋਣ ਕਾਰਨ ਰਿਸਪਾਂਸ ਟਾਈਮ ਆਮ ਇਨਸਾਨਾਂ ਦੇ ਮੁਕਾਬਲੇ ਜ਼ਿਆਦਾ ਤੇਜ਼ ਹੋਵੇਗਾ। ਇਨ੍ਹਾਂ ਸੈਨਿਕਾਂ ਦਾ ਦਿਮਾਗ ਇੱਕ ਕੰਪਿਊਟਰ ਨਾਲ ਜੁੜਿਆ ਹੋਵੇਗਾ, ਜਿਸ ਨਾਲ ਉਨ੍ਹਾਂ ਦੀ ਸੋਚਣ ਦੀ ਸਮਰੱਥਾ ਵਧੇਗੀ ਅਤੇ ਉਹ ਸੋਚ ਕੇ ਹੀ ਡਰੋਨ ਨੂੰ ਕੰਟਰੋਲ ਕਰ ਸਕਣਗੇ। ਉਨ੍ਹਾਂ ਨੂੰ ਦਰਦ ਵੀ ਨਹੀਂ ਹੋਵੇਗਾ। ਪੁਤਿਨ ਨੇ ਜੀਨ ਐਡਿਟਿੰਗ ਨੂੰ ਪਰਮਾਣੂ ਬੰਬ ਤੋਂ ਵੀ ਜ਼ਿਆਦਾ ਖਤਰਨਾਕ ਕਿਹਾ ਹੈ। ਜੇਕਰ ਇਨ੍ਹਾਂ ਸੈਨਿਕਾਂ ਦੀ ਤੁਲਨਾ ਟਰਮੀਨੇਟਰ ਫਿਲਮ ਦੇ ਰੋਬੋਟਾਂ ਨਾਲ ਕੀਤੀ ਜਾਵੇ ਤਾਂ ਇਹ ਘੱਟ ਨਹੀਂ ਹੋਵੇਗਾ।ਹੁਣੇ ਜਿਹੇ ਅਮਰੀਕੀ ਖ਼ੁਫ਼ੀਆ ਏਜੰਸੀਆਂ ਨੇ ਅਜਿਹੇ ਕਈ ਸੰਕੇਤ ਦਿੱਤੇ ਹਨ। ਪਰ ਪ੍ਰਚਾਰ ਤੋਂ ਪਰੇ ਇੱਕ ਸੁਪਰ ਸੈਨਿਕ ਦੀ ਸੰਭਾਵਨਾ ਮਹਿਜ਼ ਕਲਪਨਾ ਨਹੀਂ ਹੈ ਅਤੇ ਸਿਰਫ਼ ਚੀਨ ਹੀ ਨਹੀਂ ਸਗੋਂ ਕਈ ਹੋਰ ਦੇਸ ਵੀ ਇਸ ਵਿੱਚ ਦਿਲਚਸਪੀ ਲੈ ਰਹੇ ਹਨ।

# ਭਾਰਤੀ ਨਿਆਂ ਪ੍ਰਬੰਧ ਦੇ ਸੁਧਾਰ ਲਈ ਪਿੰਡ ਪੱਧਰ ’ਤੇ ਅਦਾਲਤਾਂ ਦੀ ਸਥਾਪਨਾ ਜ਼ਰੂਰੀ

**ਪੂਰਨ ਚੰਦ**

ਭਾਰਤ ਦੀ ਇੱਕ ਪ੍ਰਸਿੱਧ ਸੰਸਥਾ ਟਾਟਾ ਟਰੱਸਟ ਪਿਛਲੇ ਕੁਝ ਸਾਲਾਂ ਤੋਂ ਭਾਰਤ ਦੀ ਨਿਆਂ ਵਿਵਸਥਾ ਨੂੰ ਲੈ ਕੇ ਇਕ ਰਿਪੋਰਟ ਜਾਰੀ ਕਰਦੀ ਹੈ, ਜਿਸ ਨੂੰ ਤਿਆਰ ਕਰਨ ’ਚ ਕਈ ਜਾਣੀਆਂ ਪਛਾਣੀਆਂ ਸੰਸਥਾਵਾਂ ਅਤੇ ਨਿਆਂਇਕ ਵਿਸ਼ਿਆਂ ਦੇ ਜਾਣਕਾਰ ਸ਼ਾਮਿਲ ਰਹਿੰਦੇ ਹਨ। ਇੰਡੀਆ ਜਸਟਿਸ ਰਿਪੋਰਟ ਦੇ ਰੂਪ ’ਚ ਇਹ ਦਸਤਾਵੇਜ਼ ਜਨਤਕ ਤੌਰ ’ਤੇ ਉਪਲਬਧ ਹੈ। 2022 ਦੀ ਰਿਪੋਰਟ ਹਾਲ ਹੀ ਵਿੱਚ ਆਈ ਹੈ। ਇਸ ’ਚ ਕੁਝ ਅਜਿਹੇ ਤੱਥ ਅਤੇ ਹਕੀਕਤਾਂ ਹਨ, ਜਿਨ੍ਹਾਂ ’ਤੇ ਆਮ ਵਿਅਕਤੀ ਦਾ ਧਿਆਨ ਦਿਵਾਉਣਾ ਜ਼ਰੂਰੀ ਹੈ, ਕਿਉਂਕਿ ਇਨ੍ਹਾਂ ਦਾ ਸਰੂਪ ਸਿਰਫ਼ ਵਿਸ਼ੇਸ਼ ਨਾ ਹੋ ਕੇ ਆਮ ਲੋਕਾਂ ਦੇ ਚਿੰਤਨ ਮਨ ਲਈ ਵੀ ਹੈ।ਪੁਲਿਸ, ਅਦਾਲਤ, ਜੇਲ੍ਹ ਅਤੇ ਕਾਨੂੰਨੀ ਸਹਾਇਤਾ ਨਿਆਂ ਦੇ ਚਾਰ ਅੰਗ/ਥੰਮ੍ਹ ਮੰਨੇ ਜਾਂਦੇ ਹਨ। ਇਨ੍ਹਾਂ ’ਤੇ ਹੀ ਪੂਰੀ ਨਿਆਂ ਵਿਵਸਥਾ ਟਿਕੀ ਹੋਈ ਹੈ। ਇਸ ਦਾ ਮਤਲਬ ਇਹ ਹੋਇਆ ਕਿ ਇਨ੍ਹਾਂ ਦੀ ਮਜ਼ਬੂਤੀ ਜਾਂ ਕਮਜ਼ੋਰੀ ’ਤੇ ਹੀ ਇਨਸਾਫ਼ ਟਿਕਿਆ ਹੋਇਆ ਹੈ। ਰਿਪੋਰਟ ਅਨੁਸਾਰ ਦੇਸ਼ ਦੇ ਜਿਨ੍ਹਾਂ ਰਾਜਾਂ ਵਿੱਚ ਕਾਨੂੰਨ ਦਾ ਰਾਜ ਪੂਰੀ ਸ਼ਿੱਦਤ ਨਾਲ ਚੱਲ ਰਿਹਾ ਹੈ, ਉਨ੍ਹਾਂ ਵਿੱਚ ਕਰਨਾਟਕ, ਤਾਮਿਲਨਾਡੂ, ਤੇਲੰਗਾਨਾ, ਗੁਜਰਾਤ ਅਤੇ ਆਂਧਰਾ ਪ੍ਰਦੇਸ਼ ਪਹਿਲੇ ਪੰਜ ਵੱਡੇ ਸੂਬੇ ਹਨ। ਉੱਤਰ ਪ੍ਰਦੇਸ਼ ਦਾ ਹਾਲ ਇਹ ਹੈ ਕਿ ਸਭ ਤੋਂ ਹੇਠਾਂ 18ਵੇਂ ਸਥਾਨ ’ਤੇ ਹੈ। ਇਕ ਕਰੋੜ ਤੋਂ ਘੱਟ ਆਬਾਦੀ ਵਾਲੇ ਸੂਬਿਆਂ ’ਚ ਸਿੱਕਮ, ਅਰੁਣਾਚਲ ਪ੍ਰਦੇਸ਼, ਤ੍ਰਿਪੁਰਾ ਪਹਿਲੇ ਤਿੰਨ ਅਤੇ ਗੋਆ ਸੱਤਵੇਂ ਸਥਾਨ ’ਤੇ ਹੈ। ਇਹ ਤਾਂ ਗੱਲ ਹੋਈ ਅੰਕੜਿਆਂ ਦੀ ਪਰ ਸਚਾਈ ਇਹ ਹੈ ਕਿ ਜੇਕਰ ਸਮੇਂ ’ਤੇ ਨਿਆਂ ਨਾ ਮਿਲੇ ਤਾਂ ਉਹ ਕਮਰੇ ’ਚ ਟੰਗੇ ਦਿਖਾਵਟੀ ਤਗ਼ਮੇ ਤੋਂ ਵੱਧ ਕੁਝ ਨਹੀਂ, ਕਿਉਂਕਿ ਦੇਰ ਨਾਲ ਮਿਲਣ ’ਤੇ ਉਸ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਉਦਾਹਰਨ ਲਈ ਇਕ ਵਿਅਕਤੀ ਨੇ ਆਪਣੀ ਨੌਕਰੀ ’ਚ ਹੋਏ ਅਨਿਆਂ ਦੇ ਖ਼ਿਲਾਫ਼ ਤੀਹ ਸਾਲ ਦੀ ਉਮਰ ਵਿਚ ਨਿਆਂ ਦੀ ਗੁਹਾਰ ਲਗਾਈ ਅਤੇ ਫ਼ੈਸਲਾ ਉਦੋਂ ਆਇਆ, ਜਦੋਂ ਉਹ 58 ਸਾਲ ਦਾ ਹੋ ਗਿਆ ਅਤੇ ਉਸ ਦੇ ਲਈ ਉਦੋਂ ਮਿਲ ਜਾਣ ਵਾਲੀ ਨੌਕਰੀ ਦਾ ਅੱਜ ਮਿਲਣ ਦਾ ਕੋਈ ਮਤਲਬ ਹੀ ਨਹੀਂ ਰਿਹਾ। ਸਾਡੀਆਂ ਜੇਲ੍ਹਾਂ ’ਚ ਤਿੰਨ ਚੌਥਾਈ ਤੋਂ ਵੱਧ ਕੈਦੀ ਅੰਡਰ ਟਰਾਇਲ ਹਨ। ਜਿਨ੍ਹਾਂ ਨੂੰ ਕੈਦ ’ਚ ਰੱਖਣ ਦਾ ਖ਼ਰਚਾ ਵੀਹ ਤੋਂ ਪੈਂਤੀ ਹਜ਼ਾਰ ਸਾਲਾਨਾ ਹੈ ਅਤੇ ਸਾਢੇ ਪੰਜ ਲੱਖ ਕੈਦੀ ਹਨ ਤਾਂ ਸਵਾ ਚਾਰ ਲੱਖ ਅੰਡਰ ਟਰਾਇਲ ਹਨ। ਅਨੁਮਾਨ ਲਗਾ ਲਓ, ਕਿੰਨਾ ਧਨ ਐਵੇਂ ਬਰਬਾਦ ਹੋ ਰਿਹਾ ਹੈ।



ਸਾਡੀ ਨਿਆਂ ਵਿਵਸਥਾ ਵਿੱਚ ਕੈਦੀਆਂ ਨੂੰ ਸੁਧਾਰਨ ਅਤੇ ਉਨ੍ਹਾਂ ਨੂੰ ਜੇਲ੍ਹ ਤੋਂ ਰਿਹਾਅ ਹੋਣ ’ਤੇ ਕੋਈ ਕੰਮ ਕਰਨ ਲਾਇਕ ਬਣਾਉਣ ਦੀ ਗੱਲ ਕਹੀ ਗਈ ਹੈ। ਜ਼ਿਕਰਯੋਗ ਹੈ ਕਿ ਅੱਧੀਆਂ ਨਾਲੋਂ ਜ਼ਿਆਦਾ ਜੇਲ੍ਹਾਂ ’ਚ ਅਜਿਹੇ ਲੋਕਾਂ ਦੀ ਨਿਯੁਕਤੀ ਹੀ ਨਹੀਂ ਹੈ, ਜੋ ਕੈਦੀਆਂ ਨੂੰ ਸਿਖਲਾਈ ਦੇ ਸਕਣ। ਜਿੱਥੋਂ ਤੱਕ ਅਦਾਲਤਾਂ ਦਾ ਸੰਬੰਧ ਹੈ, ਨਾ ਤਾਂ ਜ਼ਰੂਰੀ ਗਿਣਤੀ ਵਿੱਚ ਅਦਾਲਤਾਂ ਹਨ ਅਤੇ ਨਾ ਹੀ ਜੱਜ। ਜਦੋਂ ਮਨਜ਼ੂਰ ਅਸਾਮੀਆਂ ’ਚੋਂ ਅੱਧੀਆਂ ਹੀ ਭਰੀਆਂ ਹੋਣ ਤਾਂ ਫਿਰ ਕੇਸਾਂ ਦਾ ਬੋਝ ਵਧਣਾ ਯਕੀਨੀ ਹੈ। ਨਿਆਂ ਵਿੱਚ ਦੇਰੀ ਹੋਣ ਦਾ ਮੂਲ ਕਾਰਨ ਇਹੀ ਹੈ ਅਤੇ ਮੁਕੱਦਮਿਆਂ ਦਾ ਨਿਪਟਾਰਾ ਪੀੜ੍ਹੀ ਦਰ ਪੀੜ੍ਹੀ ਚਲਦੇ ਰਹਿਣ ਦਾ ਵੀ। ਉੱਤਰ ਪ੍ਰਦੇਸ਼ ਵਿੱਚ ਇੱਕ ਕੇਸ ਨੂੰ ਔਸਤਨ ਬਾਰਾਂ ਸਾਲ ਫ਼ੈਸਲਾ ਹੋਣ ਵਿੱਚ ਲੱਗ ਜਾਂਦੇ ਹਨ। ਦੂਜੇ ਸੂਬਿਆਂ ’ਚ ਵੀ ਇਹ ਮਿਆਦ ਕੋਈ ਤਸੱਲੀਬਖ਼ਸ਼ ਨਹੀਂ ਹੈ, ਸਾਰੀਆਂ ਥਾਂਵਾਂ ਇੱਕ ਤੋਂ ਪੰਜ-ਛੇ ਸਾਲ ਲੱਗਣਾ ਆਮ ਗੱਲ ਹੈ। ਅਦਾਲਤਾਂ ਦੀ ਗਿਣਤੀ ਵਧਾਉਣਾ ਅਤੇ ਉਨ੍ਹਾਂ ਦਾ ਆਧੁਨਿਕੀਕਰਨ ਬਹੁਤ ਜ਼ਰੂਰੀ ਹੈ। ਇਸ ਦੇ ਨਾਲ ਹੀ ਜੱਜਾਂ ਦੇ ਬੈਠਣ ਅਤੇ ਉਨ੍ਹਾਂ ਦੇ ਲਈ ਵੱਖਰੇ ਚੈਂਬਰ ਬਣਾਏ ਜਾਣੇ ਜ਼ਰੂਰੀ ਹਨ। ਇਕ ਅਨੁਮਾਨ ਮੁਤਾਬਿਕ ਜੇਕਰ ਦੇਸ਼ ਭਰ ਵਿੱਚ ਅਦਾਲਤਾਂ ਵਿੱਚ ਸਾਰੀਆਂ ਨਿਯੁਕਤੀਆਂ ਹੋ ਜਾਣ ਤਾਂ ਇੱਕ ਚੌਥਾਈ ਲੋਕਾਂ ਨੂੰ ਬੈਠਣ ਤੱਕ ਦੀ ਥਾਂ ਨਹੀਂ ਮਿਲੇਗੀ। ਪੁਲਿਸ ਦੀ ਹਾਲਤ ਇਹ ਹੈ ਕਿ ਇਕ ਚੌਥਾਈ ਅਹੁਦੇ ਖ਼ਾਲੀ ਹਨ ਅਤੇ ਔਸਤਨ ਇੱਕ ਵਿਅਕਤੀ ਤੋਂ 15 ਘੰਟੇ ਕੰਮ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਕਈ ਮਾਮਲਿਆਂ ਵਿੱਚ ਤਾਂ ਇਹ ਚੌਵੀ ਘੰਟੇ ਵੀ ਹੋ ਸਕਦੇ ਹਨ। ਅਜਿਹੇ ਵਿੱਚ ਕਿਵੇਂ ਸੋਚਿਆ ਜਾ ਸਕਦਾ ਹੈ ਕਿ ਵਿਅਕਤੀ ਵਿੱਚ ਚਿੜਚਿੜਾਪਣ ਨਹੀਂ ਹੋਵੇਗਾ, ਆਪਣੇ ਕੰਮ ਪ੍ਰਤੀ ਲਾਪਰਵਾਹੀ ਨਹੀਂ ਹੋਵੇਗੀ ਅਤੇ ਉਸ ਦੀ ਸਰੀਰਕ ਅਤੇ ਮਾਨਸਿਕ ਸਿਹਤ ਖ਼ਰਾਬ ਨਹੀਂ ਹੋਵੇਗੀ। ਇਸ ਦੇ ਨਾਲ ਹੀ ਕੈਦੀਆਂ ਦੀ ਦੇਖਭਾਲ ਅਤੇ ਉਨ੍ਹਾਂ ਨੂੰ ਸਿਖਲਾਈ ਦੇਣ ਲਈ ਸਟਾਫ਼ ਦੀ ਬਹੁਤ ਘਾਟ ਹੈ। ਇਨ੍ਹਾਂ ਦੀ ਨਿਯੁਕਤੀ ਨੂੰ ਜ਼ਰੂਰੀ ਵੀ ਨਹੀਂ ਸਮਝਿਆ ਜਾਂਦਾ, ਜਦੋਂ ਕਿ ਸਜ਼ਾ ਪੂਰੀ ਹੋਣ ਤੋਂ ਬਾਅਦ ਅਪਰਾਧ ਨਾ ਕਰਨ ਦੀ ਮਾਨਸਿਕਤਾ ਅਤੇ ਪ੍ਰਵਿਰਤੀ ’ਤੇ ਲਗਾਮ ਲਗਾਉਣਾ ਜ਼ਰੂਰੀ ਹੈ ਅਤੇ ਇਹ ਜੇਲ੍ਹ ਦਾ ਜੀਵਨ ਹੀ ਹੈ, ਜੋ ਇਸ ਵਿੱਚ ਮਦਦ ਕਰ ਸਕਦਾ ਹੈ।

ਕੀ ਹੋਣਾ ਚਾਹੀਦਾ ?

ਮੌਜੂਦਾ ਸਥਿਤੀ ਤੋਂ ਉੱਭਰਨ ਦਾ ਇਕ ਰਸਤਾ ਪਿੰਡ ਪੱਧਰ ’ਤੇ ਅਦਾਲਤਾਂ ਦੀ ਸਥਾਪਨਾ ਦਾ ਹੈ। ਹਾਲਾਂਕਿ ਇਸ ਸੰਬੰਧ ਵਿਚ ਕਾਨੂੰਨ ਵੀ ਹੈ ਪਰ ਅਜੇ ਤੱਕ ਕੋਈ ਖ਼ਾਸ ਤਰੱਕੀ ਨਹੀਂ ਹੋਈ ਹੈ। ਜੇਕਰ ਇਨ੍ਹਾਂ ਨੂੰ ਬਣਾ ਦਿੱਤਾ ਜਾਏ ਅਤੇ ਨਾਲ ਹੀ ਕਾਨੂੰਨੀ ਮਦਦ ਵੀ ਮੁਫ਼ਤ ਮਿਲਣ ਦਾ ਇੰਤਜ਼ਾਮ ਹੋਵੇ ਤਾਂ ਮੁਕੱਦਮਿਆਂ ਦੀ ਗਿਣਤੀ ’ਚ ਤੇਜ਼ੀ ਨਾਲ ਕਮੀ ਆਏਗੀ ਅਤੇ ਅਪਰਾਧਕ ਪ੍ਰਵਿਰਤੀ ਨੂੰ ਘੱਟ ਕਰਨ ’ਚ ਸਹਾਇਤਾ ਮਿਲੇਗੀ। ਇਸ ’ਚ ਅਜਿਹੇ ਕਾਨੂੰਨ ਦੇ ਜਾਣਕਾਰ ਲੋਕਾਂ ਦੀ ਇਕ ਟੀਮ ਹਰੇਕ ਅਦਾਲਤ ’ਚ ਨਿਯੁਕਤ ਕਰਨੀ ਹੋਵੇਗੀ ਜੋ ਸਹੀ ਸਮੇਂ ’ਤੇ ਯੋਗ ਸਲਾਹ ਦੇ ਸਕਣ ਦੇ ਸਮਰੱਥ ਹੋਣ। ਇਸ ਟੀਮ ਵਿੱਚ ਔਰਤਾਂ ਦੀ ਨਿਯੁਕਤੀ ਵੱਧ ਤੋਂ ਵੱਧ ਹੋਵੇ, ਕਿਉਂਕਿ ਉਨ੍ਹਾਂ ਦੇ ਸਮਝਾਉਣ ਦਾ ਅਸਰ ਪੁਰਸ਼ਾਂ ਤੋਂ ਜ਼ਿਆਦਾ ਹੁੰਦਾ ਹੈ। ਦੂਜਾ ਉਪਾਅ ਲੋਕ ਅਦਾਲਤਾਂ ਨੂੰ ਹੋਰ ਜ਼ਿਆਦਾ ਮਜ਼ਬੂਤ ਕਰਨ ਦਾ ਹੈ। ਇਨ੍ਹਾਂ ’ਚ ਅਦਾਲਤ ਦੇ ਬਾਹਰ ਆਪਸੀ ਸਹਿਮਤੀ ਤੋਂ ਵਿਵਾਦ ਸੁਲਝਾਏ ਜਾਣ ’ਤੇ ਜ਼ੋਰ ਦੇ ਕੇ ਦੋਵਾਂ ਪੱਖਾਂ ਨੂੰ ਰਾਜ਼ੀ ਕਰਨਾ ਪ੍ਰਮੁੱਖ ਹੈ। ਜੇਕਰ ਮੁਕੱਦਮਾ ਕਰਨ ਤੋਂ ਪਹਿਲਾਂ ਸਹੀ ਸਲਾਹ ਮਿਲਣ ਦਾ ਇੰਤਜ਼ਾਮ ਹੋਵੇ ਤਾਂ ਕਾਫ਼ੀ ਵੱਡੀ ਗਿਣਤੀ ’ਚ ਲੋਕ ਅਦਾਲਤੀ ਕਾਰਵਾਈ ਦੇ ਪੰਗੇ ਵਿੱਚ ਨਹੀਂ ਪੈਣਾ ਚਾਹੁੰਣਗੇ। ਜੋ ਵਿਚਾਰ ਅਧੀਨ ਭਾਵ ਅੰਡਰ ਟਰਾਇਲ ਹਨ, ਉਨ੍ਹਾਂ ਨੂੰ ਰਿਹਾਅ ਕਰਨਾ ਜਾਂ ਉਨ੍ਹਾਂ ’ਤੇ ਮੁਕੱਦਮਾ ਚਲਾਉਣ ਦੀ ਵਿਵਸਥਾ ਹਰੇਕ ਜੇਲ੍ਹ ਵਿੱਚ ਹੋਵੇ ਅਤੇ ਇਨ੍ਹਾਂ ਨੂੰ ਆਪਣੀ ਸਫਾਈ ਦੇਣ ਦੀ ਆਮ ਪ੍ਰਕਿਰਿਆ ਅਪਣਾਉਣ ਤੋਂ ਬਹੁਤ ਲੋਕ ਜੇਲ੍ਹ ’ਚੋਂ ਬਾਹਰ ਆ ਸਕਦੇ ਹਨ। ਇਨ੍ਹਾਂ ਨੂੰ ਜੇਲ੍ਹ ਵਿੱਚ ਰੱਖਣ ਦੀ ਸਮਾਂ ਹੱਦ ਤੈਅ ਹੋਵੇ ਅਤੇ ਰਿਹਾਅ ਹੋਣ ’ਤੇ ਇਨ੍ਹਾਂ ਦੀ ਨਿਗਰਾਨੀ ਦਾ ਇੰਤਜ਼ਾਮ ਹੋਣ ਨਾਲ ਸਮੱਸਿਆ ਹੱਲ ਹੋ ਸਕਦੀ ਹੈ। ਸਰਕਾਰ ਦੇ ਕੋਲ ਇਹ ਰਿਪੋਰਟ ਹੈ, ਜੇਕਰ ਇਨ੍ਹਾਂ ’ਤੇ ਅਮਲ ਲਈ ਸੂਬਾ ਪੱਧਰ ’ਤੇ ਇਕ ਕਮੇਟੀ ਬਣਾ ਦਿੱਤੀ ਜਾਵੇ, ਜੋ ਸਮਾਂਬੱਧ ਹੋ ਕੇ ਕੰਮ ਕਰੇ ਤਾਂ ਨਿਆਂ ਦੇ ਖੇਤਰ ’ਚ ਬਹੁਤ ਕੁਝ ਬਦਲ ਸਕਦਾ ਹੈ।

# ਅਜ਼ਾਦੀ ਤੇ ਤਰੱਕੀ ਲਈ ਕਾਲਜ ਦੀ ਡਿਗਰੀ ਕਿਉਂ ਜ਼ਰੂਰੀ ?



**ਰਣਜੀਤ ਸਿੰਘ ਕੁੱਕੀ**

ਕਾਲਜ ਦੀ ਸਿੱਖਿਆ ਇੱਕ ਵਿਅਕਤੀ ਦੇ ਦ੍ਰਿਸ਼ਟੀਕੋਣ ਨੂੰ ਮੋਕਲਾ ਕਰਦੀ ਹੈ ਅਤੇ ਉਹ ਆਪਣੇ ਲਈ ਟੀਚੇ ਅਤੇ ਮੁਕਾਮ ਨਿਸ਼ਚਿਤ ਕਰਦੇ ਹਨ।ਬਿਨਾਂ ਸ਼ੱਕ ਕਾਲਜ ਦੀ ਜ਼ਿੰਦਗੀ ਔਖੀ ਹੁੰਦੀ ਹੈ, ਪਰ ਇਹ ਤੁਹਾਨੂੰ ਆਉਣ ਵਾਲੀਆਂ ਚੁਣੌਤੀਆਂ ਲਈ ਤਿਆਰ ਕਰਦੀ ਹੈ।ਕਾਲਜ ਗਰੈਜੂਏਟ ਦੇ ਤੌਰ ਤੇ ਚੰਗਾ ਕੈਰੀਅਰ, ਤਨਖਾਹ ਅਤੇ ਚੰਗੇ ਕੌਸ਼ਲ ਵਾਲੀਆਂ ਨੌਕਰੀਆਂ ਲਈ ਰਸਤਾ ਖੁੱਲਦਾ ਹੈ।ਇਹ ਸਾਰੇ ਪੱਖ ਜ਼ਿੰਦਗੀ ਵਿੱਚ ਸਥਿਰਤਾ, ਸਫਲਤਾ ਅਤੇ ਖੁਸ਼ੀ ਲੈ ਕੇ ਆਉਣ ਵਿਚ ਮਹੱਤਵਪੂਰਨ ਰੋਲ ਅਦਾ ਕਰਦੇ ਹਨ।ਸਕੂਲ਼ ਖਤਮ ਕਰਕੇ ਕਾਲਜ ਦੀ ਜ਼ਿੰਦਗੀ ਵਿਚ ਦਾਖ਼ਲ ਹੋਣਾ ਆਪਣੇ ਆਪ ਵਿੱਚ ਇੱਕ ਪ੍ਰਾਪਤੀ ਹੈ ਜੋ ਤੁਹਾਨੂੰ ਭਵਿੱਖ ਵੱਲ ਤੋਰਦੀ ਹੈ।ਇਸ ਤਰਾਂ ਦੀ ਪ੍ਰਾਪਤੀ ਲਈ ਵਿਅਕਤੀ ਆਪਣੇ ਕਈ ਵਰ੍ਹੇ ਇਸ ਨੂੰ ਦਿੰਦਾ ਹੈ ਸੋ ਉਸ ਨੂੰ ਇਸ ਪ੍ਰਤੀ ਮਾਣ ਮਹਿਸੂਸ ਕਰਨਾ ਚਾਹੀਦਾ ਹੈ।ਪਰ ਇਸ ਦੇ ਨਾਲ ਹੀ ਨਵੇਂ ਸੁਆਲਾਂ, ਚੁਣੌਤੀਆਂ ਅਤੇ ਫੈਸਲਿਆਂ ਦੀ ਸ਼ੁਰੂਆਤ ਵੀ ਹੁੰਦੀ ਹੈ।

ਸਕੂਲ ਤੋਂ ਕਾਲਜ ਵਿੱਚ ਦਾਖ਼ਲਾ ਲੈਣਾ ਇੱਕ ਕੁਦਰਤੀ ਵਰਤਾਰਾ ਲੱਗਦਾ ਹੈ।ਹਾਲਾਂਕਿ, ਸਿਰਫ ਕਾਲਜ ਹੀ ਕਿਸੇ ਦੇ ਕੈਰੀਅਰ ਨੂੰ ਨਿਰਧਾਰਿਤ ਨਹੀਂ ਕਰਦਾ, ਪਰ ਕਿਸੇ ਮੰਨੇ ਪ੍ਰਮੰਨੇ ਕਾਲਜ ਤੋਂ ਡਿਗਰੀ ਪ੍ਰਾਪਤ ਕਰਨਾ ਤੁਹਾਡੇ ਲਈ ਬਹੁਤ ਸਾਰੇ ਦਰਵਾਜ਼ੇ ਖੋਲਦਾ ਹੈ ਅਤੇ ਜ਼ਿੰਦਗੀ ਪ੍ਰਤੀ ਹਾਂਪੱਖੀ ਨਜ਼ਰੀਏ ਵਿੱਚ ਅਹਿਮ ਭੂਮਿਕਾ ਨਿਭਾਉਂਦਾ ਹੈ।ਬਹੁਤ ਸਾਰੇ ਕਾਰਨ ਹਨ ਕਿ ਇਕ ਵਿਅਕਤੀ ਨੂੰ ਕਾਲਜ ਜਾਣਾ ਚਾਹੀਦਾ ਹੈ।ਖੋਜ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਕਾਲਜ ਤੋਂ ਗਰੈਜੂਏਟ ਵਿਅਕਤੀਆਂ ਨੂੰ ਸੁਰੱਖਿਅਤ ਨੌਕਰੀ ਮਿਲਣ ਅਤੇ ਚੰਗੀ ਤਨਖਾਹ ਮਿਲਣ ਦੀ ਸੰਭਾਵਨਾ ਮਹਿਜ਼ ਸਕੂਲੀ ਸਿੱਖਿਆ ਪ੍ਰਾਪਤ ਵਾਲਿਆਂ ਤੋਂ ਜਿਆਦਾ ਹੁੰਦੀ ਹੈ।ਆਪਣੇ ਟੀਚਿਆਂ ਨੂੰ ਪਛਾਣਨ ਵਿਚ ਕਾਲਜ ਜਿਆਦਾ ਨਿਰਣਾਇਕ ਭੂਮਿਕਾ ਅਦਾ ਕਰਦਾ ਹੈ, ਕੈਰੀਅਰ ਬਣਾਉਣ ਦੇ ਵੱਖ ਵੱਖ ਰਸਤੇ ਖੋਲਦਾ ਹੈ ਅਤੇ ਨਿੱਜੀ ਸੰਤੁਸ਼ਟੀ ਦਿੰਦਾ ਹੈ।ਕਈ ਸਾਰੇ ਕਾਲਜਾਂ ਵਿੱਚ ਕਈ ਸਾਰੇ ਕੋਰਸ ਆਫਰ ਕੀਤੇ ਜਾਂਦੇ ਹਨ ਕਿਉਂ ਕਿ ਉਹ ਜਾਣਦੇ ਹਨ ਕਿ ਇੱਕ ਵਿਅਕਤੀ ਦਾ ਸਾਰੇ ਪੱਖਾਂ ਤੋਂ ਵਿਕਾਸ ਹੋਣਾ ਜਰੂਰੀ ਹੈ।ਕਾਲਜ ਤੁਹਾਨੂੰ ਆਪਣਾ ਨਿੱਜੀ ਮੁਕਾਮ ਚੁਣਨ ਦੀ ਅਜ਼ਾਦੀ ਵੀ ਪ੍ਰਦਾਨ ਕਰਦੇ ਹਨ; ਹਾਲਾਂਕਿ, ਉਸ ਤੋਂ ਪਹਿਲਾਂ ਵਿਅਕਤੀ ਬਹੁਤ ਸਾਰੀਆਂ ਕੋਸ਼ਿਸ਼ਾਂ ਆਪਣੇ ਪੱਧਰ ਉੱਪਰ ਵੀ ਕਰਦਾ ਹੈ।

ਕਾਲਜ ਦਾ ਸਮਾਂ ਜ਼ਿੰਦਗੀ ਪ੍ਰਤੀ ਦ੍ਰਿਸ਼ਟੀਕੋਣ ਉੱਪਰ ਵੀ ਅਸਰ ਪਾਉਂਦਾ ਹੈ ਅਤੇ ਕਾਲਜ ਵਿੱਚ ਵੱਖ-ਵੱਖ ਲੋਕਾਂ ਨੂੰ ਮਿਲਣਾ ਹੋਰ ਵੀ ਅਸਾਨ ਹੁੰਦਾ ਹੈ।ਇਹ ਗਿਆਨ ਦਾ ਇਕ ਵੱਡਾ ਸੋਮਾ ਹੈ ਜਿਸ ਵਿੱਚ ਸਿੱਖਣ ਦੇ ਚਾਹਵਾਨ ਵਿਦਿਆਰਥੀ ਗੋਤਾ ਲਗਾਉਂਦੇ ਹਨ।ਜਿਸ ਤਰਾਂ ਵਿਦਿਆਰਥੀ ਗਿਆਨ ਦੇ ਸੋਮੇ ਵਿੱਚ ਡੂੰਘਾ ਉੱਤਰਦੇ ਹਨ ਤਾਂ ਉਹ ਆਪਣੇ ਵਿਸ਼ਵਾਸਾਂ ਨੂੰ ਸੁਆਲ ਕਰਨਾ ਵੀ ਸਿੱਖਦੇ ਹਨ ਅਤੇ ਉਹ ਇਹ ਵੀ ਸਿੱਖਦੇ ਹਨ ਕਿ ਉਹ ਆਪਣੇ ਆਪ ਅਤੇ ਆਪਣੇ ਆਲੇ ਦੁਆਲੇ ਨੂੰ ਕਿਸ ਤਰਾਂ ਬਿਹਤਰ ਬਣਾ ਸਕਦੇ ਹਨ।ਕਾਲਜ ਦੇ ਇਹ ਅਨੁਭਵ ਤਾਂ ਹੀ ਹੋ ਸਕਦੇ ਹਨ ਅਗਰ ਕੋਈ ਅਜ਼ਾਦ ਹੈ ਅਤੇ ਉਸ ਨੂੰ ਲੀਕ ਤੋਂ ਹਟ ਕੇ ਸੋਚਣਾ ਸਿਖਾਇਆ ਜਾਂਦਾ ਹੈ।ਘਰ ਤੋਂ ਬਾਹਰ ਵਿਅਕਤੀ ਦਾ ਪਹਿਲਾਂ ਸਮਾਂ ਕਾਲਜ ਵਿੱਚ ਹੀ ਬੀਤਦਾ ਹੈ।ਆਪਣੇ ਫੈਸਲੇ ਲੈਣਾ, ਭਵਿੱਖ ਦੇ ਫੈਸਲੇ, ਨਵੇਂ ਦੋਸਤ ਬਣਾਉਣਾ, ਬਜਟ ਵਿੱਚ ਰਹਿ ਕੇ ਜ਼ਿੰਦਗੀ ਬਿਤਾਉਣਾ ਅਤੇ ਆਪਣੇ ਸਮੇਂ ਦਾ ਸਹੀ ਇਸਤੇਮਾਲ ਕਰਨਾ ਕੋਈ ਵਿਅਕਤੀ ਕਾਲਜ ਵਿਚੋਂ ਹੀ ਸਿੱਖਦਾ ਹੈ।ਇਹਨਾਂ ਜ਼ਿੰਮੇਵਾਰੀਆਂ ਦਾ ਨਿਰਵਾਹ ਕਰਨ ਲਈ ਕਾਲਜ ਤੁਹਾਨੂੰ ਚੁਣੌਤੀਆਂ ਭਰਿਆ ਪਰ ਸੁਰੱਖਿਅਤ ਮਾਹੌਲ ਪ੍ਰਦਾਨ ਕਰਦਾ ਹੈ।ਕਾਲਜ ਵਿੱਚ ਹੀ ਇਕ ਵਿਅਕਤੀ ਵੱਖ-ਵੱਖ ਚੁਣੌਤੀਆਂ ਦਾ ਸਾਹਮਣਾ ਕਰਨਾ ਸਿੱਖਦਾ ਹੈ।ਵਿਦਿਆਰਥੀ ਇਸ ਸਮੇਂ ਵੱਖ-ਵੱਖ ਕੋਰਸ ਪੂਰੇ ਕਰਦੇ ਹਨ ਅਤੇ ਡੈਡਲਾਈਨ ਵਿੱਚ ਕੰਮ ਕਰਦੇ ਹਨ।ਜਿਸ ਤਰਾਂ ਦਾ ਕੌਸ਼ਲ ਇਕ ਵਿਅਕਤੀ ਕਾਲਜ ਵਿੱਚ ਸਿੱਖਦਾ ਹੈ, ਉਹ ਨਾ ਸਿਰਫ ਕੈਰੀਅਰ ਬਣਾਉਣ ਵਿਚ ਬਲਕਿ ਇਹ ਉਸ ਨੂੰ ਆਪਣੀਆਂ ਜ਼ਿੰਮੇਵਾਰੀਆਂ ਵੀ ਸਿਖਾਉਂਦਾ ਹੈ।

ਮੌਜੂਦਾ ਦੌਰ ਵਿਚ ਸੰਸਾਰ ਦੀ ਆਰਥਿਕਤਾ ਗਿਆਨ ਅਧਾਰਿਤ ਆਰਥਿਕਤਾ ਵੱਲ ਮੁੜ ਗਈ ਹੈ ਅਤੇ ਬਹੁਤ ਸਾਰੇ ਬਿਜਨਸ ਵਾਲੇ ਕਾਲਜ ਗ੍ਰੇਜੂਏਟ ਦੀ ਭਾਲ ਵਿੱਚ ਹਨ।ਭਾਵੇਂ ਜੋ ਕੈਰੀਅਰ ਤੁਸੀ ਨਿਰਧਾਰਿਤ ਕੀਤਾ ਹੋਵੇ ਉਸ ਵਿੱਚ ਡਿਗਰੀ ਦੀ ਲੋੜ ਨਾ ਵੀ ਹੋਵੇ ਤਾਂ ਵੀ ਇਹ ਡਿਗਰੀ ਤੁਹਾਨੂੰ ਦੂਜਿਆਂ ਤੋਂ ਉੱਪਰ ਰੱਖਦੀ ਹੈ ਅਤੇ ਬਿਹਤਰ ਕੈਰੀਅਰ ਸੰਭਾਵਨਾ ਦਿੰਦੀ ਹੈ।ਕਾਲਜ ਬੌਧਿਕ ਅਤੇ ਸਮਾਜਿਕ ਦੋਹਾਂ ਹੀ ਪੱਧਰਾਂ ਉੱਪਰ ਮੌਕੇ ਪ੍ਰਦਾਨ ਕਰਦਾ ਹੈ।ਇਸ ਵਿੱਚ ਵਿਦਿਆਰਥੀ ਹੋਰ ਵਿਦਿਆਰਥੀਆਂ ਅਤੇ ਕਿੱਤਾਮੁੱਖੀਆਂ ਦੇ ਨੈਟਵਰਕ ਵਿੱਚ ਘਿਰੇ ਹੁੰਦੇ ਹਨ।ਅੱਜ ਦੇ ਮੁਕਾਬਲੇ ਦੇ ਯੁੱਗ ਵਿੱਚ ਕਾਲਜ ਦੀ ਡਿਗਰੀ ਹੋਣਾ ਬਹੁਤ ਹੀ ਜਰੂਰੀ ਹੈ।ਸਭ ਤੋਂ ਜਰੂਰੀ ਚੀਜ ਜੋ ਕਾਲਜ ਤੁਹਾਨੂੰ ਸਿਖਾਉਂਦਾ ਹੈ, ਉਹ ਹੈ ਆਪਣੇ ਆਪ ਲਈ ਖੜਨਾ ਅਤੇ ਆਪਣੀ ਜ਼ਿੰਦਗੀ ਦੀ ਕਮਾਂਡ ਆਪਣੇ ਹੱਥ ਵਿੱਚ ਲੈਣਾ।ਸਕੂਲੀ ਜ਼ਿੰਦਗੀ ਵਿੱਚ ਅਸੀਂ ਜਿਆਦਾਤਰ ਆਪਣੇ ਮਾਪਿਆਂ ਅਤੇ ਅਧਿਆਪਕਾਂ ਦੁਆਰਾ ਹੀ ਚਲਾਏ ਜਾਂਦੇ ਹਾਂ ਜਿਸ ਵਿੱਚ ਨਿੱਜੀ ਅਜ਼ਾਦੀ ਘੱਟ ਹੁੰਦੀ ਹੈ। ਕਾਲਜ ਦੀ ਜ਼ਿੰਦਗੀ ਸਾਨੂੰ ਇਹ ਨਿਯੰਤ੍ਰਣ ਵਾਪਸ ਦਿੰਦੀ ਹੈ।ਮੰਡੀ ਦੇ ਮੁਕਾਬਲੇ ਦੇ ਯੁੱਗ, ਵਧਦੀ ਯੂਨੀਵਰਸਿਟੀ ਟਿਊਸ਼ਨ ਫੀਸ, ਆਨ ਕਲਾਸਾਂ ਦਾ ਵਿਕਲਪ ਅਤੇ ਨੌਕਰੀ ਦੇ ਖੇਤਰ ਨਿੱਤ ਬਦਲਦਾਵਾਂ ਨੇ ਕਾਲਜ ਡਿਗਰੀ ਫੈਸਲਾ ਲੈਣ ਦੀ ਮਹੱਤਤਾ ਹੋਰ ਵੀ ਵਧਾ ਦਿੱਤੀ ਹੈ।ਅੱਜ ਦੇ ਤੇਜੀ ਨਾਲ ਬਦਲਦੇ ਯੁਗ ਵਿੱਚ ਯੂਨੀਵਰਸਿਟੀ ਦੀ ਡਿਗਰੀ ਹੀ ਸਫਲਤਾ ਵੱਲ ਜਾਂਦਾ ਰਾਹ ਨਹੀਂ ਹੈ।ਅੰਕੜੇ ਇਹ ਦਿਖਾਉਂਦੇ ਹਨ ਕਿ 25 ਪ੍ਰਤੀਸ਼ਤ ਕਾਲਜ ਗ੍ਰੇਜੂਏਟਾਂ ਨੂੰ ਅਗਰ ਫਿਰ ਤੋਂ ਫੈਸਲਾ ਲੈਣ ਦਾ ਮੌਕਾ ਮਿਲੇ ਤਾਂ ਉਹ ਉਹੀ ਵਿੱਦਿਅਕ ਰਾਹ ਅਪਣਾਉਣਗੇ ਜੋ ਉਨ੍ਹਾਂ ਨੇ ਪਹਿਲਾਂ ਅਪਣਾਇਆ।ਜਦੋਂ ਕਿ 41 ਪ੍ਰਤੀਸ਼ਤ ਦਾ ਕਹਿਣਾ ਸੀ ਕਿ ਉਹ ਕਾਲਜ ਡਿਗਰੀ ਦੀ ਬਜਾਇ ਕੋਈ ਸਰਟੀਫਿਕੇਟ ਕੋਰਸ ਕਰਨਾ ਚਾਹੁਣਗੇ ਜੋ ਉਨ੍ਹਾਂ ਨੂੰ ਨੌਕਰੀ ਦੁਆ ਸਕੇ।ਐਪਲ, ਟੇਸਲਾ, ਆਈਬੀਐਮ, ਡੈਲਟਾ ਏਅਰਲਾਈਨਜ਼ ਅਤੇ ਹਿਲਟਨ ਵਰਗੀਆਂ ਕੰਪਨੀਆਂ ਇੰਟਰਵਿਊ ਸਮੇਂ ਕਾਲਜ ਡਿਗਰੀ ਦੀ ਮੰਗ ਨਹੀਂ ਕਰਦੀਆਂ।ਉਨ੍ਹਾਂ ਨੇ ਇਹ ਅਹਿਸਾਸ ਕੀਤਾ ਹੈ ਕਿ ਜ਼ਿੰਦਗੀ ਦੇ ਅਨੁਭਵਾਂ ਵਿਚੋਂ ਸਿੱਖੀ ਕਾਬਲੀਅਤ ਅਤੇ ਕੌਸ਼ਲ ਵੀ ਅੱਜ ਦੇ ਯੁੱਗ ਵਿੱਚ ਉਨ੍ਹਾਂ ਲਈ ਕਾਲਜ ਦੀ ਡਿਗਰੀ ਜਿੰਨੇ ਹੀ ਮਹੱਤਵਪੂਰਨ ਹਨ।ਇਸ ਸੰਬੰਧੀ ਵੀ ਵਿਰੋਧੀ ਅੰਕੜੇ ਮੌਜੂਦ ਹਨ ਕਿ ਤੁਸੀ ਕਾਲਜ ਦੀ ਡਿਗਰੀ ਅਤੇ ਉਸ ਤੋਂ ਬਿਨਾਂ ਕਿੰਨਾ ਕਮਾ ਸਕਦੇ ਹੋ ? ਜਾਰਜਟਾਊਨ ਯੂਨੀਵਰਸਿਟੀ ਵਿੱਚ ਹੋਈ ਇੱਕ ਖੋਜ ਮੁਤਾਬਕ ਬੈਚਲਰ ਡਿਗਰੀ ਵਾਲੇ ਕਾਮੇ ਦੀ ਸਾਲਾਨਾ ਆਮਦਨ 2.8 ਮਿਲੀਅਨ ਡਾਲਰ ਹੈ।ਡਿਗਰੀ ਤੋਂ ਬਿਨਾਂ ਇਹ ਆਮਦਨ 1.6 ਮਿਲੀਅਨ ਡਾਲਰ ਹੈ।ਕਾਲਜ ਦੀ ਜ਼ਿੰਦਗੀ ਅਤੇ ਅਨੁਭਵ ਅਸਲ ਵਿੱਚ ਸੋਚਣ ਦੇ ਨਵੇਂ ਢੰਗਾਂ ਅਤੇ ਕਾਬਲੀਅਤ ਨੂੰ ਹੋਰ ਜਿਆਦਾ ਨਿਖਾਰਦਾ ਹੈ।ਜੋ ਵਿਅਕਤੀ ਕਾਲਜ ਵਿਚੋਂ ਜੋ ਕੁਝ ਵੀ ਸਿੱਖਦਾ ਹੈ, ਉਹ ਉਸ ਨੂੰ ਅੱਗੇ ਭਵਿੱਖ ਵਿਚ ਚੰਗੇ ਫੈਸਲਿਆਂ ਲਈ ਵਰਤ ਸਕਦਾ ਹੈ।



ਅੱਜ ਦੀ ਦੁਨੀਆ ਕਾਲਜ ਵਿੱਚ ਪੜ੍ਹਾਏ ਜਾਣ ਵਾਲੇ ਸਿਲ਼ੈਬਸ ਤੋਂ ਤੇਜੀ ਨਾਲ ਬਦਲਦੀ ਹੈ।ਅਗਾਂਹਵਧੂ ਕੰਪਨੀਆਂ ਇਹ ਮਹਿਸੂਸ ਕਰਦੀਆਂ ਹਨ ਕਿ ਕਾਲਜ ਦੇ ਅਨੁਭਵਾਂ ਨੂੰ ਜ਼ਿਆਦਾ ਕੰਮ ਵਿੱਚ ਆਉਣ ਵਾਲੇ ਕੌਸ਼ਲ ਅਤੇ ਨਜ਼ਰੀਏ ਵਿੱਚ ਬਦਲਣਾ ਜਰੂਰੀ ਹੈ।ਕਾਲਜ ਦੀ ਸਮਾਂ ਕਿਸੇ ਦੀ ਵੀ ਜ਼ਿੰਦਗੀ ਵਿੱਚ ਉਹ ਸਮਾਂ ਹੁੰਦਾ ਹੈ ਜਦੋਂ ਵਿਅਕਤੀ ਅਜ਼ਾਦ ਤਾਰਾਨਾ-ਏ-ਜ਼ਿੰਦਗੀ ਸਿੱਖਦਾ ਹੈ। ਅਜ਼ਾਦੀ ਤੋਂ ਇਲਾਵਾ ਕਾਲਜ ਦੀ ਜ਼ਿੰਦਗੀ ਇੱਕ ਵਿਅਕਤੀ ਨੂੰ ਆਪਣੀ ਜ਼ਿੰਦਗੀ ਨੂੰ ਪਰਿਭਾਸ਼ਿਤ ਕਰਨ ਦਾ ਮੌਕਾ ਵੀ ਦਿੰਦੀ ਹੈ ਜੋ ਕਿ ਆਉਣ ਵਾਲੀ ਜ਼ਿੰਦਗੀ ਲਈ ਰਾਹ ਦਸੇਰਾ ਬਣਦਾ ਹੈ।ਕਾਲਜ ਦੇ ਬਹੁਤ ਸਾਰੇ ਕੋਰਸ ਉਸ ਤਰਾਂ ਸਿੱਖਿਆ (ਬਾਕੀ ਸਫ਼ਾ 31 ’ਤੇ)

# ਜਰਨੈਲ ਹਰੀ ਸਿੰਘ ਨਲਵਾ ਦੀਆਂ ਯਾਦਗਾਰਾਂ ’ਤੇ ਫ਼ੌਜ ਦਾ ਕਬਜ਼ਾ

## ਕਿਲ੍ਹਾ ਜਮਰੌਦ ਅਤੇ ਗੁੱਜਰਾਂਵਾਲਾ ’ਚ ਜਰਨੈਲ ਨਲਵਾ ਦੀਆਂ ਦੋ ਸਮਾਧਾਂ ਬਾਰੇ ਸਿੱਖ ਪੰਥ ਨੂੰ ਜਾਣਕਾਰੀ ਨਹੀਂ

### ਪੇਸ਼ਾਵਰੀ ਸਿੱਖਾਂ ਨੂੰ ਬਰਸੀ ਮਨਾਉਣ ਦੀ ਇਜਾਜ਼ਤ ਨਾ ਮਿਲੀ





ਅੰਮ੍ਰਿਤਸਰ-ਪਾਕਿਸਤਾਨ ਦੇ ਸੂਬਾ ਖ਼ੈਬਰ ਪਖਤੂਨਖਵਾ ਦੇ ਪਿਸ਼ਾਵਰ ਸ਼ਹਿਰ ਦੇ ਕਿਲ੍ਹਾ ਜਮਰੌਦ ਅਤੇ ਸ਼ਹਿਰ ਗੁੱਜਰਾਂਵਾਲਾ ਦੀ ਆਬਾਦੀ ਸਿਵਲ ਲਾਈਨ ਦੇ ਮੁਨੀਰ ਚੌਕ ਵਿਚ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਬਹਾਦਰ ਜਰਨੈਲ ਸ: ਹਰੀ ਸਿੰਘ ਨਲਵਾ ਦੀਆਂ ਦੋ ਸਮਾਧਾਂ ਮੌਜੂਦ ਹੋਣ ਦੇ ਬਾਵਜੂਦ ਬੀਤੇ ਦਿਨੀਂ ਕਿਸੇ ਵੀ ਯਾਦਗਾਰ ਵਿਖੇ ਸ: ਨਲਵਾ ਦੀ ਬਰਸੀ ਮੌਕੇ ਸ਼ਰਧਾਂਜਲੀ ਭੇਟ ਨਹੀਂ ਕੀਤੀ ਗਈ । ਕਿਲ੍ਹਾ ਜਮਰੌਦ ਵਿਚ ਸ਼ਹੀਦੀ ਬਰਸੀ ਨਾ ਮਨਾਏ ਜਾਣ ਬਾਰੇ ਸ: ਗੁਰਪਾਲ ਸਿੰਘ ਪਿਸ਼ਾਵਰ ਨੇ ਦੱਸਿਆ ਪਿਸ਼ਾਵਰੀ ਸਿੱਖ ਭਾਈਚਾਰੇ ਵੱਲੋਂ ਭਾਰੀ ਜੱਦੋ-ਜਹਿਦ ਕਰਕੇ 6 ਸਾਲ ਪਹਿਲਾਂ ਕਿਲ੍ਹਾ ਜਮਰੌਦ ਵਿਖੇ ਸ: ਨਲਵਾ ਦੀ ਸ਼ਹੀਦੀ ਬਰਸੀ ਮਨਾਏ ਜਾਣ ਦੀ ਸ਼ੁਰੂਆਤ ਕੀਤੀ ਗਈ ਸੀ ਜਦ ਕਿ ਇਸ ਵਾਰ ਕਿਲ੍ਹੇ ਦੇ ਪ੍ਰਬੰਧਕ ਅਤੇ ਕੋਰ ਕਮਾਂਡਰ ਪਾਸੋਂ ਸ਼ਹੀਦੀ ਬਰਸੀ ਮੌਕੇ ਕਿਲ੍ਹੇ ਵਿਚ ਕੀਰਤਨ ਸਮਾਗਮ ਲਈ ਮਨਜ਼ੂਰੀ ਦੇਣ ਲਈ ਅਪੀਲ ਕੀਤੇ ਜਾਣ ਦੇ ਬਾਵਜੂਦ ਮੌਜੂਦਾ ਹਾਲਾਤ ਦੇ ਚਲਦਿਆਂ ਫ਼ੌਜੀ ਅਧਿਕਾਰੀਆਂ ਨੇ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ।ਦੱਸਣਯੋਗ ਹੈ ਕਿ ਧੋਖੇ ਨਾਲ ਦੁਸ਼ਮਣ ਅਫਗਾਨੀਆਂ ਦੀ ਗੋਲੀ ਦਾ ਨਿਸ਼ਾਨਾ ਬਣੇ ਸ. ਨਲਵਾ ਨੇ 30 ਅਪ੍ਰੈਲ 1837 ਨੂੰ ਜਮਰੌਦ ਦੇ ਉਕਤ ਕਿਲ੍ਹੇ ਵਿਚ ਅੰਤਿਮ ਸਾਹ ਲਿਆ ਅਤੇ ਉਨ੍ਹਾਂ ਦੀ ਮ੍ਰਿਤਕ ਦੇਹ ਦਾ ਅੰਤਿਮ ਸਸਕਾਰ ਇਸੇ ਕਿਲ੍ਹੇ ’ਚ ਕੀਤਾ ਗਿਆ ਸੀ । ਸਤੰਬਰ 1902 ਵਿੱਚ ਪਿਸ਼ਾਵਰ ਦੇ ਠੇਕੇਦਾਰ ਬਾਬੂ ਗੱਜੂ ਮੱਲ ਨੇ ਜਰਨੈਲ ਹਰੀ ਸਿੰਘ ਨਲਵਾ ਦੀ ਸਮਾਧ ਬਣਵਾਈ ਸੀ। ਸਮਾਧ ’ਤੇ ਲੱਗੀ ਪੱਥਰ ਦੀ ਸਿਲ੍ਹ ’ਤੇ ਸ਼ਾਹਮੁਖੀ, ਗੁਰਮੁਖੀ ਅਤੇ ਅੰਗਰੇਜ਼ੀ ਵਿੱਚ ਸਮਾਧ ਦੇ ਨਿਰਮਾਣ ਬਾਰੇ ਜਾਣਕਾਰੀ ਕੁਝ ਸਮੇਂ ਪਹਿਲਾਂ ਤੱਕ ਸਹੀ ਢੰਗ ਨਾਲ ਦਰਜ ਸੀ, ਪਰ ਬਾਅਦ ਵਿੱਚ ਅਚਾਨਕ ਇੱਥੇ ਕੀਤੀ ਰੰਗ-ਰੰਗਾਈ ਦੌਰਾਨ ਸਮਾਧ ਦੇ ਨਿਰਮਾਣ ਦਾ ਵਰ੍ਹਾ ਸਤੰਬਰ 1902 ਤੋਂ ਬਦਲ ਕੇ ਸਤੰਬਰ 1892 ਕਰ ਦਿੱਤਾ ਗਿਆ। ਉਨ੍ਹਾਂ ਦੀ ਸਮਾਧ ਕਿਲ੍ਹੇ ’ਚ ਹੀ ਇਕ ਅੰਗੀਠਾ ਤਿਆਰ ਕਰਕੇ ਉਸਾਰੀ ਗਈ । ਦੱਸਣਯੋਗ ਹੈ ਕਿ ਸ: ਨਲਵਾ ਦੇ ਸਸਕਾਰ ਤੋਂ ਕੁੱਝ ਦਿਨਾਂ ਬਾਅਦ ਉਨ੍ਹਾਂ ਦੇ ਵੱਡੇ ਸਪੁੱਤਰ ਜਵਾਹਰ ਸਿੰਘ ਨਲਵਾ (ਬੀਬੀ ਰਾਜ ਕੌਰ ਦੇ ਵੱਡੇ ਪੁੱਤਰ) ਜਮਰੌਦ ਤੋਂ ਆਪਣੇ ਪਿਤਾ ਦੀ ਦੇਹ ਦੀ ਕੁੱਝ ਭਸਮ ਗੁੱਜਰਾਂਵਾਲਾ ਲੈ ਆਏ ਅਤੇ ਸ: ਹਰੀ ਸਿੰਘ ਨਲਵਾ ਦੀ ਦੂਜੀ ਪਤਨੀ ਬੀਬੀ ਦੇਸਾਂ ਨੇ ਆਪਣੇ ਪਤੀ ਦੀ ਸਮਾਧ ਉਨ੍ਹਾਂ ਦੇ ਬਾਗ਼ ਦੀ ਬਾਰਾਂਦਰੀ ਤੋਂ 12 ਕੁ ਕਦਮਾਂ ਦੀ ਵਿੱਥ @ਤੇ ਉਸ ਕਮਰੇ ਦੇ ਸਾਹਮਣੇ ਬਣਵਾਈ, ਜਿੱਥੇ ਬੀਬੀ ਦੇਸਾਂ ਖ਼ੁਦ ਨਿਵਾਸ ਕਰਦੇ ਸਨ ।ਉਕਤ ਹਵੇਲੀ, ਬਾਰਾਂਦਰੀ ਅਤੇ ਸ: ਨਲਵਾ ਦੀ ਥੜ੍ਹੇ @ਤੇ ਉਸਾਰੀ ਗਈ ਸਮਾਧ ਅੱਜ ਵੀ ਮੌਜੂਦ ਹੈ ਅਤੇ ਹਵੇਲੀ ਵਿਚ ਸੈਂਟ ਮੇਰੀ ਕਾਨਵੈਂਟ ਗਰਲਜ਼ ਹਾਈ ਸਕੂਲ ਸੇਵਾਵਾਂ ਦੇ ਰਿਹਾ ਹੈ ।ਇਸ ਸਮਾਧ ਬਾਰੇ ਪਾਕਿ ਸਿੱਖ ਭਾਈਚਾਰੇ ਜਾਂ ਉੱਥੋਂ ਦੇ ਇਤਿਹਾਸਕਾਰਾਂ ਨੂੰ ਕੋਈ ਜਾਣਕਾਰੀ ਨਾ ਹੋਣ ਕਰਕੇ ਅਜੇ ਤੱਕ ਕਦੇ ਸ: ਨਲਵਾ ਦੀ ਬਰਸੀ ਮੌਕੇ ਪਾਕਿ ਸਿੱਖਾਂ ਵੱਲੋਂ ਇੱਥੇ ਸ਼ਰਧਾਂਜਲੀ ਭੇਟ ਨਹੀਂ ਕੀਤੀ ਜਾ ਸਕੀ ਹੈ ।ਸ: ਨਲਵਾ ਵੱਲੋਂ ਗੁੱਜਰਾਂਵਾਲਾ ’ਚ ਬਣਾਈ ਗਈ ਉਕਤ ਹਵੇਲੀ, ਬਾਰਾਂਦਰੀ ਅਤੇ ਬਾਗ਼ ਦਾ ਜ਼ਿਕਰ ਬੈਰਨ ਚਾਰਲਸ ਹੂਗਲ ਨੇ ‘ਟਰੈਵਲਜ਼ ਇਨ ਕਸ਼ਮੀਰ ਐਂਡ ਪੰਜਾਬ’ ਅਤੇ ਲੈਫ਼ਟੀਨੈਂਟ ਵਿਲੀਅਮ ਬਾਰ ਨੇ ‘ਜਰਨਲ ਆਫ਼ ਏ ਮਾਰਚ ਫ਼ਰਾਮ ਦਿੱਲੀ ਟੂ ਕਾਬਲ’ ਵਿਚ ਕੀਤਾ ਹੈ।



ਪਾਕਿਸਤਾਨ ਸਰਕਾਰ ਅਤੇ ਮਹਿਕਮਾ ਔਕਾਫ਼ ਨੂੰ ਚਾਹੀਦਾ ਹੈ ਕਿ ਉਹ ਜਲਦੀ ਤੋਂ ਜਲਦੀ ਸ: ਨਲੂਆ ਦੀ ਸਮਾਧ ਨੂੰ ਕਬਜ਼ਾ-ਮੁਕਤ ਕਰਵਾਏ ਅਤੇ ਉਸ ਵਿਚੋਂ ਪੁਲਿਸ ਥਾਣਾ ਫੌਰੀ ਤੌਰ @ਤੇ ਕਿਸੇ ਹੋਰ ਜਗ੍ਹਾ ਤਬਦੀਲ ਕੀਤਾ ਜਾਵੇ। ਇਸ ਸੰਬੰਧ ਵਿਚ ਸਾਡੀਆਂ ਪ੍ਰਮੁੱਖ ਸਿੱਖ ਸੰਸਥਾਵਾਂ ਨੂੰ ਵੀ ਬਣਦੀ ਦਖ਼ਲਅੰਦਾਜ਼ੀ ਕਰਕੇ ਸ: ਨਲੂਆ ਦੀ ਸਮਾਧ ਨੂੰ ਕਬਜ਼ਾਮੁਕਤ ਕਰਾਉਣ ਲਈ ਪਹਿਲ ਕਰਨੀ ਚਾਹੀਦੀ ਹੈ।

### ਕੌਣ ਸੀ ਹਰੀ ਸਿੰਘ ਨਲਵਾ

ਹਰੀ ਸਿੰਘ ਨਲੂਆ ਨੇ 17 ਅਕਤੂਬਰ 1836 ਨੂੰ ਜਮਰੌਦ ਕਿਲ੍ਹੇ ਦੀ ਨੀਂਹ ਰੱਖ ਕੇ ਨੇੜੇ ਹੋਰ ਛੋਟੇ ਕਿਲ੍ਹਿਆਂ-ਬੁਰਜ ਹਰੀ ਸਿੰਘ, ਕਿਲ੍ਹਾ ਬਾੜਾ ਅਤੇ ਕਿਲ੍ਹਾ ਮਿਚਨੀ ਆਦਿ ਦਾ ਨਿਰਮਾਣ ਸ਼ੁਰੂ ਕਰਵਾਇਆ। ਜਦੋਂ ਇਨ੍ਹਾਂ ਕਿਲ੍ਹਿਆਂ ਦੇ ਨਿਰਮਾਣ ਦੀ ਖ਼ਬਰ ਕਾਬਲ ਅਫ਼ਗਾਨਾਂ ਕੋਲ ਪੁੱਜੀ ਤਾਂ ਉਹ ਸਮਝ ਗਏ ਕਿ ਹਰੀ ਸਿੰਘ ਪਿਸ਼ਾਵਰ ਤੋਂ ਬਾਅਦ ਜਲਾਲਾਬਾਦ ਅਤੇ ਕਾਬਲ ਨੂੰ ਖ਼ਾਲਸਾ ਰਾਜ ਵਿੱਚ ਮਿਲਾਉਣ ਦੀ ਤਿਆਰੀ ਵਿੱਚ ਹੈ। ਇਸ ’ਤੇ ਅਮੀਰ ਦੋਸਤ ਮੁਹੰਮਦ ਖ਼ਾਨ ਨੇ ਆਪਣੇ ਪੰਜਾਂ ਪੁੱਤਰਾਂ ਨੂੰ ਗ਼ਾਜ਼ੀਆਂ ਦੇ ਭਾਰੀ ਲਸ਼ਕਰ ਸਹਿਤ ਮਿਰਜ਼ਾ ਸਮੀ ਖ਼ਾਨ ਨੂੰ ਆਪਣਾ ਲਾਇਬੁਲ ਸਲਤਨਤ ਮੁਕੱਰਰ ਕਰ ਕੇ 15 ਅਪਰੈਲ 1837 ਨੂੰ ਖ਼ਾਲਸੇ ਉੱਤੇ ਚੜ੍ਹਾਈ ਕਰਨ ਲਈ ਤੋਰ ਦਿੱਤਾ। ਉੱਧਰ, ਸਰਹੱਦ ਦੀ ਸੁਰੱਖਿਆ ਦੀਆਂ ਤਿਆਰੀਆਂ ਲਈ ਕਿਲ੍ਹਿਆਂ ਦੇ ਨਿਰਮਾਣ ਵਿੱਚ ਦਿਨ-ਰਾਤ ਜੁਟੇ ਰਹਿਣ ਕਰਕੇ ਹਰੀ ਸਿੰਘ ਨਲੂਆ ਥਕੇਵੇਂ ਕਾਰਨ ਪਿਸ਼ਾਵਰ ਦੇ ਕਿਲ੍ਹੇ ਵਿੱਚ ਬੀਮਾਰ ਪਏ ਸਨ। ਦੂਜੇ ਪਾਸੇ ਲਾਹੌਰ ਵਿੱਚ ਕੰਵਰ ਨੌਨਿਹਾਲ ਸਿੰਘ ਦੇ ਵਿਆਹ ਸਮਾਰੋਹ ਵਿੱਚ ਮਹਾਰਾਜਾ ਰਣਜੀਤ ਸਿੰਘ ਵੱਲੋਂ ਵਿਸ਼ੇਸ਼ ਤੌਰ ’ਤੇ ਬੁਲਾਏ ਗਏ ਅੰਗਰੇਜ਼ ਅਫ਼ਸਰਾਂ, ਰਾਜਿਆਂ, ਮਹਾਰਾਜਿਆਂ ਤੇ ਨਵਾਬਾਂ ਨੂੰ ਪ੍ਰਭਾਵਿਤ ਕਰਨ ਲਈ ਪਿਸ਼ਾਵਰ ਤੋਂ ਵੱਡੀ ਗਿਣਤੀ ਵਿਚ ਫ਼ੌਜ ਮੰਗਵਾਈ ਗਈ ਸੀ। ਹਰੀ ਸਿੰਘ ਨਲੂਆ ਦੁਆਰਾ ਨਿਯੁਕਤ ਕੀਤੇ ਕਿਲ੍ਹਾ ਜਮਰੌਦ ਦੇ ਕਿਲ੍ਹੇਦਾਰ ਅਤੇ ਉਨ੍ਹਾਂ ਦੇ ਪਾਲਿਤ ਪੁੱਤਰ ਮਹਾਂ ਸਿੰਘ ਮੀਰਪੁਰੀਏ ਵੱਲੋਂ ਰੋਜ਼ਾਨਾ ਅਫ਼ਗਾਨੀਆਂ ਵੱਲੋਂ ਜੰਗੀ ਤਿਆਰੀਆਂ ਦੀਆਂ ਖ਼ਬਰਾਂ ਪੁੱਜ ਰਹੀਆਂ ਸਨ। ਮਹਾਂ ਸਿੰਘ ਨੇ ਕਿਲ੍ਹੇ ਵਿੱਚੋਂ ਸ. ਨਲੂਆ ਨੂੰ ਲਿਖਤੀ ਸੁਨੇਹਾ ਭੇਜ ਕੇ ਫ਼ੌਜ ਦੀ ਮੰਗ ਕੀਤੀ। ਹਰੀ ਸਿੰਘ ਨਲੂਆ ਨੇ ਉਸ ਦੇ ਖ਼ਤ ਸਮੇਤ ਆਪਣੇ ਵੱਲੋਂ ਇੱਕ ਅਰਜ਼ੀ ਲਿਖਵਾ ਕੇ ਮਹਾਰਾਜਾ ਰਣਜੀਤ ਸਿੰਘ ਕੋਲ ਲਾਹੌਰ ਭਿਜਵਾ ਦਿੱਤੀ, ਜਿਸ ਵਿੱਚ ਉਨ੍ਹਾਂ ਪਿਸ਼ਾਵਰ ਦੀ ਫ਼ੌਜ ਜਲਦੀ ਵਾਪਸ ਭੇਜਣ ਦੀ ਮੰਗ ਕੀਤੀ। ਇਹ ਸੁਨੇਹਾ 26 ਅਪਰੈਲ ਦੀ ਦੁਪਹਿਰ ਰਾਜਾ ਧਿਆਨ ਸਿੰਘ ਕੋਲ ਪੁੱਜਿਆ ਪਰ ਉਸ ਨੇ ਇਸ ਬਾਰੇ ਮਹਾਰਾਜੇ ਨੂੰ ਜਾਣਕਾਰੀ ਨਾ ਦਿੱਤੀ, ਜਿਸ ਕਾਰਨ 30 ਅਪਰੈਲ ਤੱਕ ਵੀ ਲਾਹੌਰ ਦਰਬਾਰ ਵੱਲੋਂ ਪਿਸ਼ਾਵਰ ਕੋਈ ਜਵਾਬ ਨਾ ਪੁੱਜਿਆ। ਉੱਧਰ, 27 ਅਪਰੈਲ ਨੂੰ ਅਫ਼ਗਾਨ ਦੱਰਾ ਖ਼ੈਬਰ ਦੇ ਪੂਰਬੀ ਸਿਰੇ ’ਤੇ ਪੁੱਜ ਚੁੱਕੇ ਸਨ। ਜਦੋਂ ਉਨ੍ਹਾਂ ਨੂੰ ਸ.ਨਲੂਆ ਦੇ ਕਿਲ੍ਹੇ ਵਿੱਚ ਮੌਜੂਦ ਨਾ ਹੋਣ ਦੀ ਖ਼ਬਰ ਮਿਲੀ ਤਾਂ ਉਨ੍ਹਾਂ ਦੇ ਹੌਸਲੇ ਹੋਰ ਬੁਲੰਦ ਹੋ ਗਏ ਅਤੇ ਅਗਲੇ ਦਿਨ 28 ਅਪਰੈਲ ਨੂੰ ਉਨ੍ਹਾਂ ਨੇ ਕਿਲ੍ਹੇ ’ਤੇ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ। ਇਸ ਗੋਲਾਬਾਰੀ ਦੇ ਜਵਾਬ ਵਿੱਚ ਮਹਾਂ ਸਿੰਘ ਨੇ ਵੀ ਕਿਲ੍ਹੇ ਵਿੱਚੋਂ ਅਫ਼ਗਾਨੀਆਂ ਉੱਤੇ ਗੋਲਾਬਾਰੀ ਸ਼ੁਰੂ ਕਰਵਾ ਦਿੱਤੀ। ਇਹ ਸਿਲਸਿਲਾ ਰਾਤ ਦਾ ਹਨੇਰਾ ਹੋਣ ਤਕ ਚੱਲਦਾ ਰਿਹਾ। ਦੂਜੇ ਦਿਨ ਵੀ ਅਫ਼ਗਾਨੀਆਂ ਨੇ ਦਿਨ ਚੜ੍ਹਦਿਆਂ ਹੀ ਕਿਲ੍ਹੇ ਉੱਤੇ ਗੋਲੇ ਦਾਗਣੇ ਸ਼ੁਰੂ ਕਰ ਦਿੱਤੇ। ਹਾਲਾਂਕਿ ਕਿਲ੍ਹੇ ਵਿੱਚ ਮੌਜੂਦ ਇੱਕ ਹਜ਼ਾਰ ਖ਼ਾਲਸਾ ਫ਼ੌਜ ਦਾ ਅਫ਼ਗਾਨੀਆਂ ਦੇ 30,000 ਲਸ਼ਕਰ ਅੱਗੇ ਜ਼ਿਆਦਾ ਦੇਰ ਤੱਕ ਡਟੇ ਰਹਿਣਾ ਅਸੰਭਵ ਸੀ ਪਰ ਫਿਰ ਵੀ ਖ਼ਾਲਸਾ ਫ਼ੌਜ ਦੇ ਹੌਸਲੇ ਬੁਲੰਦ ਰਹੇ ਅਤੇ ਉਹ ਅਫ਼ਗਾਨੀਆਂ ਉੱਤੇ ਲਗਾਤਾਰ ਜਵਾਬੀ ਹਮਲੇ ਕਰਦੇ ਰਹੇ। 30 ਅਪਰੈਲ ਨੂੰ ਅਫ਼ਗਾਨੀ, ਕਿਲ੍ਹੇ ਦੀ ਬਾਹਰੀ ਬਾਹੀ ਨੂੰ ਤੋਪਾਂ ਦੇ ਗੋਲਿਆਂ ਨਾਲ ਡੇਗਣ ਵਿੱਚ ਕਾਮਯਾਬ ਹੋ ਗਏ। ਇਸ ਦੇ ਬਾਵਜੂਦ ਉਨ੍ਹਾਂ ਦਾ ਕਿਲ੍ਹੇ ਅੰਦਰ ਵੜਨ ਦਾ ਹੌਸਲਾ ਨਾ ਹੋਇਆ। ਜਦੋਂ ਰਾਤ ਹੋਈ ਤਾਂ ਖ਼ਾਲਸਾ ਫ਼ੌਜ ਨੇ ਕਿਲ੍ਹੇ ਦੀ ਫ਼ਸੀਲ ਦਾ ਪਾੜ ਰੇਤ ਦੀਆਂ ਬੋਰੀਆਂ ਰੱਖ ਕੇ ਬੰਦ ਕਰ ਦਿੱਤਾ। ਕਿਲ੍ਹੇ ਦੀ ਅੰਦਰੂਨੀ ਹਾਲਤ ਅਤੇ ਬਾਹਰੋਂ ਫ਼ੌਜੀ ਮਦਦ ਬਾਰੇ ਸ. ਨਲੂਆ ਨੂੰ ਸੂਚਿਤ ਕਰਨਾ ਜ਼ਰੂਰੀ ਸੀ। ਖ਼ਾਲਸੇ ਦਾ ਅੰਤਿਮ ਸੰਦੇਸ਼ ਉਨ੍ਹਾਂ ਤਕ ਪਹੁੰਚਾਉਣ ਲਈ ਬੀਬੀ ਹਰਸ਼ਰਨ ਕੌਰ ਪਠਾਣੀ ਦਾ ਭੇਸ ਬਣਾ ਕੇ ਰਾਤ ਕਿਲ੍ਹੇ ਵਿੱਚੋਂ ਨਿਕਲ ਕੇ 30 ਅਪਰੈਲ ਨੂੰ ਪਿਸ਼ਾਵਰ ਪੁੱਜ ਗਈ। ਜਦੋਂ ਮਹਾਂ ਸਿੰਘ ਦਾ ਖ਼ਤ ਸ. ਨਲੂਆ ਕੋਲ ਪੁੱਜਿਆ ਤਾਂ ਆਪਣੀ ਬੀਮਾਰੀ ਅਤੇ ਪ੍ਰਾਣਾਂ ਦੀ ਪ੍ਰਵਾਹ ਕੀਤੇ ਬਿਨਾਂ ਉਹ ਉੱਠ ਖੜ੍ਹੇ ਹੋਏ। ਇੱਥੋਂ ਹੀ ਉਨ੍ਹਾਂ ਨੇ ਮਹਾਂ ਸਿੰਘ ਵੱਲੋਂ ਲਿਖੇ ਅੰਤਿਮ ਖ਼ਤ ਦੇ ਨਾਲ ਆਪਣਾ ਇੱਕ ਖ਼ਤ ਲਿਖ ਕੇ ਮਹਾਰਾਜਾ ਰਣਜੀਤ ਸਿੰਘ ਕੋਲ ਲਾਹੌਰ ਭਿਜਵਾ ਦਿੱਤਾ। ਸ. ਨਲੂਆ ਨੇ 15 ਮਾਰਚ ਤੋਂ 21 ਅਪਰੈਲ ਤਕ ਲਗਾਤਾਰ ਫ਼ੌਜੀ ਇਮਦਾਦ ਲਈ ਚਾਰ ਅਰਜ਼ੀਆਂ ਲਾਹੌਰ ਦਰਬਾਰ ਵੱਲ ਭੇਜੀਆਂ। ਭਾਵੇਂ ਕੰਵਰ ਦੀ ਸ਼ਾਦੀ ਹੋ ਚੁੱਕੀ ਸੀ ਪਰ ਮਹਾਰਾਜਾ, ਅੰਗਰੇਜ਼ ਮਹਿਮਾਨਾਂ ਨੂੰ ਸੈਰ ਅਤੇ ਸ਼ਿਕਾਰ ਕਰਾਉਣ ਮਗਰੋਂ ਲਾਹੌਰ ਤੋਂ ਵਿਦਾ ਕਰਨ ਵਿੱਚ ਰੁੱਝੇ ਰਹੇ, ਜਿਸ ਕਾਰਨ ਰਾਜਾ ਧਿਆਨ ਸਿੰਘ ਨੂੰ ਫ਼ੌਜਾਂ ਪਿਸ਼ਾਵਰ ਨਾ ਭੇਜਣ ਦਾ ਬਹਾਨਾ ਮਿਲ ਗਿਆ। ਫਿਰ ਸਰਦਾਰ ਨਲੂਆ ਨੇ ਪਿਸ਼ਾਵਰ ਕਿਲ੍ਹੇ ਵਿਚਲੀ ਫ਼ੌਜ ਨੂੰ ਜਮਰੌਦ ਵੱਲ ਕੂਚ ਕਰਨ ਦਾ ਹੁਕਮ ਦਿੱਤਾ। ਬੁਰਜ ਹਰੀ ਸਿੰਘ ਦੇ ਨੇੜੇ ਪੁੱਜ ਕੇ ਉਨ੍ਹਾਂ ਨੇ ਫ਼ੌਜ ਨੂੰ ਤਿੰਨ ਹਿੱਸਿਆਂ ਵਿਚ ਵੰਡ ਦਿੱਤਾ। ਇੱਕ ਹਿੱਸਾ ਨਿਧਾਨ ਸਿੰਘ ‘ਪੰਜ ਹੱਥਾਂ’ ਨਾਲ ਤੋਰ ਦਿੱਤਾ, ਦੂਸਰਾ ਅਮਰ ਸਿੰਘ ਖੁਰਦ ‘ਮਜੀਠੀਆ’ ਨਾਲ ਅਤੇ ਤੀਜਾ ਆਪਣੇ ਨਾਲ ਰੱਖਿਆ। ਉੱਧਰ ਜਦੋਂ ਅਫ਼ਗਾਨੀ ਕਿਲ੍ਹੇ ਉੱਤੇ ਕਬਜ਼ਾ ਕਰਨ ਦੀ ਤਿਆਰੀ ਕਰੀ ਬੈਠੇ ਸਨ ਤਾਂ ਹਰੀ ਸਿੰਘ ਨਲੂਆ ਨੇ ਜਮਰੌਦ ਪੁੱਜ ਕੇ ਅਫ਼ਗਾਨੀਆਂ ’ਤੇ ਅਜਿਹਾ ਹਮਲਾ ਕੀਤਾ ਕਿ ਜਮਰੌਦ ਦੇ ਕਿਲ੍ਹੇ ਦੇ ਬਾਹਰ ਦੂਰ-ਦੂਰ ਤਕ ਅਫ਼ਗਾਨੀਆਂ ਦੇ ਧੜ ਤੋਂ ਅਲੱਗ ਹੋਏ ਸਿਰ ਨਜ਼ਰ ਆ ਰਹੇ ਸਨ। ਅਫ਼ਗਾਨੀ ਸੈਨਾ ਵਿੱਚ ਤਰਥੱਲੀ ਮੱਚ ਗਈ। ਸ. ਨਲੂਆ ਦੇ ਜਵਾਨਾਂ ਨੇ ਭੱਜਦੇ ਅਫ਼ਗਾਨੀਆਂ ਕੋਲੋਂ ਉਨ੍ਹਾਂ ਦੀਆਂ 14 ਵੱਡੀਆਂ ਤੋਪਾਂ ਵੀ ਖੋਹ ਲਈਆਂ। ਇਸ ਮਗਰੋਂ ਜਦੋਂ ਸਰਦਾਰ ਨਲੂਆ ਆਪਣੀ ਫ਼ੌਜ ਨੂੰ ਆਰਾਮ ਦੇਣ ਲਈ ਕੈਂਪ ਵਿੱਚ ਭੇਜਣ ਦੀ ਸੋਚ ਰਹੇ ਸਨ ਤਾਂ ਉਨ੍ਹਾਂ ਨੂੰ ਪਤਾ ਲੱਗਾ ਕਿ ਨਿਧਾਨ ਸਿੰਘ ‘ਪੰਜ ਹੱਥਾ’ ਸਿਰਫ਼ 1500 ਸਿਪਾਹੀਆਂ ਨੂੰ ਨਾਲ ਲੈ ਕੇ ਅਫ਼ਗਾਨੀਆਂ ਨੂੰ ਅੱਗੇ ਲਾ ਕੇ ਦੁੜਾਉਂਦਾ ਹੋਇਆ ਦੱਰਾ ਖ਼ੈਬਰ ਅੰਦਰ ਕਾਫ਼ੀ ਦੂਰ ਤਕ ਚਲਾ ਗਿਆ ਹੈ। ਇਸ ’ਤੇ ਉਸ ਨੂੰ ਵਾਪਸ ਲਿਆਉਣ ਲਈ ਸ. ਨਲੂਆ ਨੂੰ ਉਸ ਦੇ ਪਿੱਛੇ ਜਾਣਾ ਪਿਆ। ਉਧਰੋਂ, ਸ਼ਮਸਉੱਦੀਨ ਖ਼ਾਨ ਨੇ 2000 ਜੰਗੀ ਸਿਪਾਹੀਆਂ ਨਾਲ ਦੱਰਾ ਖ਼ੈਬਰ ਵਿੱਚ ਪੁੱਜ ਕੇ ਅਫ਼ਗਾਨੀਆਂ ਨੂੰ ਖ਼ਾਲਸੇ ਨਾਲ ਯੁੱਧ ਲਈ ਪ੍ਰੇਰਿਆ। ਕੁਝ ਨੇ ਤਾਂ ਉਸ ਦੀ ਇੱਕ ਨਾ ਸੁਣੀ ਅਤੇ ਬਾਕੀ ਨਿਧਾਨ ਸਿੰਘ ‘ਪੰਜ ਹੱਥਾ’ ਵੱਲ ਨੂੰ ਵਾਪਸ ਮੁੜ ਆਏ ਅਤੇ ਲੜਾਈ ਸ਼ੁਰੂ ਕਰ ਦਿੱਤੀ। ਉਸ ਸਮੇਂ ਸਰਦਾਰ ਨਲੂਆ ਸਰਕਮਰ (ਰਤੀ ਚੱਟਾਨ) ਦੇ ਸਥਾਨ ’ਤੇ ਸਨ। ਇੱਥੇ ਇੱਕ ਚੱਟਾਨ ਵਿੱਚ ਗੁਫ਼ਾ ਬਣੀ ਹੋਈ ਸੀ, ਜਿਸ ਵਿੱਚ ਲੁਕੇ ਗ਼ਾਜ਼ੀਆਂ ਨੇ ਸ. ਨਲੂਆ ਉੱਤੇ ਗੋਲੀ ਚਲਾ ਦਿੱਤੀ। ਇੱਕ ਗੋਲੀ ਉਨ੍ਹਾਂ ਦੀ ਛਾਤੀ ਵਿੱਚ ਅਤੇ ਇੱਕ ਪੱਟ ਵਿੱਚ ਲੱਗੀ। ਜ਼ਖ਼ਮੀ ਹੋਣ ਮਗਰੋਂ ਵੀ ਉਨ੍ਹਾਂ ਨੇ ਹੌਸਲੇ ਤੋਂ ਕੰਮ ਲਿਆ ਅਤੇ ਅਮਰ ਸਿੰਘ ਖੁਰਦ ਨੂੰ ਨਿਧਾਨ ਸਿੰਘ ਦੀ ਮਦਦ ਲਈ ਭੇਜ ਕੇ ਆਪਣਾ ਘੋੜਾ ਕਿਲ੍ਹਾ ਜਮਰੌਦ ਵੱਲ ਮੋੜ ਲਿਆ। ਕਿਲ੍ਹੇ ਵਿੱਚ ਪੁੱਜਣ ਮਗਰੋਂ ਉਨ੍ਹਾਂ ਮਹਾਂ ਸਿੰਘ ਮੀਰਪੁਰੀਏ ਨੂੰ ਆਖਿਆ ਕਿ ਬਾਹਰ ਕਿਸੇ ਨੂੰ ਪਤਾ ਨਾ ਲੱਗੇ ਕਿ ਮੈਂ ਜ਼ਖ਼ਮੀ ਹੋ ਗਿਆ ਹਾਂ। ਸਰਦਾਰ ਨਲੂਆ ਨੂੰ ਆਪਣਾ ਆਖ਼ਰੀ ਸਮਾਂ ਆਉਣ ਦਾ ਗਿਆਨ ਹੋਣ ’ਤੇ ਉਨ੍ਹਾਂ ਮਹਾਂ ਸਿੰਘ ਨੂੰ ਕੋਲ ਬੁਲਾਇਆ ਅਤੇ ਕਿਹਾ ਕਿ ਸਾਰੀ ਫ਼ੌਜ ਸਰਕਾਰ ਦੀ ਵਫ਼ਾਦਾਰ ਤੇ ਨਮਕ ਹਲਾਲ ਹੋ ਕੇ ਰਹੇ ਅਤੇ ਮੇਰੀ ਮੌਤ ਦੀ ਖ਼ਬਰ ਲਾਹੌਰ ਤੋਂ ਮੱਦਦ ਆਉਣ ਤੱਕ ਗੁਪਤ ਰੱਖੀ ਜਾਵੇ। ਇਸ ਮਗਰੋਂ ਕੁਝ ਹੋਰ ਸ਼ਬਦ ਕਹਿ ਕੇ ਉਨ੍ਹਾਂ ਦੀ ਆਵਾਜ਼ ਮੱਧਮ ਪੈ ਗਈ। ਸਿੱਖ ਰਾਜ ਦੇ ਸਤੰਭ ਇਸ ਬਹਾਦਰ ਜਰਨੈਲ ਨੇ 30 ਅਪਰੈਲ 1837 ਨੂੰ ਪ੍ਰਾਣ ਤਿਆਗ ਦਿੱਤੇ। ਮਹਾਂ ਸਿੰਘ ਮੀਰਪੁਰੀਏ ਨੇ ਕੁਝ ਪ੍ਰਮੁੱਖ ਸਰਦਾਰਾਂ ਨੂੰ ਬੁਲਾ ਕੇ ਧਾਰਮਿਕ ਰੀਤੀ-ਰਿਵਾਜਾਂ ਨਾਲ ਸਰਦਾਰ ਸਾਹਿਬ ਦਾ ਸਸਕਾਰ ਅੱਧੀ ਰਾਤ ਨੂੰ ਕਿਲ੍ਹੇ ਵਿੱਚ ਕਨਾਤਾਂ ਦੇ ਅੰਦਰ ਕਰ ਦਿੱਤਾ। ਬਾਅਦ ਵਿੱਚ ਉਸੇ ਜਗ੍ਹਾ ’ਤੇ ਜਰਨੈਲ ਹਰੀ ਸਿੰਘ ਨਲੂਆ ਦੀ ਸਮਾਧ ਬਣਾ ਦਿੱਤੀ ਗਈ।





ਸ੍ਰ. ਹਰੀ ਸਿੰਘ ਨਲੂਆ ਦੀ ਸਮਾਧ, ਜੋ ਹੁਣ ਪੁਲਿਸ ਥਾਣੇ ਵਜੋਂ ਇਸਤੇਮਾਲ ਕੀਤੀ ਜਾ ਰਹੀ ਹੈ।

ਜਨਮ ਦਿਨ 'ਤੇ ਵਿਸ਼ੇਸ਼

# ਖ਼ਾਲਸਾ ਪੰਥ ਦਾ ਸ਼੍ਰੋਮਣੀ ਜਥੇਦਾਰ ਬਾਬਾ ਜੱਸਾ ਸਿੰਘ ਆਹਲੂਵਾਲੀਆ

ਡਾ. ਹਰਦੀਪ ਸਿੰਘ

ਜੱਸਾ ਸਿੰਘ ਆਹਲੂਵਾਲੀਆ ਮਹਾਨ ਯੋਧਾ, ਜਰਨੈਲ ਅਤੇ ਪੰਥ ਸੇਵਕ ਸਨ। ਨਵਾਬ ਕਪੂਰ ਸਿੰਘ ਦੇ ਅਕਾਲ ਚਲਾਣਾ ਕਰ ਜਾਣ ਮਗਰੋਂ ਸਮੁੱਚੇ ਪੰਥ ਨੇ ਇਕ ਮੱਤ ਹੋ ਕੇ ਜੱਸਾ ਸਿੰਘ ਆਹਲੂਵਾਲੀਆ ਨੂੰ ਪੰਥ ਦਾ ਸ਼੍ਰੋਮਣੀ ਜਥੇਦਾਰ ਪ੍ਰਵਾਨ ਕਰ ਲਿਆ। ਉਹ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਚੌਥੇ ਮੁਖੀ ਤੇ ਅਕਾਲ ਤਖ਼ਤ ਸ੍ਰੀ ਅੰਮ੍ਰਿਤਸਰ ਦੇ ਜਥੇਦਾਰ ਵੀ ਰਹੇ।

ਬਾਬਾ ਜੱਸਾ ਸਿੰਘ ਦਾ ਜਨਮ 3 ਮਈ, 1718 ਈ. ਨੂੰ ਬਦਰ ਸਿੰਘ ਅਤੇ ਮਾਤਾ ਜੀਵਨ ਕੌਰ ਦੇ ਘਰ ਪਿੰਡ ਆਹਲੂ ਜ਼ਿਲ੍ਹਾ ਲਾਹੌਰ (ਮੌਜੂਦਾ ਪਾਕਿਸਤਾਨ) ਵਿੱਚ ਹੋਇਆ। 1722 ਵਿੱਚ ਪਿਤਾ ਦੇ ਦੇਹਾਂਤ ਮਗਰੋਂ ਬਾਬਾ ਜੱਸਾ ਸਿੰਘ ਆਪਣੀ ਮਾਤਾ ਜੀਵਨ ਕੌਰ ਨਾਲ ਮਾਤਾ ਸੁੰਦਰ ਕੌਰ ਜੀ ਕੋਲ ਦਿੱਲੀ ਚਲੇ ਗਏ ਅਤੇ ਕਰੀਬ 7 ਸਾਲ ਉਨ੍ਹਾਂ ਦੀ ਸੇਵਾ ਵਿੱਚ ਰਹੇ। ਇੱਥੇ ਹੀ ਬਾਬਾ ਜੱਸਾ ਸਿੰਘ ਨੇ ਕੀਰਤਨ ਤੇ ਗੁਰਬਾਣੀ ਦੀ ਅਸੀਸ ਪ੍ਰਾਪਤ ਕੀਤੀ।

ਉਨ੍ਹਾਂ ਮਾਤਾ ਸੁੰਦਰੀ ਜੀ ਦੀ ਸਰਪ੍ਰਸਤੀ ਹੇਠ ਹੀ ਸਿੱਖ ਵਿਚਾਰਧਾਰਾ, ਆਤਮਿਕ ਤੇ ਸਮਾਜਿਕ ਪੱਖਾਂ 'ਤੇ ਬਹੁਪੱਖੀ ਸਿੱਖਿਆ ਅਤੇ ਵੱਖ-ਵੱਖ ਭਾਸ਼ਾਵਾਂ ਦਾ ਗਿਆਨ ਪ੍ਰਾਪਤ ਕੀਤਾ। ਦਿੱਲੀ ਤੋਂ ਚੱਲਣ ਸਮੇਂ ਮਾਤਾ ਸੁੰਦਰੀ ਜੀ ਨੇ ਬਾਲਕ ਜੱਸਾ ਸਿੰਘ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਕਰ ਕਮਲਾਂ ਦੀ ਛੋਹ ਪ੍ਰਾਪਤ ਤਲਵਾਰ, ਸ਼ਸਤਰ, ਤੀਰਾਂ ਦਾ ਭੱਥਾ, ਕਮਾਨ, ਢਾਲ, ਪੁਸ਼ਾਕਾ, ਇਕ ਚਾਂਦੀ ਦੀ ਚੋਬ ਆਦਿ ਭੇਟ ਕੀਤੇ। ਇਸ ਮਗਰੋਂ ਮਾਂ, ਪੁੱਤਰ ਤੇ ਮਾਮਾ ਬਾਘ ਸਿੰਘ ਹਲੋਵਾਲੀਆ ਕਰਤਾਰਪੁਰ (ਜਲੰਧਰ) ਵਿੱਚ ਜਥੇਦਾਰ ਨਵਾਬ ਕਪੂਰ ਸਿੰਘ ਕੋਲ ਪਹੁੰਚ ਗਏ। ਨਵਾਬ ਕਪੂਰ ਸਿੰਘ ਜੱਸਾ ਸਿੰਘ ਦੀ ਸ਼ਖ਼ਸੀਅਤ ਤੋਂ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਨੇ ਮਾਤਾ ਜੀਵਨ ਕੌਰ ਨੂੰ ਜੱਸਾ ਸਿੰਘ ਨੂੰ ਆਪਣੇ ਕੋਲ ਹੀ ਰਹਿਣ ਦੇਣ ਲਈ ਆਖਿਆ। ਇਸ ਮਗਰੋਂ ਭੈਣ-ਭਰਾ ਨੇ ਜੱਸਾ ਸਿੰਘ ਨੂੰ ਨਵਾਬ ਕਪੂਰ ਸਿੰਘ ਨੂੰ ਸੌਂਪ ਦਿੱਤਾ। ਜੱਸਾ ਸਿੰਘ ਕਹਿਣੀ ਦੇ ਪੂਰੇ ਅਤੇ ਕਥਨੀ ਦੇ ਸੂਰੇ ਸਨ। ਮਗਰੋਂ ਇਹੋ ਜੱਸਾ ਸਿੰਘ, ਨਵਾਬ ਕਪੂਰ ਸਿੰਘ ਦੇ 'ਧਰਮ ਪੁੱਤਰ' ਵਜੋਂ ਪ੍ਰਸਿੱਧ ਹੋਏ।

ਨਵਾਬ ਕਪੂਰ ਸਿੰਘ ਨੇ ਬਾਬਾ ਜੱਸਾ ਸਿੰਘ ਨੂੰ ਘੋੜ ਸਵਾਰੀ, ਤੇਗ ਜੌਹਰ, ਨੇਜਾਬਾਜ਼ੀ ਤੇ ਤੀਰਕਮਾਨ ਆਦਿ ਦੀ ਬਰੀਕੀ ਨਾਲ ਸਿੱਖਿਆ ਦਿਵਾਈ। ਜੱਸਾ ਸਿੰਘ ਇਸ ਸਿਖਲਾਈ ਦੇ ਨਾਲ ਦੀਵਾਨਾਂ ਵਿੱਚ ਸੰਗਤ ਨੂੰ ਪੱਖਾ ਝੱਲਣ ਤੇ ਭਾਂਡੇ ਸਾਫ਼ ਕਰਨ ਦੀ ਸੇਵਾ ਵੀ ਖ਼ੂਬ ਕਰਦੇ।ਬਾਬਾ ਜੱਸਾ ਸਿੰਘ ਜਵਾਨ ਹੋਏ ਤਾਂ ਨਵਾਬ ਕਪੂਰ ਸਿੰਘ ਨੇ ਉਨ੍ਹਾਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ ਅਤੇ ਖ਼ਾਲਸੇ ਦੀ ਰਹਿਤ ਵਿੱਚ ਪਰਪੱਕ ਰਹਿਣ ਲਈ ਪ੍ਰੇਰਿਆ। ਉਪਰੰਤ ਨਵਾਬ ਕਪੂਰ ਸਿੰਘ ਨੇ ਜੱਸਾ ਸਿੰਘ ਨੂੰ ਘੋੜਿਆਂ ਨੂੰ ਖੁਰਾਕ ਦੇਣ ਦੀ ਸੇਵਾ ਸੌਂਪ ਦਿੱਤੀ, ਜਿਹੜੀ ਉਨ੍ਹਾਂ ਨੇ ਪੂਰੀ ਤਨਦੇਹੀ ਤੇ ਲਗਨ ਨਾਲ ਨਿਭਾਈ। ਆਹਲੂਵਾਲੀਆ ਕਈ ਮੁਹਿੰਮਾਂ ਵਿੱਚ ਨਵਾਬ ਕਪੂਰ ਸਿੰਘ ਨਾਲ ਹੀ ਰਹੇ ਅਤੇ ਜਿੱਤਾਂ ਹਾਸਲ ਕਰਦੇ ਰਹੇ। 1738 ਈ: ਦੇ ਕਰੀਬ ਉਹ 'ਸਿੱਖ ਸਰਦਾਰਾਂ' ਦੀ ਪਹਿਲੀ ਕਤਾਰ 'ਚ ਸ਼ਾਮਲ ਹੋ ਗਏ। ਬਾਬਾ ਜੱਸਾ ਸਿੰਘ ਨੇ ਜਿੱਥੇ ਅਫ਼ਗਾਨੀਆਂ ਵਿਰੁੱਧ ਯੁੱਧ ਜਿੱਤੇ ਉੱਥੇ ਹੀ 1761 ਵਿੱਚ ਅਹਿਮਦ ਸ਼ਾਹ ਅਬਦਾਲੀ ਕੋਲੋਂ 2200 ਹਿੰਦੂ ਲੜਕੀਆਂ ਨੂੰ ਛੁਡਾ ਕੇ ਘਰੋ-ਘਰੀ ਪਹੁੰਚਾਇਆ। ਜਦੋਂ 1761 ਵਿਚ ਲਾਹੌਰ ਦੇ ਹਾਕਮ ਖੁਆਜਾ ਉਬੈਦ ਦੁੱਲਾ ਨੂੰ ਗੁਜਰਾਂਵਾਲਾ 'ਤੇ ਹਮਲਾ ਕਰਨ ਗਏ ਨੂੰ ਹਰਾ ਕੇ ਬਾਬਾ ਜੱਸਾ ਸਿੰਘ ਦੀ ਕਮਾਨ ਹੇਠ ਸਿੱਖ ਫ਼ੌਜਾਂ ਲਾਹੌਰ ਵਿਚ ਦਾਖ਼ਲ ਹੋਈਆਂ, ਤਾਂ ਸਿੰਘਾਂ ਨੇ ਜਿੱਤ ਦੀ ਖ਼ੁਸ਼ੀ ਵਿੱਚ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੂੰ 'ਪਾਤਸ਼ਾਹ' ਦਾ ਲਕਬ ਦੇ ਦਿੱਤਾ। ਉਹ ਖ਼ਾਲਸੇ ਦਾ 'ਸ਼੍ਰੋਮਣੀ ਸਰਦਾਰ' ਅਤੇ 'ਸੁਲਤਾਨ-ਉਲ-ਕੌਮ' ਬਣ ਗਏ। 'ਮਗਰੋਂ ਜੱਸਾ ਸਿੰਘ ਨੇ ਸਿੱਖਾਂ ਦੀ ਸੁਤੰਤਰਤਾ ਦਾ ਐਲਾਨ ਕੀਤਾ ਤੇ ਸਿੱਖ ਗੁਰੂ ਸਾਹਿਬਾਨ ਦੇ ਨਾਂ ਦੇ ਸਿੱਕੇ ਜਾਰੀ ਕੀਤੇ। ਸਿੱਕੇ ਦੇ ਇਕ ਪਾਸੇ ਇਹ ਉਕਰਿਆ ਹੋਇਆ ਸੀ:

ਦੇਗ ਤੇਗ ਫਤਹਿ ਵ ਨੁਸਰਤ ਬੇਦਰੰਗ॥
ਯਾਫਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ॥

ਪਿਛਲੇ ਪਾਸੇ ਇਹ ਸ਼ਬਦ ਉਕਾਰੇ ਗਏ:

ਸਿੱਕਾ ਮਾਰਿਆ ਰਾਜਧਾਨੀ ਲਾਹੌਰ
ਸੰਮਤ 1822

ਇਹ ਹੀ ਸਿੱਕਾ ਮਿਸਲਦਾਰ ਸਰਦਾਰਾਂ ਨੇ ਹਰ ਥਾਂ ਜਾਰੀ ਕੀਤਾ ਅਤੇ ਇਸੇ ਨੂੰ ਹੀ ਬਾਅਦ ਵਿੱਚ ਮਹਾਰਾਜਾ ਰਣਜੀਤ ਸਿੰਘ (1799-1839) ਨੇ ਵੀ ਜਾਰੀ ਰੱਖਿਆ। ਸਿਰਫ ਸਿੱਕਾ ਮਾਰਨ ਦਾ ਸਥਾਨ ਅਤੇ ਸੰਮਤ ਹੀ ਲੋੜ ਅਨੁਸਾਰ ਬਦਲਦਾ ਗਿਆ।



ਬਾਬਾ ਜੱਸਾ ਸਿੰਘ ਆਹਲੂਵਾਲੀਆ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਚੌਥੇ ਜਥੇਦਾਰ ਬਣੇ ਤੇ ਅਕਾਲ ਤਖ਼ਤ ਦੇ ਜਥੇਦਾਰ ਵਜੋਂ ਵੀ ਸੇਵਾ ਨਿਭਾਈ। ਇਤਿਹਾਸਕਾਰਾਂ ਅਨੁਸਾਰ 5 ਫਰਵਰੀ, 1762 ਈ: ਨੂੰ ਮਾਲੇਰਕੋਟਲੇ ਨੇੜੇ ਕੁੱਪ ਰੁਹੀੜੇ ਦੇ ਸਥਾਨ 'ਤੇ ਵਾਪਰੇ ਵੱਡੇ ਘੱਲੂਘਾਰੇ ਵਿੱਚ ਬਾਬਾ ਜੱਸਾ ਸਿੰਘ ਨੇ ਬੜੀ ਦਲੇਰੀ ਤੇ ਸਮਝਦਾਰੀ ਨਾਲ ਕੌਮ ਦੀ ਅਗਵਾਈ ਕੀਤੀ ਤੇ ਇਸ ਖ਼ੂਨੀ ਸਾਕੇ ਦੌਰਾਨ ਜੱਸਾ ਸਿੰਘ ਦੇ ਸਰੀਰ 'ਤੇ ਦੋ ਦਰਜਨ ਤੋਂ ਵੱਧ ਜ਼ਖ਼ਮ ਹੋਏ।

17 ਜਨਵਰੀ, 1767 ਵਿੱਚ ਅਹਿਮਦ ਸ਼ਾਹ ਦੁਰਾਨੀ ਦੇ ਜਰਨੈਲ ਜਹਾਨ ਖਾਂ ਦੀ 15,000 ਫ਼ੌਜ 'ਤੇ ਜੱਸਾ ਸਿੰਘ ਆਹਲੂਵਾਲੀਆ ਨੇ ਅੰਮ੍ਰਿਤਸਰ ਨੇੜੇ ਹਮਲਾ ਕਰ ਦਿੱਤਾ। ਜਦੋਂ ਇਸੇ ਹੀ ਵਰ੍ਹੇ ਬਘੇਲ ਸਿੰਘ ਨੇ ਪਟਿਆਲੇ 'ਤੇ ਕਬਜ਼ਾ ਕਰਨ ਦੀ ਧਮਕੀ ਦਿੱਤੀ ਤਾਂ ਜੱਸਾ ਸਿੰਘ ਆਹਲੂਵਾਲੀਆ ਨੇ ਉਥੇ ਹਮਲਾ ਕਰਨ ਤੋਂ ਇਨਕਾਰ ਕਰ ਦਿੱਤਾ।

ਬਾਬਾ ਜੱਸਾ ਸਿੰਘ ਆਹਲੂਵਾਲੀਆ ਨੇ ਸ੍ਰੀ ਹਰਿਮੰਦਰ ਸਾਹਿਬ ਦੀ ਸੇਵਾ ਲਈ 9 ਲੱਖ ਰੁਪਏ ਭੇਟ ਕੀਤੇ। ਇਕ ਹੋਰ ਇਤਿਹਾਸਕ ਘਟਨਾ ਸਾਹਮਣੇ ਆਉਂਦੀ ਹੈ ਕਿ ਇਸ ਸਮੇਂ ਨੌਸ਼ਹਿਰਾ ਪੰਨੂਆਂ (ਅਜੋਕਾ ਜ਼ਿਲ੍ਹਾ ਤਰਨ ਤਾਰਨ) ਦੇ ਚੌਧਰੀ ਰਾਏ, ਜਿਸ ਕੋਲ ਹਰਿਮੰਦਰ ਸਾਹਿਬ ਦੀ ਜ਼ਮੀਨ ਗਿਰਵੀ ਸੀ, ਨੂੰ ਤਿੰਨ ਲੱਖ ਰੁਪਏ ਦੇ ਕੇ ਜੱਸਾ ਸਿੰਘ ਨੇ ਸਿੱਖ ਪੰਥ ਉੱਤੋਂ ਵੱਡਾ ਭਾਰ ਉਤਾਰਿਆ।

11 ਮਾਰਚ, 1783 ਈ: ਨੂੰ ਬਾਬਾ ਜੱਸਾ ਸਿੰਘ ਰਾਮਗੜ੍ਹੀਆ, ਬਘੇਲ ਸਿੰਘ, ਭਾਗ ਸਿੰਘ ਅਤੇ ਗੁਰਦਿੱਤ ਸਿੰਘ ਨੇ ਮਿਲ ਕੇ ਦਿੱਲੀ ਦੇ ਲਾਲ ਕਿਲ੍ਹੇ 'ਤੇ ਕੇਸਰੀ ਝੰਡਾ ਲਹਿਰਾਇਆ ਤੇ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੂੰ 'ਸੁਲਤਾਨ-ਉਲ-ਕੌਮ' ਐਲਾਨਿਆ ਗਿਆ। 20 ਅਕਤੂਬਰ, 1783 ਈ: ਨੂੰ ਕੌਮ ਦੇ ਤੇਜ ਤਪ ਨੂੰ ਬੁਲੰਦੀਆਂ 'ਤੇ ਪਹੁੰਚਾ ਕੇ ਆਖ਼ਰ ਬਾਬਾ ਜੱਸਾ ਸਿੰਘ ਆਹਲੂਵਾਲੀਆ ਇਸ ਫ਼ਾਨੀ ਦੁਨੀਆਂ ਤੋਂ ਰੁਖ਼ਸਤ ਹੋ ਗਏ। ਉਨ੍ਹਾਂ ਦਾ ਸਸਕਾਰ ਅੰਮ੍ਰਿਤਸਰ ਵਿਖੇ ਕੀਤਾ ਗਿਆ।ਬਾਬਾ ਜੱਸਾ ਸਿੰਘ ਆਹਲੂਵਾਲੀਆ ਦਾ ਅੰਗੀਠਾ ਬਾਕੀ ਸਰਦਾਰਾਂ ਦੇ ਨਾਲ ਗੁਰਦੁਆਰਾ ਬਾਬਾ ਅਟੱਲ ਰਾਏ ਸਾਹਿਬ (ਅੰਮ੍ਰਿਤਸਰ) ਦੀ ਪਰਿਕਰਮਾ ਵਿੱਚ ਬਣਿਆ ਹੋਇਆ ਹੈ। ਬਾਬਾ ਜੱਸਾ ਸਿੰਘ ਦੀ ਪੰਜਾਬ ਨੂੰ ਸਭ ਤੋਂ ਵੱਡੀ ਦੇਣ ਦੇਸੀ ਅਤਿਆਚਾਰੀਆਂ ਤੇ ਵਿਦੇਸ਼ੀ ਜਾਬਰਾਂ ਤੋਂ ਆਜ਼ਾਦੀ ਦਿਵਾਉਣਾ ਸੀ, ਜਿਸ ਵਿੱਚ ਉਨ੍ਹਾਂ ਨੇ ਦਲ ਖ਼ਾਲਸਾ ਤੇ ਸਿੱਖ ਮਿਸਲਾਂ ਦੇ ਮੋਹਰੇਦਾਰ ਦੀ ਹੈਸੀਅਤ ਵਿੱਚ ਸੇਵਾ ਕਰ ਕੇ ਕਾਮਯਾਬੀ ਹਾਸਲ ਕੀਤੀ ਸੀ।

# ਖਾਲਸਾ ਪੰਥ ਦੇ ਮਹਾਨ ਜਰਨੈਲ ਬਾਬਾ 'ਜੱਸਾ ਸਿੰਘ ਰਾਮਗੜ੍ਹੀਆ'

ਡਾ. ਭੁਪਿੰਦਰ ਸਿੰਘ

ਬਾਬਾ ਜੱਸਾ ਸਿੰਘ ਰਾਮਗੜ੍ਹੀਆ ਸਿੱਖ ਕੌਮ ਦਾ ਉਹ ਜਰਨੈਲ ਹੈ, ਜਿਸਨੇ ਸਿੱਖਾਂ ਦੀ ਖਿਲਰੀ ਤਾਕਤ ਨੂੰ ਇਕ ਮੁੱਠ ਕਰਕੇ ਸਿੱਖ ਕੌਮ ਵਿੱਚ ਜੋਸ਼ ਭਰ ਕੇ ਪੰਜਾਬ ਤੇ ਦਿੱਲੀ ਦੀ ਧਰਤੀ 'ਤੇ ਖਾਲਸਾਈ ਝੰਡੇ ਝੁਲਾ ਕੇ ਆਪਣੀ ਸਿੱਖ ਰਾਜ ਦੀ ਨੀਂਹ ਸਥਾਪਤ ਕੀਤੀ। ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦੀ ਅਗਵਾਈ ਵਿੱਚ ਸਿੱਖਾਂ ਨੇ ਜ਼ਾਲਮਾਂ ਨੂੰ ਦਿਨ ਵਿੱਚ ਤਾਰੇ ਦਿਖਾ ਦਿੱਤੇ। ਪੰਜਾਬ 'ਤੇ ਹਮਲਾ ਕਰਨ ਵਾਲੇ ਕਹਿੰਦੇ ਕਹਾਉਂਦੇ ਜਰਵਾਣਿਆ ਦੇ ਗਰੂਰ ਨੂੰ ਮਿੱਟੀ ਵਿੱਚ ਮਿਲਾ ਕੇ ਰੱਖ ਦਿੱਤਾ ਸੀ। ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਰਾਮਗੜ੍ਹੀਆ ਮਿਸਲ ਦੇ ਬਾਨੀ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ 5 ਮਈ 1723 ਈ. ਨੂੰ ਲਾਹੌਰ ਜ਼ਿਲ੍ਹੇ ਦੇ ( ਈਚੋਗਿਲ ) ਪਿੰਡ ਵਿੱਚ ਗਿਆਨੀ ਭਗਵਾਨ ਸਿੰਘ ਦੇ ਘਰ ਹੋਇਆ। ਇਸ ਦੇ ਦਾਦਾ ਬਾਬਾ ਹਰਦਾਸ ਸਿੰਘ ਨੇ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਦੀ ਦਾਤ ਲਈ ਸੀ ਅਤੇ ਬਾਬਾ ਬੰਦਾ ਸਿੰਘ ਬਹਾਦਰ ਦੀਆਂ ਮੁਗ਼ਲਾਂ ਨਾਲ ਹੋਈਆਂ ਲੜਾਈਆਂ ਵਿੱਚ ਹਿੱਸਾ ਲਿਆ ਸੀ।

ਆਪ ਦੇ ਪਿਤਾ ਸ: ਭਗਵਾਨ ਸਿੰਘ ਇਕ ਬਹਾਦਰ ਯੋਧਾ ਹੋਣ ਦੇ ਨਾਲ-ਨਾਲ ਉਘੇ ਧਾਰਮਿਕ ਪ੍ਰਚਾਰਕ ਵੀ ਸਨ। ਇਸ ਕਰਕੇ ਉਨ੍ਹਾਂ ਨੂੰ ਗਿਆਨੀ ਭਗਵਾਨ ਸਿੰਘ ਆਖਿਆ ਜਾਂਦਾ ਸੀ। ਆਪ 5 ਭਰਾ ਸਨ ਜੱਸਾ ਸਿੰਘ, ਜੈ ਸਿੰਘ, ਖ਼ੁਸ਼ਹਾਲ ਸਿੰਘ, ਮਾਲੀ ਸਿੰਘ ਤੇ ਤਾਰਾ ਸਿੰਘ।

ਭਾਈ ਕਾਨ੍ਹ ਸਿੰਘ ਅਨੁਸਾਰ ਆਪਣੀ ਕੁੜੀ ਨੂੰ ਮਾਰਨ ਦੇ ਦੋਸ਼ ਵਿੱਚ ਇਸ ਨੂੰ ਪੰਥ ਤੋਂ ਛੇਕਿਆ ਗਿਆ। ਸੰਨ 1745 ਈ. ਵਿੱਚ ਇਸ ਦੇ ਜਲੰਧਰ-ਦੁਆਬ ਦੇ ਫ਼ੌਜਦਾਰ ਅਦੀਨਾ ਬੇਗ ਪਾਸ ਨੌਕਰੀ ਕਰ ਲੈਣ 'ਤੇ ਪੰਥ ਵਿੱਚ ਇਸ ਪ੍ਰਤਿ ਗੁੱਸੇ ਦੀ ਲਹਿਰ ਦੌੜ ਗਈ। ਅਕਤੂਬਰ 1748 ਈ. ਵਿੱਚ ਜਦੋਂ ਦੀਵਾਲੀ ਦੇ ਮੌਕੇ 'ਤੇ ਅੰਮ੍ਰਿਤਸਰ ਵਿੱਚ ਸਰਬੱਤ ਖ਼ਾਲਸਾ ਜੁੜਿਆ, ਤਾਂ ਲਾਹੌਰ ਦੇ ਸੂਬੇਦਾਰ ਮੀਰ ਮੰਨੂ ਨੇ ਸਿੱਖਾਂ ਨੂੰ ਖਦੇੜਨ ਲਈ ਅੰਮ੍ਰਿਤਸਰ ਉਤੇ ਹਮਲਾ ਕਰ ਦਿੱਤਾ। ਬਹੁਤੇ ਸਿੱਖ ਨੇੜਲੇ ਜੰਗਲ ਵਲ ਖਿਸਕ ਗਏ ਪਰ ਲਗਭਗ 500 ਸਿੱਖਾਂ ਨੇ ਨਵੀਂ ਬਣੀ ਰਾਮ ਰੌਣੀ ਨਾਂ ਦੀ ਕੱਚੀ ਗੜ੍ਹੀ ਵਿੱਚ ਸ਼ਰਣ ਲੈ ਲਈ। ਮੁਗ਼ਲ ਸੈਨਾ ਨੇ ਚਾਰ ਮਹੀਨੇ ਘੇਰਾ ਪਾਈ ਰਖਿਆ, ਜਿਸ ਵਿੱਚ ਲਗਭਗ ਦੋ ਸੌ ਸਿੰਘ ਸ਼ਹੀਦ ਹੋ ਗਏ। ਬਾਕੀ ਬਚੇ ਅੰਦਰਲਿਆਂ ਸਿੰਘਾਂ ਨੇ ਬਾਬਾ ਜੱਸਾ ਸਿੰਘ ਨੂੰ ਮਦਦ ਲਈ ਕਿਹਾ। ਬਾਬਾ ਜੱਸਾ ਸਿੰਘ ਨੇ ਅਦੀਨਾ ਬੇਗ ਦੀ ਨੌਕਰੀ ਛਡ ਕੇ ਦੀਵਾਨ ਕੌੜਾ ਮੱਲ ਰਾਹੀਂ ਗੜ੍ਹੀ ਦਾ ਘੇਰਾ ਹਟਵਾਇਆ ਅਤੇ ਪੰਥ ਤੋਂ ਮਾਫ਼ੀ ਮੰਗੀ। ਨਵੰਬਰ, 1753 ਈ. ਵਿੱਚ ਮੀਰ ਮੰਨੂ ਦੀ ਮੌਤ ਤੋਂ ਬਾਅਦ ਪੰਜਾਬ ਵਿੱਚ ਅਰਾਜਕਤਾ ਪਸਰ ਗਈ। 'ਰਾਮ ਰੌਣੀ' ਗੜ੍ਹੀ ਨੂੰ ਫਿਰ ਤੋਂ ਉਸਾਰਨ ਦਾ ਕੰਮ ਬਾਬਾ ਜੱਸਾ ਸਿੰਘ ਨੂੰ ਸੌਂਪਿਆ ਗਿਆ। ਇਸ ਨੇ ਗੜ੍ਹੀ ਦਾ ਨਿਰਮਾਣ ਕਰਾ ਕੇ ਉਸ ਦਾ ਨਾਂ 'ਰਾਮਗੜ੍ਹ' ਰਖਿਆ। ਉਸ ਦਿਨ ਤੋਂ ਇਸ ਨੂੰ 'ਰਾਮਗੜ੍ਹੀਆ' ਕਿਹਾ ਜਾਣ ਲਗਾ ।

ਬਾਬਾ ਜੱਸਾ ਸਿੰਘ ਰਾਮਗੜ੍ਹੀਆ ਨੇ ਪਹਿਲੀ ਲੜਾਈ 14 ਸਾਲ ਦੀ ਉਮਰ ਵਿੱਚ ਆਪਣੇ ਪਿਤਾ ਭਗਵਾਨ ਸਿੰਘ ਨਾਲ ਨਾਦਰ ਸ਼ਾਹ ਦੇ ਨਾਲ ਲੜੀ। ਇਸ ਲੜਾਈ ਵਿੱਚ 14 ਸਾਲਾ ਬਾਬਾ ਜੱਸਾ ਸਿੰਘ ਰਾਮਗੜ੍ਹੀਏ ਨੇ ਯੁੱਧ ਕਲਾ ਦੇ ਉਹ ਜ਼ੋਹਰ ਦਿਖਾਏ, ਜਿਸਨੂੰ ਵੇਖ ਕੇ ਵੱਡੇ-ਵੱਡੇ ਜਰਨੈਲ ਹੈਰਾਨ ਰਹਿ ਗਏ ਪਰ ਇਸ ਲੜਾਈ ਵਿੱਚ ਉਨ੍ਹਾਂ ਦੇ ਪਿਤਾ ਸ: ਭਗਵਾਨ ਸਿੰਘ ਸ਼ਹੀਦ ਹੋ ਗਏ। ਗਿਆਨੀ ਭਗਵਾਨ ਸਿੰਘ ਦੀ ਕੁਰਬਾਨੀ ਤੇ ਬਾਬਾ ਜੱਸਾ ਸਿੰਘ ਦੀ ਬਹਾਦੁਰੀ ਤੋਂ ਖੁਸ਼ ਹੋ ਕੇ ਜਕਰੀਆ ਖਾਨ ਨੇ ਉਨ੍ਹਾਂ ਦੇ ਪੁੱਤਰ ਜੱਸਾ ਸਿੰਘ ਤੇ ਉਸਦੇ ਭਰਾਵਾਂ ਨੂੰ ਪੰਜ ਪਿੰਡ, ਵੱਲਾ, ਚੱਬਾ, ਤੁੰਗ, ਸੁਲਤਾਨਵਿੰਡ ਤੇ ਵੇਰਕਾ, ਜਗੀਰ ਵਜੋਂ ਦਿੱਤੇ।



ਤਰਨ ਤਾਰਨ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਵੇਲੇ ਸਰੋਵਰ ਦੀ ਪਰਕਰਮਾ ਨੂੰ ਪੱਕਾ ਕਰਨ ਲਈ ਇੱਟਾਂ ਤਿਆਰ ਕੀਤੀਆਂ ਗਈਆਂ ਸਨ ਪਰ ਇਨ੍ਹਾਂ ਇਟਾਂ ਨੂੰ ਨੂਰਦੀਨ ਦਾ ਪੁੱਤਰ ਅਮੀਰਦੀਨ ਜਬਰਦਸਤੀ ਚੁੱਕ ਕੇ ਲੈ ਗਿਆ ਤੇ ਨੂਰਦੀਨ ਦੀ ਸਰਾਂ ਬਣਵਾਈ। ਉਸ ਵੇਲੇ ਸਿੱਖਾਂ ਨੇ ਜਦ ਗੁਰੂ ਸਾਹਿਬ ਨੂੰ ਸ਼ਿਕਾਇਤ ਕੀਤੀ ਤਾਂ ਗੁਰੂ ਜੀ ਨੇ ਗੁਰਵਾਕ ਕੀਤਾ ਸੀ ਕਿ ਸਮਾਂ ਆਉਣ 'ਤੇ ਇਹ ਇੱਟਾਂ ਮੁੜਕੇ ਇਸ ਸਰੋਵਰ 'ਤੇ ਹੀ ਲਗਣਗੀਆਂ।

ਬਾਬਾ ਜੱਸਾ ਸਿੰਘ ਰਾਮਗੜ੍ਹੀਆ ਨੇ ਨੂਰਦੀਨ ਦੀ ਸਰਾਂ ਢੁਵਾ ਕੇ ਮੁੜ ਸਰੋਵਰ ਦੀ ਪਰਕਰਮਾਂ ਪੱਕੀ ਕਰਵਾ ਕੇ ਗੁਰਵਾਕ ਨੂੰ ਪੂਰਾ ਕੀਤਾ ਸੀ।ਏਸੇ ਤਰਾਂ ਆਪ ਨੇ ਗੁਰੁਦੁਆਰਾ ਸ੍ਰੀ ਬਾਬਾ ਅਟੱਲ ਸਾਹਿਬ ਦੀ ਉਸਾਰੀ ਸ਼ੁਰੂ ਕੀਤੀ, ਜਿਸਨੂੰ ਬਾਅਦ ਵਿੱਚ ਆਪ ਜੀ ਦੇ ਸਪੁਤੱਰ ਬਾਬਾ ਜੋਧ ਸਿੰਘ ਜੀ ਨੇ ਪੂਰਾ ਕੀਤਾ। ਆਪਨੇ ਛੋਟਾ ਘੱਲੂਘਾਰਾ ਤੇ ਵੱਡਾ ਘੱਲੂਘਾਰਾ ਸਮੇ ਬਾਕੀ ਸਿੱਖ ਸਰਦਾਰਾਂ ਨਾਲ ਮਿਲਕੇ ਮੁਗਲਾਂ ਦੇ ਉਹ ਦੰਦ ਖੱਟੇ ਕੀਤੇ ਕਿ ਉਹ ਕਈ ਪੁਸ਼ਤਾਂ ਤਕ ਯਾਦ ਕਰਦੇ ਰਹੇ ਤੇ ਮੁੜ ਪੰਜਾਬ ਵੱਲ ਮੂੰਹ ਨਹੀਂ ਕੀਤਾ। ਆਪ ਜੀ ਦੀ ਬਹਾਦਰੀ ਦੇ ਕਿਸੇ ਤਾਂ ਦੁਸ਼ਮਨ ਵੀ ਆਪਣੇ ਇਤਿਹਾਸ ਵਿੱਚ ਲਿਖਣਾ ਨਹੀਂ ਭੁੱਲੇ। ਮੁਹਸਿਨ ਫਾਨੀ ਨੇ ਆਪਣੀ ਪੁਸਤਕ ਜੰਗ ਨਾਮੇ ਵਿੱਚ ਲਿਖਿਆ ਹੈ , ਉਹ (ਸ. ਜੱਸਾ ਸਿੰਘ ਕਲਾਲ) ਦੇ ਨਾਲ ਇਕ ਸ. ਜੱਸਾ ਸਿੰਘ ਠੋਕਾ (ਤਰਖਾਣ) ਵੀ ਸੀ ਜੋ ਉਨ੍ਹਾਂ ਕੁੱਤਿਆਂ (ਸਿੱਖਾਂ) ਦੇ ਵਿਚਕਾਰ ਬਿਫਰੇ ਹੋਏ ਸ਼ੇਰ ਵਾਂਗ ਸੀ।

1783 ਨੂੰ ਸਿੱਖ ਫੌਜਾਂ ਨੇ ਦਿੱਲੀ 'ਤੇ ਹਮਲਾ ਕਰ ਦਿੱਤਾ, ਇਕ ਪਾਸਿਉਂ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਆਪਣੀਆਂ ਫੌਜਾਂ ਨਾਲ ਤੇ ਦੂਸਰੇ ਪਾਸੇ ਤੋਂ ਸ: ਜੱਸਾ ਸਿੰਘ ਆਹਲੂਵਾਲੀਆ ਤੇ ਸ: ਬਘੇਲ ਸਿੰਘ ਵੀ ਆਪਣੀਆਂ ਫੋਜਾਂ ਸਮੇਤ ਪਹੁੰਚ ਗਏ। ਸਾਰੀਆਂ ਸਿੱਖ ਫੌਜਾਂ 11 ਮਾਰਚ, 1783 ਨੂੰ ਦਿੱਲੀ ਦੇ ਲਾਲ ਕਿਲ੍ਹੇ ਵਿੱਚ ਦਾਖਲ ਹੋ ਕੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ ਅਤੇ ਇਸ ਉਤੇ ਕੇਸਰੀ ਨਿਸ਼ਾਨ ਸਾਹਿਬ ਲਹਿਰਾ ਕੇ ਸਿੱਖਾਂ ਦੀਆਂ ਜਿੱਤਾਂ ਦੇ ਝੰਡੇ ਗੱਡ ਦਿੱਤੇ।ਇਸ ਲਈ ਉਸ ਨੇ ਸਿੱਖਾਂ ਦਾ ਸੁਆਗਤ ਕੀਤਾ ਅਤੇ ਕੀਮਤੀ ਤੋਹਫ਼ੇ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਨੂੰ ਦਿੱਤੇ। ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਨੇ ਮੁਗਲ ਸਾਮਰਾਜ ਦਾ ਤਖਤ ਪੁੱਟ ਕੇ ਗੁਰੂ ਰਾਮ ਦਾਸ ਜੀ ਦੇ ਸਥਾਨ 'ਤੇ ਸ੍ਰੀ ਅੰਮ੍ਰਿਤਸਰ ਵਿਖੇ ਲਿਆ ਕੇ ਰੱਖ ਦਿੱਤਾ ਸੀ ।

ਦਿੱਲੀ ਦੇ ਆਸ-ਪਾਸ ਦੇ ਮੁਸਲਮਾਨ ਨਵਾਬ ਜੱਸਾ ਸਿੰਘ ਰਾਮਗੜ੍ਹੀਆ ਦੀ ਸ਼ਰਨ ਵਿੱਚ ਆਏ। ਮੇਰਠ ਦੇ ਨਵਾਬ ਨੇ ਜੱਸਾ ਸਿੰਘ ਨੂੰ 10,000 ਰੁਪਏ ਨਜ਼ਰਾਨੇ ਵਿੱਚ ਦਿੱਤੇ, ਜਿਸ ਦੇ ਇਵਜ਼ ਵਿੱਚ ਬਾਬਾ ਜੱਸਾ ਸਿੰਘ ਨੇ ਉਸ ਦੇ ਇਲਾਕੇ ਉਸ ਨੂੰ ਵਾਪਸ ਦੇ ਦਿੱਤੇ। 1783 ਵਿੱਚ ਬਾਬਾ ਜੱਸਾ ਸਿੰਘ ਆਹਲੂਵਾਲੀਆ ਦੀ ਮੌਤ ਹੋ ਗਈ। ਬਾਬਾ ਜੱਸਾ ਸਿੰਘ ਰਾਮਗੜ੍ਹੀਆ ਪੰਜਾਬ ਵਾਪਸ ਆ ਗਿਆ ਅਤੇ ਆਪਣੇ ਖੁਸੇ ਹੋਏ ਇਲਾਕਿਆਂ 'ਤੇ ਦੋਬਾਰਾ ਕਬਜ਼ਾ ਕਰ ਲਿਆ। ਹੁਣ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਨੇ ਸ਼ੁਕਰਚਕੀਆ ਮਿਸਲ ਵੱਲ ਦੋਸਤੀ ਦਾ ਹੱਥ ਵਧਾਇਆ ਤੇ ਦੋਹਾਂ ਨੇ ਮਿਲ ਕੇ ਕਨ੍ਹਈਆ ਮਿਸਲ ਦੀ ਤਾਕਤ ਦਾ ਖ਼ਾਤਮਾ ਕਰ ਦਿੱਤਾ। ਰਾਮਗੜ੍ਹੀਆ ਕੋਲ ਆਪਣੀ ਚੜ੍ਹਤ ਦੇ ਦਿਨਾ ਵਿੱਚ ਬਾਰੀ ਦੋਆਬ ਵਿੱਚ ਬਟਾਲਾ, ਕਲਾਨੌਰ, ਦੀਨਾਨਗਰ, ਸ੍ਰੀ ਹਰਗੋਬਿੰਦਪੁਰ, ਸ਼ਾਹਪੁਰ ਕੰਡੀ, ਗੁਰਦਾਸਪੁਰ, ਕਾਦੀਆਂ, ਘੁਮਾਨ, ਮੱਤੇਵਾਲ ਅਤੇ ਜਲੰਧਰ ਵਿੱਚ ਉੜਮੁੜ ਟਾਂਡਾ, ਮਿਆਣੀ, ਗੜ੍ਹਦੀਵਾਲ ਅਤੇ ਜ਼ਹੂਰਾ ਸਨ। ਪਹਾੜੀ ਇਲਾਕਿਆਂ ਵਿੱਚ ਇਸ ਮਿਸਲ ਕੋਲ ਕਾਂਗੜਾ, ਨੂਰਪੁਰ, ਮੰਡੀ ਸਨ ਅਤੇ ਚੰਬਾ ਦਾ ਹਿੰਦੂ ਰਾਜ ਉਸ ਨੂੰ ਨਜ਼ਰਾਨਾ ਪੇਸ਼ ਕਰਦਾ ਸੀ। 80 ਸਾਲ ਦੀ ਉਮਰ ਵਿੱਚ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦਾ 1803 ਵਿੱਚ ਦੇਹਾਂਤ ਹੋ ਗਿਆ।



ਬਿੱਟੂ ਅਰਪਿੰਦਰ ਸਿੰਘ

# ਗੁਲਾਮੀ

ਅੰਨ੍ਹਾ ਉਹ ਨਹੀਂ ਹੁੰਦਾ
ਜਿਹਨੂੰ ਦਿਸਦਾ ਨਾ ਹੋਵੇ
ਅੰਨ੍ਹਾ ਉਹ ਹੁੰਦਾ ਏ
ਜਿਹੜਾ ਵੇਂਹਦਾ ਨਾ ਹੋਵੇ

ਹਿੰਦੁਸਤਾਨ 'ਚ, ਐਮਰਜੰਸੀ ਵੇਲੇ ਪੰਜਾਬ ਖ਼ਾਸ ਕਰ ਸਿੱਖਾਂ ਦਾ ਅਹਿਮ ਰੋਲ ਰਿਹਾ। ਸੰਤ ਕਰਤਾਰ ਸਿੰਘ ਜੀ ਭਿੰਡਰਾਂਵਾਲਿਆਂ ਵੀ ਸੰਗਤਾਂ ਨੂੰ ਜਾਗਰੂਕ ਕਰ ਬਣਦੀ ਸੇਵਾ ਨਿਭਾਈ। ਇੰਦਰਾ ਦੀਆਂ ਨਿਗਾਹਾਂ 'ਚ, ਸਿੱਖ ਪੰਜਾਬ ਤੇ ਟਕਸਾਲ ਰੜਕਣ ਲੱਗੇ ! ਇਹ ਸਾਰੀ ਕਿੜ ਕੱਢਣ ਲਈ ਉਸਨੇ ਚੁਰਾਸੀ ਦਾ ਘਲੂਘਾਰਾ ਵਰਤਾ ਦਿੱਤਾ ! ਤੇ ਸਰਬ ਲੋਹ ਵਾਲ਼ਿਆਂ ਇੰਦਰਾ ਗੜ੍ਹਕਾ ਦਿੱਤੀ !

ਸਮੇਂ ਦਾ ਗੇੜ ਚੱਲਿਆ ਕੁਝ ਦਹਾਕਿਆਂ ਮਗਰੋਂ ਹੰਕਾਰ ਵਿੱਚ ਆਏ ਹੁਕਮਰਾਨ ਨੇ ਅੰਨਦਾਤੇ ਕਹੇ ਜਾਂਦੇ ਕਿਸਾਨ ਨਾਲ ਆਹਢਾ ਲਾ ਲਿਆ ! ਤਿੰਨ ਕਾਲੇ ਬਿੱਲ ਧੱਕੇ ਨਾਲ ਕਿਸਾਨਾਂ ਦੇ ਮੱਥੇ ਮੜ ਮਾਰੇ ! ਪੰਜਾਬ ਆਪਣੇ ਅੜਬ ਸੁਭਾਅ ਅਨੁਸਾਰ ਉੱਠਿਆ ਤੇ ਰਾਜਧਾਨੀ 'ਚ, ਜਾ ਲੋਹ ਲੰਗਰ ਤਪਾਏ ! ਦੋ ਪਰਸੈਂਟ ਵਾਲੇ ਜੋ ਹਕੂਮਤਾਂ ਨੇ ਜਰਾਇਮ ਪੇਸ਼ਾ, ਅੱਤਵਾਦੀ, ਵੱਖਵਾਦੀ, ਉਗਰਵਾਦੀ ਆਖ ਆਖ ਪ੍ਰਚਾਰੇ ਸੀ। ਸੰਗਤ, ਪੰਗਤ ਤੇ ਸਰਬੱਤ ਦੇ ਭਲੇ ਦੇ ਬੋਲ ਬਾਲੇ ਸਾਰੀ ਦੁਨੀਆਂ 'ਚ, ਗੁੰਜਾਅ ਗਏ। ਪੰਜਾਬ ਨੇ

ਇਕ ਵਾਰ ਫਿਰ ਮੁਲਕ ਦੇ ਅੰਨ ਦਾਤੇ ਦੀ ਜੱਥੇਦਾਰ ਬਣ ਕਿ ਅਗਵਾਈ ਕੀਤੀ ਤੇ ਮੋਰਚਾ ਫ਼ਤਿਹ ਹੋਇਆ ! ਸੂਝਵਾਨ ਸੱਜਣਾਂ ਦਾ ਮੱਥਾ ਠਣਕਿਆ ਕਿ ਹੁਕਮਰਾਨ ਬੜਾ ਮਕਾਰ ਤੇ ਜ਼ਹਿਰੀ ਏ ਇਹ ਅੱਜ ਨਹੀਂ ਤੇ ਕੱਲ ਪੰਜਾਬ ਨੂੰ ਡੱਸੇਗਾ ! ਦੀਪ ਸਿੱਧੂ, ਸ਼ੁਭਦੀਪ ਸਿੱਧੂ, ਦਾ ਕਤਲ ਵੀ ਕਿਤੇ ਨਾਂ ਕਿਤੇ ਪੰਜਾਬ 'ਚੋ, ਉੱਠੀ ਇਨਕਲਾਬੀ ਸੁਰ ਦਾ ਕਤਲ ਸੀ। ਵਾਰਸ ਪੰਜਾਬ ਦੇ ਜੱਥੇਬੰਦੀ ਭਾਵ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਸਾਥੀ ਸਿੰਘਾਂ 'ਤੇ ਐਨ ਐਸ ਏ ਵਰਗੇ ਕੇਸ ਪਾ ਕੇ ਪੰਜਾਬ ਨਿਕਾਲਾ ਦੇਣਾ ਵੀ ਸਿੱਖਾਂ ਨੂੰ ਰੰਗੂਨ ਤੇ ਕਾਲਾ ਪਾਣੀ ਚੇਤੇ ਕਰਾਉਣਾ ਇਸੇ ਸਾਜਿਸ਼ ਦਾ ਹਿੱਸਾ ਹੈ ! ਜਦ ਕਿ ਉਹਨਾਂ ਨੇ ਕੋਈ ਵੀ ਐਸਾ ਜ਼ੁਰਮ ਨਹੀਂ ਕੀਤਾ ਜੋ ਉਹਨਾਂ ਨੂੰ ਡਿਬਰੂਗੜ ਕੈਦ 'ਚ, ਸੁੱਟਿਆ ਜਾਂਦਾ। ਅਜੇ ਕਿ ਯੂ ਪੀ ਦੇ ਹਲਾਤ ਹੋਰਨਾਂ ਰਾਜਾਂ ਨਾਲ਼ੋਂ ਕਿਤੇ ਬਦਤਰ ਹਨ ਪਰ ਉਸ ਪਾਸੇ ਕਿਸੇ ਦਾ ਧਿਆਨ ਨਹੀਂ !

ਗੱਲ ਕੀ ਜੋ ਵੀ ਪੱਤਰਕਾਰ, ਲੇਖਕ, ਵਿਦਵਾਨ, ਪੰਥ ਦਰਦੀ, ਤੇ ਪੰਜਾਬ ਹਿਤੈਸ਼ੀ ਪੰਜਾਬ ਦੇ ਹਿਤਾਂ ਦੀ ਗੱਲ ਕਰੇਗਾ ਉਹ ਹਕੂਮਤ ਦੇ ਰਡਾਰ 'ਤੇ ਹੈ ! ਜਿਹੜੇ ਚੁੱਪ ਹਨ ਵਾਰੀ ਅੱਜ ਨਹੀਂ ਤੇ ਕੱਲ ਉਹਨਾਂ ਦੀ ਵੀ ਆਉਣੀ ਹੈ ਚੁਰਾਸੀ ਵਾਂਗ। ਇਹ ਕੌਮ ਨੇ ਸੋਚਣਾ ਏ ਈਨ ਮੰਨਣੀ ਕਿ ਜੂਝਣਾ ਹੈ, ਜੂਝਣ ਤੋਂ ਭਾਵ ਨਹੀਂ ਕਿ ਖੰਡਾ ਈ ਖੜਕਾਉਣਾ ! ਕਈ ਵਾਰ ਏਕਾ ਵੀ ਬੜਾ ਵੱਡਾ ਹਥਿਆਰ ਸਾਬਤ ਹੁੰਦਾ ਇਹ ਕੌਮ ਨੇ ਭਾਈ ਰਾਜੋਆਣਾ ਦੀ ਫਾਂਸੀ ਰੁਕਵਾਉਣ ਤੇ ਕਿਸਾਨ ਮੋਰਚੇ ਦੌਰਾਨ ਵੇਖ ਲਿਆ !

ਹੱਥਲਾ ਲੇਖ ਭਾਵੇਂ ਪਹਿਲਾਂ ਲਿਖਿਆ ਜਾਣਾ ਚਹੀਦਾ ਸੀ ਪਰ ਦੇਰ ਅਜੇ ਵੀ ਨਹੀਂ ਹੋਈ ! ਕਾਰਨ ਇਹ ਸੀ ਕਿ ਕੁਝ ਦਿਨ ਪਹਿਲਾਂ ਵੀਰ ਸੁਖਪ੍ਰੀਤ ਸਿੰਘ ਉਦੋਕੇ ਦਾ ਜੋ ਮੁੰਬਈ ਵਿਚਲਾ ਪ੍ਰੋਗਰਾਮ ਰੋਕਿਆ ਗਿਆ ਹੈ ਉਸਦਾ ਮਤਲਬ ਵੀ ਗੁਲਾਮੀ ਦਾ ਇਕ ਵਾਰ ਫੇਰ ਅਹਿਸਾਸ ਕਰਾਉਣਾ ਹੈ ! ਤਾਰਾਂ ਇਸ ਦੀਆਂ ਵੀ ਕਿਸਾਨ ਮੋਰਚੇ ਨਾਲ ਮਿਲਦੀਆਂ ਹਨ। ਜੱਗ ਜਾਣਦਾ ਹੈ ਕਿ ਡਾ. ਸੁਖਪ੍ਰੀਤ ਉਦੋਕੇ ਨੇ ਕਿਸਾਨ ਮੋਰਚੇ ਵਿੱਚ ਬੜੀ ਬੇਬਾਕੀ ਨਾਲ ਪਹਿਰਾ ਦਿੱਤਾ ਸੀ ਤੇ ਟ੍ਰਾਲੀ ਟਾਈਮਜ਼ ਅਖ਼ਬਾਰ ਰਾਂਹੀ ਸਾਰੀ ਅੱਪਡੇਟ ਸੰਗਤਾਂ ਦੇ ਸਨਮੁਖ ਰੱਖਦੇ ਰਹੇ ਸਨ। ਉਹਨਾਂ ਕਿਸਾਨ ਆਗੂਆਂ ਦੀਆਂ ਤੇ ਸਰਕਾਰ ਦੀਆਂ ਭੈੜੀਆਂ ਚਾਲਾਂ ਤੋ ਵੀ ਕਿਸਾਨਾਂ ਨੂੰ ਸਮੇਂ ਸਮੇਂ ਲਿਖਕੇ ਬੋਲਕੇ ਸੁਚੇਤ ਕੀਤਾ ! ਮੇਰਾ ਮੰਨਣਾ ਹੈ ਕਿ ਡਾਕਟਰ ਸਾਹਿਬ ਦੇ ਪ੍ਰੋਗਰਾਮ ਰੱਦ ਕਰਨੇ ਵੀ ਇਸੇ ਕੜੀ ਦਾ ਹੀ ਇਕ ਭਾਗ ਹੈ।

ਸਿੰਘੋ ਜਦੋਂ ਪਾਣੀ ਸਿਰੋਂ ਉਤਾਂਹ ਹੋ ਗਿਆ ਸਾਹ ਕਿੱਥੋਂ ਆਉਣਾਂ ! ਵੇਲਾ ਜੇ ਸੰਭਲ਼ੋ ! ਨਹੀ ਤੇ ਸਾਰੇ ਮਰਾਂਗੇ ! ਇਹ ਸ਼ਰੇਆਮ ਬੋਲਣ' ਤੇ ਪਾਬੰਦੀ ਤੇ ਮਨੁੱਖੀ ਅਧਿਕਾਰਾਂ ਦਾ ਘਾਣ ਹੈ ਤੇ ਘਾਣ ਕਰਨ ਵਾਲੇ ਵੀ ਉਹ ਅਕ੍ਰਿਤਘਣ ਨੇ ਜਿਨਾਂ ਦੇ ਮਨੁੱਖੀ ਅਧਿਕਾਰਾਂ ਲਈ ਸਤਿਗੁਰਾਂ ਨੇ ਸੀਸ ਵਾਰੇ ਸਨ !



ਗੱਲ ਇਕੱਲੇ ਸੁੱਖਪ੍ਰੀਤ ਸਿੰਘ ਉਦੋਕੇ ਦੀ ਨਹੀਂ ਸਾਡੀ ਸਭ ਦੀ ਏ ! ਚੇਤੇ ਹੋਣਾ ਕੁਝ ਵਰ੍ਹੇ ਪਹਿਲਾਂ ਜਦੋਂ ਕੁਝ ਸਿੱਖ ਨੌਜਵਾਨਾਂ ਨੂੰ ਸਿੱਖ ਇਤਿਹਾਸ ਤੇ ਸਾਹਿਤ ਰੱਖਣ ਦੇ ਦੋਸ਼ ਤਹਿਤ ਸਜ਼ਾਵਾਂ ਹੋਈਆਂ ਸਨ ! ਬੱਸ ਇਹ ਸੱਭ ਕੁਝ ਉਸੇ ਵਰਤਾਰੇ ਦੀ ਕੜੀ ਹੈ। ਜੇ ਉਦੋਂ ਏਕਤਾ ਵਿਖਾਲ਼ੀ ਹੁੰਦੀ ਇਹ ਦੋਹਰ ਨਾਂ ਪੈਂਦੀ। ਜਿਹੜੇ ਸਿੱਖ ਸਕਾਲਰ, ਇਤਿਹਾਸਕਾਰ, ਬੁੱਧੀਜੀਵੀ, ਲੇਖਕ ਪੱਤਰਕਾਰ ਆਦਿ ਇਸ ਮਸਲੇ 'ਤੇ ਮੋਨ-ਧਾਰੀ ਬੈਠੇ ਨੇ ਬਲੀ ਦੇ ਬੱਕਰੇ ਉਹਨਾਂ ਵੀ ਬਣਨਾ ਪਰ ਅਫ਼ਸੋਸ ਉਦੋਂ ਤੱਕ ਸ਼ਾਇਦ ਕੋਈ ਹਾਅ ਦਾ ਨਾਅਰਾ ਮਾਰਨ ਵਾਲਾ ਨਾ ਬਚੇ !

ਹਨੇਰ ਸਾਈਂ ਦਾ ਅੱਜ ਡਾ. ਉਦੋਕੇ ਦੇ ਲੈਕਚਰਾਂ, ਭਾਸ਼ਨਾਂ 'ਚੋ, ਹਿੰਦ ਹਕੂਮਤ ਨੂੰ ਬਗ਼ਾਵਤ ਝਲਕਦੀ ਦਿਸ ਰਹੀ ਆ ! ਕੱਲ ਨੂੰ ਸ੍ਰੀ ਚਮਕੌਰ ਸਾਹਿਬ ਦੀ ਗੜ੍ਹੀ ਦੇ ਇਤਿਹਾਸ ਦੀਆਂ ਵਾਰਾਂ ਤੇ ਗੁਰੂ ਘਰਾਂ 'ਚ, ਰਾਜ ਕਰੇਗਾ ਖਾਲਸਾ ਦਾ ਦੋਹਰਾ ਵੀ ਬੈਨ ਕਰ ਦੇਣਗੇ ! ਜੱਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਜੀ ਨੂੰ ਕੋਈ ਦੱਸੋ ਕਿ ਇਹ ਨਿੱਕਾ ਵਰਤਾਰਾ ਨਹੀਂ ਤੁਹਾਡੀ ਚੁੱਪ ਦਾ ਨਤੀਜਾ ਜੇ ! ਆਹ ਹੇਠ ਲਿੱਖੀ ਖ਼ਬਰ 'ਤੇ ਅਵਸ਼ ਸਿੰਘ ਸਾਹਿਬ ਜੀ ਤੱਕ ਪਹੁੰਚ ਚੁੱਕੀ ਹੋਵੇਗੀ ਕਿ:-

ਗੁਰਦੁਆਰਾ ਸਿੰਘ ਸਭਾ ਦਾਦਰ ਮੁੰਬਈ ਵਲੋਂ ਅਕਾਲੀ ਫੂਲਾ ਸਿੰਘ ਜੀ ਦੇ 200 ਸਾਲਾ ਸ਼ਹੀਦੀ ਦਿਹਾੜੇ ਉੱਪਰ ਨੈਸ਼ਨਲ ਕਾਲਜ ਬਾਂਦਰਾ ਵਿਖੇ ਇਕ ਵਿਸ਼ੇਸ਼ ਸੈਮੀਨਾਰ ਦਾ ਪ੍ਰਬੰਧ ਕੀਤਾ ਗਿਆ ਸੀ। ਡਾ: ਸੁਖਪ੍ਰੀਤ ਸਿੰਘ ਦਾ ਇਸ ਸੈਮੀਨਾਰ ਵਿੱਚ ਵਿਸ਼ੇਸ਼ ਲੈਕਚਰ ਰੱਖਿਆ ਹੋਇਆ ਸੀ ਕਿ ਪੁਲਿਸ ਅਤੇ ਪ੍ਰਸਾਸ਼ਨ ਦੀਆਂ ਹਿਦਾਇਤਾਂ ਉੱਪਰ ਕਾਲਜ ਪ੍ਰਬੰਧਕਾਂ ਨੇ ਲਿਖਤੀ ਤੌਰ ਉੱਪਰ ਸੈਮੀਨਾਰ ਕੈਂਸਲ ਕਰਨ ਦਾ ਐਲਾਨ ਕਰ ਦਿੱਤਾ ਕਿ ਉੱਚ ਅਧਿਕਾਰੀਆਂ ਅਨੁਸਾਰ ਡਾ:ਉਦੋਕੇ ਦੇ ਲੈਕਚਰ ਨਾਲ ਅਮਨ ਕਾਨੂੰਨ ਦੀ ਹਾਲਤ ਨੂੰ ਖਤਰਾ ਪੈਦਾ ਹੋ ਜਾਵੇਗਾ। ਹਾਲਤ ਇਹ ਬਣ ਗਏ ਹਨ ਕਿ ਕੋਈ ਸਿੱਖ ਇਤਿਹਾਸਕਾਰ ਆਪਣੇ ਇਤਿਹਾਸ ਦੀ ਸਾਂਝ ਵੀ ਸੰਗਤਾਂ ਨਾਲ ਨਹੀਂ ਪਾ ਸਕਦਾ ਕਿ ਸਿੱਖ ਇਤਿਹਾਸ ਨਾਲ ਦੇਸ਼ ਦੀ ਏਕਤਾ ਅਖੰਡਤਾ ਨੂੰ ਖਤਰਾ ਪੈਦਾ ਹੋ ਰਿਹਾ ਹੈ। ਅਧਿਕਾਰੀਆਂ ਅਨੁਸਾਰ ਡਾ: ਉਦੋਕੇ ਦੇ ਲੈਕਚਰ ਸੇ ਸਿੱਖ ਯੁਵਾ ਸੰਗਠਿਤ ਔਰ ਉਤੇਜਿਤ ਹੋਤੇ ਹੈਂ

ਦੋ ਦਹਾਕਿਆਂ ਤੋਂ ਵੱਧ ਹੋ ਗਏ ਡਾ. ਸੁਖਪ੍ਰੀਤ ਸਿੰਘ ਉਦੋਕੇ ਨੂੰ ਇਤਿਹਾਸ ਦੇ ਵਰਕੇ ਫਰੋਲਦਿਆਂ, ਲਿੱਖਦਿਆਂ ਤੇ ਦੇਸ਼ਾਂ ਵਿਦੇਸ਼ਾਂ ਵਿੱਚ ਸਟੇਜਾਂ ਤੇ ਲੈਕਚਰ ਭਾਸ਼ਨ ਦਿੰਦਿਆਂ ! ਹਕੂਮਤ ਦੱਸੇ ਕਿ ਕਿੱਥੇ ਫ਼ਸਾਦ ਹੋਏ ਜਾਂ ਕਿਸ ਨੌਜਵਾਨ ਨੇ ਉਤੇਜਿਤ ਹੋਕੇ ਕੋਈ ਜਹਾਜ਼ ਹਾਈਜੈਕ ਕਰ ਲਿਆ ! ਜਿਸ ਇਤਹਾਸ ਨੂੰ ਵਿਦੇਸ਼ਾਂ ਦੇ ਸਕੂਲਾਂ 'ਚ, ਪੜ੍ਹਾਇਆ ਜਾ ਰਿਹਾ ਉਸ ਨੂੰ ਹਿੰਦੁਸਤਾਨ 'ਚ, ਪਾਬੰਦੀ ! ਸਿੱਖੋ ਜੇ ਹੱਥ ਤੇ ਹੱਥ ਧਰਕੇ ਬੈਠੇ ਰਹੇ ਹੁਕਮਰਾਨ ਤੁਹਾਡਾ ਇਤਿਹਾਸ ਵੀ ਆਪਣੀ ਮਰਜ਼ੀ ਦਾ ਲਿਖਣਗੇ ਜਿਹਦੀ ਕਿ ਲੁਕਾਵੇਂ ਰੂਪ 'ਚ, ਸ਼ੁਰੂਆਤ ਵੀ ਹੋ ਚੁੱਕੀ ਹੈ !

ਪੰਜਾਬ ਦੇ ਬੁੱਧੀਜੀਵੀ, ਲੇਖਕੋ ਪੱਤਰਕਾਰੋ ਜੱਥੇਦਾਰ ਨੂੰ ਜਵਾਬ ਦੇਹ ਬਣਾਓ ਤੇ ਕਹੋ ਕਿ ਗੌਂਗਲੂਆਂ ਤੋ ਮਿੱਟੀ ਝਾੜਨ ਦਾ ਵੇਲਾ ਨਹੀਂ ! ਬੇਨਤੀ ਕਰੋ ਕਿ ਕਹਿਣੀ ਤੇ ਕੱਥਨੀ 'ਚ, ਤਾਲ ਮੇਲ ਬਿਠਾਉਣ। ਇਹ ਨਹੀਂ ਕਿ ਚੌਵੀ ਘੰਟੇ ਦਾ ਅਲਟੀਮੇਟਮ ਦੇ ਦਿੱਤਾ ਮਗਰੋਂ ਕੋਈ ਹੋਰ ਪ੍ਰੋਗਰਾਮ ! ਜਿਸ ਤੱਖਤ ਸ੍ਰੀ ਦੇ ਉਹ ਜੱਥੇਦਾਰ ਨੇ ਓੱਥੇ ਧਰਮ ਦੀ ਰਾਜਨੀਤੀ ਸ਼ੋਭਦੀ ਏ! ਸਿਆਸੀ ਬਿਆਨ ਨਹੀਂ ਸ਼ੋਭਦੇ ! ਹੋ ਕੀ ਰਿਹਾ ਇਕ ਪਾਸੇ ਜੱਥੇਦਾਰ ਜੀ ਚੌਵੀ ਘੰਟੇ ਦਾ ਅਲਟੀਮੇਟਮ ਦੇ ਰਹੇ ਆ ਤੇ ਨਸ਼ੇ ਤੋਂ ਪੀੜਤ ਮੁੱਖ ਮੰਤਰੀ ਅੱਗਿਓ ਮੇਹਣੇ ਮਾਰ ਰਿਹਾ ! ਹੋਣਾ ਤੇ ਇਹ ਚਾਹੀਦਾ ਸੀ ਕਿ ਜੱਥੇਦਾਰ ਅਗਵਾਈ ਕਰਦੇ ਤੇ ਕਹਿੰਦੇ ਬਈ ਪੰਜਾਬ ਚੌਵੀ ਘੰਟੇ ਬਾਅਦ ਸੜਕਾਂ 'ਤੇ ਜਾਪ ਕਰਦਾ ਨਜ਼ਰ ਆਵੇਗਾ ! ਪਰ ਹੋਇਆਂ ਕੱਖ ਵੀ ਨਹੀਂ ! ਸ੍ਰੋਮਣੀ ਕਮੇਟੀ ਬੰਦੀ ਸਿੰਘਾਂ ਦੀ ਰਿਹਾਈ ਲਈ ਦਸਖ਼ਤੀ ਮੁਹਿੰਮ ਚਲਾ ਰਹੀ ਤੇ ਉਹਨਾਂ ਹੋਰ ਫੜ ਕੇ ਅੰਦਰ ਕਰਤੇ ! ਆਗੂਆਂ ਦੇ ਇਸ ਢਿੱਲੜਪੁਣੇ ਤੇ ਢਹਿੰਦੀ ਕਲਾ ਦੇ ਨਤੀਜੇ ਕਿ ਸਾਡੇ ਇਤਿਹਾਸਕਾਰਾਂ ਦੇ ਪ੍ਰੋਗਰਾਮ ਰੱਦ ਕਰਨ ਤੇ ਹਕੂਮਤ ਉਤਰ ਆਈ ! ਬਿਨਾਂ ਸ਼ੱਕ ਸ੍ਰੋਮਣੀ ਕਮੇਟੀ ਦਾ ਡਿੱਬਰੂਗੜ੍ਹ ਵਾਲੇ ਸਿੰਘਾਂ ਦੀ ਪੈਰਵਾਈ ਕਰਨਾਂ ਸ਼ੁੱਭ ਕਰਮਨ ਏ ਪਰ ਧਿਆਨ ਸਾਰੇ ਪਾਸੇ ਰੱਖਣਾ ਪੈਣਾ ਦੁਸ਼ਮਣ ਬੜਾ ਬਦਨੀਤਾ ਏ ! ਉਹਨਾਂ ਲਈ ਸੌਖਾ ਕੰਮ ਏ ਗੁਰੂ ਪਾਤਸ਼ਾਹ ਦੀ ਬੇਅਦਬੀ ਕਰਾ ਕੇ ਧਿਆਨ ਦੂਜੇ ਪਾਸੇ ਲਾਕੇ ਆਪਣਾ ਬਦ ਕਰਮ ਕਰੀ ਜਾਣਾ ! ਸੋ ਭਾਈ ਸਾਨੂੰ ਸੁਚੇਤ ਹੋਣ ਦੀ ਲੋੜ ਹੈ ! ਸਾਡੇ ਕੋਲ ਉਂਗਲਾਂ 'ਤੇ ਗਿਣਨ ਜੋਗੇ ਤੇ ਪੰਥਕ ਲੇਖਕ ਪੱਤਰਕਾਰ ਤੇ ਇਤਿਹਾਸਕਾਰ ਨੇ ਜੇ ਉਹਨਾਂ ਦੀ ਵੀ ਸਾਰ ਨਾ ਲਈ ਬੜੀ ਦੇਰ ਹੋ ਜਾਣੀ ਜੇ ! ਸੋ ਜਾਗੋ ਅੱਖਾਂ ਬੰਦ ਕੀਤਿਆਂ ਨਹੀਂ ਜੇ ਸਰਨਾ ! ਵੇਹੰਦਿਆ ਸੌਹਦਿਆਂ ਅੰਨੇ ਬਣਨ ਦਾ ਡਰਾਮਾ ਬੰਦ ਕਰੀਏ !

ਹੋਈਆਂ ਭੁੱਲਾਂ ਚੁੱਕਾਂ ਦੀ ਖਿਮਾਂ !

A-ONE EXPRESS
ਸਾਨੂੰ ਤਜ਼ਰਬੇਕਾਰ ਡਰਾਇਵਰਾਂ ਅਤੇ ਉਨਰ ਉਪਰੇਟਰਾਂ ਦੀ ਲੋੜ ਹੈ
- ਲੰਬਾ ਸਮਾਂ ਕੰਮ ਕਰਨ ਵਾਲੇ ਡਰਾਈਵਰ ਵੀ ਟਰੇਂਡ ਕੀਤੇ ਜਾਂਦੇ ਹਨ
- ਕੈਲੀਫੋਰਨੀਆ ਤੋਂ ਮਿਡਵੈਸਟ, ਨੌਰਥ- ਈਸਟ, ਸਾਊਥ ਈਸਟ
- ਸੌਖੇ ਲੋਡ, ਚੰਗੇ ਪੈਸੇ ਅਤੇ ਤਨਖਾਹ ਸਮੇਂ ਸਿਰ
- 50% ਹੁੱਕ ਡ੍ਰੌਪ
- Excellent Payment
ਪਿਛਲੇ 20 ਸਾਲਾਂ ਤੋਂ ਲਗਾਤਾਰ ਕੰਮ ਕਰਨ ਦਾ ਤਜਰਬਾ
28421 S CHRISMAN RD, UNIT# 3, TRACY, CA



ਹੋਰ ਜਾਣਕਾਰੀ ਲਈ ਮਨਜੀਤ ਸਿੰਘ ਜਾਂ ਸੰਦੀਪ ਸਿੰਘ ਨਾਲ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ
Toll Free: 888.725.7441, Office: 209.537.0975, Fax: 209.537.0375



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

# ਜੰਗ ਸਰਹਿੰਦ

## 12 ਮਈ 1780 ਸਰਹਿੰਦ ਫ਼ਤਹਿ ਦਿਵਸ 'ਤੇ ਵਿਸ਼ੇਸ਼

ਸਿੱਖ ਧਰਮ ਦੀ ਨੀਂਹ ਸਤ ਤੇ ਰੱਖੀ ਗਈ ਹੈ। ਜਿਸ ਵਿੱਚ ਮਨੁੱਖਤਾ ਦੀ ਬਰਾਬਰੀ ਦਾ ਸੰਦੇਸ਼ ਹੈ। ਸਾਵੀ -ਪੱਧਰੀ ਜੀਵਨ ਜਾਚ ਵਿੱਚ ਕ੍ਰਿਤ ਕਰੋ, ਨਾਮ ਜਪੋ ਤੇ ਵੰਡ ਕੇ ਛਕੋ ਦਾ ਸਿਧਾਂਤ ਹੈ। ਸਿੱਖ ਗੁਰੂਆਂ ਦੇ ਸੱਚੇ ਉਪਦੇਸ਼ ਸਰਵਣ ਕਰਕੇ, ਦੂਸਰੇ ਧਰਮਾਂ ਦੇ ਲੋਕ ਸਵੈ ਇੱਛਿਆ ਨਾਲ ਸਿੱਖ ਧਰਮ ਨਾਲ ਜੁੜਦੇ ਗਏ। ਸੰਗਤ ਪੰਗਤ ਵਿੱਚ ਬੈਠ ਕੇ ਸਾਂਝੇ ਲੰਗਰ ਛੱਕਣਾ ਬਰਾਬਰਤਾ, ਸਮਾਜਿਕ ਅਤੇ ਧਾਰਮਿਕ ਇਨਕਲਾਬ ਸੀ। ਜਿਸ ਵਿੱਚ ਪ੍ਰਚਲਤ ਝੂਠੇ ਕਰਮਕਾਂਡਾ ਬੋਲੌੜੇ ਰੀਤੀ ਰਿਵਾਜਾਂ ਦਾ ਖੰਡਨ ਕਰਕੇ ਸਮਾਜ ਨੂੰ ਇਕ ਸੱਚੇ ਮਾਰਚ ਵਿੱਚ ਪਰਮਾਤਮਾ ਵੱਲ ਤੋਰਿਆ। ਮਨੁੱਖ ਨੂੰ ਨਿਰਭਊ ਨਿਰਵੈਰ ਬਣਾ ਕੇ ਸੱਚ ਲਈ ਜੂਝ ਮਰਨ ਲਈ ਤਿਆਰ ਕਰਨਾ ਸੀ। ਧਰਮ ਤੇ ਰਾਜਨੀਤੀ ਨੂੰ ਇਕ ਕਰ ਜੋੜਿਆ। ਸਮਾਜਿਕ ਰਾਜਨੀਤਕ ਅਤੇ ਧਾਰਮਿਕ ਚੇਤਨਾ ਵਿਚੋਂ ਨਰੋਆ ਸਮਾਜ ਉਸਾਰਨਾ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ 1699 ਦੀ ਵਿਸਾਖੀ 'ਤੇ ਖਾਲਸਾ ਸਾਜ਼ ਕੇ ਭਾਈਚਾਰੇ ਨੂੰ ਜਥੇਬੰਦ ਕੀਤਾ। ਸਵੈ ਮਾਣ ਤੇ ਸਵੈ ਰਖਿਆ ਦਾ ਐਲਾਨ ਕੀਤਾ। ਗੁਰੂ ਸਾਹਿਬ ਜੀ ਨੇ ਜੁਲਮ ਵਿਰੁੱਧ ਡੱਟਣ ਲਈ ਫੌਜੀ ਖ਼ਾਲਸਾ ਤਿਆਰ ਕੀਤਾ। ਮੁ.ਗਲ ਸਾਮਰਾਜ ਦੇ ਜੁਲਮਾਂ ਦਾ ਟਾਕਰਾ ਕਰਦਿਆਂ ਬੇਸ਼ੁਮਾਰ ਲਾਸਾਨੀ ਸ਼ਹੀਦੀਆਂ ਹੋਈਆਂ। ਇੱਥੋਂ ਤਕ ਕਿ ਗੁਰੂ ਸਾਹਿਬ ਜੀ ਨੇ ਆਪਣਾ ਸਾਰਾ ਸਰਬੰਸ ਖਾਲਸਾ ਪੰਥ ਲਈ ਵਾਰ ਦਿਤਾ। ਗੁਰੂ ਸਾਹਿਬ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਪੰਥ ਦੀ ਅਗਵਾਈ ਕਰਨ ਲਈ ਨਿਯੁਕਤ ਕਰ ਲਿਆ ਸੀ। ਬਾਬਾ ਬੰਦਾ ਸਿੰਘ ਬਹਾਦਰ ਸਿੱਖ ਪੰਥ ਦੇ ਇਤਿਹਾਸ ਵਿੱਚ ਇਕ ਜਾਂਬਾਜ਼ ਯੋਧਾ ਹੋਇਆ ਹੈ। ਉਸਨੇ ਫਿਰ ਤੋਂ ਖਾਲਸਾ ਫ਼ੌਜ ਨੂੰ ਬਕਾਇਦਾ ਜੁਝਾਰੂ ਰੂਪ ਦਿਤਾ। ਉਹਨਾਂ ਦੀ ਅਗਵਾਈ ਹੇਠ ਇਕ ਬਹਾਦਰ ਸਿੱਖ ਕੌਮ ਉਭਰ ਕੇ ਆਈ। ਮੁ.ਗਲਾਂ ਵਿਰੁੱਧ ਹਥਿਆਰ ਚੁੱਕਣ ਵਾਲੇ ਇਸ ਜਾਂਬਾਜ ਜਰਨੈਲ ਦਾ ਜਨਮ 16 ਅਕਤੂਬਰ 1670 ਨੂੰ ਜੰਮੂ ਕਸ਼ਮੀਰ ਦੇ ਪੁਣਛ ਜ਼ਿਲ੍ਹੇ ਦੇ ਪਿੰਡ ਰਜ਼ੋਰੀ ਵਿਖੇ ਕਿਸਾਨ ਰਾਮਦੇਵ ਜੀ ਦੇ ਘਰ ਹੋਇਆ। ਬਚਪਣ ਦਾ ਨਾਉਂ ਲਛਮਣ ਦਾਸ ਸੀ। ਉਹਨਾਂ ਕੋਲ ਦੁਨਿਆਵੀ ਹਿਸਾਝੀ ਵਿਦਿਆ ਨਹੀਂ ਸੀ। ਉਸ ਸਮੇਂ ਦੇ ਨੌਜਵਾਨਾਂ ਵਿੱਚ ਸ਼ਿਕਾਰ ਖੇਡਣ ਅਤੇ ਸ਼ਸ਼ਤਰ ਵਿਦਿਆ ਸਿੱਖਣ ਦਾ ਰੁਝਾਨ ਸੀ। ਇਸੇ ਅਭਿਆਸ ਵਿੱਚ ਲਛਮਣ ਦਾਸ ਵੀ ਇਕ ਚੰਗਾ ਸ਼ਿਕਾਰੀ, ਨਿਸ਼ਾਨੇਬਾਜ਼ , ਘੋੜ ਸਵਾਰ ਬਣ ਗਿਆ। ਛੇਤੀ ਹੀ ਉਸ ਨੂੰ ਬੈਰਾਗ ਦੀ ਲਗਨ ਲੱਗੀ ਤੇ 15 ਸਾਲ ਦੀ ਉਮਰ ਵਿੱਚ ਬੈਰਾਗੀ ਹੋ ਗਿਆ। ਉਸਨੇ ਜਾਨਕੀ ਪ੍ਰਸ਼ਾਦ ਨੂੰ ਆਪਣਾ ਗੁਰੂ ਧਾਰਨ ਕੀਤਾ। ਜਿਹਨਾਂ ਨੇ ਉਹਨਾਂ ਨੂੰ ਮਾਧੋਦਾਸ ਦਾ ਨਾਉਂ ਦਿਤਾ। ਉਹ ਸਾਧੂ ਮੰਡਲੀਆਂ ਵਿੱਚ ਘੁੰਮਦਾ ਨਾਸਕ ਪੁਜਾ ਤੇ ਜੋਗੀ ਔਘੜ ਨਾਥ ਦਾ ਚੇਲਾ ਬਣ ਗਿਆ, ਜਿਥੇ ਉਸਨੇ ਹਠ, ਯੋਗ ਤੇ ਤਾਂਤਰਿਕ ਵਿਦਿਆ ਤੇ ਕਰਾਮਾਂਤਾ ਦੇ ਸਾਧਨ ਕਮਾਏ। ਯੋਗੀ ਔਘੜ ਨਾਥ ਦੇ ਮਰਨ ਤੋਂ ਬਾਅਦ ਉਸਨੇ ਨੰਦੇੜ ਵਿਖੇ ਆਪਣਾ ਰਮਣੀਕ ਸੁੰਦਰ ਟਿਕਾਣਾ ਬਣਾ ਲਿਆ। ਆਪਣੀ ਯੋਗ ਵਿਦਿਆ ਨਾਲ ਉਹ ਲੋਕਾਂ ਨੂੰ ਭਰਮਾਉਣ ਲੱਗਾ ਤੇ ਉਹਨਾਂ ਦਾ ਮਖੌਲ ਉਡਾਉਂਦਾ। ਮਾਧੋਦਾਸ ਦੀਆਂ ਚਲਾਕੀਆਂ ਦੀ ਖਬਰ ਗੁਰੂ ਸਾਹਿਬ ਜੀ ਨੂੰ ਮਿਲ ਚੁੱਕੀ ਸੀ। ਸਤੰਬਰ 3, 1708 ਨੂੰ ਗੁਰੂ ਸਾਹਿਬ ਜੀ ਮਾਧੋਦਾਸ ਨੂੰ ਉਸਦੇ ਡੇਰੇ ਜਾ ਮਿਲੇ। ਗੁਰੂ ਸਾਹਿਬ ਜੀ ਨੂੰ ਖ਼ਾਲਸਾ ਪੰਥ ਦੀ ਅਗਵਾਈ ਸੌਂਪਣ ਲਈ ਇੱਕ ਬੰਦੇ ਦੀ ਤਲਾਸ਼ ਸੀ। ਗੁਰੂ ਸਾਹਿਬ ਜੀ ਨੇ ਜਾਣ ਲਿਆ ਸੀ ਕਿ ਉਹਨਾਂ ਨੂੰ ਬੰਦਾ ਲੱਭ ਗਿਆ ਹੈ।

ਗੁਰੂ ਸਾਹਿਬ ਜੀ ਨੇ ਮਾਧੋ ਦਾਸ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਤੇ ਉਸਦਾ ਨਾਉਂ ਬੰਦਾ ਸਿੰਘ ਰਖਿਆ ਜੋ ਆਪਣੀ ਬਹਾਦਰੀ ਸਦਕਾ ਇਤਿਹਾਸ ਵਿੱਚ ਬੰਦਾ ਸਿੰਘ ਬਹਾਦਰ ਵਜੋਂ ਪ੍ਰਸਿੱਧ ਹੋਇਆ। ਬਾਬਾ ਜੀ ਦੀ ਉਮਰ 38 ਸਾਲ ਸੀ। ਉਹਨਾਂ ਦੇ ਚਿਹਰੇ 'ਤੇ ਗੰਭੀਰਤਾ ਵਾਲਾ ਜਲਾਲ ਸੀ। ਸਰੀਰਕ ਪੱਖੋਂ ਭਾਵੇਂ ਸਾਂਵੇ ਸਨ ਪਰ ਅੰਤਾਂ ਦੇ ਫੁਰਤੀਲੇ ਸਨ। ਇਹੀ ਉਹਨਾਂ ਦੀ ਬਹਾਦਰੀ ਦਾ ਕਰਤੱਬ ਸੀ। ਉਹਨਾਂ ਦਾ ਗੁਰੂ ਪ੍ਰਤੀ ਨਿਸ਼ਠਾ ਗੰਭੀਰ ਤੇ ਪ੍ਰਪੱਕ ਸੀ। ਜਿਸਦੀ ਸ਼ਕਤੀ ਨਾਲ ਜੰਗਾਂ ਵਿੱਚ ਕਮਾਲ ਕਰ ਵਿਖਾਈ। ਉਹਨਾਂ ਨੇ ਜੀਅ ਜਾਨ ਨਾਲ ਖਾਲਸਾ ਪੰਥ ਦੀ ਵਾਗਡੋਰ ਸੰਭਾਲੀ ਅਤੇ ਸਿੱਖ ਪੰਥ ਦੀ ਸੇਵਾ ਦਾ ਸੁਭਾਗ ਪ੍ਰਾਪਤ ਕੀਤਾ। ਗੁਰੂ ਸਾਹਿਬ ਨੇ ਉਹਨਾਂ ਨੂੰ ਸਿੱਖੀ ਦੇ ਜੰਗੀ ਇਤਿਹਾਸ ਅਤੇ ਸੰਘਰਸ਼ ਤੋਂ ਜਾਣੂ ਕਰਵਾਇਆ। ਉਹ ਮਾਨਸਿਕ ਤੌਰ 'ਤੇ ਆਪਣੇ ਕੌਮੀ ਫਰਜ਼ ਲਈ ਤਿਆਰ ਹੋ ਗਏ। ਗੁਰੂ ਸਾਹਿਬ ਜੀ ਨੇ ਉਪਦੇਸ਼ ਦਿਤਾ ਕਿ ਸਿੱਖ ਪੰਥ ਦੀ ਸੇਵਾ ਹੀ ਇਸ ਵੇਲੇ ਪੰਥ ਵਾਸਤੇ ਉੱਤਮ ਕਾਰਜ਼ ਹੈ। ਮੁਗਲ ਸਾਮਰਾਜ ਦੇ ਜੁਲਮਾਂ ਵਿਰੁੱਧ ਮਨੁੱਖਤਾ ਦੀ ਭਲਾਈ ਲਈ ਜੁਲਮ ਦਾ ਨਾਸ ਕਰਨਾ ਹੈ। ਗੁਰੂ ਸਾਹਿਬ ਜੀ ਨੇ ਉਹਨਾਂ ਨੂੰ ਜਥੇਦਾਰ ਬਣਾ ਕੇ ਪੰਜਾਬ ਵੱਲ ਤੋਰਿਆ। ਉਹਨਾਂ ਨੂੰ ਸੰਗਤਾਂ ਲਈ ਹੁਕਮਨਾਮੇ ਲਿਖ ਕੇ ਦਿਤੇ ਕਿ ਸੰਗਤਾਂ ਮੁ.ਗਲਾਂ ਵਿਰੁੱਧ ਜੰਗਾਂ ਵਿੱਚ ਬਾਬਾ ਜੀ ਦਾ ਸਾਥ ਦੇਣ। ਉਹਨਾਂ ਨੂੰ ਪੰਜ ਤੀਰ, ਦੋਧਾਰੀ ਖੰਡਾ, ਨਿਸ਼ਾਨ(ਝੰਡਾ), ਨਗਾਰਾ ਅਤੇ ਸਲਾਹਕਾਰ ਵਜੋਂ ਸਿੰਘ ਭੇਜੇ। ਜਿੰਨਾਂ ਵਿੱਚ ਭਾਈ ਦਯਾ ਸਿੰਘ, ਭਾਈ ਬਿਨੋਦ ਸਿੰਘ, ਭਾਈ ਕਾਹਨ ਸਿੰਘ, ਬਾਬਾ ਬਾਜ਼ ਸਿੰਘ ਤੇ ਭਾਈ ਰਣ ਸਿੰਘ ਸ਼ਾਮਲ ਸਨ। ਨਾਲ ਹੀ 25 ਸਿੰਘਾਂ ਦਾ ਜਥਾ ਵੀ ਤੋਰਿਆ।

26 ਨਵੰਬਰ 1708 ਨੂੰ ਜੰਗੀ ਮੁਹਿਮ ਦੀ ਸ਼ੁਰੂਆਤ ਕਰਦਿਆਂ ਸੋਨੀਪਤ, ਸਮਾਣਾ, ਸ਼ਾਹਬਾਦ, ਮੁਸਤਫਾਬਾਦ, ਕਪੂਰੀ ਅਤੇ ਬਨੂੜ ਨੂੰ ਆਪਣੇ ਅਧੀਨ ਕਰਨ ਤੋਂ ਬਾਅਦ ਉਹਨਾਂ ਨੇ ਆਪਣੇ ਅਸਲੀ ਨਿਸ਼ਾਨੇ ਵੱਲ ਵਧਦਿਆਂ ਵਜ਼ੀਰ ਖਾਨ ਉਤੇ ਹਮਲਾ ਕਰਨ ਲਈ ਖ਼ਾਲਸਾ ਫ਼ੌਜ ਦੀ ਅਗਵਾਈ ਕੀਤੀ। ਮਾਝੇ ਤੇ ਦੁਆਬੇ ਦੇ ਸਿੰਘਾਂ ਨੂੰ ਹੁਕਮ ਭੇਜਿਆ ਕਿ ਉਹ ਸਰਹਿੰਦ ਵੱਲ ਕੂਚ ਕਰਨ। ਸਿਦਕੀ ਹੁੰਮ ਹੁੰਮਾ ਦੇ ਅਨੰਦਪੁਰ ਤੇ ਕੀਰਤਪੁਰ ਇੱਕਠੇ ਹੋਣ ਲੱਗੇ। ਬਾਬਾ ਜੀ ਸਢੌਰਾ ਤੇ ਮੁਖਲਿਸ ਨੂੰ ਫਤਹਿ ਕਰਕੇ ਸਰਹਿੰਦ ਵੱਲ ਵਧੇ ਤਾਂ ਮਾਝੇ ਤੇ ਦੁਆਬੇ ਦੇ ਸਿੰਘਾਂ ਦਾ ਜਥਾ ਵੀ ਕੀਰਤਪੁਰ ਤੋਂ ਤੁਰ ਪਿਆ। ਵਜ਼ੀਰ ਖਾਂ ਨੇ ਮਲੇਰਕੋਟਲੇ ਦੇ ਨਵਾਬ ਨੂੰ ਭਿੜਨ ਲਈ ਕਿਹਾ। ਰੋਪੜ ਦੇ ਕੋਲ ਸਿੰਘਾਂ ਦੀ ਪਠਾਣਾ ਨਾਲ ਦੋ ਦਿਨ ਝੜਪ ਹੋਈ। ਸਿੰਘ ਗਿਣਤੀ ਵਿੱਚ ਥੋੜੇ ਸਨ ਪਰ ਫਿਰ ਵੀ ਮੈਦਾਨ ਮਾਰ ਲਿਆ। ਅੱਗੇ ਸੰਘੋਲ ਜਿੱਤ ਕੇ ਖ਼ਾਲਸਾ ਦਲ ਖਰੜ ਵੱਲ ਵਧਿਆ। ਬਾਬਾ ਜੀ ਵੀ ਬਨੂੜ ਜਿੱਤ ਕੇ ਖਰੜ ਵੱਲ ਆ ਰਹੇ ਸਨ। ਖ਼ਾਲਸੇ ਦੀ ਵੱਧਦੀ ਹੋਈ ਤਾਕਤ ਸਰਹਿੰਦ ਵੱਲ ਵੱਧ ਗਈ।

ਵਜ਼ੀਰ ਖਾਂ ਨੇ ਜੰਗ ਨੂੰ ਹੈਦਰੀ ਝੰਡੇ ਹੇਠ ਜਹਾਦ ਦਾ ਧਾਰਮਿਕ ਰੂਪ ਦੇ ਦਿੱਤਾ। ਉਸਨੇ ਸਿੱਖ ਕਾਫ਼ਰਾਂ ਵਿਰੁੱਧ ਇਸਲਾਮ ਨੂੰ ਸਹਾਇਤਾ ਲਈ ਵੰਗਾਰਿਆ। ਉਸਨੇ ਪੰਜਾਬ ਭਰ ਵਿਚੋਂ ਮੁਸਲਮਾਨੀ ਫ਼ੌਜ ਮੰਗਵਾਈ। ਪੰਜਾਬ ਭਰ ਦੇ ਪਠਾਣ, ਸੱਯਦ ਰੰਗੜ ਤੇ ਮੁਸਲਮਾਨ ਵੱਡੀ ਗਿਣਤੀ ਵਿੱਚ ਸ਼ਾਮਲ ਹੋ ਗਏ। ਸੁੱਚਾ ਨੰਦ ਦਾ ਗਦਾਰ ਭਤੀਜਾ ਖ਼ਾਲਸਾ ਫ਼ੌਜ ਵਿੱਚ ਭੇਜਾ ਦਿਤਾ ਕਿ ਜਦ ਜੰਗ ਸਿਖਰ 'ਤੇ ਪੁਜੇ ਤਾਂ ਉਹ ਮੁਗਲ ਫ਼ੌਜ ਵਿੱਚ ਪਰਤ ਆਵੇ। ਇਸ ਤਰਾਂ ਖ਼ਾਲਸਾ ਭਾਜੜ ਵਿੱਚ ਪੈ ਜਾਵੇਗਾ। ਉਹ ਇਕ ਹਜ਼ਾਰ ਦੀ ਫ਼ੌਜ ਨਾਲ ਖ਼ਾਲਸਾ ਫ਼ੌਜ ਵਿੱਚ ਜਾ ਘੁਸਿਆ। ਜੇ ਦਾਉ ਲੱਗੇ ਤਾਂ ਬਾਬਾ ਜੀ ਨੂੰ ਵੀ ਮਾਰ ਮੁਕਾਏ ਪਰ ਬਾਬਾ ਜੀ ਤਾਂ ਕੌਤਕ ਵੇਖ ਰਹੇ ਸਨ, ਉਸਦੀ ਮਾੜੀ ਨੀਯਤ ਨੂੰ ਤਾੜ ਗਏ ਅਤੇ ਵਿਸਾਹ ਨਾ ਖਾਧਾ। ਦੋਵੇਂ ਫ਼ੌਜਾਂ ਟਾਕਰੇ ਲਈ ਅਗਾਂਹ ਵਧੀਆਂ। ਮੁ.ਗਲ ਫ਼ੌਜ ਵੱਡੀ ਗਿਣਤੀ ਵਿੱਚ ਤੇ ਵੱਡੀਆਂ ਤੋਪਾਂ (ਜੰਬੂਰੇ), ਹਾਥੀ, ਘੋੜੇ ਅਤੇ ਹਰ ਪ੍ਰਕਾਰ ਦਾ ਜੰਗੀ ਅਸਲਾ ਸੀ। ਦੂਸਰੇ ਪਾਸੇ ਖ਼ਾਲਸੇ ਕੋਲ ਨਾ ਤੋਪਾਂ, ਨਾ ਹਾਥੀ ਅਤੇ ਨਾ ਹੀ ਬਹੁਤ ਜੰਗੀ ਸਮਾਨ ਸੀ। ਸਰਹਿੰਦ ਤੋਂ 10-12 ਕੋਹ ਦੀ ਵਿੱਥ 'ਤੇ ਚਪੜਚਿੜੀ ਵਿੱਚ 12 ਮਈ 1710 ਨੂੰ ਬੜੀ ਸਖਤ ਜੰਗੀ ਹੋਈ। ਮੁੱਖ ਜੰਗ ਚੱਪੜਚਿੜੀ ਦੇ ਮੈਦਾਨ ਵਿੱਚ ਲੜੀ ਗਈ ਜੋ ਬਨੂੜ ਖਰੜ ਸੜਕ 'ਤੇ ਖਰੜ ਤਹਿਸੀਲ ਵਿੱਚ ਹੈ। ਬਾਬਾ ਜੀ ਵਾਸਤੇ ਸਰਹਿੰਦ ਨਾਲ ਭਿੜਨਾ ਸੌਖਾ ਕੰਮ ਨਹੀਂ ਸੀ। ਇਹ ਸੂਬਾਈ ਰਾਜਧਾਨੀ ਸੀ। ਨਵਾਬ ਵਜ਼ੀਰ ਖਾਂ ਮੁਗਲ ਸਾਮਰਾਜ ਦਾ ਸ਼ਕਤੀਸ਼ਾਲੀ ਨਵਾਬ ਸੀ, ਜਿਸ ਕੋਲ ਬਹੁਤ ਵੱਡੀ ਫ਼ੌਜ ਸੀ। ਉਹ ਕਈ ਸਾਲਾਂ ਤੋਂ ਸੱਤਾ 'ਤੇ ਕਾਬਜ ਸੀ। ਉਸ ਕੋਲ ਕਾਫੀ ਧੰਨ ਅਤੇ ਉਚੀ ਪਦਵੀ ਸੀ। ਉਸਨੇ ਬੜੀ ਤਿਆਰੀ ਕਰ ਰਖੀ ਸੀ।

ਬਾਬਾ ਜੀ ਨੇ ਆਪਣੀ ਫ਼ੌਜ ਨੂੰ ਸੰਗਠਿਤ ਕੀਤਾ। ਬਾਬਾ ਜੀ ਕੋਲ ਨਾ ਤੋਪਖਾਨਾ ਸੀ, ਨਾ ਕੋਈ ਹਾਥੀ, ਘੋੜੇ। ਖ਼ਾਲਸਾ ਫ਼ੌਜ ਕੋਲ ਲੰਬੇ ਬਰਛੇ, ਤੀਰ ਅਤੇ ਤਲਵਾਰਾਂ ਹੀ ਸਨ। ਬਾਬਾ ਜੀ ਨੇ ਆਪਣੀ ਫ਼ੌਜ ਨੂੰ ਦੋ ਦਲਾਂ ਵਿੱਚ ਵੰਡਿਆ। ਪਹਿਲੇ ਜੱਥੇ ਵਿੱਚ ਮਾਲਵੇ ਤੋਂ ਫਤਹਿ ਸਿੰਘ, ਕਰਮ ਸਿੰਘ, ਧਰਮ ਸਿੰਘ ਅਤੇ ਅਲੀ ਸਿੰਘ ਨੇ ਅਗਵਾਈ ਕੀਤੀ। ਮਝੈਲ ਸਿੰਘਾਂ ਵਿੱਚ ਬਾਬਾ ਬਿਨੋਦ ਸਿੰਘ, ਭਾਈ ਬਾਜ਼ ਸਿੰਘ, ਰਣ ਸਿੰਘ ਅਤੇ ਸ਼ਾਮ ਸਿੰਘ ਸਨ, ਜਿਹਨਾਂ ਦਾ ਦੂਸਰਾ ਜਥਾ ਸੀ। ਬਾਬਾ ਜੀ ਆਪ ਜੰਗ ਨਿਗਰਾਨੀ ਲਈ ਇੱਕ ਟਿੱਲੇ 'ਤੇ ਬੈਠ ਗਏ। ਜੰਗ ਦੀ ਪਹਿਲੀ ਮਾਰ ਹੇਠ ਹੀ ਖ਼ਾਲਸੇ ਦੇ ਉਹ ਸਾਥੀ ਭੱਜ ਗਏ ਜੋ ਸਿਰਫ਼ ਲੁੱਟ ਮਾਰ ਲਈ ਹੀ ਆਣ ਰਲੇ ਸਨ। ਉਸ ਵੇਲੇ ਸੁੱਚਾ ਨੰਦ ਦਾ ਭਤੀਜਾ ਵੀ ਸਾਥੀਆਂ ਸਮੇਤ ਭੱਜ ਗਿਆ। ਸਿੰਘਾਂ ਨੇ ਛੇਤੀ ਹੀ ਉਸ ਨੂੰ ਘੇਰ ਕੇ ਸਾਥੀਆਂ ਸਮੇਤ ਮਾਰ ਮੁਕਾਇਆ।

ਤੁਰਕਾਂ ਦਾ ਜ਼ੋਰ ਪੈਂਦਾ ਵੇਖ ਕੇ ਬਾਬਾ ਜੀ ਨੇ ਤਲਵਾਰ ਧੂ ਲਈ। ਬਾਬਾ ਜੀ ਦੀ ਅਗਵਾਈ ਹੇਠ ਤੁਰਕਾਂ ਦੇ ਆਹੂ ਲੱਥੇ। ਸਿੰਘ ਵੀ ਬਹੁਤ ਸ਼ਹੀਦ ਹੋਏ। ਤੁਰਕੀ ਸੈਨਾ ਦਾ ਵੱਡਾ ਨੁਕਸਾਨ ਹੋਇਆ। ਵਜ਼ੀਰ ਖਾਂ ਨੇ ਬਾਬਾ ਬਾਜ਼ ਸਿੰਘ ਤੇ ਹਮਲਾ ਕੀਤਾ। ਬਾਬਾ ਬਾਜ਼ ਸਿੰਘ ਨੇ ਵਜ਼ੀਰ ਖਾਂ ਦਾ ਨੇਜਾ ਖੋਹ ਕੇ ਉਸਦੇ ਘੋੜੇ ਨੂੰ ਜ਼ਖ਼ਮੀ ਕਰ ਦਿਤਾ। ਵਜ਼ੀਰ ਖਾਂ ਨੇ ਤੀਰ ਬਾਬਾ ਬਾਜ਼ ਸਿੰਘ ਦੀ ਬਾਂਹ ਵਿੱਚ ਖੋੜ ਦਿਤਾ। ਉਹ ਤਲਵਾਰ ਨਾਲ ਅੱਗੇ ਵਧਿਆ। ਭਾਈ ਫਤਹਿ ਸਿੰਘ ਕੋਲ ਖੜਾਂ ਸੀ। ਉਸਨੇ ਤਲਵਾਰ ਦਾ ਅਜਿਹਾ ਵਾਰ ਕੀਤਾ ਕਿ ਮੌਢਾ ਚੀਰ ਕੇ ਕਮਰ ਤਕ ਜਾ ਵਢਿਆ। ਉਹ ਉਥੇ ਹੀ ਡਿੱਗ ਪਿਆ। ਤੁਰਕੀ ਸੈਨਾ ਵਿੱਚ ਭਾਜੜ ਪੈ ਗਈ ਤੇ ਭੱਜ ਗਈ। ਘੋੜ ਸਵਾਰ ਅਤੇ ਪੈਦਲ ਬਹੁਤ ਸਾਰੇ ਲੋਕ ਖ਼ਾਲਸੇ ਦੀ ਤਲਵਾਰ ਹੇਠ ਆ ਗਏ। ਖ਼ਾਲਸੇ ਨੇ ਸਰਹਿੰਦ ਤੀਕ ਪਿੱਛਾ ਕੀਤਾ।

ਚੱਪੜਚਿੜੀ ਦੀ ਜਿੱਤ ਤੋਂ ਬਾਅਦ ਖ਼ਾਲਸਾ ਸਰਹਿੰਦ ਵੱਲ ਵਧਿਆ। ਬਾਬਾ ਜੀ ਨੇ 14 ਮਈ 1710 ਨੂੰ ਰਸਮੀ ਤੌਰ 'ਤੇ ਸਰਹਿੰਦ ਇਲਾਕੇ ਦੇ ਨਿਯੰਤਰਣ ਲੈ ਲਿਆ। ਉਸ ਸਮੇਂ ਹੋਈਆਂ ਵਾਰਦਾਤਾਂ ਵਿੱਚ ਸ਼ਹਿਰ ਨੂੰ ਲੁਟਿਆ ਗਿਆ। ਹਕੂਮਤ ਦੇ ਸਿੰਘਾਂ ਵਿਰੁੱਧ ਵੈਰੀਆਂ ਨੂੰ ਵਢਿਆ ਗਿਆ। ਪਾਪੀ ਸੁੱਚਾ ਨੰਦ ਨੂੰ ਕਤਲ ਕੀਤਾ ਗਿਆ। ਬਹੁਤ ਸਾਰਿਆਂ ਨੂੰ ਸਜ਼ਾਵਾਂ ਦਿਤੀਆਂ ਗਈਆਂ ਪਰ ਆਮ ਜਨ ਜੀਵਨ ਨੂੰ ਪ੍ਰਭਾਵਿਤ ਨਹੀਂ ਕੀਤਾ। ਸਰਹਿੰਦ ਦੀ ਇੱਟ ਨਾਲ ਇੱਟ ਖੜਕਾਈ ਗਈ। ਅਟਾਰੀਆਂ ਅਤੇ ਸ਼ਾਹੀ ਮਹੱਲ ਢਾਹੇ ਗਏ। ਸੁੱਚਾ ਨੰਦ ਦੀ ਹਵੇਲੀ ਦਾ ਸਫਾਇਆ ਕੀਤਾ। ਉਹਨਾਂ ਕੰਧਾਂ ਨੂੰ ਵੀ ਤਹਿ ਕੀਤਾ ਜਿਹਨਾਂ ਵਿੱਚ ਛੋਟੇ ਦੋ ਸਾਹਿਬਜ਼ਾਦੇ ਚਿਣੇ ਗਏ ਸਨ। ਸਿੰਘਾਂ ਨੇ ਅਜਿਹੇ ਸੰਜਮ ਦਾ ਸਬੂਤ ਦਿਤਾ ਕਿ ਸ਼ੇਖ ਅਹਿਮਦ ਮੁਜੱਦਦ ਅਲਫ ਸਾਨੀ ਦੇ ਮਜਾਰ ਅਤੇ ਹੋਰ ਯਾਦਗਾਰਾਂ ਨੂੰ ਛੇੜਿਆ ਨਾ ਗਿਆ। ਇਹ ਸਿੱਖਾਂ ਦੀ ਪਹਿਲੀ ਖੇਤਰਗੀ ਜਿੱਤ ਸੀ। ਜਿਸਨੇ ਉਹਨਾਂ ਨੂੰ ਸਤਲੁਜ ਦੇ ਦੱਖਣ ਵਿੱਚ ਪੂਰੇ ਦੇਸ਼ ਦਾ ਕਬਜ਼ਾ ਦਿੱਲੀ ਦੇ ਨੇੜੇ ਤਕ ਦਿਤਾ। ਮਈ 24,1710 ਨੂੰ ਬਾਬਾ ਜੀ ਨੇ ਪਟਿਆਲੇ ਨੂੰ ਇੱਕ ਸੁਤੰਤਰ ਰਾਜ ਦਾ ਪਹਿਲਾ ਕੇਂਦਰ ਬਣਾਇਆ। ਮਈ 27, 1710 ਨੂੰ ਸਰਹਿੰਦ ਸ਼ਹਿਰ ਵਿੱਚ ਇਕ ਵਿਸ਼ਾਲ ਇਕੱਤਰਤਾ ਵਿੱਚ ਬਾਬਾ ਜੀ ਨੇ ਸਰਹਿੰਦ ਸ਼ਹਿਰ ਵਿੱਚ ਸਿੱਖ ਰਾਜ ਸਥਾਪਤ ਕਰਨ ਅਤੇ ਮੁ.ਗਲਾਂ ਦੇ ਸ਼ਾਸ਼ਨ ਨੂੰ ਖਤਮ ਕਰਨ ਦਾ ਐਲਾਨ ਕੀਤਾ। ਜਿਸ ਨੇ ਇਲਾਕੇ ਵਿੱਓ ਆਪਣੇ ਜੁਲਮਾਂ ਨਾਲ ਦਹਿਸ਼ਤ ਫੈਲਾਈ ਹੋਈ ਸੀ। ਬਾਬਾ ਜੀ ਨੇ ਮੁਖਲਿਸਪੁਰ ਦੇ ਪੁਰਾਣੇ ਸ਼ਾਹੀ ਕਿਲੇ ਦੀ ਮੁਰੰਮਤ ਕੀਤੀ, ਇਸ ਨੂੰ ਲੋਹਗੜ੍ਹ ਦਾ ਨਾਉਂ ਦਿਤਾ। ਉਥੇ ਆਪਣੀ ਰਾਜਧਾਨੀ ਸਥਾਪਤ ਕੀਤੀ। ਬਾਬਾ ਬਾਜ਼ ਸਿੰਘ ਨੂੰ ਸਰਹਿੰਦ ਦਾ ਸੂਬਾ ਅਤੇ ਅਲੀ ਸਿੰਘ ਸਲੌਦੀ ਨੂੰ ਸਹਾਇਕ ਨਿਯੁਕਤ ਕੀਤਾ। ਭਾਈ ਫਤਹਿ ਸਿੰਘ ਨੂੰ ਸਮਾਣਾ ਸੌਂਪਿਆ। ਥਾਨੇਸਰ ਦਾ ਪ੍ਰਬੰਧ ਬਾਬਾ ਬਾਜ਼ ਸਿੰਘ ਦੇ ਭਰਾ ਰਾਮ ਸਿੰਘ ਅਤੇ ਬਾਬਾ ਬਿਨੋਦ ਸਿੰਘ ਨੂੰ ਦਿਤਾ। ਇਲਾਕੇ ਦੇ ਪ੍ਰਗਨਿਆਂ ਨੇ ਬਾਬਾ ਜੀ ਦੀ ਅਧੀਨਗੀ ਪ੍ਰਵਾਨ ਕਰ ਲਈ। ਕਰਨਾਲ ਤੋਂ ਲੁਧਿਆਣਾ ਤੀਕ ਸਾਰਾ ਇਲਾਕਾ ਸਿੱਖਾਂ ਦੇ ਕਬਜ਼ੇ ਵਿੱਚ ਸੀ। ਇਸਦੀ ਆਮਦਨ 36 ਲੱਖ ਰੁਪਏ ਸਾਲਾਨਾ ਸੀ। ਸਰਹਿੰਦ ਦੀ ਜਿੱਤ ਦੀ ਯਾਦ ਵਿੱਚ ਫਤਹਿ ਬੁਰਜ ਚੱਪੜਚਿੜੀ ਦੇ ਸਥਾਨ 'ਤੇ ਸਥਾਪਤ ਹੈ।

---

**ਮਜ਼ਦੂਰ ਦਿਵਸ 'ਤੇ ਵਿਸ਼ੇਸ਼**

# ਮਜ਼ਦੂਰ ਸ਼ਬਦ ਸਬੰਧੀ ਸਾਡੀ ਸੋਚ ਸੌੜੀ ਕਿਉਂ ?

## ਮਜ਼ਦੂਰ ਸ਼ਬਦ ਦੇ ਡੂੰਘੇ ਅਰਥਾਂ ਨੂੰ ਸਮਝਣ ਦੀ ਲੋੜ

ਅੱਜ ਕੱਲ੍ਹ ਦੇ ਆਧੁਨਿਕ ਯੁੱਗ ਵਿੱਚ ਜਿਥੇ ਪੜ੍ਹਾਈ ਸਿਰਫ਼ ਅੰਗ੍ਰੇਜ਼ੀ ਆਉਣ ਨਾਲ ਨਾਪੀ ਜਾ ਰਹੀ ਹੈ, ਸੁੰਦਰਤਾ ਸਿਰਫ਼ ਰੰਗ ਨਾਲ ਨਾਪੀ ਜਾ ਰਹੀ ਹੈ, ਇੱਜਤ ਸਿਰਫ ਅਮੀਰੀ ਅਤੇ ਪੈਸੇ ਨਾਲ ਨਾਪੀ ਜਾ ਰਹੀ ਹੈ, ਉਥੇ ਹੀ ਮਜ਼ਦੂਰ ਸ਼ਬਦ ਸਬੰਧੀ ਸਾਡੀ ਸੋਚ ਸੌੜੀ ਹੁੰਦੀ ਜਾ ਰਹੀ ਹੈ।

ਇਸ ਸੋਚ ਦਾ ਪ੍ਰਗਟਾਵਾ ਉਸ ਸਮੇਂ ਹੋਇਆ ਜਦੋਂ ਪੰਜਾਬ ਦੇ ਕਈ ਸਕੂਲਾਂ ਵਿੱਚ ਬੱਚਿਆਂ ਨੂੰ ਮਜ਼ਦੂਰ ਦਿਵਸ ਸਬੰਧੀ ਹਿੰਦੀ ਅਤੇ ਪੰਜਾਬੀ ਵਿੱਚ ਪੋਸਟਰ ਬਣਾਉਣ ਲਈ ਕਿਹਾ ਗਿਆ ਕਿਉਂਕਿ ਅਧਿਆਪਕਾਂ ਅਨੁਸਾਰ ਮਜ਼ਦੂਰ ਸਿਰਫ ਹਿੰਦੀ ਅਤੇ ਪੰਜਾਬੀ ਸਮਝਦੇ ਹਨ। ਇਸਦੇ ਨਾਲ ਹੀ ਬੱਚਿਆਂ ਨੂੰ ਇਹ ਵੀ ਕਿਹਾ ਗਿਆ ਕਿ ਪੰਜਾਬੀ ਤੇ ਹਿੰਦੀ ਵਿੱਚ ਮਜ਼ਦੂਰ ਦਿਵਸ ਸਬੰਧੀ ਪੋਸਟਰ ਬਣਾਉਂਦੇ ਸਮੇਂ 'ਮਜ਼ਦੂਰ ਦਿਵਸ' ਨਾ ਲਿਖ ਕੇ ਅੰਗ੍ਰੇਜ਼ੀ ਦਾ ਸ਼ਬਦ 'ਲੇਬਰ ਡੇਅ' ਨੂੰ ਪੰਜਾਬੀ ਜਾਂ ਹਿੰਦੀ ਵਿੱਚ ਲਿਖਿਆ ਜਾਵੇ। ਅਧਿਆਪਕਾਂ ਦਾ ਕਹਿਣਾ ਹੈ ਕਿ ਮਜ਼ਦੂਰ ਸ਼ਬਦ ਨਾਲ ਮਜ਼ਦੂਰਾਂ ਵਿੱਚ ਹੀਣ ਭਾਵਨਾ ਆ ਸਕਦੀ ਹੈ।

ਪਰ ਇਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਸਲ ਵਿੱਚ ਮਜ਼ਦੂਰ ਹੈ ਕੌਣ ? ਕੀ ਸਿਰਫ਼ ਮਜ਼ਦੂਰੀ ਜਾਂ ਦਿਹਾੜੀ ਕਰਨ ਵਾਲੇ ਹੀ ਮਜ਼ਦੂਰ ਹੁੰਦੇ ਹਨ। ਕੀ ਪ੍ਰਾਈਵੇਟ ਨੌਕਰੀਆਂ ਕਰਨ ਵਾਲੇ ਜਾਂ ਸਰਕਾਰੀ ਨੌਕਰੀਆਂ ਕਰਨ ਵਾਲੇ ਅਤੇ ਸਕੂਲਾਂ ਦੇ ਅਧਿਆਪਕ ਵੀ ਇਕ ਤਰਾਂ ਮਜ਼ਦੂਰ ਨਹੀਂ ਹੁੰਦੇ, ਕਿਉਂਕਿ ਉਹ ਵੀ ਤਾਂ ਆਪਣੇ ਬੌਸ ਅਤੇ ਆਪਣੇ ਅਫਸਰਾਂ ਦੇ ਅਧੀਨ ਹੁੰਦੇ ਹਨ ਅਤੇ ਉਹਨਾਂ ਨੂੰ ਜਵਾਬਦੇਹ ਹੁੰਦੇ ਹਨ। ਵੱਖ ਵੱਖ ਪ੍ਰਾਈਵੇਟ ਅਦਾਰਿਆਂ, ਕੰਪਨੀਆਂ, ਉਦਯੋਗਾਂ, ਫੈਕਟਰੀਆਂ ਅਤੇ ਹੋਰ ਥਾਂਵਾਂ 'ਤੇ ਆਮ ਮਜ਼ਦੂਰਾਂ ਦੇ ਨਾਲ ਪ੍ਰਾਈਵੇਟ ਨੌਕਰੀਆਂ ਕਰਨ ਵਾਲੇ ਪੜ੍ਹੇ ਲਿਖੇ ਬਹੁਤ ਵਿਅਕਤੀ ਨੌਕਰੀਆਂ ਕਰਦੇ ਹਨ, ਇਹਨਾਂ ਦੀ ਨੌਕਰੀ ਨੂੰ ਭਾਵੇਂ 'ਵਾਈਟ ਕਾਲਰ ਜੌਬ' ਕਿਹਾ ਜਾਂਦਾ ਹੈ ਪਰ ਅਸਲੀਅਤ ਤਾਂ ਇਹ ਹੈ ਕਿ ਇਹਨਾਂ ਦੀ ਸਥਿਤੀ ਵਿੱਚ ਅਤੇ ਮਜ਼ਦੂਰਾਂ ਦੀ ਸਥਿਤੀ ਵਿੱਚ ਮਾਮੂਲੀ ਅੰਤਰ ਹੁੰਦਾ ਹੈ। ਅਸਲ ਵਿੱਚ ਇਹ ਵੀ ਇਕ ਤਰਾਂ ਦੇ ਮਜ਼ਦੂਰ ਹੁੰਦੇ ਹਨ, ਜਿੰਨਾਂ ਦਾ ਪ੍ਰਾਈਵੇਟ ਖੇਤਰ ਵਿੱਚ ਅਤੇ ਕਈ ਵਾਰ ਸਰਕਾਰੀ ਖੇਤਰ ਵਿੱਚ ਵੀ ਸ਼ੋਸ਼ਣ ਕਰਨ ਦੀਆਂ ਘਟਨਾਵਾਂ ਸਾਹਮਣੇ ਆ ਚੁੱਕੀਆਂ ਹਨ।



ਸਮੇਂ ਦੀਆਂ ਸਰਕਾਰਾਂ ਅਕਸਰ ਸਰਕਾਰੀ ਮੁਲਾਜ਼ਮਾਂ ਤੇ ਮਜ਼ਦੂਰਾਂ ਦੀ ਭਲਾਈ ਲਈ ਯੋਜਨਾਵਾਂ ਚਲਾਉਂਦੀਆਂ ਹਨ ਪਰ ਪ੍ਰਾਈਵੇਟ ਨੌਕਰੀਆਂ ਕਰਨ ਵਾਲਿਆਂ ਦਾ ਕੋਈ ਵਾਲੀ ਵਾਰਸ ਨਹੀਂ ਬਣਦਾ। ਅਸਲ ਵਿੱਚ ਮਜ਼ਦੂਰ ਸ਼ਬਦ ਨੂੰ ਬਹੁਤ ਤੰਗ-ਦਿਲ ਅਤੇ ਹੀਣ-ਭਾਵਨਾ ਵਾਲਾ ਬਣਾ ਦਿੱਤਾ ਗਿਆ ਹੈ ਜਦੋਂ ਕਿ ਅਸਲੀਅਤ ਇਹ ਹੈ ਕਿ ਹਰ ਤਰਾਂ ਦੀ ਪ੍ਰਾਈਵੇਟ ਅਤੇ ਸਰਕਾਰੀ ਨੌਕਰੀ ਕਰਨ ਵਾਲੇ ਵੀ ਇਕ ਤਰਾਂ ਮਜ਼ਦੂਰ ਹੀ ਹੁੰਦੇ ਹਨ, ਜੋ ਕਿ ਮਜ਼ਦੂਰਾਂ ਵਾਂਗ ਹੀ ਮਿਹਨਤ ਕਰਦੇ ਹਨ। ਇਸ ਲਈ ਮਜ਼ਦੂਰ ਸ਼ਬਦ ਨੂੰ ਸਿਰਫ਼ ਦਿਹਾੜੀ ਲਗਾਉਣ ਵਾਲਿਆਂ ਤਕ ਸੀਮਿਤ ਨਾ ਕਰਕੇ ਇਸ ਸ਼ਬਦ ਦੇ ਵਿਆਪਕ ਅਰਥ ਵੇਖਣੇ ਚਾਹੀਦੇ ਹਨ। ਜਦੋਂ ਸਰਕਾਰ ਦੀਆਂ ਭਲਾਈ ਸਕੀਮਾਂ ਦਾ ਲਾਭ ਲੈਣ ਲਈ ਫਾਰਮ ਭਰਨ ਲਗੇ ਮਜ਼ਦੂਰ ਖੁਦ ਆਪਣੇ ਆਪ ਨੂੰ ਮਜ਼ਦੂਰ ਲਿਖਦੇ ਹਨ ਤਾਂ ਫਿਰ ਮਜ਼ਦੂਰ ਦਿਵਸ ਨੂੰ ਪੰਜਾਬੀ ਜਾਂ ਹਿੰਦੀ ਵਿੱਚ ਮਜ਼ਦੂਰ ਦਿਵਸ ਲਿਖਣ ਵੇਲੇ ਹੀਣ-ਭਾਵਨਾ ਕਿਸ ਤਰਾਂ ਮਹਿਸੂਸ ਕੀਤੀ ਜਾਂ ਕਰਵਾਈ ਜਾ ਸਕਦੀ ਹੈ।

ਅਸਲ ਵਿੱਚ ਸਾਡੇ ਦੇਸ਼ ਵਿੱਚ ਸਿਖਿਆ ਪ੍ਰਣਾਲੀ ਅੰਗਰੇਜ਼ਾਂ ਦੇ ਸਮੇਂ ਦੀ ਚੱਲੀ ਆ ਰਹੀ ਹੈ, ਇਸ ਸਿਖਿਆ ਪ੍ਰਣਾਲੀ ਵਿੱਚ ਸਿਰਫ਼ ਕਲਰਕ ਜਾਂ ਬਾਬੂ ਹੀ ਬਣ ਸਕਦੇ ਹਨ। ਇਸ ਸਿਖਿਆ ਪ੍ਰਣਾਲੀ ਦੇ ਦੋਸ਼ਪੂਰਣ ਹੋਣ ਨਾਲ ਹੀ ਅਧਿਆਪਕਾਂ ਦੀ ਸੋਚ ਵੀ ਤੰਗ-ਦਿਲੀ ਵਾਲੀ ਬਣ ਗਈ ਹੈ। ਇਹ ਅਧਿਆਪਕ ਮਜ਼ਦੂਰ ਸ਼ਬਦ ਦਾ ਡੂੰਘੇ ਅਰਥ ਸਮਝਣ ਤੋਂ ਅਸਮਰਥ ਹਨ। ਇਸੇ ਕਾਰਨ ਅਜਿਹੇ ਅਧਿਆਪਕਾਂ ਵੱਲੋਂ ਬੱਚਿਆਂ ਨੂੰ ਮਜ਼ਦੂਰ ਦਿਵਸ 'ਤੇ ਪੰਜਾਬੀ ਤੇ ਹਿੰਦੀ ਵਿੱਚ ਪੋਸਟਰ ਬਣਾਉਣ ਸਮੇਂ ਮਜ਼ਦੂਰ ਦਿਵਸ ਦੀ ਥਾਂ ਲੇਬਰ ਡੇਅ ਲਿਖਣ ਲਈ ਕਿਹਾ ਗਿਆ ਹੈ। ਪਰ ਹੁਣ ਵੱਡਾ ਸਵਾਲ ਇਹ ਪੈਦਾ ਹੁੰਦਾ ਹੈ ਕਿ ਜਿਹੜੇ ਮਜ਼ਦੂਰ ਸਿਰਫ਼ ਪੰਜਾਬੀ ਤੇ ਹਿੰਦੀ ਸਮਝਦੇ ਹਨ, ਉਹ ਪੰਜਾਬੀ ਜਾਂ ਹਿੰਦੀ ਵਿੱਚ ਲਿਖਿਆ ਅੰਗ੍ਰੇਜ਼ੀ ਭਾਸ਼ਾ ਦਾ ਸ਼ਬਦ 'ਲੇਬਰ ਡੇਅ' ਕਿਸ ਤਰਾਂ ਸਮਝਣਗੇ ?

# TRANS-ALLIANCE
TOGETHER WE SAVE

## FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

## FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

## YOU BREAK DOWN
WE SHOW UP
24-HOUR ROADSIDE ASSISTANCE

## TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

## FUEL MANAGEMENT
DAILY FUEL RATES IN PHONE APP

CALL FOR MORE INFO

(855)641-6955, (888)795-7035

# ਘਰ ਦਾ ਮਾਹੌਲ ਖ਼ੁਸ਼ਨੁਮਾ ਬਣਾ ਕੇ ਰੱਖੋ

ਹਰਕੀਰਤ ਕੌਰ
9779118066

ਇਹ ਸਿਰਫ਼ ਘਰ ਹੀ ਹੈ ਜੋ ਹਰੇਕ ਮਨੁੱਖ ਦੀ ਸਕੂਨ ਦੀ ਜਗ੍ਹਾ ਹੈ, ਜਿੱਥੇ ਆਕੇ ਮਨੁੱਖ ਸੁਰੱਖਿਅਤ ਮਹਿਸੂਸ ਕਰਦਾ ਹੈ, ਅਤੇ ਮਨੁੱਖ ਨੂੰ ਆਪਣੇਪਣ ਦਾ ਅਹਿਸਾਸ ਹੁੰਦਾ ਹੈ।

ਇੱਕ ਸਕੂਨਮਈ ਜਿੰਦਗੀ ਨੂੰ ਜਿਉਣ ਲਈ ਤੁਹਾਡੇ ਘਰ ਦੇ ਮਾਹੌਲ ਦਾ ਸਕਾਰਾਤਮਕ ਅਤੇ ਖੁਸ਼ਨੁਮਾ ਹੋਣਾ ਬਹੁਤ ਜਰੂਰੀ ਹੈ। ਜਿੰਨਾਂ ਘਰ ਦਾ ਮਾਹੌਲ ਚੜਦੀਕਲਾ ਅਤੇ ਖੁਸ਼ਨੁਮਾ ਹੁੰਦਾ ਹੈ ,ਉਬਥੇ ਰਹਿਣ ਵਾਲੇ ਪਰਿਵਾਰਿਕ ਮੈਂਬਰ ਵੀ ਖੁਸ਼, ਤੰਦਰੁਸਤ ਅਤੇ ਚੜਦੀਕਲਾ ਵਾਲੇ ਹੁੰਦੇ ਹਨ।

ਸਮਾਂ ਨਿਰੰਤਰ ਚੱਲ ਰਿਹਾ ਹੈ, ਸਮੇਂ ਨਾਲ ਤਬਦੀਲੀਆਂ ਆਈਆਂ ਹਨ ਅਤੇ ਆ ਰਹੀਆਂ ਹਨ , ਇਹ ਤਬਦੀਲੀਆਂ ਦਾ ਸਿਲਸਿਲਾ ਇਸ ਤਰ੍ਹਾਂ ਹੀ ਚੱਲਦਾ ਰਹੇਗਾ। ਭਾਵੇਂ ਅੱਜ ਵੀ ਮਨੁੱਖ ਲਈ ਸਭ ਤੋਂ ਪਿਆਰੀ ਜਗ੍ਹਾ ਉਸਦਾ ਘਰ ਹੀ ਹੈ, ਪਰ ਅੱਜ ਘਰਾਂ ਦੇ ਮਾਹੌਲ ਵਿੱਚ ਬਹੁਤ ਪਰਿਵਰਤਨ ਆ ਗਿਆ ਹੈ। ਬਹੁਤਾਤ ਲੋਕਾਂ ਦੀ ਸਥਿਤੀ ਅਜਿਹੀ ਬਣੀ ਹੈ ਕਿ ਉਹ ਆਪਣੇ ਘਰਾਂ ਨੂੰ ਜੇਲ੍ਹਾਂ ਸਮਝੀ ਬੈਠੇ ਹਨ। ਘਰ ਆਉਂਦਿਆਂ ਹੀ ਪਰਿਵਾਰਿਕ ਝਗੜੇ, ਅਣਸੁਖਾਵੇਂ ਮਾਹੌਲ ਦਾ ਸਾਹਮਣਾ ਕਰਨਾ ਪੈਂਦਾ ਹੈ।

ਆਧੁਨਿਕਵਾਦ ਨੇ ਮਨੁੱਖੀ ਜੀਵਨ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਮਨੁੱਖ ਦੀਆਂ ਖਵਾਹਿਸ਼ਾਂ ਬਹੁਤ ਵੱਧ ਗਈਆਂ ਹਨ, ਅਤੇ ਉਹਨਾਂ ਇਛਾਵਾਂ ਨੂੰ ਪੂਰਿਆਂ ਕਰਨ ਲਈ ਸਾਧਨ ਅੱਜ ਵੀ ਸੀਮਤ ਹੀ ਹਨ। ਘਰ ਵਿੱਚ ਕਮਾਉਣ ਵਾਲਾ ਇੱਕ ਵਿਅਕਤੀ ਹੈ, ਜਿਸ ਦੇ ਸਿਰ ਉਬਪਰ ਸਾਰੇ ਪਰਿਵਾਰ ਦੀਆਂ ਖਵਾਹਿਸ਼ਾਂ ਪੂਰੀਆਂ ਕਰਨ ਦੀ ਜਿੰਮੇਵਾਰੀ ਹੈ। ਵੱਧ ਰਹੀਆਂ ਖਵਾਹਿਸ਼ਾਂ ਦੀ ਪੂਰਤੀ ਨਾ ਹੋਣ ਤੇ ਬਹੁਤਾਤ ਘਰਾਂ ਵਿੱਚ ਲੜਾਈਆਂ ਝਗੜੇ ਹੁੰਦੇ ਹਨ, ਜੋ ਘਰ ਦੇ ਮਾਹੌਲ ਨੂੰ ਖਰਾਬ ਕਰਦੀਆਂ ਹਨ।

ਇੱਕ ਵਧੀਆ ਪਰਿਵਾਰਿਕ ਖੁਸ਼ਨੁਮਾ ਮਾਹੌਲ ਨਾ ਸਿਰਫ਼ ਸਰੀਰਕ ਬਲਕਿ ਮਨੁੱਖ ਦੀ ਮਾਨਸਿਕ ਸਿਹਤ ਨੂੰ ਤਰੋਤਾਜ਼ਾ ਅਤੇ ਤੰਦਰੁਸਤ ਰੱਖਣ ਵਿੱਚ ਬਹੁਤ ਮਦਦਗਾਰ ਸਿੱਧ ਹੁੰਦਾ ਹੈ। ਜਿਹੜਾ ਪਰਿਵਾਰ ਇੱਕ ਦੂਜੇ ਨਾਲ ਖੁਸ਼ੀ ਖੁਸ਼ੀ ਵਿਚਰਦੇ ਹਨ, ਸਮਾਂ ਬਿਤਾਉਂਦੇ ਹਨ ਉਹ ਪਰਿਵਾਰ ਦੂਸਰੇ ਪਰਿਵਾਰਾਂ ਨਾਲੋ ਵੱਧ ਸਕੂਨ ਮਈ ਜਿੰਦਗੀ ਜਿਉਂਦੇ ਹਨ।

ਯਤਨ ਕਰੋ ਕਿ ਤੁਹਾਡੇ ਘਰ ਦਾ ਵਾਤਾਵਰਣ ਅਜਿਹਾ ਹੋਵੇ ਕਿ ਤੁਹਾਡੇ ਪਰਿਵਾਰ ਤੋਂ ਇਲਾਵਾ ਕੋਈ ਰਿਸ਼ਤੇਦਾਰ ਸਾਕ ਸੰਬੰਧੀ ਵੀ ਤੁਹਾਡੇ ਘਰ ਆਵੇ ਤਾਂ ਉਸ ਨੂੰ ਸਕਾਰਾਤਮਕ ਤਰੰਗਾਂ ਆਉਣ, ਉਸਨੂੰ ਤੁਹਾਡੇ ਘਰ ਵਿੱਚ ਘੁਟਣ ਨਹੀਂ ਬਲਕਿ ਸਕੂਨ ਮਿਲੇ।

ਹੁਣ ਸਵਾਲ ਇਹ ਹੈ ਕਿ ਘਰ ਦਾ ਵਾਤਾਵਰਣ ਖੁਸ਼ਨੁਮਾ ਕਿਵੇਂ ਬਣਾਇਆ ਜਾ ਸਕਦਾ ਹੈ ਤਾਂ ਇਸਦਾ ਬਹੁਤ ਹੀ ਸਰਲ ਉਬਤਰ ਹੈ ਕਿ ਘਰ ਨੂੰ ਅਸਲ ਅਰਥਾਂ ਵਿੱਚ ਘਰ ਬਣਾਉਣ ਲਈ ਪਰਿਵਾਰ ਦੇ ਹਰ ਮੈਬਰ ਦੀ ਜਿੰਮੇਵਾਰੀ ਹੈ।

ਜੇਕਰ ਅਸੀਂ ਕਹੀਏ ਕਿ ਘਰ ਪਰਿਵਾਰ ਨੂੰ ਖੁਸ਼ ਰੱਖਣ ਦੀ ਜਿੰਮੇਵਾਰੀ ਕੇਵਲ ਔਰਤ ਦੀ ਹੈ ਤਾਂ ਅਸੀਂ ਗਲਤ ਹਾਂ, ਜੇਕਰ ਅਸੀਂ ਸੋਚੀਏ ਕਿ ਘਰ ਦੇ ਮਾਹੌਲ ਨੂੰ ਸੁਹਾਵਨਾ ਬਣਾਈ ਰੱਖਣ ਲਈ ਮਰਦ ਹੀ ਹਰ ਕੋਸ਼ਿਸ਼ ਕਰੇ ਤਾਂ ਇਹ ਵੀ ਉਚਿਤ ਨਹੀਂ। ਅਸਲ ਵਿੱਚ ਘਰ ਵਿੱਚ ਰਹਿੰਦੇ ਹਰ ਮੈਬਰ, ਪਤੀ, ਪਤਨੀ, ਬੱਚੇ, ਬਜ਼ੁਰਗ ਦਾ ਫਰਜ਼ ਹੈ ਕਿ ਘਰ ਦਾ ਮਾਹੌਲ ਸੋਹਣਾ ਬਣਾ ਕੇ ਰੱਖਣ ਵਿੱਚ ਆਪਣਾ ਬਣਦਾ ਯੋਗਦਾਨ ਅਤੇ ਜਿੰਮੇਵਾਰੀ ਨਿਭਾਏ।

ਪਰਿਵਾਰ ਦੇ ਕਿਸੇ ਇੱਕ ਮੈਂਬਰ ਦੀ ਬੇਰੁਖੀ, ਉਦਾਸੀ ਸਾਰੇ ਪਰਿਵਾਰ ਨੂੰ ਨਿਰਾਸ਼ ਕਰਦੀ ਹੈ ਅਤੇ ਘਰ ਦੀ ਸਥਿਤੀ ਚਿੰਤਾਂਜਨਕ ਬਣਾ ਦਿੰਦੀ ਹੈ। ਇਸ ਲਈ ਹਰ ਮੈਂਬਰ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਘਰ ਦੀਆਂ ਸਥਿਤੀਆਂ ਅਨੁਸਾਰ ਆਪਣੇ ਆਪ ਨੂੰ ਢਾਲੇ। ਜੇਕਰ ਕੋਈ ਖਵਾਹਿਸ਼ ਜਾਂ ਮੰਗ ਪੂਰੀ ਨਹੀਂ ਹੁੰਦੀ ਜਾਂ ਫਿਰ ਵੱਡੇ ਛੋਟੇ ਕਿਸੇ ਦੀ ਵੀ ਕੋਈ ਗੱਲ ਚੰਗੀ ਨਹੀਂ (ਬਾਕੀ ਸਫ਼ਾ 31 'ਤੇ)

6 ਮਈ ਨੂੰ ਬਰਸੀ 'ਤੇ ਵਿਸ਼ੇਸ਼

# ਸ਼ਿਵ ਕੁਮਾਰ ਬਟਾਲਵੀ ਨੂੰ ਯਾਦ ਕਰਦਿਆਂ !



ਹਰਮਨਪ੍ਰੀਤ ਸਿੰਘ,
9855010005

ਪੰਜਾਬੀ ਲੋਕ ਕਾਵਿ ਦੀ ਸਿਰਜਣਾ ਪੜਾ-ਦਰ-ਪੜਾ ਸਦੀਆਂ ਤੋਂ ਹੁੰਦੀ ਆ ਰਹੀ ਹੈ। ਦਿਲ ਦੀ ਵੇਦਨਾ ਨੂੰ ਪ੍ਰਗਟ ਕਰਨ ਦਾ ਸਭ ਤੋਂ ਉੱਤਮ ਵਸੀਲਾ ਕਾਵਿ ਹੀ ਤਾਂ ਹੁੰਦਾ ਹੈ, ਏਸੇ ਤਰ੍ਹਾਂ ਸਹਿਜੇ ਹੀ ਬੜੇ ਸੁਚੱਜੇ ਢੰਗ ਨਾਲ ਆਪਣੀ ਕਾਵਿ-ਰਚਨਾਂ 'ਚ ਬਾਤ ਕਹਿ ਜਾਣਾ ਤਾਂ ਕੋਈ 20ਵੀਂ ਸਦੀ ਦੇ ਬੇਹੱਦ ਮਕਬੂਲ ਹੋਏ, ਸ਼ਾਇਰ ਸ਼ਿਵ ਕੁਮਾਰ ਬਟਾਲਵੀ ਤੋਂ ਸਿੱਖੇ। ਮਾਤਾ ਸ਼ਾਂਤੀ ਦੇਵੀ ਦੀ ਕੁੱਖੋਂ ਜੰਮੇ ਸ਼ਿਵ ਕੁਮਾਰ ਬਟਾਲਵੀ ਦਾ ਜਨਮ ਪਿਤਾ ਕਿਸ਼ਨ ਗੋਪਾਲ ਦੇ ਘਰ ਸਿਆਲਕੋਟ ਜ਼ਿਲ੍ਹੇ ਦੀ ਤਹਿਸੀਲ ਸ਼ਕਰਗੜ੍ਹ ਦੇ ਬੜਾ ਪਿੰਡ ਲੋਹਟੀਆ (ਪਾਕਿਸਤਾਨ) 'ਚ 23 ਜੁਲਾਈ 1936 ਨੂੰ ਹੋਇਆ। ਮੁੱਢਲੀ ਸਿੱਖਿਆ ਸ਼ਿਵ ਕੁਮਾਰ ਜੀ ਨੇ ਆਪਣੇ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਹੀ ਪ੍ਰਾਪਤ ਕੀਤੀ ਸੀ। ਸੰਨ 1947 ਦੀ ਭਾਰਤ, ਪਾਕਿਸਤਾਨ ਵੰਡ ਦੌਰਾਨ ਸ਼ਿਵ ਕੁਮਾਰ ਆਪਣੇ ਪਰਿਵਾਰ ਨਾਲ ਭਾਰਤ ਆ ਗਏ ਤੇ ਪੰਜਾਬ 'ਚ ਪੈਂਦੇ ਸ਼ਹਿਰ ਬਟਾਲੇ ਆ ਵਸੇ, ਉਸ ਵਕਤ ਸ਼ਿਵ ਦੀ ਉਮਰ ਲੱਗ-ਭਾਗ 10-11 ਸਾਲ ਦੀ ਹੋਵੇਗੀ। ਸ਼ਿਵ ਨੇ ਬਟਾਲੇ ਆ ਕੇ ਆਪਣੀ ਸਿੱਖਿਆ ਮੁੜ ਸ਼ੁਰੂ ਕੀਤੀ ਤੇ ਬਟਾਲੇ ਆਰਮੀ ਹਾਈ ਸਕੂਲ ਤੋਂ ਸੰਨ 1953 'ਚ ਦਸਵੀਂ ਪਾਸ ਕੀਤੀ।

ਜ਼ਿੰਦਗੀ ਦੇ ਅਗਲੇ ਪੜਾਅ 'ਚ ਫ਼ਕੀਰਾਨਾ ਸੁਭਾਅ ਦਾ ਮਾਲਕ ਪਟਵਾਰੀ ਲੱਗ ਗਿਆ। ਸ਼ਾਇਰਾਨਾ ਮਿਜ਼ਾਜ ਦੇ ਸ਼ਿਵ ਨੇ ਸੰਨ 1960 'ਚ ਪਟਵਾਰੀ ਦੀ ਨੌਕਰੀ ਨੂੰ ਅਲਵਿਦਾ ਆਖ ਦਿੱਤਾ ਅਤੇ ਲਗਭਗ ਛੇ ਸਾਲ ਸੰਨ 1966 ਤੱਕ ਬੇਰੋਜਗਾਰ ਰਿਹਾ ਤੇ ਦੂਜੇ ਪਾਸੇ ਉਸ ਦੀ ਗੀਤ, ਗ਼ਜ਼ਲਾਂ, ਕਵਿਤਾਵਾਂ 'ਚ ਪਕੜ ਹੋਰ ਮਜਬੂਤ ਹੁੰਦੀ ਗਈ ਤੇ ਹੁਣ ਸ਼ਿਵ ਕੁਮਾਰ ਸ਼ਿਵ ਨਾ ਰਿਹਾ ਤੇ ਹੁਣ ਓਹ ਸ਼ਿਵ ਕੁਮਾਰ ਬਟਾਲਵੀ ਬਣ-ਚੁੱਕਾ ਸੀ



। ਓਹ ਕਵੀ ਦਰਬਾਰਾ ਦੀ ਸ਼ਾਨ ਬਣ ਗਿਆ ਸੀ।

ਸੰਨ 1966 'ਚ ਸ਼ਿਵ ਕੁਮਾਰ ਬਟਾਲਵੀ ਜੀ ਨੇ ਸ਼ਹਿਰ ਬਟਾਲੇ ਦੀ ਸਟੇਟ ਬੈਂਕ ਆਫ ਇੰਡੀਆ ਦੀ ਬ੍ਰਾਂਚ 'ਚ ਕਲਰਕ ਦੀ ਨੌਕਰੀ ਅਰੰਭ ਕੀਤੀ। ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਕੀੜੀ ਮੰਗਿਆਲ ਦੀ ਕੁੜੀ ਅਰੁਣਾ ਨਾਲ ਸੰਨ 1967 'ਚ ਵਿਆਹ ਬੰਦਨ 'ਚ ਬੱਝ ਗਿਆ।

ਸੰਨ 1968 'ਚ ਸ਼ਿਵ ਕੁਮਾਰ ਬਟਾਲਵੀ ਦੀ ਬਦਲੀ ਸਟੇਟ ਬੈਂਕ ਆਫ ਇੰਡੀਆ ਦੀ ਚੰਡੀਗੜ੍ਹ ਬ੍ਰਾਂਚ ਵਿੱਚ ਹੋ ਗਈ। ਫ਼ਕੀਰਾਨਾ ਸੁਭਾਅ ਦਾ ਮਾਲਕ ਸ਼ਿਵ ਦਾ ਮਨ ਕਲਰਕ ਦੀ ਨੌਕਰੀ 'ਚ ਨਹੀਂ ਸੀ ਲੱਗ ਰਿਹਾ। ਚੰਡੀਗੜ੍ਹ ਦੇ 21 ਸੈਕਟਰ ਦੇ ਇੱਕ ਕਿਰਾਏ ਦੇ ਘਰ ਵਿੱਚ ਰਹਿ ਸ਼ਿਵ ਗੀਤ, ਗ਼ਜ਼ਲਾਂ, ਕਵਿਤਾਵਾਂ ਲਿਖ ਰਿਹਾ ਸੀ।

ਸ਼ਿਵ ਨੇ ਜ਼ਿੰਦਗੀ ਦੇ ਤਕਰੀਬਨ ਹਰ ਪਹਿਲੂ ਤੇ ਕਵਿਤਾ ਕਹੀ ਤੇ ਆਪ ਹੰਢਾਈ, ਸ਼ਿਵ ਦੀਆ ਕਈ ਕਾਵਿ-ਰਚਨਾਵਾਂ 'ਚੋਂ ਇਕ ਅਣਪੁੱਗੀ ਰੀਝ ਦਾ ਇਹਸਾਸ ਹੁੰਦਾ ਜਾਪਦਾ ਹੈ। ਸ਼ਿਵ ਦੀ ਸੁਰੀਲੀ ਆਵਾਜ਼ ਨੇ ਉਸ ਨੂੰ ਅਤੇ ਉਸ ਦੀਆਂ ਕਵਿਤਾਵਾਂ, ਗੀਤ, ਗ਼ਜ਼ਲਾਂ ਨੂੰ ਬਹੁਤ ਹੀ ਹਰਮਨ-ਪਿਆਰਾ ਬਣਾ ਦਿੱਤਾ ਸੀ। ਸ਼ਿਵ ਕੁਮਾਰ ਬਟਾਲਵੀ ਦੀਆਂ ਕਾਵਿ ਰਚਨਾਵਾਂ : ਪੀੜਾਂ ਦਾ ਪਰਾਗਾ, ਲਾਜਵੰਤੀ, ਆਟੇ ਦੀਆਂ ਚਿੜੀਆਂ, ਮੈਨੂੰ ਵਿਦਾ ਕਰੋ, ਦਰਦਮੰਦਾਂ ਦੀਆਂ ਆਹੀਂ, ਲੂਣਾਂ, ਮੈਂ ਤੇ ਮੈਂ, ਆਰਤੀ ਅਤੇ ਬਿਰਹਾ ਤੂੰ ਸੁਲਤਾਨ ਬੇਹੱਦ ਮਕਬੂਲ ਹੋਈਆਂ ਕਾਵਿ ਰਚਨਾਵਾਂ ਸਨ ਤੇ ਹਨ। ਵਧੇਰੇ ਕਰਕੇ ਸ਼ਿਵ ਕੁਮਾਰ ਬਟਾਲਵੀ ਆਪਣੀ ਰੋਮਾਂਟਿਕ ਕਵਿਤਾ ਲਈ ਜਾਣੇ ਜਾਂਦਾ ਸਨ ਤੇ ਅੱਜ ਵੀ ਜਾਣੇ ਜਾਂਦੇ ਹਨ। । ਸ਼ਿਵ ਕੁਮਾਰ ਬਟਾਲਵੀ ਜੀ ਨੂੰ ਸੰਨ 1967 ਵਿਚ ਸਾਹਿਤਕ ਅਕਾਦਮੀ ਪੁਰਸਕਾਰ ਮਿਲ ਗਿਆ ਸੀ ਤੇ ਉਹ ਇਹ ਪੁਰਸਕਾਰ ਪ੍ਰਾਪਤ ਕਰਨ ਵਾਲੇ ਸਭ ਤੋਂ ਛੋਟੀ ਉਮਰ ਦੇ ਸਨ।

ਸ਼ਿਵ ਕੁਮਾਰ ਬਟਾਲਵੀ ਰਾਵੀ ਦਰਿਆ ਦਾ ਉਹ ਲਾਡਲਾ ਪੁੱਤਰ ਸੀ ਜਿਸ ਨੇ ਰਾਵੀ ਦੇ ਉਸ ਪਾਰ ਵਸਦੇ ਲੋਕਾਂ ਦੇ ਗੁਆਚਦੇ ਜਾ ਰਹੇ ਸ਼ਬਦਾਂ ਨੂੰ ਆਪਣੀ ਸ਼ਾਇਰੀ ਵਿਚ ਸੰਭਾਲਿਆ ਤੇ ਅੱਜ ਵੀ ਅਸੀ ਸ਼ਿਵ ਦੇ ਗੀਤ, ਗ਼ਜ਼ਲਾਂ, ਕਵਿਤਾਵਾਂ 'ਚ ਸਿਰਫ ਪੰਜਾਬ ਨਹੀਂ ਸਗੋਂ ਸਮੁੱਚ ਕੁਦਰਤ ਦੇ ਦਰਸ਼ਨ ਕਰ ਸਕਦੇ ਹਾਂ । ਸ਼ਿਵ ਕੁਮਾਰ ਬਟਾਲਵੀ ਨੂੰ ਲੋਕ ਬਿਰਹਾ ਦਾ ਸ਼ਾਇਰ ਵੀ ਆਖਦੇ ਹਨ ਕਿਉਂਕਿ ਉਸ ਨੇ ਬਿਰਹਾ ਦਾ ਜ਼ਿਕਰ ਬਹੁਤ ਵਾਰ ਆਪਣੀਆਂ ਕਵਿਤਾਵਾਂ 'ਚ ਕੀਤਾ ਹੈ।

ਪੰਜਾਬੀ ਦੇ ਹਰਮਨ ਪਿਆਰੇ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਅੱਜ ਵੀ ਲੋਕਾਂ ਦੇ ਦਿਲਾਂ 'ਚ ਆਪਣੀਆਂ ਅਣਗਿਣਤ ਲਿਖਤਾਂ ਰਾਹੀਂ ਧੜਕ ਰਹੇ ਹਨ। ਆਖਰੀ ਸਮੇਂ ਉਨ੍ਹਾਂ ਨੂੰ ਇੰਗਲੈਂਡ ਦੀ ਆਬੋਂ -ਹਵਾ ਰਾਸ ਨਾ ਆਈ ਤੇ ਜਦੋ ਉਹੋ ਭਾਰਤ ਆਪਣੇ ਵਤਨ ਵਾਪਿਸ ਆਏ ਤਾਂ ਦਿਨ 6 ਮਈ, ਸੰਨ 1973 ਨੂੰ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਲੱਗ-ਭਗ 37 ਸਾਲ ਦੀ ਭਰ ਜਵਾਨੀ 'ਚ ਇਸ ਸੰਸਾਰ ਨੂੰ ਛੱਡ ਜਾਨ ਵਾਲਾ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਜਾਪਦਾ ਹੈ ਅੱਜ ਵੀ ਸਾਡੇ ਵਿੱਚ ਆਪਣੀਆਂ ਲਿਖਤਾਂ ਰਾਹੀਂ ਹਾਜ਼ਰ ਹੈ








# ਕੀ ਮੇਰਾ ਬੱਚਾ ਠੀਕ ਠਾਕ ਵੱਧ ਫੁੱਲ ਰਿਹਾ ਹੈ ?

# ਔਟਿਜ਼ਮ ਦੇ ਮੁੱਢਲੇ ਲੱਛਣ



ਡਾ. ਹਰਸ਼ਿੰਦਰ ਕੌਰ, ਐਮ.ਡੀ.
0175-2216783

ਮਾਪਿਆਂ ਲਈ ਇਹ ਆਮ ਜਿਹੀ ਗੱਲ ਹੈ ਕਿ ਉਹ ਆਪਣੇ ਬੱਚਿਆਂ ਨੂੰ ਉਨ੍ਹਾਂ ਦੇ ਹਾਣ ਦਿਆਂ ਨਾਲ ਜ਼ਰੂਰ ਮੇਚਦੇ ਹਨ ਕਿਉਂਕਿ ਮਨ ਅੰਦਰ ਇਹ ਭਰਮ ਹੁੰਦਾ ਹੈ ਕਿ ਉਨ੍ਹਾਂ ਦਾ ਆਪਣਾ ਬੱਚਾ ਕਿਤੇ ਪਿਛਾਂਹ ਨਾ ਰਹਿ ਜਾਵੇ। ਡਾਕਟਰਾਂ ਕੋਲ ਵੀ ਬੱਚੇ ਸਭ ਤੋਂ ਵੱਧ ਇਸੇ ਲਈ ਲਿਜਾਏ ਜਾਂਦੇ ਹਨ ਕਿ ਉਨ੍ਹਾਂ ਦਾ ਬੱਚਾ ਕਮਜ਼ੋਰ ਹੈ ਜਾਂ ਘੱਟ ਖਾਂਦਾ ਹੈ ਭਾਵੇਂ ਭਾਰ ਵਜੋਂ ਬੱਚਾ ਤਿੰਨ ਗੁਣਾ ਹੀ ਕਿਉਂ ਨਾ ਵੱਧ ਰਿਹਾ ਹੋਵੇ!

ਇਸ ਲੇਖ ਵਿੱਚ ਬੱਚੇ ਦੇ ਮਾਨਸਿਕ ਅਤੇ ਸਰੀਰਕ ਵਿਕਾਸ ਵਿਚਲੇ ਵਿਗਾੜ ਬਾਰੇ ਝਾਤ ਮਰਵਾਈ ਗਈ ਹੈ ਤਾਂ ਜੋ ਮਾਪੇ ਵੇਲੇ ਸਿਰ ਇਹ ਲੱਛਣ ਪਛਾਣ ਕੇ ਡਾਕਟਰੀ ਸਲਾਹ ਲੈ ਸਕਣ। ਇੰਜ ਅਨੇਕ ਬੱਚੇ ਵੇਲੇ ਸਿਰ ਸਹੀ ਇਲਾਜ ਹੋ ਜਾਣ ਸਦਕਾ ਨਾਰਮਲ ਜ਼ਿੰਦਗੀ ਜੀਅ ਸਕਦੇ ਹਨ।

1. ਪਹਿਲੇ ਤੋਂ ਚੌਥੇ ਮਹੀਨੇ ਦੀ ਉਮਰ ਵਿੱਚ

ਅੱਗੇ ਦੱਸੇ ਲੱਛਣ ਜ਼ਰੂਰ ਹਰ ਮਾਂ ਨੂੰ ਧਿਆਨ ਨਾਲ ਵੇਖਣੇ ਚਾਹੀਦੇ ਹਨ :-

- ਉੱਚੀ ਆਵਾਜ਼ ਵੱਲ ਧਿਆਨ ਨਾ ਦੇ ਰਿਹਾ ਹੋਵੇ ਜਾਂ ਤ੍ਰਭਕ ਨਾ ਰਿਹਾ ਹੋਵੇ
- ਦੋ ਮਹੀਨੇ ਦੀ ਉਮਰ ਉੱਤੇ ਅੱਖਾਂ ਅੱਗੇ ਘੁੰਮਦੀ ਚੀਜ਼ ਵੱਲ ਅੱਖ ਨਾ ਘੁਮਾ ਰਿਹਾ ਹੋਵੇ
- ਦੋ ਮਹੀਨੇ ਦੀ ਉਮਰ ਤੱਕ ਮਾਂ ਦੀ ਆਵਾਜ਼ ਸੁਣ ਕੇ ਮੁਸਕੁਰਾਏ ਨਾ
- ਤਿੰਨ ਮਹੀਨੇ ਦੀ ਉਮਰ ਪੂਰੀ ਹੋ ਜਾਣ ਉੱਤੇ ਵੀ ਹੱਥ ਵਿਚ ਚੀਜ਼ ਜਾਂ ਖਿਡੌਣਾ ਫੜਾਉਣ ਉੱਤੇ ਫੜੇ ਨਾ।
- ਤਿੰਨ ਮਹੀਨੇ ਦੀ ਉਮਰ ਹੋ ਜਾਣ ਉੱਤੇ ਵੀ ਕਿਸੇ ਵੱਲ ਵੇਖ ਕੇ ਨਾ ਮੁਸਕੁਰਾਏ
- ਤਿੰਨ ਮਹੀਨੇ ਪੂਰੇ ਹੋ ਜਾਣ ਉੱਤੇ ਵੀ ਸਿਰ ਉੱਕਾ ਹੀ ਨਾ ਸੰਭਾਲ ਰਿਹਾ ਹੋਵੇ
- ਚੌਥੇ ਮਹੀਨੇ ਵਿਚ ਵੀ ਚੀਜ਼ ਮੂੰਹ ਵੱਲ ਨਾ ਲਿਜਾ ਰਿਹਾ ਹੋਵੇ।
- ਜੇ ਕੱਛਾਂ ਥੱਲੋਂ ਫੜ ਕੇ ਪੈਰ ਮੰਜੇ ਉੱਤੇ ਲਾਉਣ ਬਾਅਦ ਵੀ ਪੈਰਾਂ ਉੱਤੇ ਉੱਕਾ ਹੀ ਜ਼ੋਰ ਨਾ ਪਾਵੇ।
- ਅੱਖਾਂ ਚਾਰੇ ਪਾਸੇ ਘੁਮਾ ਨਾ ਸਕ ਰਿਹਾ ਹੋਵੇ
- ਲਗਾਤਾਰ ਟੀਰ ਮਾਰਦਾ ਹੋਵੇ।

2. ਚੌਥੇ ਤੋਂ ਸੱਤਵੇਂ ਮਹੀਨੇ ਦੀ ਉਮਰ ਵਿਚ

- ਲੱਤਾਂ ਜਾਂ ਬਾਹਵਾਂ ਜਾਂ ਪਿੱਠ ਅਕੜਾ ਕੇ ਰੱਖਦਾ ਹੋਵੇ
- ਪੱਠਿਆਂ ਵਿਚ ਉੱਕਾ ਹੀ ਜਾਨ ਨਾ ਹੋਵੇ ਤੇ ਬਾਹਵਾਂ ਲੱਤਾਂ ਐਵੇਂ ਹੀ ਲਮਕਦੀਆਂ ਢਿੱਲੀਆਂ ਦਿਸਣ
- ਪੰਜ ਮਹੀਨੇ ਤੱਕ ਵੀ ਸਿਰ ਨਾ ਸੰਭਾਲ ਰਿਹਾ ਹੋਵੇ
- ਬਿਲਕੁਲ ਨਾ ਮੁਸਕੁਰਾ ਰਿਹਾ ਹੋਵੇ ਤੇ ਮਾਂ ਨੂੰ ਵੀ ਨਾ ਪਛਾਣੇ
- ਕਿਸੇ ਵੱਲੋਂ ਚੁੱਕੇ ਜਾਣ ਉੱਤੇ ਚੀਕਾਂ ਮਾਰਨ ਜਾਂ ਰੋਣ ਲੱਗ ਪਵੇ
- ਲਗਾਤਾਰ ਜਾਂ ਵਾਰ-ਵਾਰ ਟੀਰ ਮਾਰਦਾ ਹੋਵੇ।
- ਰੌਸ਼ਨੀ ਵਿਚ ਅੱਖਾਂ ਨਾ ਖੋਲ੍ਹ ਸਕਦਾ ਹੋਵੇ ਜਾਂ ਲਗਾਤਾਰ ਅੱਖ ਵਿੱਚੋਂ ਪਾਣੀ ਵੱਗਦਾ ਰਹੇ।
- ਕਿਸੇ ਵੀ ਆਵਾਜ਼ ਵੱਲ ਧਿਆਨ ਨਾ ਦੇਵੇ ਤੇ ਨਾ ਹੀ ਸਿਰ ਘੁਮਾਏ
- ਮੂੰਹ ਵਿਚ ਚੀਜ਼ ਨਾ ਪਾ ਸਕਦਾ ਹੋਵੇ
- ਛੇ ਮਹੀਨੇ ਦੀ ਉਮਰ ਪੂਰੀ ਹੋ ਜਾਣ ਉੱਤੇ ਪਾਸਾ ਲੈ ਕੇ ਪੁੱਠਾ ਢਿੱਡ ਪਰਨੇ ਨਾ ਹੋ ਸਕਦਾ ਹੋਵੇ
- ਛੇ ਮਹੀਨੇ ਦਾ ਹੋ ਜਾਣ ਉੱਤੇ ਵੀ ਆਪੇ ਬੈਠ ਨਾ ਸਕ ਰਿਹਾ ਹੋਵੇ।
- ਪੰਜ ਛੇ ਮਹੀਨੇ ਤੱਕ ਉੱਕਾ ਹੀ ਕੋਈ ਅਵਾਜ਼ ਨਾ ਕੱਢ ਰਿਹਾ ਹੋਵੇ ਤੇ ਨਾ ਹੀ ਹੱਸ ਰਿਹਾ ਹੋਵੇ।
- ਛੇ ਮਹੀਨੇ ਦਾ ਹੋ ਜਾਣ ਉੱਤੇ ਵੀ ਖਿਡੌਣਾ ਫੜਨ ਦੀ ਕੋਸ਼ਿਸ਼ ਨਾ ਕਰੇ।
- ਛੇ ਮਹੀਨੇ ਦੀ ਉਮਰ ਵਿਚ ਵੀ ਲੱਤਾਂ ਉੱਤੇ ਉੱਕਾ ਹੀ ਭਾਰ ਨਾ ਪਾਵੇ।

3. 8 ਮਹੀਨੇ ਤੋਂ 12 ਮਹੀਨੇ ਤੱਕ ਦੀ ਉਮਰ ਵਿਚ

- ਰੀਂਗਣਾ ਸ਼ੁਰੂ ਨਾ ਕਰੇ
- ਇਕ ਲੱਤ ਘੜੀਸ ਰਿਹਾ ਹੋਵੇ
- ਸਹਾਰੇ ਨਾਲ ਵੀ ਖੜ੍ਹਾ ਨਾ ਹੋਵੇ
- 10 ਮਹੀਨੇ ਦੀ ਉਮਰ ਵਿੱਚ ਵੀ ਗੁੰਮਿਆ ਹੋਇਆ ਬੌਲ ਨਾ ਲੱਭੇ
- ਮਾਂ-ਮਾਂ ਜਾਂ ਦਾ-ਦਾ ਉੱਕਾ ਹੀ ਲਫਜ਼ ਨਾ ਬੋਲੇ
- ਹੱਥ ਹਿਲਾ ਕੇ 'ਟਾਟਾ' ਨਾ ਕਰੇ
- 10 ਮਹੀਨੇ ਦਾ ਹੋ ਕੇ ਵੀ ਬਿਨਾਂ ਸਹਾਰੇ ਦੇ ਬਹਿ ਨਾ ਸਕੇ
- 'ਨਾ' ਜਾਂ 'ਹਾਂ' ਵਿਚ ਸਿਰ ਨਾ ਹਿਲਾ ਰਿਹਾ ਹੋਵੇ
- ਲੁਕਣ ਮੀਟੀ ਕਰਦੀ ਮਾਂ ਵੱਲ ਰਤਾ ਵੀ ਧਿਆਨ ਨਾ ਕਰੇ।

4. 12 ਤੋਂ 24 ਮਹੀਨਿਆਂ ਦੀ ਉਮਰ ਵਿੱਚ

- ਡੇਢ ਸਾਲ ਤੱਕ ਦੀ ਉਮਰ ਵਿੱਚ ਵੀ ਤੁਰਨ ਦੀ ਕੋਸ਼ਿਸ਼ ਨਾ ਕਰੇ।
- ਸਿਰਫ਼ ਪੱਬਾਂ ਭਾਰ ਤੁਰੇ
- ਡੇਢ ਸਾਲ ਤੋਂ ਬਾਅਦ ਦੀ ਉਮਰ ਤੱਕ 15 ਸ਼ਬਦ ਨਾ ਬੋਲ ਸਕਦਾ ਹੋਵੇ
- ਦੋ ਵਰ੍ਹਿਆਂ ਦਾ ਹੋਣ ਬਾਅਦ ਵੀ ਦੋ ਲਾਈਨਾਂ ਨਾ ਬੋਲ ਸਕ ਰਿਹਾ ਹੋਵੇ
- ਡੇਢ ਦੋ ਵਰ੍ਹਿਆਂ ਦੀ ਉਮਰ ਹੋ ਜਾਣ ਉੱਤੇ ਵੀ ਟੈਲੀਫੂਨ, ਚਮਚ, ਚਾਬੀ ਵਰਗੀ ਚੀਜ਼ ਨਾ ਸਮਝੇ
- ਦੋ ਸਾਲਾਂ ਦਾ ਹੋ ਕੇ ਵੀ ਕੋਈ ਬੋਲੀ ਗੱਲ ਨਾ ਦੁਹਰਾਏ ਤੇ ਨਾ ਹੀ ਆਖੇ ਲੱਗ ਰਿਹਾ ਹੋਵੇ।

5. 24 ਤੋਂ 36 ਮਹੀਨਿਆਂ ਦੀ ਉਮਰ ਵਿਚ

- ਵਾਰ-ਵਾਰ ਤੁਰਦਿਆਂ ਡਿੱਗ ਰਿਹਾ ਹੋਵੇ
- ਪੌੜੀਆਂ ਨਾ ਚੜ੍ਹ ਰਿਹਾ ਹੋਵੇ
- ਉੱਕਾ ਹੀ ਨਾ ਬੋਲ ਰਿਹਾ ਹੋਵੇ
- ਮੂੰਹ ਵਿੱਚੋਂ ਲਗਾਤਾਰ ਥੁੱਕ ਬਾਹਰ ਵੱਗਦਾ ਹੋਵੇ
- ਚਾਰ ਬਲੌਕ ਇੱਕ ਦੂਜੇ ਉੱਪਰ ਨਾ ਰੱਖ ਸਕਦਾ ਹੋਵੇ
- ਤਿੰਨ ਸਾਲ ਦਾ ਹੋ ਕੇ ਵੀ ਗੋਲਾ ਨਾ ਵਾਹ ਸਕੇ
- ਖਿਡੌਣਾ ਚੁੱਕ ਕੇ ਸਹੀ ਥਾਂ ਨਾ ਰੱਖ ਸਕੇ
- ਬਿਲਕੁਲ ਕਿਸੇ ਗੱਲ ਦਾ ਜਵਾਬ ਨਾ ਦੇਵੇ
- ਦੂਜੇ ਬੱਚਿਆਂ ਵੱਲ ਉੱਕਾ ਧਿਆਨ ਨਾ ਕਰੇ
- ਦੋ ਚਾਰ ਸ਼ਬਦ ਵੀ ਇਕੱਠੇ ਨਾ ਬੋਲੇ
- ਕਿਸੇ ਗੱਲ ਦੇ ਆਖੇ ਨਾ ਲੱਗੇ।
- ਸਿਰਫ਼ ਮਾਂ ਦੀ ਗੋਦ ਹੀ ਚੜ੍ਹਿਆ ਰਹੇ ਤੇ ਉਤਰਦਿਆਂ ਚੀਕਾਂ ਮਾਰਨ ਲੱਗ ਪਵੇ।

6. ਤਿੰਨ ਤੋਂ 4 ਸਾਲ ਦਾ ਬੱਚਾ

- ਛਾਲ ਨਾ ਮਾਰ ਸਕਦਾ ਹੋਵੇ
- ਛੋਟੀ ਸਾਈਕਲ ਉੱਤੇ ਨਾ ਬੈਠੇ ਤੇ ਨਾ ਹੀ ਚਲਾਏ।
- ਉਂਗਲ ਤੇ ਅੰਗੂਠੇ ਨਾਲ ਪੈਨ ਜਾਂ ਪੈਨਸਿਲ ਨਾ ਫੜੇ।
- ਲਾਈਨ ਮਾਰਨ ਵਿਚ ਜਾਂ ਗੋਲਾ ਵਾਹੁਣ ਵਿਚ ਦਿੱਕਤ ਲੱਗੇ।

(ਬਾਕੀ ਸਫ਼ਾ 31 'ਤੇ)

# ਪਰਿਵਾਰਕ ਅਣਬਣ ਬੱਚਿਆਂ ਲਈ ਘਾਤਕ

ਗੁਰਮੀਤ ਸਿੰਘ ਪਲਾਹੀ
ਮੋ. 9815802070



ਘਰ ਦੇ ਵੱਡਿਆਂ ਦੀ ਆਪਸੀ ਅਣਬਣ ਦੇ ਕਾਰਨ ਬਣੇ ਪ੍ਰੇਸ਼ਾਨ ਕਰਨ ਵਾਲੇ ਪਰਿਵਾਰਕ ਵਾਤਾਰਵਨ ਵਿੱਚ ਬੱਚੇ ਸੁੱਖ ਦਾ ਸਾਹ ਨਹੀਂ ਲੈ ਸਕਦੇ। ਬੱਚਿਆਂ ਨੂੰ ਆਪਣਾ ਵਰਤਮਾਨ ਇੰਨਾ ਉਲਝਣ ਭਰਿਆ ਲੱਗਣ ਲਗਦਾ ਹੈ ਕਿ ਉਹਨਾ ਦਾ ਮਨ ਆਉਣ ਵਾਲੇ ਸਮੇਂ 'ਚ ਜੋ ਆਸ਼ਾਵਾਂ ਉਹਨਾ ਦੇ ਮਨ 'ਚ ਉਗਮਣੀਆਂ ਹਨ, ਉਹਨਾਂ ਤੋਂ ਵੀ ਵਿਰਵਾ ਹੋ ਜਾਂਦਾ ਹੈ। ਉਹ ਇਕੱਲੇਪਨ ਦੇ ਆਦੀ ਹੋ ਜਾਂਦੇ ਹਨ।

ਇਹਨਾਂ ਦਿਨਾਂ 'ਚ ਅਮਰੀਕਾ ਦੀ ਵਿਸਕੌਨਸਿਨ ਮੈਡੀਸਨ ਯੂਨੀਵਰਸਿਟੀ ਨੇ ਇੱਕ ਖੋਜ ਛਾਪੀ ਹੈ। ਇਸ ਖੋਜ ਅਨੁਸਾਰ ਜਿਹੜੇ ਬੱਚੇ ਅਸਥਿਰ ਪਰਿਵਾਰਾਂ ਵਿੱਚ ਵੱਡੇ ਹੁੰਦੇ ਹਨ, ਉਹਨਾ ਦੇ ਸੁਭਾਅ ਅਤੇ ਵਰਤਾਓ ਵਿੱਚ ਚਿੰਤਾ, ਤਨਾਅ ਦਿਸਦਾ ਹੈ। ਉਹਨਾ 'ਚ ਆਤਮ ਨਿਰਭਰਤਾ 'ਚ ਕਮੀ ਆ ਜਾਂਦੀ ਹੈ। ਖੋਜ ਇਹ ਵੀ ਕਹਿੰਦੀ ਹੈ ਕਿ ਬੱਚਿਆਂ ਦੇ ਵਿਕਾਸ ਵਿੱਚ, ਮਾਂ-ਪਿਓ ਦੇ ਉਦਾਸ ਰਹਿਣ ਦਾ ਅਸਰ ਪੈਂਦਾ ਹੈ। ਉਦਾਸ ਮਾਂ-ਪਿਓ ਨਾਲ ਰਹਿਣਾ, ਅਸਥਿਰ ਅਤੇ ਘਰੇਲੂ ਰੌਲੇ-ਰੱਪੇ ਵਾਲੇ ਮਾਹੌਲ ਵਿੱਚ ਜੀਊਣਾ, ਪਰਿਵਾਰ ਵਿੱਚ ਅਣਬਣ ਵੇਖਣਾ, ਇਹ ਸਭ ਕੁਝ ਉਹਨਾ ਦੀ ਪੜ੍ਹਾਈ ਉਤੇ ਅਸਰ ਤਾਂ ਪਾਉਂਦਾ ਹੀ ਹੈ, ਉਸ ਵਿੱਚ ਮਾਨਵੀ ਗੁਣ ਵੀ ਮਨਫ਼ੀ ਹੋ ਜਾਂਦੇ ਹਨ। ਕਿੰਨਾ ਦੁਖਾਂਤ ਹੈ ਇਹ ਕਿ ਬੱਚੇ ਇੱਕ ਅਧੂਰੇ ਵਿਅਕਤੀਤਵ ਦੇ ਰੂਪ 'ਚ ਵੱਡੇ ਹੁੰਦੇ ਹਨ। ਇਹ ਉਹਨਾਂ ਵਿੱਚ ਨਾਂਹ-ਪੱਖੀ ਸੋਚ ਦੀ ਬਹੁਤਾਤ ਪੈਦਾ ਕਰਦਾ ਹੈ।

ਪਤੀ-ਪਤਨੀ 'ਚ ਝਗੜਾ ਬੱਚੇ ਦੇ ਮਨ 'ਚ ਡਰ ਪੈਦਾ ਕਰਦਾ ਹੈ। ਕਈ ਸ਼ੰਕੇ ਉਹਦੇ ਬਾਲ ਮਨ 'ਚ ਇਕੱਠੇ ਹੁੰਦੇ ਜਾਂਦੇ ਹਨ। ਪਤੀ-ਪਤਨੀ ਵਿਚਲਾ ਤਣਾਅ ਵਾਲਾ ਮਾਹੌਲ ਬੱਚੇ ਦੇ ਸੁਭਾਅ ਨੂੰ ਖੰਡਿਤ ਕਰਦਾ ਹੈ। ਅਸੁਰੱਖਿਆ ਦੀ ਭਾਵਨਾ ਉਹਨਾ 'ਚ ਵਧਦੀ ਹੈ। ਘਰ ਵਿੱਚ ਕਿਹੋ ਜਿਹੇ ਵੀ ਹਾਲਾਤ ਹੋਣ, ਵੱਡਿਆਂ ਦਾ ਆਪਸੀ ਲੜਾਈ-ਝਗੜਾ ਹੋਵੇ, ਪਰ ਬੱਚਿਆਂ ਲਈ ਘਰ 'ਚ ਚੰਗਾ ਮਾਹੌਲ ਜ਼ਰੂਰੀ ਹੈ। ਨਹੀਂ ਤਾਂ ਬੱਚਿਆਂ ਦੇ ਮਨ 'ਚ ਨਿਰਾਸ਼ਾ ਭਰ ਜਾਂਦੀ ਹੈ। ਕਈ ਹਾਲਤਾਂ ਵਿੱਚ ਤਾਂ ਉਹ ਡਿਪਰੈਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ।

ਵੱਡਿਆਂ ਜਾਂ ਮਾਂ-ਪਿਓ ਦੇ ਝਗੜੇ ਕਾਰਨ ਉਹਨਾ ਦੇ ਮਨ 'ਚ ਆਉਣ ਵਾਲੇ ਸਮੇਂ ਨੂੰ ਲੈ ਕੇ ਉਲਝਣਾਂ ਪੈਦਾ ਹੋ ਜਾਂਦੀਆਂ ਹਨ। ਅੱਜ ਦੇ ਬੱਚੇ ਇਸਦਾ ਹੱਲ ਕਈ ਵੇਰ ਇਲੈਕਟ੍ਰਾਨਿਕ ਉਪਕਰਨਾਂ 'ਚ ਲੱਭਣ ਲਗਦੇ ਹਨ। ਉਹ ਇਸ ਹੱਦ ਤੱਕ ਇਹਨਾ ਉਪਕਰਨਾਂ, ਮੋਬਾਇਲ, ਟੈਬਲਟ ਆਦਿ 'ਚ ਉਲਝ ਜਾਂਦੇ ਹਨ ਕਿ ਉਪਰੋਂ ਭਾਵੇਂ ਉਹਨਾਂ ਦਾ ਗੁੱਸਾ ਅਤੇ ਚਿੰਤਾ ਸ਼ਾਂਤ ਦਿਸਦੀ ਹੈ, ਪਰ ਅੰਦਰੋਂ ਉਹਨਾ ਦਾ ਹੌਸਲਾ ਟੁੱਟ ਜਾਂਦਾ ਹੈ। ਕਈ ਮਾਮਲੇ ਤਾਂ ਇਹੋ ਜਿਹੇ ਹਾਲਾਤ ਪੈਦਾ ਕਰ ਦਿੰਦੇ ਹਨ ਕਿ ਬੱਚੇ ਖੁਦਕੁਸ਼ੀ ਦਾ ਰਾਹ ਤੱਕ ਫੜ ਲੈਂਦੇ ਹਨ ਜਾਂ ਘਰ ਛੱਡ ਜਾਂਦੇ ਹਨ ਅਤੇ ਬਹੁਤੀ ਵੇਰ ਅਪਰਾਧਿਕ ਦੁਨੀਆ 'ਚ ਜਾ ਫਸਦੇ ਹਨ। ਵਿਆਹੇ ਜੋੜਿਆਂ ਵਿੱਚ ਆਪਸੀ ਤਕਰਾਰ ਅਤੇ ਲੜਾਈ,ਝਗੜਾ ਵਿਆਹ ਦੇ ਕਈ ਸਾਲਾਂ ਬਾਅਦ ਤੱਕ ਬਣਿਆ ਰਹਿੰਦਾ ਹੈ, ਕਿਉਂਕਿ ਬਹੁਤੀ ਵੇਰ ਵਿਚਾਰਾਂ ਦਾ ਵਖਰੇਵਾਂ ਅਤੇ ਕਈ ਵੇਰ "ਈਗੋ" ਵਾਲੀ ਸਥਿਤੀ ਇਸ ਝਗੜੇ ਦਾ ਕਾਰਨ ਬਣਦੀ ਹੈ। ਘਰ ਟੁੱਟ ਜਾਂਦੇ ਹਨ ਜਾਂ ਘਰ ਲੜਾਈ ਦਾ ਅਖਾੜਾ ਬਣੇ ਰਹਿੰਦੇ ਹਨ। ਨਸ਼ਿਆਂ ਦੇ ਆਦੀ ਨੌਜਵਾਨ, ਘਰ 'ਚ ਕਲੇਸ਼ ਦਾ ਵੱਡਾ ਕਾਰਨ ਬਣਦੇ ਹਨ, ਲੜਕੀਆਂ ਆਪਣੇ ਸਾਥੀ ਨਾਲ ਆਖ਼ਰ ਤੱਕ ਨਿਭਾਉਣ ਦਾ ਯਤਨ ਕਰਦੀਆਂ ਆਪਣੀਆਂ ਖੁਸ਼ੀਆਂ, ਸੁਪਨਿਆਂ ਤੱਕ ਨੂੰ ਕੁਰਬਾਨ ਕਰ ਦਿੰਦੀਆਂ ਹਨ, ਪਰ ਮਰਦ ਪ੍ਰਧਾਨ ਸਮਾਜ 'ਚ ਮਰਦਾਂ ਦੀ ਹੈਂਕੜ ਬਾਜੀ, ਰੰਘੜਊਪੁਣਾ ਘਰ ਦਾ ਮਾਹੌਲ ਖਰਾਬ ਕਰੀ ਰੱਖਦਾ ਹੈ। ਵਿਸ਼ਵਾਸ਼ ਦੀਆਂ ਤੰਦਾਂ ਜਦੋਂ ਟੁੱਟਦੀਆਂ ਹਨ, ਜੀਵਨ ਨਰਕ ਬਣ ਜਾਂਦਾ ਹੈ। ਦਰਅਸਲ, ਵਰ੍ਹਿਆਂ ਦੇ ਵਰ੍ਹੇ ਇਕੱਠੇ ਰਹਿਣ ਦੇ ਬਾਅਦ ਵੀ ਵਿਆਹ ਸਬੰਧ 'ਚ ਵਿਖੇੜਾ ਅਤੇ ਟੁੱਟ-ਭੱਜ ਅੱਜ ਦੇ ਸਮੇਂ ਦਾ ਸੱਚ ਹੈ। ਇਸੇ ਕਰਕੇ ਤਲਾਕ ਕੇਸਾਂ 'ਚ ਲਗਾਤਾਰ ਵਾਧਾ ਹੋ ਰਿਹਾ ਹੈ। ਪਿਛਲੇ ਵਰ੍ਹੇ ਭਾਰਤੀ ਸੰਸਦ 'ਚ ਪੇਸ਼ ਕੀਤੇ ਅੰਕੜਿਆਂ ਮੁਤਾਬਕ ਦੇਸ਼ ਦੀਆਂ ਵੱਖੋ-ਵੱਖਰੀਆਂ ਅਦਾਲਤਾਂ 'ਚ ਲਗਭਗ 11.4 ਲੱਖ ਮਾਮਲੇ ਸੁਣਵਾਈ ਦੀ ਉਡੀਕ 'ਚ ਪਏ ਹਨ। 14 ਦੇਸ਼ਾਂ 'ਚ 26 ਸੂਬੇ ਅਤੇ ਕੇਂਦਰ ਸ਼ਾਸ਼ਤ ਪ੍ਰਦੇਸ਼ ਹਨ, ਜਿਥੇ 715 ਪਰਿਵਾਰਕ ਅਦਾਲਤਾਂ ਹਨ, ਪਰ ਵਰ੍ਹਿਆਂ ਤੱਕ ਵੀ ਕੇਸਾਂ ਦਾ ਨਿਪਟਾਰਾ ਨਹੀਂ ਹੋ ਰਿਹਾ। ਜਿਸਦਾ ਖਮਿਆਜ਼ਾ ਵੀ ਆਮ ਤੌਰ 'ਤੇ ਬੱਚਿਆਂ ਦਾ ਬਚਪਨ ਭੁਗਤ ਰਿਹਾ ਹੈ। ਜੇਕਰ ਦੇਸ਼ 'ਚ ਸੁਵਿਧਾ ਜਾਂ ਯਤਨ ਇਸ ਕਿਸਮ ਦੇ ਹੋਣ ਕਿ ਇਹਨਾ ਪਰਿਵਾਰਕ ਅਦਾਲਤਾਂ 'ਚ ਕੇਸਾਂ ਦਾ ਨਿਪਟਾਰਾ ਦੋਹਾਂ ਧਿਰਾਂ ਨੂੰ ਸਮਝਾਉਣ ਨਾਲ ਹੱਲ ਹੋਵੇ ਤਾਂ ਇਹ ਵਿਵਹਾਰਿਕ ਵੀ ਹੋ ਸਕਦਾ ਹੈ ਅਤੇ ਪਰਿਵਾਰਕ ਹਿੱਤ ਖ਼ਾਸ ਕਰਕੇ ਬੱਚਿਆਂ ਦੇ ਹਿੱਤ 'ਚ ਵੀ ਹੋ ਸਕਦਾ ਹੈ। ਭਾਰਤ ਅੱਜ ਦੁਨੀਆਂ ਦੀ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਗਿਆ ਹੈ ਅਤੇ ਭਾਰਤ ਹੀ ਸਭ

(ਬਾਕੀ ਸਫ਼ਾ 31 'ਤੇ)

ਕਹਾਣੀ

# ਲੋਹੇ ਦਾ ਗੇਟ

ਰਾਮ ਸਰੂਪ ਅਣਖੀ

ਤੇ ਉਸ ਦਿਨ ਲੋਹੇ ਦਾ ਗੇਟ ਮੁਕੰਮਲ ਹੋ ਗਿਆ। ਮੈਂ ਸੁਖ ਦਾ ਸਾਹ ਲਿਆ। ਚੱਲ, ਅੱਜ ਤਾਂ ਲੱਗ ਹੀ ਜਾਏਗਾ। ਨਹੀਂ ਤਾਂ ਪਹਿਲਾਂ 15 ਦਿਨ ਤੋਂ ਦਰਵਾਜ਼ਾ ਖੁੱਲ੍ਹਾ ਪਿਆ ਸੀ, ਚਾਹੇ ਦੋਵੇਂ ਥਮ੍ਹਲਿਆਂ ਵਿਚਾਲੇ ਆਦਮੀ ਦੇ ਮੋਢੇ ਤੱਕ ਦੀਵਾਰ ਬਣਾ ਦਿਤੀ ਗਈ ਸੀ। ਕੋਈ ਡੰਗਰ-ਪਸੂ. ਅੰਦਰ ਨਹੀਂ ਸੀ ਵੜਦਾ। ਫੇਰ ਵੀ ਰਾਤ ਨੂੰ ਕੁੱਤੇ ਕੰਧ ਟੱਪ ਕੇ ਆ ਜਾਂਦੇ ਤੇ ਵਿਹੜੇ ਦੇ ਜੂਠੇ ਭਾਂਡੇ ਸੁੰਘਦੇ ਫਿਰਦੇ। ਬਹੁਤਾ ਡਰ ਚੋਰ ਦਾ ਰਹਿੰਦਾ। ਏਸ ਕਰਕੇ ਮੈਨੂੰ ਵਿਹੜੇ ਵਿੱਚ ਸੌਣਾ ਪੈਂਦਾ। ਗਰਮੀ ਦਾ ਮਹੀਨਾ, ਬੇਸ਼ੁਮਾਰ ਮੱਛਰ। ਗੇਟ ਬੰਦ ਹੋਵੇ ਤਾਂ ਅੰਦਰ ਬਿਜਲੀ ਦੇ ਪੱਖੇ ਹੇਠ ਮੌਜ ਨਾਲ ਸੁੱਤਾ ਜਾ ਸਕਦਾ ਸੀ। ਕਮਰਿਆਂ ਵਿੱਚ ਤਾਂ ਕੂਲਰ ਵੀ ਸੀ। ਹਰ ਰੋਜ਼ ਖਿਝ ਚੜ੍ਹਦੀ-ਇਹ ਪਾਪੀ ਤਖਾਣ ਗੇਟ ਬਣਾ ਕੇ ਦਿੰਦਾ ਕਿਉਂ ਨਹੀਂ ? ਜਦੋਂ ਵੀ ਜਾਈਦੈ, ਨਵਾਂ ਲਾਰਾ ਲਾ ਦਿੰਦੈ। ਗੇਟ ਦਾ ਫਰੇਮ ਬਣਾ ਕੇ ਰੱਖ ਛੱਡਿਐ। ਕਹੇਗਾ, ਬੱਸ ਕੱਲ੍ਹ ਨੂੰ ਥੋਡਾ ਜਿੰਦਾਕੁੰਡਾ ਲਗਦਾ ਕਰ ਦਿਆਂਗੇ। ਏਸੇ ਤਰ੍ਹਾਂ ਕਈ ਕਲ੍ਹਾਂ ਲੰਘ ਚੁੱਕੀਆਂ ਸਨ। ਹੋਰ ਕੋਈ ਬਹਾਨਾ ਨਾ ਹੁੰਦਾ ਤਾਂ ਉਹਨੇ ਪੁਛਣ ਲੱਗ ਪੈਣਾ, ਗੇਟ ਦਾ ਡਜੈਨ ਕਿਹੋ ਜਿਹਾ ਰਖੀਏ ? ਮੈਨੂੰ ਅੱਗ ਲਗ ਜਾਂਦੀ। ਬਾਬਿਓ, ਡਿਜ਼ਾਇਨ ਤਾਂ ਪਹਿਲੇ ਦਿਨ ਹੀ ਥੋਡੀ ਕਾਪੀ ਵਿੱਚ ਲਿਖਵਾ ਦਿਤਾ ਸੀ। ਹੁਣ ਇਹ ਪੁੱਛਣ ਦਾ ਕੀ ਮਤਲਬ ? ਇਹ ਤਾਂ ਉਹ ਗੱਲ ਐ, ਕਿਸੇ ਦਰਜੀ ਕੋਲ ਤੁਸੀਂ ਇਕਰਾਰ ਵਾਲੇ ਦਿਨ ਆਪਣੀ ਕਮੀਜ਼ ਲੈਣ ਜਾਓ ਤੇ ਉਹ ਅੱਗੋਂ ਪੁੱਛਣ ਲੱਗ ਪਵੇ-ਕਾਲਰ ਕਿਹੋ ਜੇ ਬਣਾਉਣੇ ਨੇ ? ਬਟਨ ਕਿੰਨੇ ਲਾਈਏ ? ਜੇਬਾਂ ਦੋ ਜਾਂ ਇਕ ? ਅਸਲ ਵਿੱਚ ਗੱਲ ਇਹ ਸੀ ਕਿ ਉਹ ਆਲੇ ਦੁਆਲੇ ਦੇ ਪਿੰਡਾਂ ਤੋਂ ਆਉਣ ਵਾਲੇ ਗਾਹਕਾਂ ਦਾ ਕੰਮ ਕਰ ਕੇ ਦੇਈ ਜਾ ਰਹੇ ਸਨ ਤੇ ਮੈਂ ਲੋਕਲ ਸਾਂ। ਮੈਂ ਕਿਧਰ ਜਾਣਾ ਸੀ ! ਮੇਰਾ ਤਾਂ ਉਹ ਕਦੋਂ ਵੀ ਕਰ ਕੇ ਦੇ ਦਿੰਦੇ। ਮੇਰੀ ਉਨ੍ਹਾਂ ਨਾਲ ਕੁਝ ਜਾਣ ਪਛਾਣ ਵੀ ਸੀ। ਹੋਰ ਕੋਈ ਹੁੰਦਾ ਤਾਂ ਆਖ ਦਿੰਦਾ, ਨਹੀਂ ਬਣਾ ਕੇ ਦੇਣਾ ਗੇਟ, ਨਾ ਬਣਾਓ। ਮੈਂ ਹੋਰ ਕਿਧਰੇ ਸਾਈ ਫੜਾ ਦਿੰਨਾਂ। ਪਰ ਉਨ੍ਹਾਂ ਅੱਗੇ ਅੱਖਾਂ ਦੀ ਸ਼ਰਮ ਮਾਰਦੀ। ਤੇ ਫਿਰ ਫਰੇਮ ਬਣਾ ਕੇ ਸਾਹਮਣੇ ਰਖਿਆ ਪਿਆ ਸੀ।

ਬੁੱਢਾ ਬਾਬਾ ਕੁਰਸੀ ਡਾਹ ਕੇ ਸਾਹਮਣੇ ਬੈਠਾ ਰਹਿੰਦਾ। ਕੰਮ ਚਾਰ ਹੋਰ ਬੰਦੇ ਕਰਦੇ। ਇਨ੍ਹਾਂ ਵਿਚੋਂ ਇਕ ਅੱਧਖੜ ਉਮਰ ਦਾ ਸੀ, ਤਿੰਨ ਨੌਜਵਾਨ। ਉਹ ਮਾਹਵਾਰ ਤਨਖਾਹ



ਲੈਂਦੇ। ਬਾਬੇ ਦਾ ਮੁੰਡਾ ਵੀ ਸੀ। ਉਹ ਉਤਲੇ ਕੰਮ ਉਤੇ ਸਕੂਟਰ ਲੈ ਕੇ ਘੁੰਮਦਾ ਫਿਰਦਾ ਰਹਿੰਦਾ। ਵਰਕਸ਼ਾਪ ਵਿੱਚ ਲੋਹੇ ਦੇ ਗੇਟ ਤੇ ਖਿੜਕੀਆਂ ਦੀਆਂ ਗਰਿਲਾਂ ਬਣਦੀਆਂ। ਮੁੰਡਾ ਗਾਹਕਾਂ ਦੇ ਘਰੀਂ ਜਾ ਕੇ ਗੇਟਾਂ ਤੇ ਖਿੜਕੀਆਂ ਦੇ ਨਾਪ ਲੈਂਦਾ। ਜਾਂ ਫੇਰ ਬਾਜ਼ਾਰ 'ਚੋਂ ਲੋਹਾ ਖਰੀਦ ਕੇ ਲਿਆਉਂਦਾ। ਕਦੇ ਕਦੇ ਵੱਡੇ ਸ਼ਹਿਰੀਂ ਵੀ ਜਾਂਦਾ। ਨੌਜਵਾਨ ਮਿਸਤਰੀਆਂ ਵਿਚੋਂ ਚਰਨੀ ਸਭ ਤੋਂ ਛੋਟਾ ਸੀ। ਸਾਰੇ ਉਹਨੂੰ ਮਖੌਲ ਕਰਦੇ। ਬਾਬਾ ਤਾਂ ਝਿੜਕ ਵੀ ਦਿੰਦਾ। ਪਰ ਚਰਨੀ ਹਸਦਾ ਰਹਿੰਦਾ। ਉਹ ਕਿਸੇ ਦੀ ਗੱਲ ਦਾ ਗੁੱਸਾ ਨਾ ਕਰਦਾ। ਬੁੱਢਾ ਬਾਬਾ ਬਹੁਤਾ ਤਾਂ ਉਹਦੇ 'ਤੇ ਉਦੋਂ ਖਿਝਦਾ ਜਦੋਂ ਉਹ ਗੱਲੀਂ ਲੱਗ ਕੇ ਹੱਥਲਾ ਕੰਮ ਛੱਡ ਬੈਠਦਾ। ਕੋਈ ਗਾਹਕ ਗੇਟ ਬਣਵਾਉਣ ਲਈ ਪੁੱਛਣ ਆਉਂਦਾ ਤਾਂ ਬਾਬਾ ਸਵਾਲ ਕਰਦਾ, ਕਿੰਨਾ ਚੌੜਾ, ਕਿੰਨਾ ਉਚਾ ? ਜਾਂ ਪੁੱਛਦਾ, ਐਥੇ ਈ ਐ ਮਕਾਨ ਜਾਂ ਕੋਈ ਹੋਰ ਪਿੰਡ ਐ ?

ਚਰਨੀ ਮੂੰਹ ਚੁੱਕ ਕੇ ਗਾਹਕ ਵੱਲ ਝਾਕਣ ਲਗਦਾ ਤੇ ਸਵਾਲ ਕਰ ਬੈਠਦਾ, ਕਿੰਨੇ ਕਮਰੇ ਨੇ ਮਕਾਨ ਦੇ ? ਬਾਬਾ ਟੁੱਟ ਕੇ ਪੈ ਜਾਂਦਾ, ਓਏ ਤੈਂ ਕਮਰਿਆਂ ਤੋਂ ਛਿੱਕੂ ਲੈਣੈ ? ਸਾਨੂੰ ਤਾਂ ਗੇਟ ਤਾਈਂ ਮਤਲਬ ਐ। ਕਮਰਿਆਂ ਵਿੱਚ ਜਾ ਕੇ ਕੀ ਕਰਨੈਂ ਤੂੰ ? ਜਾਂ ਕੋਈ ਆਉਂਦਾ ਤੇ ਮਕਾਨ ਦੱਸ ਕੇ ਖਿੜਕੀਆਂ ਦੀ ਗੱਲ ਕਰਦਾ ਤਾਂ ਚਰਨੀ ਪੁੱਛਦਾ,ਕਿੰਨੇ ਹਜ਼ਾਰ ਖਰਚ ਆ ਗਿਆ ਮਕਾਨ 'ਤੇ ? ਤੂੰ ਆਵਦਾ ਕੰਮ ਕਰ ਓਏ, ਬਾਬਾ ਖਿਝਦਾ। ਦੂਜੇ ਮਿਸਤਰੀ ਗੁੱਝਾ ਗੁੱਝਾ ਹਸਦੇ। ਬਾਬੇ ਉਤੇ ਵੀ ਅਤੇ ਚਰਨੀ ਉਤੇ ਵੀ। ਕਦੇ ਅੱਧਖੜ ਮਿਸਤਰੀ ਕੁੰਢਾ ਸਿੰਘ ਨੇ ਚਰਨੀ ਨੂੰ ਕੋਈ ਕੰਮ ਸਮਝਾਉਣਾ ਹੁੰਦਾ ਤਾਂ ਉਹਨੂੰ ਜੰਡੂ ਸਾਹਬ ਕਹਿ ਕੇ ਬੁਲਾਉਂਦਾ। ਕਦੇ ਆਖਦਾ, ਮਿਸਤਰੀ ਗੁਰਚਰਨ ਸਿੰਘ ਜੀ। ਕਦੇ ਉਹ ਖਿਝਿਆ ਹੁੰਦਾ ਲੋਹੇ ਦਾ ਗੇਟ ਤਾਂ ਬੋਲ ਬੈਠਦਾ, ਪੱਤੀ ਘੁੱਟ ਕੇ ਫੜ ਓਏ, ਜੁੰਡਲਾ। ਮਾਰੂੰ ਸਾਲੇ ਦੇ ਚਾਂਟਾ।

ਗੇਟ 8 ਫੁੱਟ ਚੌੜਾ ਸੀ, 7 ਫੁੱਟ ਉਚਾ। 5 ਫੁੱਟ ਚੌੜਾ ਸੱਜਾ ਪੱਲਾ ਤੇ 3 ਫੁੱਟ ਦਾ ਖੱਬਾ ਪੱਲਾ। 5 ਫੁੱਟ ਵਾਲੇ ਪੱਲੇ ਉਤੇ ਮੈਂ ਕਹਿ ਕੇ ਲੋਹੇ ਦੀ ਪਲੇਟ ਵੱਖਰੀ ਲਵਾਈ ਤਾਂ ਜੋ ਇਸ ਉਤੇ ਆਪਣਾ ਨਾਂ ਲਿਖਵਾਇਆ ਜਾ ਸਕੇ। ਇਹ ਵੱਡਾ ਪੱਲਾ ਆਮ ਤੌਰ 'ਤੇ ਬੰਦ ਹੀ ਰਹਿਣਾ ਸੀ। ਦਰਵਾਜ਼ੇ 'ਤੇ ਨੇਮ ਪਲੇਟ ਤਾਂ ਜ਼ਰੂਰ ਹੋਣੀ ਚਾਹੀਦੀ ਹੈ, ਨਹੀਂ ਤਾਂ ਨਵੇਂ ਬੰਦੇ ਨੂੰ ਸ਼ਹਿਰ ਵਿੱਚ ਮਕਾਨ ਲੱਭਣਾ ਬਹੁਤ ਔਖਾ ਹੋ ਜਾਂਦੈ। ਨੇਮ ਪਲੇਟ ਦੋ ਪੇਚਾਂ ਨਾਲ ਪੱਲੇ ਉਤੇ ਕਸੀ ਹੋਈ ਸੀ। ਪੇਚ ਕੱਢ ਕੇ ਇਕੱਲੀ ਪਲੇਟ ਮੈਂ ਪੇਂਟਰ ਕੋਲ ਲੈ ਜਾਣੀ ਸੀ ਤੇ ਉਸ 'ਤੇ ਆਪਣਾ ਨਾਂ ਲਿਖਾ ਕੇ ਪੇਚ ਓਵੇਂ ਫੇਰ ਕਸ ਦੇਣੇ ਸਨ। ਗੇਟ ਫਿੱਟ ਕਰਨ ਦੋ ਮਿਸਤਰੀ ਆਏ। ਕੁੰਢਾ ਸਿੰਘ ਤੇ ਉਹ ਚਰਨੀ। ਅੱਧਾ ਘੰਟਾ ਉਹ ਪੱਲਿਆਂ ਨੂੰ ਉਤੇ ਥੱਲੇ ਤੇ ਏਧਰ ਉਧਰ ਕਰਦੇ ਰਹੇ। ਜਦੋਂ ਐਨ ਸਭ ਟਿਚਨ ਹੋ ਗਿਆ ਤਾਂ ਮੇਰੇ ਘਰਵਾਲੀ ਦੁਕਾਨ ਉਤੇ ਲੱਡੂ ਲੈਣ ਚਲੀ ਗਈ। ਮਕਾਨ ਦੀ ਛੱਬ ਤਾਂ ਗੇਟ ਲੱਗੇ ਤੋਂ ਹੀ ਬਣੀ ਸੀ। ਉਹ ਸੀ ਵੀ ਬਹੁਤ ਭਾਰੀ ਤੇ ਦੇਖਣ ਨੂੰ ਪੂਰਾ ਸੋਹਣਾ। ਗੇਟ ਨੇ ਤਾਂ ਮਕਾਨ ਨੂੰ ਕੋਠੀ ਬਣਾ ਦਿੱਤਾ ਸੀ। ਖੁਸ਼ੀ ਸੀ, ਲੱਡੂ ਤਾਂ ਜ਼ਰੂਰੀ ਸਨ। ਲਡੂਆਂ ਦੀ ਉਡੀਕ ਵਿੱਚ ਅਸੀਂ ਤਿੰਨੇ ਦੋ ਮੰਜੇ ਡਾਹ ਕੇ ਵਿਹੜੇ ਵਿੱਚ ਬੈਠ ਗਏ। ਸਾਡੇ ਜੁਆਕ ਏਧਰ ਉਧਰ ਨੱਚਦੇ, ਟੱਪਦੇ ਫਿਰਦੇ ਸਨ। ਉਹ ਸਕੂਲੋਂ ਆਏ ਸਨ ਤੇ ਗੇਟ ਦੀ ਖੁਸ਼ੀ ਵਿੱਚ ਬਸਤੇ ਵਿਹੜੇ ਵਿੱਚ ਹੀ ਵਗਾਹ ਮਾਰੇ ਸਨ। ਕੁੰਢਾ ਸਿੰਘ ਚਰਨੀ ਨੂੰ ਨਿੱਕੇ ਨਿੱਕੇ ਮਖੌਲ ਕਰ ਰਿਹਾ ਸੀ। ਉਹਦੇ ਮਖੌਲਾਂ ਵਿੱਚ ਕਿਸੇ ਗੁੱਝੇ ਗੁੱਝੇ ਮੋਹ ਦਾ ਅੰਸ਼ ਹੀ ਹੁੰਦਾ।

ਚਰਨੀ ਇਧਰ ਉਧਰ ਕਮਰਿਆਂ ਵੱਲ ਝਾਕਦਾ ਅਤੇ ਅੱਖਾਂ ਅੱਖਾਂ ਵਿੱਚ ਹੀ ਕੋਈ ਨਿਰਖ ਪਰਖ ਜਿਹੀ ਕਰੀ ਜਾ ਰਿਹਾ ਸੀ। ਉਹਦਾ ਧਿਆਨ ਕੁੰਢਾ ਸਿੰਘ ਵੱਲ ਨਹੀਂ ਸੀ। ਫੇਰ ਉਹਨੇ ਮੈਨੂੰ ਪੁੱਛ ਹੀ ਲਿਆ, ਕਦੋਂ ਬਣਾਇਆ ਸੀ ਇਹ ਮਕਾਨ ?

ਮਕਾਨ ਬਣੇ ਨੂੰ ਤਾਂ ਦਸ ਸਾਲ ਹੋਗੇ, ਗੁਰਚਰਨ ਸਿਆਂ, ਗੇਟ ਬੱਸ ਤੇਰੇ ਹੱਥੋਂ ਲੱਗਣਾ ਸੀ, ਜਿਵੇਂ ਮੈਂ ਵੀ ਉਹਨੂੰ ਮਿੱਠੀ ਮਸ਼ਕਰੀ ਕਰ ਦਿੱਤੀ ਹੋਵੇ।

ਕਮਰੇ ਤਿੰਨ ਨੇ ? ਉਹਨੇ ਇਧਰ ਉਧਰ ਗਰਦਨ ਘੁਮਾਈ।

ਹਾਂ, ਤਿੰਨ ਕਮਰੇ। ਨਾਲ ਵਰਾਂਡਾ, ਬਾਥ ਰੂਮ ਸਟੋਰ, ਰਸੋਈ ਤੇ ਸਕੂਟਰ ਸ਼ੈਡ ਵੀ।

ਮਕਾਨ ਐਨਾ ਕੁ ਤਾਂ ਚਾਹੀਦਾ ਈ ਐ, ਚਰਨੀ ਬੋਲਿਆ।

ਕੁੰਢਾ ਸਿੰਘ ਫੇਰ ਮੁਸਕਰਾਇਆ, ਮੁੱਛਾਂ ਵਿੱਚ ਹੀ। ਕਹਿੰਦਾ, ਅਸਲ ਵਿੱਚ ਜੀ, ਜੰਡੂ ਸਾਹਬ ਨੇ ਆਪ ਬਣਾਉਣੈ ਹੁਣ ਇਕ ਮਕਾਨ। ਉਹਦੀ ਗੱਲ ਤੇ ਚਰਨੀ ਦੀਆਂ ਅੱਖਾਂ ਦੇ ਚਿਰਾਗ ਲਟ ਲਟ ਬਲ ਉਠੇ। ਉਹਦੇ ਚਿਹਰੇ ਉਤੇ ਇਕ ਤਿੱਖੀ ਉਮੰਗ ਤੇ ਭਰਪੂਰ ਹਸਰਤ ਸੀ।

ਕਿਉਂ, ਪਹਿਲਾਂ ਨ੍ਹੀ ਕੋਈ ਮਕਾਨ ? ਮੈਂ ਹੈਰਾਨੀ ਨਾਲ ਪੁੱਛਿਆ।

ਪਹਿਲਾਂ ਕਿੱਥੇ ਜੀ, ਉਥੇ ਈ ਬੈਠਾ ਐ ਵਿਚਾਰਾ ਇਹ ਤਾਂ, ਖੋਲੇ ਵਿੱਚ।

ਕਿਉਂ, ਇਹ ਕੀ ਗੱਲ ?

ਚਰਨੀ ਨੇ ਆਪ ਦੱਸਣਾ ਸੁਰੂ ਕੀਤਾ, ਸਾਡਾ ਘਰ ਕਦੇ ਏਥੇ ਸਭ ਤੋਂ ਉਤੇ ਹੁੰਦਾ ਸੀ, ਹੁਣ ਥੱਲੇ ਲੱਗੇ ਪਏ ਆਂ, ਸਾਰਿਆਂ ਦੇ। ਮੈਂ ਕੱਲਾ ਈ ਆਂ। ਇਕ ਮੇਰੀ ਮਾਂ ਐ। ਸਾਡੇ ਕਾਰਖਾਨੇ ਅਸੀਂ ਵੀ ਏਸੇ ਤਰ੍ਹਾਂ ਮਿਸਤਰੀ ਰੱਖੇ ਹੁੰਦੇ ਸੀ।

ਉਹਦੀ ਗੱਲ ਵਿਚਕਾਰ ਹੀ ਟੋਕ ਕੇ ਕੁੰਢਾ ਸਿੰਘ ਕਹਿੰਦਾ, ਇਹਦਾ ਬਾਪ, ਭਾਈ ਸਾਅਬ, ਸਿਰੇ ਦਾ ਮਿਸਤਰੀ ਸੀ। ਉਹ ਲੋਹੇ ਦੇ ਹਲ ਬਣਾਉਂਦਾ ਹੁੰਦਾ। ਉਨ੍ਹਾਂ ਦਿਨਾਂ ਵਿੱਚ ਲੋਹੇ ਦਾ ਹਲ ਨਵਾਂ ਨਵਾਂ ਈ ਚੱਲਿਆ ਸੀ। ਟਰੈਕਟਰ ਤਾਂ ਕਿਸੇ ਕਿਸੇ ਘਰ ਹੀ ਹੁੰਦਾ। ਹੁਣ ਆਲੀ ਗੱਲ ਨ੍ਹੀਂ ਸੀ। ਲੱਕੜ ਦਾ ਹੱਲ, ਪਰ ਚਉ ਦੀ ਥਾਂ ਲੋਹੇ ਦਾ ਸਾਰਾ ਢਾਂਚਾ ਫਿੱਟ ਕਰ ਦਿਤਾ, ਇਹਦੇ ਬਾਪ ਵੱਲ ਟੁੱਟ ਕੇ ਪੈ ਗੇ ਪਿੰਡਾਂ ਦੇ ਪਿੰਡ। ਬੱਸ ਇਹ ਦੇਖ ਲੋ ਇਕ ਦਿਨ ਵਿੱਚ ਵੀਹ ਹਲ ਵੀ ਵਿਕ ਜਾਂਦੇ, ਤੀਹ ਵੀ। ਕਿਸੇ ਕਿਸੇ ਦਿਨ ਤਾਂ ਪੰਜਾਹ ਪੰਜਾਹ ਹਲ ਮੈਂ ਆਪ ਦੇਖੇ ਨੇ ਵਿਕਦੇ, ਆਪਣੇ ਅੱਖੀਂ। ਮੈਂ ਮਿਸਤਰੀ ਰਿਹਾਂ, ਇਨ੍ਹਾਂ ਦੇ ਕਾਰਖਾਨੇ। ਬਹੁਤ ਕਮਾਈ ਕੀਤੀ ਇਹਦੇ ਬਾਪ ਨੇ। ਪਰ ਜੀ ਸਭ ਖੇਹ ਖਰਾਬ ਗਈ।

ਕਿਉਂ, ਉਹ ਕਿਵੇਂ ?

ਉਹਨੂੰ, ਜੀ, ਸ਼ਰਾਬ ਪੀਣ ਦੀ ਆਦਤ ਪੈ ਗੀ ਸੀ। ਕੁੰਢਾ ਸਿੰਘ ਨੇ ਹੀ ਦੱਸਿਆ।

ਅੱਛਾ ?

ਸ਼ਰਾਬ ਵੀ ਢੰਗ ਸਿਰ ਹੁੰਦੀ ਐ, ਭਾਈ ਸਾਅਬ। ਪਰ ਉਹ ਤਾਂ ਤੜਕੇ ਈ ਲੱਗ ਜਾਂਦਾ। ਦਿਨੇ ਵੀ, ਆਥਣੇ ਵੀ। ਕੰਮ ਕੰਨੀ ਧਿਆਨ ਹਟ ਗਿਆ। ਫੇਰ ਮਾਲ ਓਨਾ ਤਿਆਰ ਨਾ ਹੋਇਆ ਕਰੇ। ਹੋਰ ਮਿਸਤਰੀਆਂ ਨੇ ਕਰ ਤਾ ਸ਼ੁਰੂ ਇਹੀ ਕੰਮ।

ਫੇਰ ?

ਫੇਰ ਜੀ, ਸਮਾਂ ਈ ਬਦਲ ਗਿਆ।

ਟਰੈਕਟਰ ਵਧਣ ਲੱਗ ਪੇ। ਲੋਹੇ ਦੇ ਹਲਾਂ ਦੀ ਪੁੱਛ ਥੋੜ੍ਹੀ ਹੋ ਗੀ। ਤੇ ਇਹਦੇ ਬਾਪ ਦਾ ਕਾਰਖਾਨਾ ਸਮਝੋ ਬੰਦ ਈ ਹੋ ਗਿਆ। ਪਰ ਉਹਦੀ ਸ਼ਰਾਬ ਓਵੇਂ ਦੀ ਓਵੇਂ। ਮਰ ਗੇ ਬੰਦੇ ਦੀ ਬਦਖੋਈ ਨ੍ਹੀਂ ਕਰਨੀ ਚਾਹੀਦੀ, ਪਰ ਉਹਨੇ, ਭਾਈ ਸਾਅਬ, ਘਰ ਦਾ ਕੱਖ ਨ੍ਹੀਂ ਛੱਡਿਆ। ਗੱਲ ਮੁਕਾਓ, ਸੰਦ ਵੀ ਵੇਚ'ਤੇ। ਚਰਨੀ ਦੀ ਮਾਂ ਚਰਨੀ ਨੂੰ ਲੈ ਕੇ ਪੇਕੀਂ ਜਾ ਬੈਠੀ। ਚਾਰ ਪੰਜ ਸਾਲ ਦਾ ਸੀ ਇਹ ਮਸਾਂ।

ਚਰਨੀ ਸਾਡੇ ਮੁੰਡੇ ਦੇ ਬਸਤੇ ਵਿਚੋਂ ਇਕ ਸਲੇਟੀ ਲੈ ਕੇ ਵਿਹੜੇ ਦੇ ਫਰਸ਼ ਉਤੇ ਹਲ ਦੀ ਤਸਵੀਰ ਬਣਾ ਰਿਹਾ ਸੀ। ਐਨੈ ਨੂੰ ਘਰਵਾਲੀ ਲੱਡੂਆਂ ਦਾ ਲਫਾਫਾ ਲੈ ਕੇ ਆ ਖੜ੍ਹੀ। ਸਾਡੀਆਂ ਗੱਲਾਂ ਉਥੇ ਹੀ ਰਹਿ ਗਈਆਂ। ਸਾਨੂੰ ਦੋ ਦੋ ਲੱਡੂ ਦੇ ਕੇ ਉਹਨੇ ਇਕ ਇਕ ਲੱਡੂ ਘਰ ਦੇ ਜਵਾਕਾਂ ਨੂੰ ਦਿੱਤਾ ਤੇ ਫੇਰ ਗੁਆਂਢ ਦੇ ਘਰਾਂ ਵਿੱਚ ਲੱਡੂ ਵੰਡਣ ਚਲੀ ਗਈ।

ਮਿਸਤਰੀਆਂ ਨੇ ਆਪਣੇ ਸੰਦ ਚੁੱਕੇ ਤੇ ਮੈਨੂੰ ਸਤਿ ਸ੍ਰੀ ਅਕਾਲ ਬੁਲਾ ਕੇ ਚਲੇ ਗਏ।

ਕੁਝ ਦੇਰ ਮੈਂ ਵਿਹੜੇ ਵਿੱਚ ਬੈਠਾ ਰਿਹਾ।

ਫਿਰ ਬਾਹਰ ਗਲੀ ਵਿੱਚ ਖੜ੍ਹਾ, ਇਹ ਦੇਖਣ ਲਈ ਕਿ ਬਾਹਰੋਂ ਲੋਹੇ ਦਾ ਗੇਟ ਕਿਹੋ ਜਿਹਾ ਲਗਦਾ ਹੈ। ਮੈਂ ਦੇਖਿਆ, ਗੇਟ ਦੀ ਨੇਮ ਪਲੇਟ ਉਤੇ ਸਲੇਟੀ ਨਾਲ ਲਿਖਿਆ ਹੋਇਆ ਸੀ-

ਗੁਰਚਰਨ ਸਿੰਘ ਜੰਡੂ

# ਚਾਂਦੀ ਦੀ ਤਸ਼ਤਰੀ ਵਿੱਚ ਸੁੱਚੇ ਮੋਤੀ

ਗੁਰਬਚਨ ਸਿੰਘ ਭੁੱਲਰ

ਮਨੁੱਖ ਦੇ ਜੀਵਨ ਉਤੇ ਬਚਪਨ ਤੋਂ ਹੀ ਆਲੇ-ਦੁਆਲੇ ਦਾ, ਖਾਸ ਕਰਕੇ ਉਨ੍ਹਾਂ ਲੋਕਾਂ ਦਾ ਪ੍ਰਭਾਵ ਪੈਣ ਲੱਗ ਜਾਂਦਾ ਹੈ ਜਿਨ੍ਹਾਂ ਨਾਲ ਉਹਦਾ ਵਾਹ ਪੈਂਦਾ ਹੈ। ਪ੍ਰਭਾਵ ਕਬੂਲਣ ਦਾ ਇਹ ਅਮਲ ਪੂਰਾ ਜੀਵਨ ਬਣਿਆ ਰਹਿੰਦਾ ਹੈ। ਕੁਦਰਤੀ ਹੈ, ਚੰਗੇ ਲੋਕਾਂ ਦਾ ਚੰਗਾ ਪ੍ਰਭਾਵ ਪੈਂਦਾ ਹੈ, ਮਾੜੇ ਲੋਕਾਂ ਦਾ ਮਾੜਾ। ਜਿਨ੍ਹਾਂ ਵੇਲਿਆਂ ਦੀ ਮੈਂ ਗੱਲ ਕਰਨ ਲੱਗਿਆ ਹਾਂ, ਲੋਕ ਬਹੁਤ ਭੋਲੇ ਅਤੇ ਛਲ-ਵਲ ਤੋਂ ਮੁਕਤ ਹੁੰਦੇ ਸਨ। ਉਨ੍ਹਾਂ ਨੇ ਅਨਪੜ੍ਹ ਹੋਣ ਕਰਕੇ ਪੋਥੀਆਂ-ਪੁਸਤਕਾਂ ਭਾਵੇਂ ਨਾ ਪੜ੍ਹੀਆਂ ਹੋਣ ਪਰ ਜੀਵਨ ਦੀ ਪੁਸਤਕ ਪੜ੍ਹ ਕੇ ਉਹ ਆਪਣੀ ਕਿਸਮ ਦੇ ਗਿਆਨੀ ਬਣ ਜਾਂਦੇ ਸਨ। ਆਪਣੇ ਮਾਹੌਲ, ਪਰੰਪਰਾ ਅਤੇ ਪਰਿਵਾਰ ਵਿਚੋਂ ਮਿੱਠਤ, ਸੱਚਾਈ ਅਤੇ ਈਮਾਨਦਾਰੀ ਜਿਹੇ ਗੁਣ ਉਹ ਸੁਤੇ-ਸਿਧ ਹੀ ਸਿੱਖ ਜਾਂਦੇ ਸਨ ਕਿਉਂਕਿ ਸਮਾਜ ਵਿਚ ਉਦੋਂ ਅਜਿਹੇ ਗੁਣਾਂ ਦੀ ਹੀ ਸਰਦਾਰੀ ਹੁੰਦੀ ਸੀ।

ਸਾਡੇ ਘਰ ਦੀ ਇਕ ਪਾਸੇ ਦੀ ਕੰਧ ਮੇਰੇ ਸਕੇ ਚਾਚਾ ਜੀ ਨਾਲ ਸਾਂਝੀ ਸੀ ਅਤੇ ਦੂਜੇ ਪਾਸੇ ਗੁਰਦਿੱਤੇ ਬੁੜ੍ਹੇ ਦਾ ਘਰ ਲਗਦਾ ਸੀ। ਉਹ ਵੈਰਾਗੀ ਸਾਧ ਵਜੋਂ ਜਾਣੇ ਜਾਂਦੇ ਸਨ। ਕਿਸੇ ਵੇਲੇ ਉਨ੍ਹਾਂ ਦੇ ਵੱਡ-ਵਡੇਰੇ ਜ਼ਰੂਰ ਵੈਰਾਗੀ ਸਾਧ ਰਹੇ ਹੋਣਗੇ ਪਰ ਮੇਰੇ ਦੇਖਣ ਵੇਲੇ ਹਾਲਤ ਪੂਰੀ ਤਰ੍ਹਾਂ ਵੱਖਰੀ ਬਣ ਚੁੱਕੀ ਸੀ। ਉਨ੍ਹਾਂ ਦਾ ਪਹਿਰਾਵਾ ਕਿਸੇ ਗੇਰੂਏ-ਭਗਵੇਂ ਦੀ ਥਾਂ ਬਿਲਕੁਲ ਸਾਡੇ ਵਾਲਾ ਸੀ। ਉਹ ਆਮ ਕਿਸਾਨਾਂ ਵਰਗੇ ਕੱਪੜੇ ਪਾਉਂਦੇ ਸਨ, ਪੱਗਾਂ ਬੰਨ੍ਹਦੇ ਸਨ ਅਤੇ ਦਾੜ੍ਹੀ-ਕੇਸ ਰਖਦੇ ਸਨ। ਜਦੋਂ ਕਦੇ ਅਸੀਂ ਖੇਡਦੇ ਹੋਏ ਬਾਬੇ ਗੁਰਦਿੱਤੇ ਦੇ, ਸਾਡੇ ਹਾਣੀ, ਪੋਤਿਆਂ ਨਾਲ ਉਨ੍ਹਾਂ ਦੇ ਘਰ ਚਲੇ ਜਾਂਦੇ, ਸਾਨੂੰ ਇਕ ਵੀ ਚੀਜ਼ ਅਜਿਹੀ ਨਹੀਂ ਸੀ ਦਿਸਦੀ ਜੋ ਸਾਡੇ ਘਰਾਂ ਤੋਂ ਵੱਖਰੇ ਤੌਰ ਉਤੇ ਸਾਧਾਂ ਵਾਲੀ ਹੋਵੇ।

ਪਿੰਡ ਦੇ ਆਮ ਜੱਟ ਕਿਸਾਨਾਂ ਨਾਲੋਂ ਉਨ੍ਹਾਂ ਦਾ ਜੇ ਕੋਈ ਫਰਕ ਬਾਕੀ ਸੀ, ਉਹ ਸਾਡੀਆਂ ਅੱਖਾਂ ਸਾਹਮਣੇ ਖਤਮ ਹੋ ਗਿਆ ਸੀ। ਇਹ ਫਰਕ ਕਿਸੇ ਦਬਾਅ ਕਾਰਨ ਨਹੀਂ ਸੀ ਮਿਟਿਆ ਸਗੋਂ ਆਲੇ-ਦੁਆਲੇ ਦੀ ਰੀਸ ਨਾਲ ਸਹਿਜ-ਸੁਭਾਅ ਹੀ ਮਿਟ ਗਿਆ ਸੀ। ਇਹ ਸੀ ਨਾਂਵਾਂ ਦਾ ਫਰਕ। ਘਰ ਦੇ ਵਡੇਰੇ ਦਾ ਨਾਂ ਗੁਰਦਿੱਤਾ ਰਾਮ ਸੀ। ਉਹਨੂੰ ਅਸੀਂ ਬਾਬਾ ਆਖਦੇ। ਸਾਥੋਂ ਵਡੇਰੀ ਉਮਰ ਦੇ ਲੋਕ ਉਹਨੂੰ ਗੁਰਦਿੱਤਾ ਬੁੜ੍ਹਾ ਆਖਦੇ। ਉਹਦੀ ਘਰਵਾਲੀ, ਸਾਡੀ ਅੰਬੋ, ਨੂੰ ਸਭ ਪਰਸੀ ਬੁੜ੍ਹੀ ਆਖਦੇ। ਉਨ੍ਹਾਂ ਦੇ ਇਕਲੌਤੇ ਪੁੱਤਰ, ਜਿਸ ਨੂੰ ਅਸੀਂ ਚਾਚਾ ਕਹਿੰਦੇ ਸੀ, ਦਾ ਨਾਂ ਚੇਤ ਰਾਮ ਸੀ। ਉਹਦੀ ਘਰਵਾਲੀ, ਸਾਡੀ ਚਾਚੀ ਦਾ ਨਾਂ ਭਗਵਾਨ ਕੌਰ ਸੀ। ਉਨ੍ਹਾਂ ਦੇ ਪੁੱਤਰਾਂ, ਸਾਡੇ ਹਾਣੀਆਂ-ਬੇਲੀਆਂ ਦੇ ਨਾਂ ਪ੍ਰੀਤਮ ਸਿੰਘ ਅਤੇ ਕਰਨੈਲ ਸਿੰਘ ਹੋ ਗਏ ਸਨ। ਰਹਿਣੀ-ਬਹਿਣੀ ਵਿੱਚ ਸਾਰਾ ਟੱਬਰ ਪੂਰਾ ਜੱਟ ਸੀ।

ਕਿੱਤਾ ਵੀ ਉਨ੍ਹਾਂ ਦਾ ਖੇਤੀਬਾੜੀ ਸੀ। ਉਨ੍ਹਾਂ ਕੋਲ ਆਪਣੀ ਜ਼ਮੀਨ ਤਾਂ ਹੈ ਹੀ ਸੀ, ਕੁਛ ਜ਼ਮੀਨ ਉਹ ਹੋਰ ਅਜਿਹੇ ਲੋਕਾਂ ਤੋਂ ਅੱਧੋ-ਅੱਧ ਉਤੇ ਲੈ ਲੈਂਦੇ ਜੋ ਜ਼ਮੀਨ ਦੇ ਮਾਲਕ ਤਾਂ ਹੁੰਦੇ ਸਨ ਪਰ ਕਿਸੇ ਕਾਰਨ ਖੇਤੀ ਨਹੀਂ ਸਨ ਕਰਦੇ। ਅੱਧੋ-ਅੱਧ ਦਾ ਮਤਲਬ ਇਹ ਹੁੰਦਾ ਸੀ ਕਿ ਉਸ ਜ਼ਮੀਨ ਵਿਚੋਂ ਜਿੰਨੀ ਪੈਦਾਵਾਰ ਹੁੰਦੀ, ਉਹਦਾ ਅੱਧਾ ਹਿੱਸਾ ਜ਼ਮੀਨ ਦੇ ਮਾਲਕ ਦਾ ਹੁੰਦਾ ਅਤੇ ਅੱਧਾ ਹਿੱਸਾ ਉਸ ਜ਼ਮੀਨ ਉਤੇ ਖੇਤੀ ਕਰਨ ਵਾਲਾ ਕਿਸਾਨ ਰੱਖ ਲੈਂਦਾ। ਮੇਰੇ ਪਿਤਾ ਜੀ ਫੌਜ ਵਿੱਚ ਸਨ ਅਤੇ ਅਸੀਂ ਤਿੰਨੇ ਭਾਈ ਪੜ੍ਹਨ ਦੇ ਰਾਹ ਪੈ ਗਏ ਸਾਂ। ਇਸ ਕਰਕੇ ਸਾਡਾ ਪਰਿਵਾਰ ਖੇਤੀ ਨਹੀਂ ਸੀ ਕਰਦਾ। ਕਈ ਸਾਲ ਸਾਡੀ ਕੁਛ ਜ਼ਮੀਨ ਸਾਡੇ ਇਨ੍ਹਾਂ ਗੁਆਂਢੀਆਂ ਦੀ ਵਾਹੀ ਹੇਠ ਰਹੀ।

1953 ਦੀ ਗੱਲ ਹੈ। ਅਪਰੈਲ ਦਾ ਮਹੀਨਾ ਸੀ। ਮੈਂ ਕਾਲਜ ਦਾ ਐਫ਼ ਐਸ ਸੀ. ਦਾ ਇਮਤਿਹਾਨ ਦੇ ਕੇ ਮੋਗੇ ਤੋਂ ਪਿੰਡ ਆਇਆ ਹੋਇਆ ਸੀ। ਇਕ ਸ਼ਾਮ ਜਦੋਂ ਖਾਸਾ ਹਨੇਰਾ ਹੋ ਚੱਲਿਆ ਸੀ, ਬਾਹਰੋਂ ਆਵਾਜ਼ ਆਈ, ਓ ਭਾਈ, ਕੋਈ ਹੈ ? ਬਿਜਲੀ ਅਜੇ ਸਾਡੇ ਪਿੰਡ ਆਈ ਨਹੀਂ ਸੀ। ਇਕ ਲਾਲਟੈਣ ਸੀ ਜੋ ਅੰਦਰ ਜਗ ਰਹੀ ਸੀ। ਮੈਂ ਜਾ ਕੇ ਕੁੰਡੀ ਖੋਲ੍ਹੀ ਤਾਂ ਚੰਦ ਦੇ ਘੁਸਮੁਸੇ ਚਾਨਣ ਵਿੱਚ ਬਾਬਾ ਗੁਰਦਿੱਤਾ ਖੜ੍ਹਾ ਸੀ। ਉਹਨੇ ਹੱਥ ਵਿੱਚ ਕੋਈ ਭਾਂਡਾ ਜਿਹਾ ਚੁੱਕਿਆ ਹੋਇਆ ਸੀ।

ਮੈਂ ਕਿਹਾ, ਆਉ, ਬਾਬਾ ਜੀ ਅੰਦਰ ਲੰਘ ਆਉ, ਐਸ ਵੇਲੇ ਕਿਵੇਂ ਆਉਣਾ ਹੋਇਆ ?

ਉਹ ਬੋਲਿਆ, ਨਹੀਂ ਕਾਕਾ ਮੈਂ ਅੰਦਰ ਨਹੀਂ ਆਉਣਾ। ਹੁਣੇ ਖੇਤੋਂ ਆਇਆ ਸੀ। ਅਜੇ ਨ੍ਹਾ ਕੇ ਰੋਟੀ ਵੀ ਖਾਣੀ ਹੈ। ਅੱਜ ਦਿਨੇ ਮੈਂ ਵਿਹਲਾ ਬੈਠਾ ਸੀ। ਪਿੜ ਵਿੱਚ ਜਿਥੇ ਥੋਡੇ ਵਾਲੀ ਕਣਕ ਕੱਢੀ ਸੀ, ਮੈਨੂੰ ਕੋਈ ਕੋਈ ਦਾਣਾ ਪਿਆ ਦਿੱਸਿਆ। ਮੈਂ ਚੁਗਣ ਲੱਗ ਪਿਆ। ਕੋਈ ਚਾਰ ਲੱਪਾਂ ਦਾਣੇ ਹੋ ਗਏ। ਉਹਦੇ ਬੋਲ ਵਿੱਚ ਮਿਹਨਤ ਦੇ ਫਲ ਦੀ ਖੁਸ਼ੀ ਸੀ। ਉਹਨੇ ਹੱਥ ਵਾਲੀ ਛੋਟੀ ਜਿਹੀ ਬਾਟੀ ਅੱਗੇ ਕੀਤੀ, ਐਹ ਲੈ, ਬਚੜਿਆ, ਆਬਦੇ ਹਿੱਸੇ ਦੇ ਅੱਧੇ, ਦੋ ਲੱਪਾਂ ਦਾਣੇ !

ਅੱਜ ਜਦੋਂ ਸਾਡੇ ਸਮਾਜ ਵਿੱਚ ਥੁੜੀ ਹੋਈ ਵਸਤੂ ਬਣ ਚੁੱਕੀ ਈਮਾਨਦਾਰੀ ਬਾਰੇ ਸੋਚਦਾ ਹਾਂ, ਇਹ ਘਟਨਾ ਅਕਸਰ ਚੇਤੇ ਆਉਂਦੀ ਹੈ। ਮਹਿਸੂਸ ਹੁੰਦਾ ਹੈ, ਬਾਬੇ ਗੁਰਦਿੱਤੇ ਨੇ ਜੋ ਮੈਨੂੰ ਫੜਾਏ ਸਨ, ਉਹ ਪਿੱਤਲ ਦੀ ਬਾਟੀ ਵਿੱਚ ਕਣਕ ਦੇ ਦਾਣੇ ਨਹੀਂ ਸਨ, ਇਕ ਨਿਰਮਲ-ਚਿੱਤ ਇਨਸਾਨ ਦੇ ਚਾਂਦੀ ਦੀ ਤਸ਼ਤਰੀ ਵਿੱਚ ਦਿੱਤੇ ਅਸ਼ੀਰਵਾਦੀ ਸੁੱਚੇ ਮੋਤੀ ਸਨ ਜਿਨ੍ਹਾਂ ਨੇ ਮੈਨੂੰ ਈਮਾਨਦਾਰੀ ਦੇ ਅਰਥ ਉਮਰ-ਭਰ ਵਾਸਤੇ ਸਮਝਾ ਦਿੱਤੇ !

ਮੈਂ ਨਹੀਂ ਸਮਝਦਾ, ਬਾਬੇ ਗੁਰਦਿੱਤੇ ਨੂੰ ਖੇਤੀ ਅਤੇ ਕਬੀਲਦਾਰੀ ਦੇ ਖਲਜਗਣ ਨੇ ਕਦੀ ਬਾਣੀ ਸੁਣਨ-ਜਾਣਨ ਦਾ ਮੌਕਾ ਦਿੱਤਾ ਹੋਵੇ, ਪਰ ਏਨਾ ਜ਼ਰੂਰ ਜਾਣਦਾ ਹਾਂ ਕਿ ਬਾਬੇ ਨਾਨਕ ਦਾ ਉਪਦੇਸ਼ 'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ' ਜ਼ਰੂਰ ਉਹਦੇ ਮਨ ਵਿਚ ਵਸਿਆ ਹੋਇਆ ਸੀ। ਇਹ ਪਰਾਇਆ ਹੱਕ ਭਾਵੇਂ ਕਣਕ ਦੇ ਕੁੱਲ ਦੋ ਲੱਪਾਂ ਦਾਣੇ ਹੀ ਕਿਉਂ ਨਾ ਹੋਣ !

# ਮੇਰੀ ਕਲਮ

## ਕੁਦਰਤ
ਮਾਸਟਰ ਸੰਜੀਵ ਧਰਮਾਣੀ



ਖੁੱਲ੍ਹੇ ਆਸਮਾਨ ਹੇਠਾਂ
ਰਾਤ ਨੂੰ ਬੈਠਾ - ਬੈਠਾ ਮੈਂ
ਕੁਦਰਤ ਨੂੰ ਨਿਹਾਰਨ ਲੱਗਾ ,
ਮਿੱਠੀ - ਮਿੱਠੀ ਰੁਮਕਦੀ ਹਵਾ ,
ਚਮਕਦੇ ਚੰਦ ਤੇ ਸਿਤਾਰੇ ਦੇਖੇ ,
ਚਾਨਣ ਨਾਲ ਭਰੀ ਰਾਤ ,
ਪਹਾੜਾਂ 'ਤੇ ਟਿਮਟਮਾਉਂਦੀਆਂ ਰੌਸ਼ਨੀਆਂ ,
ਇਹ ਸਭ ਮੈਨੂੰ ਕਈ ਖਿਆਲਾਂ ਵਿੱਚ ਡਬੋ ਗਏ ,
ਕੁਦਰਤ ਅਲੌਕਿਕ ਛਟਾ ਵਿਖੇਰ ਰਹੀ ਸੀ ,
ਅਚਾਨਕ ਇੱਕ ਤਾਰਾ ਟੁੱਟਿਆ ,
ਫੇਰ ਯਾਦ ਆਈ ਉਹ ਗੱਲ ਕਿ
ਟੁੱਟਦੇ ਤਾਰੇ ਤੋਂ ਕੋਈ ਮੰਨਤ ਮੰਗ ਲਓ ,
ਫੇਰ ਸੋਚੀਂ ਪੈ ਗਿਆ ਕਿ
ਸਭ ਕੁਝ ਤਾਂ ਦਿੱਤਾ ਹੈ ਪਰਮਾਤਮਾ ਨੇ ,
ਓਸ ਤੋਂ ਹੋਰ ਕੀ ਮੰਗ ਲਵਾਂ ਮੈਂ !
ਸ਼ਾਇਦ ਕੁਝ ਵੀ ਨਹੀਂ ਮੰਗਣਾ ਚਾਹੁੰਦਾ ਮੈਂ ,
ਕੁਝ ਵੀ ਨਹੀਂ ,
ਕੁਝ ਵੀ ਨਹੀਂ ,
ਕੁਝ ਵੀ ਨਹੀਂ ,
ਕਿਉਂਕਿ ਹੁਣ ਤਾਂ
ਕੁਦਰਤ ਤੇ ਪਰਮਾਤਮਾ ਦਾ
ਧੰਨਵਾਦ ਕਰਨ ਦੀ ਕੇਵਲ ਤੇ ਕੇਵਲ
ਮੇਰੀ ਹੀ ਵਾਰੀ ਹੈ...
ਹੁਣ ਅਗਲੇ ਜਨਮ ਵਿੱਚ ਹੀ
ਕੁਝ ਫਰਿਆਦ ਕਰਾਂਗੇ ,
ਓਸ ਪਰਮਾਤਮਾ ਕੋਲ ,
ਏਸ ਜਨਮ 'ਚ ਕਦੇ ਵੀ ਨਹੀਂ ;
ਧੰਨਵਾਦ ਤੇਰਾ ਪਰਮਾਤਮਾ ...

## ਅੱਜ ਕੱਲ ਦੇ ਲੀਡਰ
ਚਰਨ ਸਿੰਘ ਸ਼ਹੀਦ

ਖ਼ਬਰੇ ਕਿੱਥੋਂ ਆ ਗਏ ਕਈ ਫ਼ਰਜ਼ੀ ਲੀਡਰ
ਟਿੱਡੀਆਂ ਵਾਂਗੂੰ ਛਾ ਗਏ ਕਈ ਗ਼ਰਜ਼ੀ ਲੀਡਰ
ਇਟ ਚੁੱਕੋ, ਸੌ ਝਾਕਦੇ ਅੱਜ ਕੱਲ ਦੇ ਲੀਡਰ
ਸੁਰਖ਼ਾਂ ਵਾਂਗ ਪਟਾਕਦੇ ਅੱਜ ਕੱਲ ਦੇ ਲੀਡਰ
ਉੱਡਣ ਸਮੇਂ ਮੁਰਗ਼ਾਬੀਆਂ ਅੱਜ ਕੱਲ ਦੇ ਲੀਡਰ
ਝੂਮਣ ਵਾਂਗ ਸ਼ਰਾਬੀਆਂ ਅੱਜ ਕੱਲ ਦੇ ਲੀਡਰ
ਜਿਵੇਂ ਤਿਲੀਅਰਾਂ ਡਾਰ ਨੇ ਅੱਜ ਕੱਲ ਦੇ ਲੀਡਰ
ਯਾ ਕੋਈ ਹਿਰਨ-ਕਤਾਰ ਨੇ ਅੱਜ ਕੱਲ ਦੇ ਲੀਡਰ
ਇਕ ਸੱਦੋ ਦਸ ਆਂਵਦੇ ਅੱਜ ਕੱਲ ਦੇ ਲੀਡਰ
ਬਾਗ਼ ਫ਼ਸਲ ਚਰ ਜਾਂਵਦੇ ਅੱਜ ਕੱਲ ਦੇ ਲੀਡਰ
ਰਜ ਰਜ ਸ਼ੋਰ ਮਚਾਂਵਦੇ ਅੱਜ ਕੱਲ ਦੇ ਲੀਡਰ
ਜ਼ਿਮੀਂ ਅਕਾਸ਼ ਮਿਲਾਂਵਦੇ ਅੱਜ ਕੱਲ ਦੇ ਲੀਡਰ
ਪਰ ਜਦ ਤਕਣ ਬੰਦੂਕ ਨੂੰ ਅੱਜ ਕੱਲ ਦੇ ਲੀਡਰ
ਮਾਤ ਕਰਨ ਤਦ ਭੂਕ ਨੂੰ ਅੱਜ ਕੱਲ ਦੇ ਲੀਡਰ
ਸ਼ੁੱਰਰ ਭੁੱਰਰ ਹੋ ਜਾਂਵਦੇ ਅੱਜ ਕੱਲ ਦੇ ਲੀਡਰ
ਫ਼ੈਰੋਂ ਜਾਨ ਬਚਾਂਵਦੇ ਅੱਜ ਕੱਲ ਦੇ ਲੀਡਰ
ਫੰਧਕ ਕਰਨ ਹਰਾਨ ਜੀ ਅੱਜ ਕੱਲ ਦੇ ਲੀਡਰ
ਡਾਢੇ ਨੀਤੀਵਾਨ ਜੀ ਅੱਜ ਕੱਲ ਦੇ ਲੀਡਰ
ਗੱਲੀਂ ਅਰਸ਼ ਝੁਕਾਂਵਦੇ ਅੱਜ ਕੱਲ ਦੇ ਲੀਡਰ
ਪੱਲੇ ਕੱਖ ਨਾ ਪਾਂਵਦੇ ਅੱਜ ਕੱਲ ਦੇ ਲੀਡਰ
ਮਤਲਬ ਦੇ ਅਤਿ ਯਾਰ ਨੇ ਅੱਜ ਕੱਲ ਦੇ ਲੀਡਰ
ਬਦਲਨ ਵਿਚ ਹੁਸ਼ਿਆਰ ਨੇ ਅੱਜ ਕੱਲ ਦੇ ਲੀਡਰ
ਏਧਰ ਦਿਲ ਭੜਕਾਂਵਦੇ ਅੱਜ ਕੱਲ ਦੇ ਲੀਡਰ
ਓਧਰ ਅੱਖ ਲੜਾਂਵਦੇ ਅੱਜ ਕੱਲ ਦੇ ਲੀਡਰ
ਅਸਲ ਲੀਡਰਾਂ ਵਾਸਤੇ ਅੱਜ ਕੱਲ ਦੇ ਲੀਡਰ
ਸੂਲਾਂ ਹਨ ਵਿਚ ਰਾਸਤੇ ਅੱਜ ਕੱਲ ਦੇ ਲੀਡਰ
ਬਣ ਸੁਥਰੇ ਨਿਸ਼ਕਾਮ ਹੀ ਅੱਜ ਕੱਲ ਦੇ ਲੀਡਰ
ਦੁਖ ਕਟ ਸਕਣ ਤਮਾਮ ਹੀ ਅੱਜ ਕੱਲ ਦੇ ਲੀਡਰ
ਦੇਸ਼ ਨੂੰ ਕਰਦੇ ਚੂਰ ਹੀ ਜੋ ਫ਼ਰਜ਼ੀ ਲੀਡਰ
ਅੱਲਾ ਰੱਖੇ ਦੂਰ ਹੀ ਓਹ ਗ਼ਰਜ਼ੀ ਲੀਡਰ

## ਫੁੱਲ ਤੋੜਦੀ ਨੂੰ
ਵਿਧਾਤਾ ਸਿੰਘ ਤੀਰ

ਫੁੱਲ ਤੋੜਦੀਏ ! ਅੰਜਾਣ ਕੁੜੇ !
ਕਲੀਆਂ ਦੀਆਂ ਮਹਿਕਾਂ ਮਾਣਦੀਏ ।
ਨੀ ਕੁੜੀਏ ! ਜੋਬਨ-ਰੰਗ ਭਰੀਏ !
ਨੀ ! ਫੁੱਲ ਕਲੀਆਂ ਦੇ ਹਾਣਦੀਏ ।
ਕਿਹੀ ਸੋਹਣੀ ਤੇਰੀ ਸੂਰਤ ਏ ?
ਕਲੀਆਂ ਸੰਗ ਮਿਲਦੀ ਜੁਲਦੀ ਏਂ ।
ਕਿਹੀ ਮਿੱਠੀ ਤੇਰੀ ਤੱਕਣੀ ਏ,
ਫੁੱਲਾਂ ਦੇ ਕੰਡੇ ਤੁਲਦੀ ਏਂ ।
ਨੀ ਕੀ ਜਾਣੇਂ ? ਤੂੰ ਅੱਲ੍ਹੜ ਏਂ,
ਕੀ ਹੁੰਦਾ ਪ੍ਰੇਮ ਪਿਆਰ ਕੁੜੇ !
ਤੂੰ ਜਾਗੇਂ ਪਈ ਪਰ ਸੁੱਤਾ ਏ,
ਤੇਰਾ ਸੁਪਨਾ-ਸੰਸਾਰ ਕੁੜੇ ।
ਫੁੱਲ ਕਲੀਆਂ ਤੈਨੂੰ ਤੱਕਦੇ ਨੇ,
ਤੇਰੇ ਤੇ ਹੱਸ ਹੱਸ ਮਰਦੇ ਨੇ ।
ਤੂੰ ਅੱਲ੍ਹੜ ਭੋਲੀ ਨਾ ਜਾਣੇਂ,
ਤੇਰੇ ਵਿਚ ਪ੍ਰੀਤਾਂ ਭਰਦੇ ਨੇ ।
ਤੂੰ ਫੁੱਲ ਕਲੀਆਂ ਵਿਚ ਖੇਡੇਂ ਨੀ !
ਫੁੱਲ ਕਲੀਆਂ ਵਿਚ ਫੁੱਲ ਕਲੀ ਬਣੀ ।
ਫੁੱਲ ਕਲੀਆਂ ਅੰਦਰ ਤੂੰ ਮਹਿਕੇਂ,
ਬਣ ਬਣ ਸਭਨਾਂ ਦੀ ਜਿੰਦ-ਕਣੀ ।
ਰਾਹਾਂ ਵਿਚ ਫੁੱਲ-ਪਟਾਰੀ ਲੈ,
ਤੂੰ ਵੇਚਣ ਲਈ ਜਦ ਬਹਿੰਦੀ ਏਂ ।
ਦਿਲ ਤੇਰਾ, ਗੱਲਾਂ ਕਰਦਾ ਏ,
ਪਰ ਮੂੰਹੋਂ ਕੁਝ ਨਾ ਕਹਿੰਦੀ ਏਂ ।
ਇਹ ਕੁਦਰਤ-ਰੂਪ ਸ਼ਰਾਬ ਭਰੀ,
ਬਣਿਆ ਹਰ ਫੁੱਲ ਪਿਆਲਾ ਨੀ ।
ਪੀ ਪੀ ਕੇ ਜਾਂਦੇ ਰਾਹੀਆਂ ਦਾ,
ਮਨ ਹੋ ਉਠਦਾ ਮਤਵਾਲਾ ਨੀ ।
ਹੈ ਦਿਸਦੀ ਤੇਰੇ ਚੇਹਰੇ ਤੇ,
ਨੱਚ ਰਹੀ ਜਵਾਨੀ ਫੁੱਲਾਂ ਦੀ ।
ਤੇਰੇ ਖੇੜੇ ਤੋਂ ਲੱਭਦੀ ਏ,
ਸਭ ਪਤਾ ਨਿਸ਼ਾਨੀ ਫੁੱਲਾਂ ਦੀ ।
ਹਾਸੇ ਤੇਰੇ ਵਿੱਚ ਸੱਚ ਆਖਾਂ,
ਵੇਖੇਂ ਨਾ ਖਿੜੀਆਂ ਕਲੀਆਂ ਨੇ ।
ਨੀ ! ਫੁੱਲ ਸਿੰਜਣ ਲਈ ਕੋਲ ਤੇਰੇ,
ਨੈਣਾਂ ਦੀਆਂ ਗੰਗਾ-ਜਲੀਆਂ ਨੇ ।
ਅੱਜ ਯਾਦ ਤੇਰੀ ਲੈ ਜਾਵਾਂਗੇ,
ਤੂੰ ਹੱਸ ਕੇ ਦੇਵੀਂ ਫੁੱਲ ਕੁੜੇ ।
ਪਰ ਇਸ ਹਾਸੇ ਤੇ ਫੁੱਲਾਂ ਦਾ,
ਨਹੀਂ ਕੋਲ ਕਵੀ ਦੇ ਮੁੱਲ ਕੁੜੇ ।
ਇਉਂ ਅਮਰ-ਜੋਤ ਹੋ ਜਾਵੇਂਗੀ,
ਰਸੀਆਂ ਸੰਗ ਨੈਣ ਰਸਾ ਕੁੜੀਏ ।
ਫਿਰ ਕਾਲ ਜਾਲ ਦੀ ਚਿੰਤਾ ਨਹੀਂ,
ਪਈ ਜੀਵਨ ਅਮਰ ਬਿਤਾ ਕੁੜੀਏ ।
ਇਹ ਯਾਦ ਤੇਰੀ ਰਖ ਦਿਲ ਅੰਦਰ,
ਪਏ ਮਹਿਕ ਫੁੱਲਾਂ ਦੀ ਮਾਣਾਂਗੇ ।
ਇਹ ਹਾਸਾ ਤੇਰਾ ਵੇਖ ਵੇਖ,
ਦਿਲ ਅੰਦਰ ਬੈਠੀ ਜਾਣਾਂਗੇ ।

## ਮਾਂ
ਪ੍ਰੋਫੈਸਰ ਮੋਹਨ ਸਿੰਘ

ਮਾਂ ਵਰਗਾ ਘਣ ਛਾਵਾਂ ਬੂਟਾ,
ਮੈਨੂੰ ਨਜ਼ਰ ਨਾ ਆਏ ।
ਲੈ ਕੇ ਜਿਸ ਤੋਂ ਛਾਂ ਉਧਾਰੀ,
ਰੱਬ ਨੇ ਸੁਰਗ ਬਣਾਏ ।
ਬਾਕੀ ਕੁਲ ਦੁਨੀਆਂ ਦੇ ਬੂਟੇ,
ਜੜ੍ਹ ਸੁਕਿਆਂ ਮੁਰਝਾਂਦੇ,
ਐਪਰ ਫੁੱਲਾਂ ਦੇ ਮੁਰਝਾਇਆਂ,
ਇਹ ਬੂਟਾ ਸੁਕ ਜਾਏ ।



## ਵਿਅੰਗ
## ਸੁੱਖੇ ਦੀਆਂ ਧਾਹਾਂ
ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ ਕੇ
ਟੈਲੀਫੋਨ: 07748772308



ਸਿਮਰੋ ਦੇ ਗਲ਼ ਲੱਗ, ਸੁੱਖਾ ਰੋਵੇ ਬੁੱਕ ਬੁੱਕ,
ਪਿਤਾ ਦੇ ਸਮਾਨ ਸਾਡਾ, ਬੁੜ੍ਹਾ ਅੱਜ ਗਿਆ ਮੁੱਕ।

ਕਿਹਨੂੰ ਅਸੀਂ ਕਹਿ ਹੁਣ, ਬਾਪੂ ਜੀ ਬੁਲਾਵਾਂਗੇ,
ਕਿਹਦੇ ਪਿੱਛੇ ਪਿੱਛੇ ਲੁਕ, ਪਾਪ ਹੁਣ ਕਮਾਵਾਂਗੇ।

ਸਿਰ ਉਹਦੇ ਚੜ੍ਹ ਅਸੀਂ, ਕੀਤੀ ਬੜੀ ਐਸ਼ ਸੀ,
ਲੋਕਾਂ ਦੀ ਤਾਂ ਬਾਹਰ, ਸਾਡੀ ਘਰੇ ਹੀ ਵਲੈਤ ਸੀ।

ਨੋਟਾਂ ਦੇ ਟਰੱਕ ਭਰ, ਹਰ ਰੋਜ਼ ਆਉਂਦੇ ਸੀ,
ਖੁਸ਼ੀਆਂ ਦੇ ਨਾਲ ਅਸੀਂ, ਫੁੱਲੇ ਨਾ ਸਮਾਉਂਦੇ ਸੀ।

ਹਰ ਪਾਸੇ ਸਾਡੀ ਹੁੰਦੀ, ਮਾਰ ਮਾਰ ਬੱਸ ਸੀ,
ਉਹ ਕਿਹੜਾ ਰੂਟ ਜਿੱਥੇ, ਸਾਡੀ ਨਹੀਂਉਂ ਬੱਸ ਸੀ ?

ਮੀਸਣਾ ਤੇ ਲਿਫਤਾ, ਬੁੜ੍ਹਾ ਸਾਡਾ ਸ਼ੇਰ ਸੀ,
ਘਾਤ ਲਾਕੇ ਹਮਲੇ ਦਾ, ਬੜਾ ਉਹ ਦਲੇਰ ਸੀ।

ਕਿੱਥੇ ਕਿੱਥੇ ਕਿਹੜੇ ਕਿਹੜੇ, ਸੌਦੇ ਉਸ ਕੀਤੇ ਨਹੀਂ,
ਕਿਹੜੇ ਕਿਹੜੇ ਬੰਦੇ ਉਹਨੇ, ਸਬੂਤੇ ਖਾਧੇ ਪੀਤੇ ਨਹੀਂ ?

ਕੌਮ ਦੀਆਂ ਬੇੜੀਆਂ 'ਚ, ਵੱਟੇ ਡਾਢੇ ਪਾ ਗਿਆ,
ਸਿੱਖੀ ਦੇ ਅਸੂਲਾਂ ਨੂੰ ਵੀ, ਐਨ੍ਹ ਖੂੰਜੇ ਲਾ ਗਿਆ।

ਕੁਰਸੀ ਬਚਾਉਣ ਲਈ, ਕਿੱਥੇ ਮੱਥੇ ਟੇਕੇ ਨਹੀਂ,
ਕਿਹੜੇ ਸੀ ਉਹ ਪਿੰਡ ਜਿੱਥੇ, ਉਹਨੇ ਖੋਲ੍ਹੇ ਠੇਕੇ ਨਹੀਂ ?

ਕਾਲ਼ੇ, ਚਿੱਟੇ ਨਸ਼ਿਆਂ ਦੀਆਂ, ਛਬੀਲਾਂ ਰੱਜ ਲਾ ਗਿਆ,
ਪੀੜ੍ਹੀਆਂ ਦਾ ਰੋਣਾ ਗਲ਼, ਲੋਕਾਂ ਦੇ ਉਹ ਪਾ ਗਿਆ।

ਚਲਾਕੀਆਂ ਦੇ ਭੇਦ ਕਈ, ਨਾਲ ਹੀ ਉਹ ਲੈ ਗਿਆ,
ਬੱਕ ਬੁੱਕ ਰੋਣਾ ਹੁਣ, ਸਾਡੇ ਗਲ਼ ਪੈ ਗਿਆ।

ਕੇਸਾਂ ਦੀਆਂ ਪੇਸ਼ੀਆਂ ਹੁਣ, ਮੇਰੇ ਪੱਲੇ ਪੈ ਗਈਆਂ,
ਉਹਦੀਆਂ ਬਲਾਵਾਂ ਬੂਹੇ, ਮੇਰੇ ਆਣ ਬਹਿ ਗਈਆਂ।

ਲੇਖਾਂ ਦੀਆਂ ਲਿਖੀਆਂ ਦਾ, ਲੇਖਾ ਹੁਣ ਦੇਵਾਂ ਕਿੱਦਾਂ,
ਆਪੇ ਬੁਣੇ ਜਾਲ ਵਿੱਚੋਂ, ਹੱਡ ਮੈਂ ਛੁਡਾਵਾਂ ਕਿੱਦਾਂ ?

ਢਿੱਡ ਵਿੱਚ ਰੱਖੀਆਂ ਦੇ, ਰਾਜ਼ ਜਾਕੇ ਖੋਲ੍ਹਾਂ ਕਿੱਥੇ,
ਢੋਲ ਜਿਹੇ ਢਿੱਡ ਨੂੰ ਮੈਂ, ਚੱਕ ਚੱਕ ਤੋਲਾਂ ਕਿੱਥੇ ?

ਮੁੱਕਦੀ ਨਾ ਗੱਲ ਕਿਤੇ, ਛੇਤੀ ਜੇ ਮੁਕਾਵਾਂ ਮੈਂ,
ਲੱਭਦੀ ਨਾ ਸ਼ਾਂਤੀ ਮੈਨੂੰ, ਕਿੱਥੇ ਹੁਣ ਜਾਵਾਂ ਮੈਂ ?
ਲੱਭਦੀ ਨਾ ਸ਼ਾਂਤੀ ਮੈਨੂੰ, ਕਿੱਥੇ ਹੁਣ ਜਾਵਾਂ ਮੈਂ ?

## ਸੋਹਣੀ ਦੀ ਝੁੱਗੀ
ਪ੍ਰੋਫੈਸਰ ਪੂਰਨ ਸਿੰਘ



ਮੈਨੂੰ ਦਿਸਦੀ ਝਨਾਂ ਦੇ ਪਾਰਲੇ ਕੰਢੇ,
ਦੂਰ ਨੂਰ ਵਿੱਚ ਡੁੱਬੀ ਨਿੱਕੀ ਜਿਹੀ ਝੁੱਗੀ,
ਸਿਰਫ਼ ਉਹ ਥਾਂ ਚਮਕਦੀ,
ਹੋਰ ਸਭ ਝਨਾਂ ਦਾ ਪਾਣੀ ਤੇ ਕੰਢਾ ਹਨੇਰਾ ਹਨੇਰਾ,
ਤੇ ਹਨੇਰੇ ਵਿੱਚ ਚਮਕਦੀ, ਉਹ ਇਕ ਤਾਰਾ,
ਇਕ ਖਿੱਤੀ ਨੂਰ ਦੀ,
ਇਹ ਸੋਹਣੀ ਦਾ ਦਿਲ ਹੈ ।
ਇੱਥੇ ਵੱਸਦੀ ਸਦਾ ਦੀ ਜ਼ਿੰਦਗੀ,
ਪੰਜਾਬ ਦੀ ਭਕਦੀ, ਕੂਕਦੀ ਜਵਾਨੀ ।

ਇਸ ਝੁੱਗੀ ਥੀਂ ਵਾਰੇ ਲੱਖ ਲੱਖ ਸਲਤਨਤਾਂ,
ਝਨਾਂ ਰੋਹੜ ਵਾਰਦਾ ਲੱਖ ਵੇਰੀ,
ਤੇ ਰੱਖਦਾ ਜ਼ੰਜੀਰਾਂ ਪਾ ਆਪਣੇ ਕੰਢੇ ਤੇ ਇਹ ਝੁੱਗੀ,
ਇਹ ਝੁੱਗੀ ਸਦਾ ਵੱਸਦੀ,
ਦੀਵਾ ਅੰਦਰ ਪਿਆ ਬਲਦਾ,
ਸੋਹਣੀ ਦਾ ਫ਼ਕੀਰ-ਪਾਤਸ਼ਾਹ ਇੱਥੇ ਵੱਸਦਾ ।

ਕੁਲਦੀਪ ਸਾਹਿਲ

# ਤੂੰਬੀ ਅਤੇ ਸੁਰੀਲੀ ਆਵਾਜ਼ ਦਾ ਬਾਦਸ਼ਾਹ ਮਹਾਨ ਲੋਕ ਗਾਇਕ ਯਮਲਾ ਜੱਟ





ਤੂੰਬੀ ਅਤੇ ਸੁਰੀਲੀ ਆਵਾਜ਼ ਦੇ ਬਾਦਸ਼ਾਹ ਵਜੋਂ ਜਾਣੇ ਜਾਂਦੇ ਇਸ ਮਹਾਨ ਗਾਇਕ ਦਾ ਜਨਮ 28 ਮਾਰਚ 1910 ਨੂੰ ਮਾਤਾ ਹਰਨਾਮ ਕੌਰ ਤੇ ਪਿਤਾ ਖਹਿਰਾ ਰਾਮ ਦੇ ਘਰ ਚੱਕ ਨੰਬਰ 384 ਟੋਭਾ ਟੇਕ ਸਿੰਘ ਲਾਇਲਪੁਰ ਪਾਕਿਸਤਾਨ ਵਿੱਚ ਹੋਇਆ ਸੀ। 1947 ਵਿੱਚ ਜਦੋਂ ਭਾਰਤ ਪਾਕਿਸਤਾਨ ਦੀ ਵੰਡ ਹੋਈ ਤਾਂ ਉਨ੍ਹਾਂ ਦਾ ਪੂਰਾ ਪਰਿਵਾਰ ਜਵਾਹਰ ਨਗਰ ਲੁਧਿਆਣਾ ਵਿੱਚ ਆ ਕੇ ਵੱਸ ਗਿਆ ਸੀ।

ਲਾਲ ਚੰਦ ਯਮਲਾ ਜੱਟ ਨੂੰ ਬਚਪਨ ਤੋਂ ਹੀ ਗਾਉਣ ਦਾ ਸ਼ੌਕ ਸੀ ਇਸ ਲਈ ਉਸ ਨੇ ਸੰਗੀਤ ਦਾ ਹਰ ਵੱਲ ਸਿੱਖਣ ਲਈ ਪੰਡਿਤ ਦਿਆਲ ਤੇ ਚੌਧਰੀ ਮਜਿਦ ਨੂੰ ਆਪਣਾ ਉਸਤਾਦ ਧਾਰਿਆ। ਉਸ ਦੇ ਗੀਤਾਂ ਦੀ ਪਹਿਲੀ ਰਿਕਾਰਡਿੰਗ 1952 ਨੂੰ ਐਂਚ.ਐੱਮ.ਵੀ. ਕੰਪਨੀ ਨੇ ਕੀਤੀ ਸੀ ਜਿਸ ਦੇ ਸਾਰੇ ਗੀਤ ਬਹੁਤ ਮਕਬੂਲ ਹੋਏ ਸਨ। ਲਾਲ ਚੰਦ ਯਮਲਾ ਜੱਟ ਆਪਣੀ ਤੁਰਲੇ ਵਾਲੀ ਪੱਗ ਅਤੇ ਤੂੰਬੀ ਦੇ ਬਾਦਸ਼ਾਹ ਵਜੋਂ ਦੁਨੀਆ ਵਿੱਚ ਮਸ਼ਹੂਰ ਸੀ। ਇੱਕ ਤਾਰ ਉੱਤੇ ਪੋਟੇ ਲਗਾ ਕੇ ਸੱਤ ਸੁਰਾਂ ਜਗਾਉਣ ਦਾ ਨਵਾਂ ਤਜਰਬਾ ਹਾਸਲ ਕਰਨਾ ਉਸ ਦੇ ਹੀ ਹਿੱਸੇ ਆਇਆ ਸੀ। ਜਦ ਉਹ ਤੂੰਬੀ ਟੁਣਕਾਉਂਦਾ ਸੀ ਤਾਂ ਸਰੋਤੇ ਮੰਤਰ-ਮੁਗਧ ਹੋ ਜਾਂਦੇ ਸਨ। ਉਸ ਦੀ ਆਵਾਜ਼ ਵਿੱਚ ਇੱਕ ਕਿਸਮ ਦਾ ਜਾਦੂ ਹੀ ਸੀ, ਜਦੋਂ ਉਹ ਸ਼ਬਦਾਂ ਨੂੰ ਸੁਰ ਪ੍ਰਦਾਨ ਕਰਦਾ ਸੀ ਤਾਂ ਸੰਗੀਤ ਦਾ ਇੱਕ ਅਲੌਕਿਕ ਨਜ਼ਾਰਾ ਬੱਝ ਜਾਂਦਾ ਸੀ। ਇਸ ਗਾਇਕ ਦੇ ਉਸ ਵੇਲੇ ਦੇ ਮਕਬੂਲ ਹੋਏ ਗੀਤ ਹੁਣ ਵੀ ਲੋਕਾਂ ਲਈ ਸਦਾਬਹਾਰ ਹਨ:

* ਸਤਿਗੁਰ ਨਾਨਕ ਤੇਰੀ ਲੀਲ੍ਹਾ ਨਿਆਰੀ ਏ, ਨੀਝਾਂ ਲਾ ਲਾ ਵੇਂਹਦੀ ਦੁਨੀਆ ਸਾਰੀ ਏ
* ਜੰਗਲ ਦੇ ਵਿੱਚ ਖੂਹਾ ਲੁਆ ਦੇ, ਉੱਤੇ ਲੁਆ ਦੇ ਡੋਲ, ਸਖੀਆਂ ਨਾਮ ਸਾਂਈਂ ਦਾ ਬੋਲ
* ਤੇਰੇ ਨੀਂ ਕਰਾਰਾਂ ਮੈਨੂੰ ਪੱਟਿਆ, ਦੱਸ ਮੈਂ ਕੀ ਪਿਆਰ ਵਿੱਚੋਂ ਖੱਟਿਆ
* ਖੇਡਣ ਦੇ ਦਿਨ ਚਾਰ ਜਵਾਨੀ ਫੇਰ ਨੀਂ ਆਉਣੀ
* ਯਮਲਿਆ ਕੀ ਲੈਣਾ ਕਿਸੇ ਨਾਲ ਕਰਕੇ ਪਿਆਰ
* ਇਕਤਾਰਾ ਵੱਜਦਾ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ
* ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ

ਯਮਲੇ ਜੱਟ ਨੂੰ ਤੂੰਬੀ ਦਾ ਜਨਮਦਾਤਾ ਆਖਿਆ ਜਾਂਦਾ ਹੈ। ਉਹ ਇੱਕ ਤਾਰ ਉੱਤੇ ਸੱਤ ਸੁਰ ਜਗਾਉਣ ਦੀ ਕਲਾ ਜਾਣਦਾ ਸੀ। ਉਸ ਵੇਲੇ ਵੱਡੇ-ਵੱਡੇ ਸਾਜ਼ ਨਹੀਂ ਹੁੰਦੇ ਸਨ, ਯਮਲੇ ਜੱਟ ਵੱਲੋਂ ਸਿਰਫ਼ ਘੜਾ, ਢੋਲਕੀ, ਹਾਰਮੋਨੀਅਮ ਅਤੇ ਤੂੰਬੀ ਨਾਲ ਸਾਫ਼-ਸੁਥਰੇ ਅਤੇ ਸਮਾਜਿਕ ਸਿੱਖਿਆ ਵਾਲੇ ਗੀਤ ਗਾਏ ਜਾਂਦੇ ਸਨ। ਉਸ ਨੇ ਗਾਇਕਾ ਮਹਿੰਦਰਜੀਤ ਕੌਰ ਸੇਖੋਂ ਨਾਲ ਕੁਝ ਦੋਗਾਣੇ ਵੀ ਰਿਕਾਰਡ ਕਰਵਾਏ, ਜੋ ਬੱਚੇ ਬੱਚੇ ਦੀ ਜ਼ੁਬਾਨ 'ਤੇ ਚੜ੍ਹੇ ਹੋਏ ਸਨ: ਜਿਵੇਂ ਦੋ ਤਾਰਾ ਵੱਜਦਾ ਵੇ ਰਾਂਝਣਾ ਨੂਰ ਮਹਿਲ ਦੀ ਮੋਰੀ। ਉਸ ਨੂੰ ਕਈ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੁਰਸਕਾਰ ਵੀ ਪ੍ਰਾਪਤ ਹੋਏ ਜਿਵੇਂ ਕਿ ਪੰਡਤ ਜਵਾਹਰ ਲਾਲ ਨਹਿਰੂ ਪ੍ਰਧਾਨ ਮੰਤਰੀ ਗੋਲਡ ਮੈਡਲ 1956 ਵਿੱਚ ਮਿਲਿਆ ਅਤੇ 1989 ਵਿੱਚ ਨੈਸ਼ਨਲ ਅਕੈਡਮੀ ਆਫ ਡਾਂਸ ਤੇ ਡਰਾਮਾ ਦੁਆਰਾ ਲਾਈਫ ਟਾਈਮ ਅਚੀਵਮੈਂਟ ਨਾਲ ਸਨਮਾਨਤ ਕੀਤਾ ਗਿਆ। ਉਸ ਨੇ ਆਪਣੀ ਕਲਾ ਦੇ ਜੌਹਰ ਕੈਨੇਡਾ, ਇੰਗਲੈਂਡ ਆਦਿ ਕਈ ਦੇਸ਼ਾਂ ਵਿੱਚ ਦਿਖਾਏ।

ਜੇਕਰ ਉਸ ਦੇ ਪਰਿਵਾਰ ਦੀ ਗੱਲ ਕਰੀਏ ਤਾਂ ਲਾਲ ਚੰਦ ਯਮਲਾ ਜੱਟ ਦੇ ਪੰਜ ਪੁੱਤਰ ਹੋਏ ਕਰਤਾਰ ਚੰਦ, ਜਸਵਿੰਦਰ ਯਮਲਾ (ਮਰਹੂਮ), ਜਸਦੇਵ ਯਮਲਾ (ਮਰਹੂਮ), ਜਗਦੀਸ਼ ਯਮਲਾ (ਮਰਹੂਮ) ਤੇ ਜਗਵਿੰਦਰ ਕੁਮਾਰ। ਸੰਤੋਸ਼ ਰਾਣੀ ਤੇ ਸਰੂਪ ਰਾਣੀ ਉਨ੍ਹਾਂ ਦੀਆਂ ਦੋ ਧੀਆਂ ਸਨ। ਆਪਣੇ ਪਿਤਾ ਦੀ ਸੰਗੀਤ ਪਰੰਪਰਾ ਨੂੰ ਜਸਦੇਵ ਯਮਲਾ ਤੇ ਉਸ ਦੀ ਪਤਨੀ ਸਰਬਜੀਤ ਕੌਰ ਅਤੇ ਕਰਤਾਰ ਚੰਦ ਦਾ ਸਪੁੱਤਰ ਸੁਰੇਸ਼ ਯਮਲਾ ਅੱਗੇ ਤੋਰ ਰਹੇ ਹਨ। ਨਰਿੰਦਰ ਬੀਬਾ, ਜਗਤ ਸਿੰਘ ਜੱਗਾ, ਅਮਰਜੀਤ ਸਿੰਘ ਗੁਰਦਾਸਪੁਰੀ ਆਦਿ ਯਮਲਾ ਜੱਟ ਦੇ ਅਨੇਕਾਂ ਹੀ ਸ਼ਾਗਿਰਦ ਹੋਏ ਹਨ।ਇੱਕ ਰਾਤ ਲਾਲ ਚੰਦ ਯਮਲਾ ਜੱਟ ਆਪਣੇ ਘਰ 'ਚ ਫ਼ਰਸ਼ 'ਤੇ ਪੈਰ ਤਿਲ੍ਹਕ ਜਾਣ ਕਾਰਨ ਡਿੱਗ ਪਿਆ, ਜਿਸ ਨਾਲ ਚੂਲੇ 'ਤੇ ਸਖ਼ਤ ਸੱਟ ਲੱਗ ਗਈ, ਸਿੱਟੇ ਵਜੋਂ ਉਸ ਦੀ ਸਿਹਤ ਦਿਨੋਂ-ਦਿਨ ਮਾੜੀ ਹੁੰਦੀ ਗਈ। ਉਸ ਸਮੇਂ ਪੰਜਾਬ ਦੇ ਰਾਜਪਾਲ ਸੁਰਿੰਦਰ ਨਾਥ ਨੇ ਉਸ ਦੇ ਘਰ ਜਾ ਕੇ ਹਾਲ-ਚਾਲ ਵੀ ਪੁੱਛਿਆ ਤੇ ਆਰਥਿਕ ਸਹਾਇਤਾ ਵੀ ਭੇਂਟ ਕੀਤੀ। ਯਮਲਾ ਜੱਟ ਆਪਣੇ ਬੱਚਿਆਂ ਨੂੰ ਉੱਚ-ਵਿੱਦਿਆ ਨਾ ਦਿਵਾ ਸਕਿਆ, ਉਹ ਮੁੱਖ ਤੌਰ 'ਤੇ ਸੰਗੀਤ ਨੂੰ ਹੀ ਸਮਰਪਿਤ ਸੀ। 20 ਦਸੰਬਰ 1991 ਦੀ ਰਾਤ ਨੂੰ ਇਸ ਮਹਾਨ ਗਾਇਕ ਨੇ ਆਪਣੇ ਪ੍ਰਾਣ ਤਿਆਗ ਦਿੱਤੇ।

## ਰਿਲੀਜ਼ ਹੋਣ ਤੋਂ ਪਹਿਲਾਂ ਹੀ ਵਿਵਾਦਾਂ 'ਚ ਘਿਰੀ

# 'ਦਿ ਕੇਰਲਾ ਸਟੋਰੀ'




ਨਿਰਦੇਸ਼ਕ ਸੁਦੀਪਤੋ ਸੇਨ ਦੀ ਫਿਲਮ 'ਦਿ ਕੇਰਲਾ ਸਟੋਰੀ' ਰਿਲੀਜ਼ ਹੋਣ ਤੋਂ ਪਹਿਲਾਂ ਭਾਰੀ ਆਲੋਚਨਾ ਦਾ ਸਾਹਮਣਾ ਕਰ ਰਹੀ ਹੈ। ਕੇਰਲਾ ਵਿੱਚ ਹਜ਼ਾਰਾਂ ਹਿੰਦੂ ਔਰਤਾਂ ਦੇ ਕਥਿਤ ਤੌਰ 'ਤੇ ਇਸਲਾਮ ਵਿੱਚ ਧਰਮ ਪਰਿਵਰਤਨ 'ਤੇ ਰੌਸ਼ਨੀ ਪਾਉਣ ਵਾਲੀ ਇਹ ਫਿਲਮ ਉਦੋਂ ਤੋਂ ਹੀ ਵਿਵਾਦਾਂ ਦੇ ਕੇਂਦਰ ਵਿੱਚ ਰਹੀ ਹੈ, ਜਦੋਂ ਇਸਦਾ ਟੀਜ਼ਰ ਨਵੰਬਰ 2022 ਵਿੱਚ ਰਿਲੀਜ਼ ਕੀਤਾ ਗਿਆ ਸੀ।

26 ਅਪ੍ਰੈਲ, 2023 ਨੂੰ ਰਿਲੀਜ਼ ਹੋਏ ਟ੍ਰੇਲਰ ਨੇ ਇਸਦੀ ਆਲੋਚਨਾ ਨੂੰ ਹੋਰ ਅੱਗੇ ਵਧਾਇਆ। ਫਿਲਮ ਦੇ ਆਲੋਚਕਾਂ ਨੇ ਇਸ ਨੂੰ 'ਸੰਘ ਪਰਿਵਾਰ' ਦੁਆਰਾ 'ਪ੍ਰਚਾਰ' ਕਿਹਾ ਹੈ, ਇਹ ਸ਼ਬਦ ਹਿੰਦੂ ਸੱਜੇ-ਪੱਖੀ ਸੰਗਠਨ, ਰਾਸ਼ਟਰੀ ਸਵੈਮ ਸੇਵਕ ਸੰਘ (ਆਰਐਸਐਸ) ਦੇ ਅਧੀਨ ਕੰਮ ਕਰਨ ਵਾਲੀਆਂ ਸੰਸਥਾਵਾਂ ਲਈ ਵਰਤਿਆ ਜਾਂਦਾ ਹੈ। ਆਲੋਚਕਾਂ ਦਾ ਮੰਨਣਾ ਹੈ ਕਿ 'ਦ ਕੇਰਲਾ ਸਟੋਰੀ' ਕੇਰਲ ਦੀ ਫਿਰਕੂ ਸਦਭਾਵਨਾ ਨੂੰ ਤਬਾਹ ਕਰਨ ਦੇ ਉਦੇਸ਼ ਨਾਲ ਬਣਾਈ ਗਈ ਹੈ।

ਫਿਲਮ 'ਤੇ ਮਜ਼ਾਕ ਉਡਾਉਣ ਵਾਲੇ ਕਾਂਗਰਸ ਨੇਤਾ ਸ਼ਸ਼ੀ ਥਰੂਰ ਹਨ। ਫਿਲਮ ਦੇ ਪੋਸਟਰ ਨੂੰ ਸਾਂਝਾ ਕਰਦੇ ਹੋਏ, ਕਾਂਗਰਸ ਸੰਸਦ ਮੈਂਬਰ ਨੇ ਲਿਖਿਆ, "ਇਹ ਤੁਹਾਡੀ ਕੇਰਲ ਦੀ ਕਹਾਣੀ ਹੋ ਸਕਦੀ ਹੈ। ਇਹ ਸਾਡੀ ਕੇਰਲ ਦੀ ਕਹਾਣੀ ਨਹੀਂ ਹੈ।"

ਕੇਰਲ ਦੇ ਮੁੱਖ ਮੰਤਰੀ ਪਿਨਾਰਾਈ ਵਿਜਯਨ ਨੇ ਵੀ ਇਸ ਦੀ ਰਿਲੀਜ਼ ਤੋਂ ਪਹਿਲਾਂ ਫਿਲਮ ਦੀ ਨਿੰਦਾ ਕਰਦੇ ਹੋਏ ਕਿਹਾ ਹੈ ਕਿ ਨਿਰਮਾਤਾਵਾਂ ਨੇ ਫਿਲਮ ਵਿੱਚ 'ਲਵ ਜੇਹਾਦ' ਦਾ ਮੁੱਦਾ ਉਠਾਇਆ ਹੈ, ਇਸ ਦਾਅਵੇ ਨੂੰ ਅਦਾਲਤਾਂ, ਜਾਂਚ ਏਜੰਸੀਆਂ ਅਤੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਖਾਰਜ ਕਰ ਦਿੱਤਾ ਹੈ।

ਮੀਡੀਆ ਨੂੰ ਦਿੱਤੇ ਇੱਕ ਬਿਆਨ ਵਿੱਚ, ਕੇਰਲ ਦੇ ਮੁੱਖ ਮੰਤਰੀ ਵਿਜਯਨ ਨੇ ਕਿਹਾ ਕਿ ਫਿਲਮ ਦਾ ਟ੍ਰੇਲਰ ਜਾਣਬੁੱਝ ਕੇ ਸੰਪਰਦਾਇਕ ਧਰੁਵੀਕਰਨ ਪੈਦਾ ਕਰਨ ਅਤੇ ਸੂਬੇ ਦੇ ਖਿਲਾਫ ਨਫਰਤ ਫੈਲਾਉਣ ਦੇ ਕਥਿਤ ਉਦੇਸ਼ ਨਾਲ ਤਿਆਰ ਕੀਤਾ ਗਿਆ ਜਾਪਦਾ ਹੈ।

ਕਿਉਂ ਹੋ ਰਹੀ ਹੈ ਫਿਲਮ ਦੀ ਆਲੋਚਨਾ ?

ਫਿਲਮ ਦਾ ਕੇਂਦਰੀ ਪਲਾਟ ਉਹ ਹੈ ਜੋ ਇਸ ਨੂੰ ਮਿਲ ਰਹੀ ਆਲੋਚਨਾ ਦੇ ਪਿੱਛੇ ਹੈ। ਫਿਲਮ ਦੇ ਟ੍ਰੇਲਰ ਵਿੱਚ ਸ਼ਾਲਿਨੀ ਉਨਕ੍ਰਿਸ਼ਨਨ ਨਾਮ ਦੀ ਇੱਕ ਹਿੰਦੂ ਕੁੜੀ ਨੂੰ ਉਸਦੇ ਮੁਸਲਿਮ ਦੋਸਤਾਂ ਦੁਆਰਾ ਬ੍ਰੇਨਵਾਸ਼ ਕੀਤਾ ਜਾਂਦਾ ਹੈ ਅਤੇ ਇਸਲਾਮ ਵਿੱਚ ਲੁਭਾਇਆ ਜਾਂਦਾ ਹੈ, ਜੋ ਉਸਨੂੰ ਇਸਲਾਮ ਵਿੱਚ ਬਦਲਦੇ ਹਨ ਅਤੇ ਉਸਨੂੰ ਇੱਕ ਨਵਾਂ ਨਾਮ, ਫਾਤਿਮਾ ਬਾ. ਦਿੰਦੇ ਹਨ।



ਫਾਤਿਮਾ ਦਾ ਕਿਰਦਾਰ, ਜੋ ਅਦਾ ਸ਼ਰਮਾ ਦੁਆਰਾ ਨਿਭਾਇਆ ਜਾ ਰਿਹਾ ਹੈ, ਬਿਆਨ ਦਿੰਦੀ ਹੈ ਕਿ ਸਿਰਫ ਉਹ ਹੀ ਨਹੀਂ, ਬਲਕਿ ਕੇਰਲਾ ਵਿੱਚ ਲਗਭਗ 32,000 ਲੜਕੀਆਂ ਹਨ, ਜਿਨ੍ਹਾਂ ਨੂੰ ਇਸਲਾਮ ਧਰਮ ਵਿੱਚ ਤਬਦੀਲ ਕਰਕੇ ਸੀਰੀਆ, ਯਮਨ ਅਤੇ ਅਫਗਾਨਿਸਤਾਨ ਵਿੱਚ ਅੱਤਵਾਦੀ ਸੰਗਠਨ ਆਈਐਸਆਈਐਸ - ਇਸਲਾਮਿਕ ਵਿੱਚ ਸ਼ਾਮਲ ਹੋਣ ਲਈ ਭੇਜਿਆ ਗਿਆ ਹੈ।

ਫਿਲਮ ਕੇਰਲਾ ਰਾਜ ਵਿੱਚ ਕਥਿਤ ਧਾਰਮਿਕ ਪ੍ਰਵਿਰਤੀ 'ਤੇ ਸਖ਼ਤ ਚਿੰਤਾਵਾਂ ਪੈਦਾ ਕਰਦੀ ਹੈ, ਅਤੇ ਕਿਵੇਂ ਹਿੰਦੂ ਅਤੇ ਈਸਾਈ ਔਰਤਾਂ ਨੂੰ ਜ਼ਾਹਰ ਤੌਰ 'ਤੇ ਕੱਟੜਪੰਥੀ ਇਸਲਾਮੀ ਪਾਦਰੀਆਂ ਦੁਆਰਾ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਜੋ ਉਨ੍ਹਾਂ ਨੂੰ ਇਸਲਾਮ ਕਬੂਲ ਕਰਵਾਉਂਦੇ ਹਨ ਅਤੇ ਬਾਅਦ ਵਿੱਚ ਉਹਨਾਂ ਨੂੰ ਅਫਗਾਨਿਸਤਾਨ, ਯਮਨ ਅਤੇ ਸੀਰੀਆ ਵਿੱਚ ਆਈਐਸਆਈਐਸ ਵਿੱਚ ਭੇਜ ਦਿੰਦੇ ਹਨ। ਯੂਟਿਊਬ ਚੈਨਲ 'ਦਿ ਫੈਸਟੀਵਲ ਆਫ ਭਾਰਤ ' ਨੂੰ ਦਿੱਤੇ ਇੰਟਰਵਿਊ 'ਚ ਨਿਰਦੇਸ਼ਕ ਸੁਦੀਪਤੋ ਸੇਨ ਨੇ ਕਿਹਾ ਕਿ ਉਹ ਕੇਰਲ ਦੇ ਸਾਬਕਾ ਮੁੱਖ ਮੰਤਰੀ ਓਮਨ ਚਾਂਡੀ ਵੱਲੋਂ 2010 'ਚ ਪੇਸ਼ ਕੀਤੀ ਗਈ ਰਿਪੋਰਟ ਤੋਂ ਬਾਅਦ ਇਸ ਨੰਬਰ 'ਤੇ ਆਏ ਹਨ, ਜਿੱਥੇ ਚਾਂਡੀ ਨੇ ਕਿਹਾ ਸੀ ਕਿ ਹਰ ਸਾਲ 2,800-3,200 ਕੁੜੀਆਂ ਇਸਲਾਮ ਧਰਮ ਵਿੱਚ ਜਾ ਰਹੀਆਂ ਹਨ।ਸੁਦੀਪਤੋ ਨੇ ਕਿਹਾ ਕਿ ਅਗਲੇ ਸਾਲਾਂ ਲਈ ਇਸਦਾ ਹਿਸਾਬ ਲਗਾਓ ਤਾਂ ਗਿਣਤੀ 32,000 ਹੈ।

# ਆਦਿਪੁਰਸ਼ 16 ਜੂਨ ਨੂੰ ਸਿਨੇਮਾ ਘਰਾਂ 'ਚ ਹੋਵੇਗੀ ਰਿਲੀਜ਼

## ਸੈਫ ਅਲੀ ਖ਼ਾਨ ਰਾਵਣ ਦਾ ਕਿਰਦਾਰ ਨਿਭਾਉਣਗੇ




ਪ੍ਰਭਾਸ ਤੇ ਕ੍ਰਿਤੀ ਸੈਨਨ ਦੀ ਆਉਣ ਵਾਲੀ ਫਿਲਮ 'ਆਦਿਪੁਰਸ਼' ਪਿਛਲੇ ਕੁਝ ਸਮੇਂ ਤੋਂ ਸੁਰਖੀਆਂ ਵਿੱਚ ਹੈ।

ਸੀਤਾ ਨਵਮੀ ਦੇ ਸ਼ੁਭ ਮੌਕੇ 'ਤੇ ਮੇਕਰਸ ਨੇ 'ਆਦਿਪੁਰਸ਼' 'ਚ ਜਾਨਕੀ ਦੇ ਕਿਰਦਾਰ ਵਿੱਚ ਕ੍ਰਿਤੀ ਸੈਨਨ ਦੇ ਨਵੇਂ ਲੁੱਕ ਦਾ ਖੁਲਾਸਾ ਕੀਤਾ ਹੈ। ਇਸ ਦੇ ਨਾਲ ਹੀ ਸਚੇਤ-ਪਰੰਪਰਾ ਦੀ ਆਵਾਜ਼ 'ਚ ਗੀਤ 'ਰਾਮ ਸਿਆ ਰਾਮ' ਦੇ ਨਾਲ ਆਡੀਓ ਟੀਜ਼ਰ ਵੀ ਸਾਂਝਾ ਕੀਤਾ ਗਿਆ।ਓਮ ਰਾਉਤ ਦੁਆਰਾ ਨਿਰਦੇਸ਼ਤ ਫਿਲਮ 'ਆਦਿਪੁਰਸ਼' ਦੇ ਪ੍ਰਭਾਸ ਅਤੇ ਕ੍ਰਿਤੀ ਸੈਨਨ ਦੇ ਵੱਖ-ਵੱਖ ਆਡੀਓਜ਼ ਅਤੇ ਵੀਡੀਓਜ਼ ਹੁਣ ਤੱਕ ਸਾਹਮਣੇ ਆ ਚੁੱਕੇ ਹਨ। ਇਸ ਦੌਰਾਨ ਸੀਤਾ ਨੌਮੀ ਦੇ ਮੌਕੇ 'ਤੇ ਪ੍ਰਭਾਸ ਅਤੇ ਕ੍ਰਿਤੀ ਸੈਨਨ ਦੇ ਨਾਲ 'ਰਾਮ ਸੀਆ ਰਾਮ' ਦਾ ਆਡੀਓ ਟੀਜ਼ਰ ਰਿਲੀਜ਼ ਹੋ ਗਿਆ ਹੈ। ਸੋਸ਼ਲ ਮੀਡੀਆ 'ਤੇ ਦਰਸ਼ਕਾਂ ਦੇ ਸਾਹਮਣੇ ਰੱਖੇ ਗਏ ਇਸ ਆਡੀਓ ਟੀਜ਼ਰ ਨੂੰ ਜਾਰੀ ਕਰਦੇ ਹੋਏ ਇਸ ਦੇ ਕੈਪਸ਼ਨ ਸੀਤਾ ਨੂੰ ਬਿਆਨ ਕੀਤਾ ਗਿਆ ਹੈ।

ਉਨ੍ਹਾਂ ਨੇ ਇਸ ਆਡੀਓ ਟੀਜ਼ਰ ਨੂੰ ਛੇ ਵੱਖ-ਵੱਖ ਭਾਸ਼ਾਵਾਂ ਵਿਚ ਕੈਪਸ਼ਨ ਵਿੱਚ 'ਜੈ ਸੀਆ ਰਾਮ' ਲਿਖ ਕੇ ਸ਼ੇਅਰ ਕੀਤਾ ਹੈ।

ਇਹ ਫਿਲਮ 16 ਜੂਨ ਨੂੰ ਸਿਨੇਮਾ ਘਰਾਂ ਵਿੱਚ ਰਿਲੀਜ਼ ਹੋਵੇਗੀ। ਫਿਲਮ ਵਿੱਚ ਪ੍ਰਭਾਸ ਅਤੇ ਕ੍ਰਿਤੀ ਸੈਨਨ ਤੋਂ ਇਲਾਵਾ ਦੇਵਦੱਤ ਗਜਾਨਨ ਨਾਗੇ ਅਤੇ ਸੈਫ ਅਲੀ ਖਾਨ ਵੀ ਮੁੱਖ ਭੂਮਿਕਾਵਾਂ ਵਿੱਚ ਨਜ਼ਰ ਆਉਣਗੇ। ਦੇਵਦੱਤ ਗਜਾਨਨ ਭਗਵਾਨ ਹਨੂੰਮਾਨ ਦਾ ਕਿਰਦਾਰ ਨਿਭਾਉਂਦੇ ਨਜ਼ਰ ਆਉਣਗੇ ਜਦਕਿ ਸੈਫ ਅਲੀ ਖਾਨ ਰਾਵਣ ਦਾ ਕਿਰਦਾਰ ਨਿਭਾਉਣ ਵਾਲੇ ਲੰਕੇਸ਼ ਦਾ ਕਿਰਦਾਰ ਨਿਭਾਉਂਦੇ ਨਜ਼ਰ ਆਉਣਗੇ। ਉੱਥੇ ਹੀ ਅਭਿਨੇਤਾ ਸੰਨੀ ਸਿੰਘ ਲਕਸ਼ਮਣ ਦਾ ਕਿਰਦਾਰ ਨਿਭਾਉਂਦੇ ਨਜ਼ਰ ਆਉਣਗੇ।

# ਮੁਹੰਮਦ ਅਲੀ ਨਾਲ ਭਿੜਨ ਵਾਲਾ ਮੁੱਕੇਬਾਜ਼ ਕੌਰ ਸਿੰਘ

**ਨਵਦੀਪ ਸਿੰਘ ਗਿੱਲ**

ਭਾਰਤੀ ਮੁੱਕੇਬਾਜ਼ੀ ਦਾ ਸੁਨਹਿਰੀ ਇਤਿਹਾਸ ਲਿਖਣ ਵਾਲਾ ਮੁੱਕੇਬਾਜ਼ ਕੌਰ ਸਿੰਘ ਵੀਰਵਾਰ ਦੀ ਸਵੇਰ 74 ਵਰ੍ਹਿਆਂ ਦੀ ਉਮਰੇ ਅਲਵਿਦਾ ਆਖ ਗਿਆ। ਕੌਰ ਸਿੰਘ ਦੇ ਤੁਰ ਜਾਣ ਨਾਲ ਭਾਰਤੀ ਖੇਡਾਂ, ਖਾਸਕਰ ਮੁੱਕੇਬਾਜ਼ੀ ਦੇ ਇਕ ਯੁੱਗ ਦਾ ਅੰਤ ਹੋ ਗਿਆ ਜਿਸ ਨੇ ਛੋਟੇ ਜਿਹੇ ਪਿੰਡ ਤੋਂ ਉਠ ਕੇ ਘਰੇਲੂ ਆਰਥਿਕ ਤੰਗੀਆਂ ਤੁਰਸ਼ੀਆਂ ਦੇ ਬਾਵਜੂਦ ਆਪਣੀ ਸਖਤ ਮਿਹਨ ਤੇ ਲਗਨ ਨਾਲ ਦੁਨੀਆ ਪੱਧਰ ਉਤੇ ਨਾਮਣਾ ਖੱਟਿਆ। ਕੌਰ ਸਿੰਘ ਏਸ਼ੀਆ ਦਾ ਸਿਰਕੱਢ ਮੁੱਕੇਬਾਜ਼ ਸੀ। ਪੂਰੇ ਏਸ਼ੀਆ ਵਿੱਚ ਉਸ ਦਾ ਕੋਈ ਸਾਨੀ ਨਹੀਂ ਸੀ। ਕੌਰ ਸਿੰਘ ਭਾਰਤ ਦਾ ਪਹਿਲਾ ਮੁੱਕੇਬਾਜ਼ ਹੈ ਜਿਸ ਨੂੰ ਖੇਡ ਪ੍ਰਾਪਤੀਆਂ ਬਦਲੇ ਭਾਰਤ ਸਰਕਾਰ ਦਾ ਚੌਥਾ ਸਭ ਤੋਂ ਵੱਡਾ ਨਾਗਰਿਕ ਸਨਮਾਨ ਪਦਮਸ੍ਰੀ ਮਿਲਿਆ ਹੋਵੇ। ਇਸ ਤੋਂ ਇਲਾਵਾ ਦੁਨੀਆ ਦੇ ਮਹਾਨ ਮੁੱਕੇਬਾਜ਼ ਮੁਹੰਮਦ ਅਲੀ ਨਾਲ ਭਿੜਨ ਵਾਲਾ ਉਹ ਭਾਰਤ ਦਾ ਇਕਲੌਤਾ ਮੁੱਕੇਬਾਜ਼ ਹੈ। ਉਸ ਦੇ ਨਾਮ ਅਜਿਹੇ ਨਿਵੇਕਲੇ ਰਿਕਾਰਡ ਹਨ ਜੋ ਆਉਣ ਵਾਲੇ ਸਮੇਂ ਵਿੱਚ ਜਲਦੀ ਨਹੀਂ ਟੁੱਟ ਸਕਦੇ ਅਤੇ ਉਸ ਦਾ ਸੰਘਰਸ਼ਮਈ ਅਤੇ ਮਾਣਮੱਤੀਆਂ ਪ੍ਰਾਪਤੀਆਂ ਵਾਲਾ ਖੇਡ ਕਰੀਅਰ ਭਵਿੱਖ ਵਿੱਚ ਮੁੱਕੇਬਾਜ਼ੀ ਰਿੰਗ ਵਿਚ ਕੁੱਦਣ ਵਾਲੇ ਨਵੀਂ ਉਮਰ ਦੇ ਮੁੱਕੇਬਾਜ਼ਾਂ ਲਈ ਪ੍ਰੇਰਨਾ ਸ੍ਰੋਤ ਰਹੇਗਾ।

ਕੌਰ ਸਿੰਘ ਦਾ ਜਨਮ 16 ਅਗਸਤ 1948 ਨੂੰ ਸੰਗਰੂਰ ਜ਼ਿਲ੍ਹੇ ਦੇ ਪਿੰਡ ਖਨਾਲ ਖੁਰਦ ਵਿੱਚ ਸਾਧਾਰਨ ਕਿਸਾਨ ਕਰਨੈਲ ਸਿੰਘ ਅਤੇ ਪ੍ਰੀਤ ਕੌਰ ਦੇ ਘਰ ਹੋਇਆ। ਛੋਟੀ ਕਿਸਾਨੀ ਵਾਲਾ ਪਰਿਵਾਰ ਵੱਡਾ ਸੀ ਜਿਸ ਵਿੱਚ ਕੌਰ ਸਿੰਘ ਦੇ ਦੋ ਭਰਾ ਤੇ ਦੋ ਭੈਣਾਂ ਸਨ। ਘਰੇਲੂ ਹਾਲਾਤ ਕਰ ਕੇ ਉਹ ਭਾਵੇਂ ਜ਼ਿਆਦਾ ਪੜ੍ਹ ਨਹੀਂ ਸਕਿਆ ਪਰ ਆਪਣੇ ਚੰਗੇ ਕੱਦ-ਕਾਠ ਕਰ ਕੇ 23 ਵਰ੍ਹਿਆਂ ਦੀ ਉਮਰੇ 1971 ਵਿੱਚ ਫੌਜ ਵਿੱਚ ਭਰਤੀ ਹੋ ਗਿਆ। ਸਿੱਖ ਰਜਮੈਂਟ ਰਾਮਗੜ੍ਹ ਵਿੱਚ ਮੁੱਕੇਬਾਜ਼ੀ ਦੀ ਸ਼ੁਰੂਆਤ ਕਰਨ ਵਾਲਾ ਕੌਰ ਸਿੰਘ ਲੈਫਟੀਨੈਂਟ ਕਰਨਲ ਬੀਐਸ ਜੌਹਲ ਦੀ ਪਾਰਖੂ ਨਜ਼ਰ ਹੇਠ ਆਇਆ। ਕੌਰ ਸਿੰਘ ਨੇ ਰਜਮੈਂਟ ਖੇਡਾਂ ਤੋਂ ਆਪਣਾ ਖੇਡ ਜੀਵਨ ਸ਼ੁਰੂ ਕਰਦਿਆਂ ਇੰਟਰ ਬਟਾਲੀਅਨ ਅਤੇ ਫੇਰ ਸਰਵਿਸਜ਼ ਦੇ ਚੈਂਪੀਅਨ ਤੱਕ ਸਫਰ ਤੈਅ ਕੀਤਾ। ਸਵਾ ਛੇ ਫੁੱਟ ਦੇ ਕੌਰ ਸਿੰਘ ਨੇ ਹੈਮਰ ਥਰੋਅ ਵਿੱਚ ਵੀ ਹਿੱਸਾ ਲਿਆ ਅਤੇ ਮੈਡਲ ਜਿੱਤੇ।



ਹੁਣ ਵੇਲਾ ਸੀ ਜਦੋਂ ਕੌਰ ਸਿੰਘ ਨੇ ਆਪਣੀ ਉਡਾਣ ਕੌਮੀ ਅਤੇ ਕੌਮਾਂਤਰੀ ਪੱਧਰ ਦੇ ਮੰਚ ਉਤੇ ਭਰਨੀ ਸੀ। 1979 ਵਿੱਚ ਹੈਦਰਾਬਾਦ ਵਿੱਚ ਸੀਨੀਅਰ ਨੈਸ਼ਨਲ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿੱਚ ਪਹਿਲੀ ਵਾਰ ਹਿੱਸਾ ਲੈਂਦਿਆਂ ਕੌਰ ਸਿੰਘ ਨੇ ਸੋਨੇ ਦਾ ਮੈਡਲ ਜਿੱਤਿਆ। ਇਸ ਤੋਂ ਬਾਅਦ ਉਹਨੇ ਅਜਿਹਾ ਜਲਵਾ ਦਿਖਾਇਆ ਕਿ ਅਗਲੇ ਪੰਜ ਸਾਲ ਉਹ ਭਾਰਤ ਅਤੇ ਏਸ਼ੀਆ ਦੇ ਕਿਸੇ ਵੀ ਮੁਕਾਬਲੇ ਵਿੱਚ ਹਾਰਿਆ ਨਹੀਂ। 1981 ਵਿੱਚ ਅਹਿਮਦਾਬਾਦ, 1982 ਵਿੱਚ ਜਮਸ਼ੇਦਪੁਰ ਤੇ 1983 ਵਿੱਚ ਨਵੀਂ ਦਿੱਲੀ ਵਿੱਚ ਨੈਸ਼ਨਲ ਚੈਂਪੀਅਨਸ਼ਿਪ ਵਿੱਚ ਸੋਨੇ ਦੇ ਮੈਡਲ ਜਿੱਤੇ। 1980 ਵਿੱਚ ਮੁੰਬਈ ਵਿੱਚ ਏਸ਼ੀਅਨ ਮੁੱਕੇਬਾਜ਼ੀ ਚੈਂਪੀਅਨਸ਼ਿਪ ਵਿੱਚ ਸੋਨੇ ਦਾ ਮੈਡਲ ਜਿੱਤਿਆ, 1982 ਵਿੱਚ ਸਿਓਲ ਤੇ 1983 ਵਿੱਚ ਜਪਾਨ ਵਿਚ ਏਸ਼ੀਅਨ ਚੈਂਪੀਅਨਸ਼ਿਪ ਜਿੱਤ ਕੇ ਗੋਲਡਨ ਹੈਟ੍ਰਿਕ ਲਗਾਈ। ਉਹਨੇ ਸਭ ਤੋਂ ਵੱਧ ਪ੍ਰਸਿੱਧੀ 1982 ਵਿੱਚ ਉਸ ਵੇਲੇ ਖੱਟੀ ਜਦੋਂ ਉਸ ਨੇ ਨਵੀਂ ਦਿੱਲੀ ਵਿੱਚ ਏਸ਼ਿਆਈ ਖੇਡਾਂ ਵਿੱਚ ਸੋਨੇ ਦਾ ਮੈਡਲ ਜਿੱਤਿਆ। ਭਾਰਤ ਦੀ ਮੇਜ਼ਬਾਨੀ ਵਿੱਚ ਹੋਈਆਂ ਇਨ੍ਹਾਂ ਖੇਡਾਂ ਵਿੱਚ ਇਸ ਮੈਡਲ ਦੀ ਹੋਰ ਵੀ ਅਹਿਮੀਅਤ ਸੀ, ਪੰਜਾਬੀ ਖਿਡਾਰੀਆਂ ਨਾਲ ਭਰੀ ਹਾਕੀ ਟੀਮ ਅਤੇ ਪਹਿਲਵਾਨ ਕਰਤਾਰ ਸਿੰਘ ਦੇ ਫਾਈਨਲ ਵਿੱਚ ਹਾਰਨ ਕਰ ਕੇ ਸੋਨੇ ਦਾ ਮੈਡਲ ਖੁੰਝ ਗਿਆ ਸੀ। ਬੈਂਕਾਕ ਵਿੱਚ ਮੁੱਕੇਬਾਜ਼ੀ ਦੇ ਇਕ ਹੋਰ ਵੱਕਾਰੀ ਮੁਕਾਬਲੇ ਕਿੰਗਜ਼ ਕੱਪ ਵਿੱਚ ਕੌਰ ਸਿੰਘ ਨੇ 1982 ਵਿਚ ਸੋਨੇ ਅਤੇ 1980 ਵਿੱਚ ਚਾਂਦੀ ਦਾ ਮੈਡਲ ਜਿੱਤਿਆ। 1982 ਵਿੱਚ ਬ੍ਰਿਸਬੇਨ ਵਿੱਚ ਰਾਸ਼ਟਰਮੰਡਲ ਅਤੇ 1984 ਦੀਆਂ ਲਾਸ ਏਂਜਲਸ ਓਲੰਪਿਕ ਖੇਡਾਂ ਵਿੱਚ ਹਿੱਸਾ ਲਿਆ। ਇਹ ਦੋ ਹੀ ਅਜਿਹੇ ਮੁਕਾਬਲੇ ਸਨ ਜਿਨ੍ਹਾਂ ਵਿੱਚ ਉਹ ਮੈਡਲ ਨਹੀਂ ਜਿੱਤ ਸਕਿਆ। ਓਲੰਪਿਕਸ ਵਿਚ ਉਹ ਦੂਜੇ ਰਾਊਂਡ ਵਿੱਚ ਹਾਰਿਆ।

ਕੌਰ ਸਿੰਘ ਖੇਡ ਜਗਤ ਵਿੱਚ ਦੰਦ ਕਥਾਵਾਂ ਦਾ ਪਾਤਰ ਬਣ ਗਿਆ ਜਦੋਂ 27 ਜਨਵਰੀ 1980 ਨੂੰ ਸੰਸਾਰ ਪ੍ਰਸਿੱਧ ਮੁੱਕੇਬਾਜ਼ ਮੁਹੰਮਦ ਅਲੀ ਨਾਲ ਮੁਕਾਬਲਾ ਲੜਿਆ। ਨਵੀਂ ਦਿੱਲੀ ਵਿੱਚ ਹੋਏ ਇਸ ਮੁਕਾਬਲੇ ਨੂੰ ਦੇਖਣ ਲਈ 50 ਹਜ਼ਾਰ ਤੋਂ ਵੱਧ ਦਰਸ਼ਕ ਜੁੜੇ। ਕੌਰ ਸਿੰਘ ਪਹਿਲਾ ਭਾਰਤੀ ਮੁੱਕੇਬਾਜ਼ ਸੀ ਜਿਸ ਨੇ ਮੁੱਕੇਬਾਜ਼ੀ ਰਿੰਗ ਵਿੱਚ ਮੁਹੰਮਦ ਅਲੀ ਨਾਲ ਮੁਕਾਬਲਾ ਕੀਤਾ।



ਪੌਣੇ ਘੰਟੇ ਦੇ ਕਰੀਬ ਚੱਲੇ ਇਸ ਮੁਕਾਬਲੇ ਵਿੱਚ ਮੁਹੰਮਦ ਅਲੀ ਵੀ ਕੌਰ ਸਿੰਘ ਦੇ ਜੁਝਾਰੂ ਜਜ਼ਬੇ ਤੋਂ ਪ੍ਰਭਾਵਿਤ ਹੋਇਆ। ਮੁਹੰਮਦ ਅਲੀ ਦੇ ਤੇਜ਼ ਰਫਤਾਰ ਮੁੱਕਿਆਂ ਦਾ ਸਾਹਮਣਾ ਕਰਨ ਵਾਲੇ ਕੌਰ ਸਿੰਘ ਨੂੰ ਅੱਜ ਵੀ ਖੇਡ ਪ੍ਰੇਮੀ ਇਸ ਮੈਚ ਲਈ ਯਾਦ ਕਰਦੇ ਹਨ।

ਕੌਰ ਸਿੰਘ 1995 ਵਿੱਚ ਭਾਰਤੀ ਫੌਜ ਵਿਚੋਂ ਸੂਬੇਦਾਰ ਰਿਟਾਇਰ ਹੋ ਕੇ ਘਰ ਆਇਆ। ਫਿਰ ਪੰਜਾਬ ਪੁਲਿਸ ਵਿੱਚ ਏਐਸਆਈ ਭਰਤੀ ਹੋ ਗਿਆ ਅਤੇ 12 ਸਾਲ ਪੰਜਾਬ ਪੁਲਿਸ ਦਾ ਮੁੱਕੇਬਾਜ਼ੀ ਕੋਚ ਰਿਹਾ। ਪੰਜਾਬ ਪੁਲਿਸ ਵਿਚੋਂ ਉਹ ਸਬ ਇੰਸਪੈਕਟਰ ਰਿਟਾਇਰ ਹੋਇਆ। ਕੌਰ ਸਿੰਘ ਦੀਆਂ ਖੇਡ ਪ੍ਰਾਪਤੀਆਂ ਕਰ ਕੇ ਭਾਰਤ ਸਰਕਾਰ ਨੇ ਉਸ ਨੂੰ 1983 ਵਿੱਚ ਪਦਮਸ੍ਰੀ ਅਤੇ 1982 ਵਿੱਚ ਅਰਜੁਨ ਐਵਾਰਡ ਨਾਲ ਸਨਮਾਨਤ ਕੀਤਾ। 2019 ਵਿੱਚ ਪੰਜਾਬ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਤ ਕੀਤਾ। ਫੌਜ ਵਿੱਚ ਸੇਵਾਵਾਂ ਨਿਭਾਉਣ ਸਦਕਾ ਰੱਖਿਆ ਮੰਤਰਾਲੇ ਨੇ ਕੌਰ ਸਿੰਘ ਨੂੰ 1988 ਵਿੱਚ ਵਸ਼ਿਸ਼ਟ ਸੇਵਾ ਮੈਡਲ ਨਾਲ ਸਨਮਾਨਤ ਕੀਤਾ। ਉਸ ਨੂੰ ਸੰਗਰਾਮ ਮੈਡਲ, ਸੈਨਾ ਸੇਵਾ ਮੈਡਲ ਅਤੇ ਬੈਸਟ ਸਟਾਰ ਐਵਾਰਡ ਨਾਲ ਵੀ ਸਨਮਾਨਤ ਕੀਤਾ ਗਿਆ। ਤਿੰਨ ਖੇਤੀ ਕਾਨੂੰਨਾਂ ਖਿਲਾਫ ਕਿਸਾਨੀ ਸੰਘਰਸ਼ ਦੌਰਾਨ ਕੌਰ ਸਿੰਘ ਨੇ ਰੋਸ ਵਜੋਂ ਆਪਣਾ ਅਰਜੁਨ ਐਵਾਰਡ ਵਾਪਸ ਕਰ ਦਿੱਤਾ ਸੀ।

ਕੌਰ ਸਿੰਘ ਦੀਆਂ ਖੇਡ ਪ੍ਰਾਪਤੀਆਂ ਨੂੰ ਦੇਖਦਿਆਂ 2023-24 ਸੈਸ਼ਨ ਤੋਂ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਨੌਵੀਂ ਕਲਾਸ ਦੀ ਫਿਜੀਕਲ ਐਜੂਕੇਸ਼ਨ ਦੀ ਕਿਤਾਬ ਵਿੱਚ ਕੌਰ ਸਿੰਘ ਦੀ ਜੀਵਨੀ ਸ਼ਾਮਲ ਕੀਤੀ ਹੈ। ਕੌਰ ਸਿੰਘ ਉਨ੍ਹਾਂ ਚਾਰ ਖਿਡਾਰੀਆਂ ਵਿੱਚ ਸ਼ਾਮਲ ਸੀ ਜਿਸ ਦੀ ਜੀਵਨੀ ਸਕੂਲੀ ਬੱਚੇ ਪੜ੍ਹਨਗੇ; ਬਾਕੀ ਤਿੰਨ ਖਿਡਾਰੀ ਬਲਬੀਰ ਸਿੰਘ ਸੀਨੀਅਰ, ਮਿਲਖਾ ਸਿੰਘ ਤੇ ਗੁਰਬਚਨ ਸਿੰਘ ਰੰਧਾਵਾ ਸਨ। ਕੌਰ ਸਿੰਘ ਦੇ ਜੀਵਨ ਉਤੇ ਫਿਲਮ 'ਪਦਮਸ੍ਰੀ ਕੌਰ ਸਿੰਘ' ਵੀ ਬਣੀ ਅਤੇ ਬਲਵੰਤ ਸਿੰਘ ਸੰਧੂ ਨੇ ਉਨ੍ਹਾਂ ਦੀ ਜੀਵਨੀ 'ਗੋਲਡਨ ਪੰਚ' ਲਿਖੀ।

# ਸ਼ਤਰੰਜ : ਡਿੰਗ ਲੀਰੇਨ ਬਣਿਆ ਨਵਾਂ ਵਿਸ਼ਵ ਚੈਂਪੀਅਨ

## ਮੈਗਨਸ ਕਾਰਲਸਨ ਦੇ ਦਬਦਬੇ ਦਾ ਇੱਕ ਯੁਗ ਹੋਇਆ ਸਮਾਪਤ

ਡਿੰਗ ਲਿਰੇਨ ਦਾ ਵਿਸ਼ਵ ਸ਼ਤਰੰਜ ਚੈਂਪੀਅਨ ਬਣਨਾ ਇਤਿਹਾਸਕ ਹੈ। ਸਿਰਫ਼ ਇਸ ਲਈ ਨਹੀਂ ਕਿ ਉਹ ਚੀਨ ਦਾ ਪਹਿਲਾ ਵਿਸ਼ਵ ਸ਼ਤਰੰਜ ਚੈਂਪੀਅਨ ਬਣ ਗਿਆ ਹੈ, ਸਗੋਂ ਇਸ ਲਈ ਵੀ ਕਿਉਂਕਿ ਉਸ ਦੀ ਜਿੱਤ ਸ਼ਤਰੰਜ ਦੇ ਇੱਕ ਯੁੱਗ ਦੇ ਅੰਤ ਨੂੰ ਦਰਸਾਉਂਦੀ ਹੈ। ਹੁਣ ਮੈਗਨਸ ਕਾਰਲਸਨ ਦੇ ਦਬਦਬੇ ਦਾ ਇੱਕ ਯੁੱਗ ਸਮਾਪਤ ਹੋ ਗਿਆ ਹੈ। ਪਿਛਲੇ 10 ਸਾਲਾਂ ਤੋਂ, ਨਾਰਵੇਜੀਅਨ ਆਪਣੇ ਪ੍ਰਤੀਯੋਗੀਆਂ ਤੋਂ ਲਗਭਗ ਅਜੇਤੂ ਅਤੇ ਮੀਲ ਅੱਗੇ ਦਿਖਾਈ ਦੇ ਰਿਹਾ ਸੀ। ਉਸ ਦੀ ਦੌੜ ਉਦੋਂ ਹੀ ਖਤਮ ਹੋ ਗਈ ਜਦੋਂ ਉਸਨੇ ਇਸ ਸਾਲ ਵਿਸ਼ਵ ਸ਼ਤਰੰਜ ਚੈਂਪੀਅਨਸ਼ਿਪ ਵਿੱਚ ਆਪਣੇ ਖਿਤਾਬ ਦਾ ਬਚਾਅ ਨਾ ਕਰਨ ਦਾ ਫੈਸਲਾ ਕੀਤਾ।ਡਿੰਗ ਲੀਰੇਨ ਐਤਵਾਰ (30 ਅਪ੍ਰੈਲ) ਨੂੰ ਕਜ਼ਾਕਿਸਤਾਨ ਦੇ ਅਸਤਾਨਾ ਵਿੱਚ ਰੂਸ ਦੇ ਇਆਨ ਨੇਪੋਮਨੀਆਚਚੀ 'ਤੇ ਤੇਜ਼-ਪਲੇ ਟਾਈ-ਬ੍ਰੇਕ ਜਿੱਤ ਤੋਂ ਬਾਅਦ ਚੈਂਪੀਅਨ ਬਣ ਗਿਆ

ਮੈਗਨਸ ਕਾਰਲਸਨ ਦੇ ਦਬਦਬੇ ਦਾ ਦਹਾਕਾ

2013 ਵਿੱਚ ਆਪਣੀ ਪਹਿਲੀ ਵਿਸ਼ਵ ਸ਼ਤਰੰਜ ਚੈਂਪੀਅਨਸ਼ਿਪ ਜਿੱਤਣ ਤੋਂ ਲੈ ਕੇ 2022 ਵਿੱਚ ਆਪਣੇ ਕਰੀਅਰ ਵਿੱਚ ਤੀਜੀ ਵਾਰ ਤੀਹਰੀ ਵਾਰ ਵਿਸ਼ਵ ਚੈਂਪੀਅਨ ਬਣਨ ਤੱਕ, ਕਾਰਲਸਨ ਦਾ ਦਬਦਬਾ ਦਾ ਇੱਕ ਸ਼ਾਨਦਾਰ ਦਹਾਕਾ ਰਿਹਾ ਹੈ, ਉਸਨੇ ਕਈ ਰਿਕਾਰਡ ਕਾਇਮ ਕੀਤੇ ਹਨ ਅਤੇ ਸਫਲਤਾ ਦੇ ਇੱਕ ਪੱਧਰ ਨੂੰ ਪ੍ਰਾਪਤ ਕੀਤਾ ਹੈ ਜਿਸਦਾ ਇਤਿਹਾਸ ਵਿੱਚ ਬਹੁਤ ਘੱਟ ਖਿਡਾਰੀਆਂ ਨੇ ਕੀਤਾ ਹੈ।



ਕਾਰਲਸਨ ਨੂੰ ਦਸ ਸਾਲਾਂ ਤੋਂ ਵਿਸ਼ਵ ਦੇ ਨੰਬਰ ਇੱਕ ਸ਼ਤਰੰਜ ਖਿਡਾਰੀ ਵਜੋਂ ਦਰਜਾ ਦਿੱਤਾ ਗਿਆ ਹੈ। ਉਸਦੀ 2882 ਦੀ ਸਿਖਰ ਦਰਜਾਬੰਦੀ ਇਤਿਹਾਸ ਵਿੱਚ ਕਿਸੇ ਵੀ ਸ਼ਤਰੰਜ ਖਿਡਾਰੀ ਦੁਆਰਾ ਪ੍ਰਾਪਤ ਕੀਤੀ ਸਭ ਤੋਂ ਉੱਚੀ ਦਰਜਾਬੰਦੀ ਹੈ।

ਮੈਗਨਸ ਕਾਰਲਸਨ ਦੇ ਦਬਦਬੇ ਦਾ ਦਹਾਕਾ

2013 ਵਿੱਚ ਆਪਣੀ ਪਹਿਲੀ ਵਿਸ਼ਵ ਸ਼ਤਰੰਜ ਚੈਂਪੀਅਨਸ਼ਿਪ ਜਿੱਤਣ ਤੋਂ ਲੈ ਕੇ 2022 ਵਿੱਚ ਆਪਣੇ ਕਰੀਅਰ ਵਿੱਚ ਤੀਜੀ ਵਾਰ ਤੀਹਰੀ ਵਾਰ ਵਿਸ਼ਵ ਚੈਂਪੀਅਨ ਬਣਨ ਤੱਕ, ਕਾਰਲਸਨ ਦਾ ਦਬਦਬਾ ਦਾ ਇੱਕ ਸ਼ਾਨਦਾਰ ਦਹਾਕਾ ਰਿਹਾ ਹੈ, ਕਈ ਰਿਕਾਰਡ ਕਾਇਮ ਕੀਤੇ ਹਨ ਅਤੇ ਸਫਲਤਾ ਦੇ ਇੱਕ ਪੱਧਰ ਨੂੰ ਪ੍ਰਾਪਤ ਕੀਤਾ ਹੈ ਜਿਸਦਾ ਇਤਿਹਾਸ ਵਿੱਚ ਬਹੁਤ ਘੱਟ ਖਿਡਾਰੀਆਂ ਨੇ ਮੇਲ ਕੀਤਾ ਹੈ।

ਕਾਰਲਸਨ ਨੂੰ ਦਸ ਸਾਲਾਂ ਤੋਂ ਵਿਸ਼ਵ ਦੇ ਨੰਬਰ ਇੱਕ ਸ਼ਤਰੰਜ ਖਿਡਾਰੀ ਵਜੋਂ ਦਰਜਾ ਦਿੱਤਾ ਗਿਆ ਹੈ। ਉਸਦੀ 2882 ਦੀ ਸਿਖਰ ਦਰਜਾਬੰਦੀ ਇਤਿਹਾਸ ਵਿੱਚ ਕਿਸੇ ਵੀ ਸ਼ਤਰੰਜ ਖਿਡਾਰੀ ਦੁਆਰਾ ਪ੍ਰਾਪਤ ਕੀਤੀ ਸਭ ਤੋਂ ਉੱਚੀ ਦਰਜਾਬੰਦੀ ਹੈ।

ਨਾਰਵੇਜੀਅਨ 17 ਸਾਲ ਦੀ ਉਮਰ ਵਿੱਚ 2007 ਵਿੱਚ 6945 ਰੇਟਿੰਗ ਪ੍ਰਣਾਲੀ ਵਿੱਚ ਵਿਸ਼ਵ ਨੰਬਰ ਇੱਕ ਦਾ ਦਰਜਾ ਪ੍ਰਾਪਤ ਕਰਨ ਵਾਲਾ ਸਭ ਤੋਂ ਘੱਟ ਉਮਰ ਦਾ ਖਿਡਾਰੀ ਬਣ ਗਿਆ। 2019 ਵਿੱਚ, ਕਾਰਲਸਨ ਨੇ ਕੁੱਲ 10 ਸਿਖਰ-ਪੱਧਰ ਦੇ ਟੂਰਨਾਮੈਂਟ ਜਿੱਤੇ, ਜੋ ਕਿਸੇ ਇੱਕਲੇ ਖਿਡਾਰੀ ਦੁਆਰਾ ਹੁਣ ਤੱਕ ਦਾ ਸਭ ਤੋਂ ਵੱਧ ਹੈ। ਉਸ ਕੋਲ 2018 ਅਤੇ 2021 ਦੇ ਵਿਚਕਾਰ ਬਿਨਾਂ ਕਿਸੇ ਨੁਕਸਾਨ ਦੇ ਲਗਾਤਾਰ 125 ਕਲਾਸੀਕਲ ਸ਼ਤਰੰਜ ਖੇਡਾਂ ਦੀ ਲੜੀ ਸੀ, ਜੋ ਕਿ ਕਲਾਸੀਕਲ ਸ਼ਤਰੰਜ ਦੇ ਇਤਿਹਾਸ ਵਿੱਚ ਸਭ ਤੋਂ ਲੰਬੀ ਨਾਬਾਦ ਲੜੀ ਹੈ। ਇੱਕ ਹੋਰ ਵਿਲੱਖਣ ਰਿਕਾਰਡ ਵਿੱਚ, ਕਾਰਲਸਨ ਨੇ ਬਿਨਾਂ ਕਿਸੇ ਨੁਕਸਾਨ ਦੇ ਲਗਾਤਾਰ 125 ਕਲਾਸੀਕਲ ਖੇਡਾਂ ਖੇਡੀਆਂ, ਜਿਸ ਨੇ ਸਰਗੇਈ ਟਿਵੀਆਕੋਵ ਦੁਆਰਾ ਰੱਖੇ 110 ਖੇਡਾਂ ਦੇ ਪਿਛਲੇ ਰਿਕਾਰਡ ਨੂੰ ਤੋੜ ਦਿੱਤਾ।ਤੇਜ਼ ਸ਼ਤਰੰਜ ਵਿੱਚ ਲਗਾਤਾਰ ਸਭ ਤੋਂ ਵੱਧ ਜਿੱਤਾਂ ਦਾ ਰਿਕਾਰਡ ਵੀ ਕਾਰਲਸਨ ਦੇ ਨਾਂ ਹੈ। ਉਸਨੇ 2016 ਅਤੇ 2017 ਦੇ ਵਿਚਕਾਰ ਤੇਜ਼ ਸ਼ਤਰੰਜ ਵਿੱਚ ਲਗਾਤਾਰ 19 ਗੇਮਾਂ ਜਿੱਤੀਆਂ।

ਵੱਖ-ਵੱਖ ਯੁੱਗਾਂ ਦੇ ਮਹਾਨ ਵਿਅਕਤੀਆਂ ਦੀ ਤੁਲਨਾ ਕਰਨਾ ਔਖਾ ਹੈ। ਉਸ ਦੇ ਬਹੁਤ ਸਾਰੇ ਰਿਕਾਰਡਾਂ ਨੇ ਕਾਰਲਸਨ ਨੂੰ ਹੋਰ ਮਹਾਨ ਖਿਡਾਰੀਆਂ ਤੋਂ ਮੀਲ ਅੱਗੇ ਰੱਖਿਆ, ਪਰ ਕੁਝ ਅਜਿਹੇ ਰਿਕਾਰਡ ਹਨ ਜੋ ਕਾਰਲਸਨ ਵੀ ਨਹੀਂ ਤੋੜ ਸਕੇ। ਉਦਾਹਰਨ ਲਈ: ਰੂਸੀ ਸ਼ਤਰੰਜ ਦੇ ਮਹਾਨ ਖਿਡਾਰੀ ਗੈਰੀ ਕਾਸਪਾਰੋਵ ਦਾ 20 ਸਾਲਾਂ ਤੱਕ ਵਿਸ਼ਵ ਨੰਬਰ ਇੱਕ ਰਹਿਣ ਦਾ ਰਿਕਾਰਡ ਅਤੇ ਇਹ ਬਹੁਤ ਸੰਭਾਵਨਾ ਨਹੀਂ ਹੈ ਕਿ ਰਿਕਾਰਡ ਕਦੇ ਟੁੱਟ ਜਾਵੇਗਾ, ਜਦੋਂ ਕਿ ਕਾਰਲਸਨ ਦੀ ਖੇਡਣ ਦੀ ਸ਼ੈਲੀ ਵਧੇਰੇ ਸੂਖਮ ਹੈ, ਉਹ ਅਜੇ ਤੱਕ ਕਾਸਪਾਰੋਵ ਦੇ ਰਿਕਾਰਡ ਨਾਲ ਮੇਲ ਨਹੀਂ ਖਾਂਦਾ ਹੈ।

ਕਾਰਲਸਨ ਨੂੰ ਸ਼ਤਰੰਜ ਦਾ ਮੋਜ਼ਾਰਟ ਕਿਹਾ ਜਾਂਦਾ ਹੈ। ਸਿਰਫ਼ 32 ਸਾਲ ਦੀ ਉਮਰ ਵਿੱਚ, ਉਸਨੇ ਆਪਣੇ ਲੰਬੇ ਕਰੀਅਰ ਦੌਰਾਨ ਜ਼ਿਆਦਾਤਰ ਗ੍ਰੈਂਡ ਮਾਸਟਰਾਂ ਨਾਲੋਂ ਵੱਧ ਪ੍ਰਾਪਤ ਕੀਤੇ ਹਨ।

ਕਾਰਲਸਨ ਆਪਣੇ ਵਿਰੋਧੀਆਂ ਦੀਆਂ ਕਮਜ਼ੋਰੀਆਂ ਦਾ ਫਾਇਦਾ ਉਠਾਉਣ ਵਿੱਚ ਬਹੁਤ ਵਧੀਆ ਹੈ ਅਤੇ ਧੀਰਜ ਨਾਲ ਮੌਕਿਆਂ ਦੀ ਉਡੀਕ ਕਰਦਾ ਹੈ। ਇੱਕ ਹੋਰ ਚੀਜ਼ ਜੋ ਉਸਨੂੰ ਉਸਦੇ ਵਿਰੋਧੀਆਂ ਦੇ ਵਿਰੁੱਧ ਇੱਕ ਫਾਇਦਾ ਦਿੰਦੀ ਹੈ ਉਹ ਹੈ ਉਸਦੀ ਖੇਡਾਂ ਵਿੱਚ ਛੋਟੇ ਸਥਿਤੀ ਵਿੱਚ ਸੁਧਾਰ ਕਰਨ ਦੀ ਉਸਦੀ ਯੋਗਤਾ।

## ਪੰਜਾਬ 'ਚ ਕੀ ਹੋਵੇਗਾ ਪੰਥਕ ਸਿਆਸਤ ਦਾ ਭਵਿੱਖ ?

ਲੋਕ ਸਭਾ ਚੋਣਾਂ ਦੌਰਾਨ ਸਿਮਰਨਜੀਤ ਸਿੰਘ ਮਾਨ ਸਮੇਤ ਉਸਦੇ ਸਾਥੀਆਂ ਨੂੰ ਪੰਜਾਬ ਵਿੱਚ ਪੰਜਾਬੀਆਂ ਨੇ ਲੋਕ ਸਭਾ ਦੀਆਂ ਚੋਣਾਂ ਜਿਤਾ ਕੇ ਉਹਨਾਂ ਨੂੰ ਪੰਥ ਦੀ ਵਾਗਡੋਰ ਸੌਂਪੀ ਸੀ। ਇਸ ਸਮੇਂ ਵੀ ਸਿਮਰਨਜੀਤ ਸਿੰਘ ਮਾਨ ਸੰਗਰੂਰ ਹਲਕੇ ਤੋਂ ਪੰਥਕ ਨੁਮਾਇੰਦਗੀ ਕਰ ਰਹੇ ਹਨ। ਹੁਣ ਪਿਛਲੇ ਕੁਝ ਸਾਲਾਂ ਤੋਂ ਪੰਥਕ ਸਿਆਸਤ ਵਿੱਚ ਆਏ ਖ਼ਲਾਅ ਕਾਰਨ ਪੰਜਾਬ ਦੀ ਸਿਆਸਤ ਵਿੱਚੋਂ ਪੰਥਕ ਮੁੱਦੇ ਇੱਕ ਤਰਾਂ ਗਾਇਬ ਹੋ ਗਏ ਹਨ। ਅਕਾਲੀ ਦਲ ਸਮੇਤ ਵੱਖ ਵੱਖ ਸਿਆਸੀ ਪਾਰਟੀਆਂ ਨੇ ਪੰਥ ਨੂੰ ਸਿਰਫ਼ ਪੰਥਕ ਵੋਟਾਂ ਦੇ ਤੌਰ 'ਤੇ ਵਰਤਿਆ ਹੈ ਅਤੇ ਇਸੇ ਕਾਰਨ ਅਕਾਲੀ ਆਗੂਆਂ ਨੂੰ ਸਿਰਫ਼ ਚੋਣਾਂ ਮੌਕੇ ਪੰਥਕ ਮੁੱਦੇ ਯਾਦ ਆਉਂਦੇ ਹਨ, ਚੋਣਾਂ ਤੋਂ ਬਾਅਦ ਇਹ ਪੰਥਕ ਮੁੱਦੇ ਮੁੜ ਠੰਡੇ ਬਸਤੇ ਵਿੱਚ ਪਾ ਦਿਤੇ ਜਾਂਦੇ ਹਨ। ਪਿਛਲੇ ਸਮੇਂ ਦੌਰਾਨ ਹਰ ਅਕਾਲੀ ਆਗੂ ਆਪਣੇ ਨਾਂਅ ਦੇ ਅੱਗੇ ਜਥੇਦਾਰ ਲਗਾਉਂਣਾਂ ਸ਼ਾਨ ਸਮਝਦਾ ਸੀ ਪਰ ਹੁਣ ਦੇ ਅਕਾਲੀ ਆਗੂਆਂ ਵੱਲੋਂ ਆਪਣੇ ਨਾਂਅ ਦੇ ਨਾਲ ਜਥੇਦਾਰ ਸ਼ਬਦ ਲਗਾਉਣ ਤੋਂ ਗੁਰੇਜ ਕੀਤਾ ਜਾਂਦਾ ਹੈ।

ਪਿਛਲੇ ਸਾਲ ਹੋਈਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਦੌਰਾਨ ਆਮ ਆਦਮੀ ਪਾਰਟੀ ਨੇ ਪੰਥਕ ਸਿਆਸਤ ਵਿੱਚ ਆਏ ਖ਼ਲਾਅ ਨੂੰ ਭਰਨ ਦਾ ਦਾਅਵਾ ਕਰਕੇ ਸਫ਼ਲਤਾ ਹਾਸਲ ਕਰ ਲਈ ਸੀ ਪਰ ਇਸ ਸਰਕਾਰ ਦੇ ਹੁਣ ਤਕ ਦੇ ਕਾਰਜਕਾਲ ਦੌਰਾਨ ਪੰਥਕ ਮੁੱਦੇ ਅਤੇ ਪੰਥਕ ਮਸਲੇ ਅਜੇ ਵੀ ਲਮਕ ਰਹੇ ਹਨ।

ਇਤਿਹਾਸ ਗਵਾਹ ਹੈ ਕਿ ਜਦੋਂ ਰੋਮ ਵਿੱਚ ਪੋਪ ਯਾਨੀ ਧਰਮ ਦਾ ਰੋਮ ਦੀ ਰਾਜਨੀਤੀ 'ਤੇ ਦਬਦਬਾ ਰਿਹਾ ਤਾਂ ਰੋਮ ਵਿੱਚ ਸਭ ਕੁਝ ਠੀਕ ਸੀ ਪਰ ਜਦੋਂ ਰੋਮ ਵਿੱਚ ਪੋਪ ਦਾ ਪ੍ਰਭਾਵ ਘਟਿਆ ਅਤੇ ਧਰਮ ਵਿੱਚ ਵੀ ਰਾਜਨੀਤੀ ਦੀ ਦਖਲਅੰਦਾਜੀ ਹੋਣ ਲੱਗੀ ਤਾਂ ਰੋਮ ਦਾ ਜੋ ਹਾਲ ਹੋਇਆ ਸੀ, ਉਹ ਸਭ ਨੂੰ ਪਤਾ ਹੈ। ਉਸ ਸਮੇਂ ਹੀ ਕਹਾਵਤ ਬਣੀ ਕਿ 'ਰੋਮ ਜਲਦਾ ਰਿਹਾ, ਤੇ ਨੀਰੋ ਬੰਸਰੀ ਵਜਾਉਂਦਾ ਰਿਹਾ। ਪੰਥਕ ਸਿਆਸਤ ਵਿੱਚ ਇਸ ਸਮੇਂ 'ਨੀਰੋ' ਵਰਗੇ ਆਗੂਆਂ ਦੀ ਲੋੜ ਨਹੀਂ ਹੈ, ਸਗੋਂ ਪੰਥਕ ਜਜ਼ਬੇ ਵਾਲੇ ਆਗੂਆਂ ਦੀ ਲੋੜ ਹੈ।

ਇਸ ਸਮੇਂ ਸਿੱਖਾਂ ਦੀ ਮਿੰਨੀ ਪਾਰਲੀਮੈਂਟ ਮੰਨੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੌਜੂਦਾ ਪ੍ਰਧਾਨ ਸ੍ਰ. ਹਰਜਿੰਦਰ ਸਿੰਘ ਧਾਮੀ ਵੱਲੋਂ ਜਲੰਧਰ ਲੋਕ ਸਭਾ ਹਲਕੇ ਦੀ ਜ਼ਿਮਨੀ ਚੋਣ ਦੌਰਾਨ ਅਕਾਲੀ ਉਮੀਦਵਾਰ ਦੇ ਪੱਖ ਵਿੱਚ ਚੋਣ ਪ੍ਰਚਾਰ ਕੀਤਾ ਗਿਆ ਹੈ, ਜਿਸ ਦਾ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਇਕ ਤਰਾਂ ਵਿਰੋਧ ਕੀਤਾ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਸ੍ਰ. ਧਾਮੀ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਦੌਰਾਨ ਪੰਜਾਬ ਦੀ ਪੰਥਕ ਸਿਆਸਤ ਨੂੰ ਮੁੜ ਉਭਾਰਨ ਵਿੱਚ ਕਾਮਯਾਬ ਹੋ ਸਕਣਗੇ ? ਇਸਦੇ ਨਾਲ ਹੀ ਇਹ ਸਵਾਲ ਵੀ ਪੈਦਾ ਹੁੰਦਾ ਹੈ ਕਿ ਕੀ ਅਕਾਲੀ ਦਲ ਆਪਣੀਆਂ ਪੱਕੀਆਂ ਪੰਥਕ ਵੋਟਾਂ ਦੀ ਹਮਾਇਤ ਮੁੜ ਪ੍ਰਾਪਤ ਕਰ ਸਕੇਗਾ, ਕਿਉਂਕਿ ਪਿਛਲੇ ਸਮੇਂ ਦੌਰਾਨ ਅਕਾਲੀ ਦਲ ਦੀਆਂ ਪੱਕੀਆਂ ਸਮਝੀਆਂ ਜਾਂਦੀਆਂ ਪੰਥਕ ਵੋਟਾਂ ਹੀ ਅਕਾਲੀ ਦਲ ਤੋਂ ਨਿਰਾਸ਼ ਹੋ ਗਈਆਂ ਸਨ, ਜਿਸਦਾ ਫਾਇਦਾ ਆਮ ਆਦਮੀ ਪਾਰਟੀ ਨੇ ਚੁਕ ਕੇ ਪੰਜਾਬ 'ਚ ਸਰਕਾਰ ਬਣਾਉਣ ਵਿੱਚ ਸਫਲਤਾ ਹਾਸਲ ਕਰ ਲਈ ਸੀ ਪਰ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕਾਰਜਕਾਲ ਦੌਰਾਨ ਵੀ ਇਸ ਸਮੇਂ ਪੰਜਾਬ ਦੀ ਪੰਥਕ ਸਿਆਸਤ ਵਿੱਚ ਆਏ ਖ਼ਲਾਅ ਨੂੰ ਭਰਨ ਲਈ ਕਿਸੇ ਵੀ ਧਿਰ ਵੱਲੋਂ ਸੁਹਿਰਦ ਯਤਨ ਨਹੀਂ ਹੋ ਰਹੇ। ਇਸ ਸਮੇਂ ਪੰਜਾਬ 'ਚ ਪੰਥਕ ਸਿਆਸਤ ਦੇ ਭਵਿੱਖ ਬਾਰੇ ਸਵਾਲ ਉਠ ਰਹੇ ਹਨ। ਪੰਜਾਬ ਵਿੱਚ ਇਸ ਸਮੇਂ ਕੋਈ ਵੀ ਅਜਿਹਾ ਆਗੂ ਦਿਖਾਈ ਨਹੀਂ ਦੇ ਰਿਹਾ ਜੋ ਕਿ ਪੰਥਕ ਸਿਆਸਤ ਵਿੱਚ ਆਏ ਖ਼ਲਾਅ ਨੂੰ ਦੂਰ ਕਰ ਸਕੇ। ਪੰਜਾਬ ਦੀ ਪੰਥਕ ਸਿਆਸਤ ਵਿੱਚ ਆਏ ਖ਼ਲਾਅ ਨੂੰ ਦੂਰ ਕਰਨ ਲਈ ਸਿੱਖੀ ਦਰਦ ਅਤੇ ਪੰਥਕ ਸੋਚ ਵਾਲੇ ਆਗੂਆਂ ਨੂੰ ਇਕਠੇ ਹੋਣ ਦੀ ਲੋੜ ਹੈ ਅਤੇ ਇਸ ਸਮੇਂ ਪੰਥਕ ਮੁੱਦਿਆਂ ਦੀ ਸੱਚੀ-ਸੁੱਚੀ ਪਹਿਰੇਦਾਰ ਅਤੇ ਪੰਜਾਬ ਦੇ ਹਿੱਤਾਂ ਦੀ ਡਟ ਕੇ ਰਖਵਾਲੀ ਕਰਨ ਵਾਲੀ ਪੰਥਕ ਧਿਰ ਦੀ ਵੱਡੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ।

***

## 2.6 ਕਰੋੜ ਸਿੱਖਾਂ 'ਚੋਂ ਚੁਣੇ ਵਿਸ਼ਵ ਦੇ 100 ਪ੍ਰਭਾਵਸ਼ਾਲੀ ਸਿੱਖ

ਗਿਆਨੀ ਕੁਲਵੰਤ ਸਿੰਘ ਪਹਿਲੇ ਸਥਾਨ 'ਤੇ ਹਨ। ਉਨ੍ਹਾਂ ਤੋਂ ਬਾਅਦ ਦੂਜੇ ਨੰਬਰ 'ਤੇ ਸ੍ਰੀ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦਾ ਨਾਂ ਦਰਜ ਹੈ। ਇਸ ਸੂਚੀ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦਾ ਨਾਂ ਵੀ ਦਰਜ ਕੀਤਾ ਗਿਆ ਹੈ। ਸੰਸਥਾ ਵੱਲੋਂ ਸਾਲ 2022 ਦੀ ਜਾਰੀ ਕੀਤੀ ਸੂਚੀ ਵਿੱਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ 2022 ਵਿੱਚ ਵਿਸ਼ਵ ਪੱਧਰ 'ਤੇ ਪ੍ਰਭਾਵਸ਼ਾਲੀ 100 ਸਿੱਖਾਂ 'ਚੋਂ ਤੀਜੇ ਸਥਾਨ 'ਤੇ ਹਨ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਚੌਥੇ ਸਥਾਨ 'ਤੇ ਹਨ।

ਇਸ ਸੂਚੀ ਵਿੱਚ ਥਾਂ ਪਾਉਣ ਵਾਲੇ ਹੋਰਾਂ ਸਿੱਖਾਂ ਵਿੱਚ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਕੇਂਦਰੀ ਮੰਤਰੀ ਹਰਦੀਪ ਪੁਰੀ, ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਕੈਨੇਡਾ ਦੇ ਰੱਖਿਆ ਮੰਤਰੀ ਅਤੇ ਸੰਸਦ ਮੈਂਬਰ ਹਰਜੀਤ ਸਿੰਘ ਸੱਜਣ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ, ਖਾਲਸਾ ਏਡ ਦੇ ਆਗੂ ਰਵੀ ਸਿੰਘ, ਪੰਜਾਬੀ ਗਾਇਕ ਦਿਲਜੀਤ ਦੁਸਾਂਝ ਆਦਿ ਦੇ ਨਾਂ ਸ਼ਾਮਲ ਹਨ।

***

## ਪੂਰੀ ਦੁਨੀਆਂ 'ਚ ਛਾਏ ਸਿੱਖ

ਮਾਣਯੋਗ ਪ੍ਰਾਪਤੀਆਂ ਦਾ ਜ਼ਿਕਰ ਅਕਸਰ ਵੱਖ- ਵੱਖ ਮੁਲਕਾਂ ਦੀਆਂ ਸਰਕਾਰਾਂ ਵੱਲੋਂ ਕੀਤਾ ਜਾਂਦਾ ਹੈ। ਇਸ ਤਰਾਂ ਸਿੱਖ ਅੰਤਰਰਾਸ਼ਟਰੀ ਪੱਧਰ 'ਤੇ ਪੂਰੀ ਤਰਾਂ ਛਾਏ ਹੋਏ ਹਨ।

***

## ਇਕ ਮੰਤਰੀ ਦੀ ਅਸ਼ਲੀਲ ਵੀਡੀਓ

ਇਨਕਲਾਬੀ ਤਬਦੀਲੀਆਂ ਤੋਂ ਬਚਾਵੇ।

ਇਸ ਪੂਰੇ ਮਾਮਲੇ ਬਾਬਤ, ਭਾਜਪਾ ਦੇ ਮਨਜਿੰਦਰ ਸਿੰਘ ਸਿਰਸਾ ਨੇ ਵੀ ਟਵੀਟ ਕਰ ਕੇ ਕਿਹਾ ਕਿ ਆਪ ਮੰਤਰੀ ਲਾਲ ਚੰਦ ਕਟਾਰੂਚੱਕ ਦੀ ਇੱਕ ਬਹੁਤ ਹੀ ਅਸ਼ਲੀਲ ਵੀਡੀਓ ਪੰਜਾਬ ਦੇ ਰਾਜਪਾਲ ਨੂੰ ਸੌਂਪੀ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਮੰਤਰੀ ਨੇ ਆਪਣਾ ਅਸਤੀਫ਼ਾ ਦੇ ਦਿੱਤਾ ਹੈ ਅਤੇ ਮੁੱਖ ਮੰਤਰੀ ਭਗਵੰਤ ਮਾਨ ਜਲਦੀ ਹੀ ਇਸ ਮੁੱਦੇ 'ਤੇ ਪ੍ਰੈੱਸ ਕਾਨਫ਼ਰੰਸ ਕਰਨਗੇ।

ਸਰਕਾਰੀ ਸੂਤਰਾਂ ਅਨੁਸਾਰ ਹੁਣ ਇਕ ਸੰਬੰਧਿਤ ਮੰਤਰੀ ਵਿਰੁੱਧ ਲੱਗੇ ਅਜਿਹੇ ਸਨਸਨੀਖ਼ੇਜ਼ ਦੋਸ਼ਾਂ ਨੂੰ ਲੈ ਕੇ ਮੁੱਖ ਮੰਤਰੀ ਵੀ ਪ੍ਰੇਸ਼ਾਨ ਹਨ ਅਤੇ ਉਨ੍ਹਾਂ ਵੱਲੋਂ ਇਸ ਸੰਬੰਧੀ ਪਾਰਟੀ ਪੱਧਰ 'ਤੇ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ ਅਤੇ ਦੋਸ਼ਾਂ ਦੀ ਵੀ ਘੋਖ ਕੀਤੀ ਜਾ ਰਹੀ ਹੈ।ਸੂਚਨਾ ਅਨੁਸਾਰ ਇਹ ਮਾਮਲਾ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਵੀ ਧਿਆਨ ਵਿੱਚ ਲਿਆ ਦਿੱਤਾ ਗਿਆ ਹੈ। ਜਲੰਧਰ ਜ਼ਿਮਨੀ ਚੋਣ ਦੌਰਾਨ ਸੰਬੰਧਿਤ ਮੰਤਰੀ ਵਿਰੁੱਧ 12 ਮਿੰਟਾਂ ਦੀਆਂ ਇਹ ਦੋ ਵੀਡੀਓ ਜਨਤਕ ਹੋਣ ਦਾ ਡਰ ਵੀ ਪਾਰਟੀ ਨੂੰ ਸਤਾ ਰਿਹਾ ਹੈ, ਕਿਉਂਕਿ ਪਾਰਟੀ ਨੂੰ ਇਸ ਕਾਰਨ ਵੱਡਾ ਨੁਕਸਾਨ ਉਠਾਉਣਾ ਪੈ ਸਕਦਾ ਹੈ।

ਦੂਸਰੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਹੈ ਕਿ ਸਾਡੇ ਤੱਕ ਕੋਈ ਵੀਡੀਓ ਨਹੀਂ ਪੁੱਜੀ। ਮਾਨ ਨੇ ਕਿਹਾ ਕਿ, ਸੁਖਪਾਲ ਖਹਿਰਾ, ਮਨਜਿੰਦਰ ਸਿਰਸਾ ਤੇ ਬਿਕਰਮ ਮਜੀਠੀਆ ਇਹ ਤਿੰਨੋ ਆਪਸ ਵਿੱਚ ਮਿਲੇ ਹੋਏ ਹਨ। ਇਸ ਦੇ ਨਾਲ ਹੀ ਮਾਨ ਨੇ ਕਿਹਾ ਕਿ ਸਾਡੇ ਕੋਲ ਕੋਈ ਅਸਤੀਫ਼ਾ ਕਿਸੇ ਮੰਤਰੀ ਦਾ ਨਹੀਂ ਪੁੱਜਾ। ਉਨ੍ਹਾਂ ਨੂੰ ਖ਼ੁਰਾਕ ਤੇ ਸਿਵਲ ਸਪਲਾਈ ਮੰਤਰੀ ਲਾਲ ਚੰਦ ਕਟਾਰੂਚੱਕ ਵੱਲੋਂ ਕੋਈ ਅਸਤੀਫ਼ਾ ਨਹੀਂ ਮਿਲਿਆ ਹੈ। ਉਨ੍ਹਾਂ ਕਿਹਾ ਕਿ ਮਨਜਿੰਦਰ ਸਿੰਘ ਸਿਰਸਾ ਕਟਾਰੂਚੁੱਕ ਦਾ ਅਸਤੀਫ਼ਾ ਲੈਣ ਦੀ ਗੱਲ ਕਰ ਰਹੇ ਹਨ, ਮੈਨੂੰ ਲੱਗਦਾ ਹੈ ਕਿ ਕਟਾਰੂਚੁੱਕ ਨੇ ਆਪਣਾ ਅਸਤੀਫ਼ਾ ਉਨ੍ਹਾਂ ਨੂੰ ਦੇ ਦਿੱਤਾ ਹੈ, ਪਰ ਉਨ੍ਹਾਂ ਨੇ ਮੈਨੂੰ ਨਹੀਂ ਭੇਜਿਆ।

***

## ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਦੀ ਤੀਜੀ ਸ਼ਤਾਬਦੀ ਦੇ ਸਬੰਧ 'ਚ 'ਬੁੰਗਾ ਰਾਮਗੜ੍ਹੀਆ ਦਾ ਸਿੰਘਾਸਨ ਹੈ।

ਬੁੰਗੇ ਵਿੱਚ ਸਿੰਘਾਸਨ ਦੇ ਸਾਹਮਣੇ ਮਾਲਖਾਨਾ ਹੈ ਅਤੇ ਕੈਦੀਆਂ ਲਈ ਕਾਲ ਕੋਠੜੀ ਸਿੰਘਾਸਨ ਦੇ ਥੱਲੇ ਹੈ। ਦਰਬਾਰੀਆਂ, ਅਹਿਲਕਾਰਾਂ ਤੇ ਜਰਨੈਲਾਂ ਦੇ ਬੈਠਣ ਲਈ ਇੱਕ ਵੱਡਾ ਦੀਵਾਨ ਹਾਲ ਹੈ, ਜਿਸ ਦੇ ਇਕ ਪਾਸੇ ਖੂਹ ਹੈ। ਹਵਾ ਅਤੇ ਰੋਸ਼ਨੀ ਲਈ ਵੀ ਪ੍ਰਬੰਧ ਹੈ। ਬਾਹਰ ਆਉਣ ਲਈ ਵੱਖਰਾ ਰਸਤਾ ਤੇ ਇੱਕ ਰਸਤਾ ਵਿਚਕਾਰ ਮੁਸ਼ਕਿਲ ਪੈਦਾ ਹੋਣ ਦੀ ਸਥਿਤੀ ਵਿਚ ਵਰਤਨ ਲਈ ਹੈ। ਇਸ ਦੀ ਉੱਪਰਲੀ ਛੱਤ 44 ਲਾਲ ਪੱਥਰ ਦੇ ਥੰਮ੍ਹਾਂ ਨਾਲ ਬਣੀ ਹੈ, ਜੋ ਸਿੱਖ ਨਕਾਸ਼ੀ ਦਾ ਅਲੌਕਿਕ ਨਮੂਨਾ ਹੈ। ਸ੍ਰੀ ਦਰਬਾਰ ਸਾਹਿਬ ਅਤੇ ਸ਼ਹਿਰ ਦੀਆਂ ਹੱਦਾਂ ਦੀ ਨਿਗਰਾਨੀ ਲਈ 156 ਫੁੱਟ ਉੱਚੇ 2 ਮੀਨਾਰ ਹਨ। ਇਤਿਹਾਸ ਅਨੁਸਾਰ 1783 ਈ. ਵਿੱਚ ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਸਰਦਾਰ ਬਘੇਲ ਸਿੰਘ ਅਤੇ ਹੋਰ ਸਿੰਘਾਂ ਨਾਲ ਮਿਲ ਕੇ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਲਾਲ ਕਿਲ੍ਹੇ ਨੂੰ ਜਿੱਤਿਆ ਤਾਂ ਤਖ਼ਤੇ ਤਾਊਸ ਦੀ ਉਹ ਸਿਲ੍ਹ ਨੂੰ ਵੀ ਅੰਮ੍ਰਿਤਸਰ ਬੁੰਗੇ ਵਿੱਚ ਲਿਆ ਕੇ ਰੱਖਿਆ। ਇਸ ਸਿਲ 'ਤੇ ਬਿਠਾ ਕੇ ਮੁਗਲ ਬਾਦਸ਼ਾਹ ਦੀ ਤਾਜਪੋਸ਼ੀ ਕੀਤੀ ਜਾਂਦੀ ਸੀ ਅਤੇ ਇਸੇ ਸਿਲ੍ਹ 'ਤੇ ਬੈਠ ਕੇ ਔਰੰਗਜ਼ੇਬ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਤੇ ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਨੂੰ ਤਸੀਹੇ ਦੇ ਕੇ ਸ਼ਹੀਦ ਕਰਨ ਦੇ ਫਤਵੇ ਦਿੱਤੇ ਸਨ। 1905 ਵਿੱਚ ਆਏ ਭੂਚਾਲ ਤੇ ਜੂਨ 1984 ਦੇ ਫ਼ੌਜੀ ਹਮਲੇ ਤੋਂ ਬਾਅਦ ਨੁਕਸਾਨੇ ਗਏ 'ਬੁੰਗਾ ਰਾਮਗੜ੍ਹੀਆ' ਨੂੰ ਪੁਰਤਨ ਦਿਖ ਦੇਣ ਲਈ ਵੱਖ ਵੱਖ ਸਮੇਂ ਵਿੱਚ ਹੁਣ ਤੱਕ ਚਾਰ ਭਾਗਾਂ ਵਿੱਚ ਤਿਆਰ ਕਰਵਾ ਕੇ ਸੰਗਤਾਂ ਦੇਖਣ ਲਈ ਤਿਆਰ ਕਰ ਦਿੱਤਾ ਹੈ, ਜਿਸ ਨੂੰ ਰੰਗ-ਬਰੰਗੀਆਂ ਐੱਲਈਡੀ ਲਾਈਟਾਂ ਨਾਲ ਰੁਸ਼ਨਾ ਦਿੱਤਾ ਹੈ, ਜੋ ਸੰਗਤਾਂ ਲਈ ਖਿੱਚ ਦਾ ਕੇਂਦਰ ਬਣ ਰਹੀਆਂ ਹਨ।

***

## ਕਿਸਾਨ ਮੋਦੀ ਸਰਕਾਰ ਵਿਰੁੱਧ ਮੋਰਚਾ

\ਕੀਤੇ ਜਾਣਗੇ।ਸਤੰਬਰ ਅਤੇ ਅੱਧ ਨਵੰਬਰ ਦੇ ਵਿਚਕਾਰ, ਵਿਸ਼ਾਲ ਦੇਸ਼ ਵਿਆਪੀ ਯਾਤਰਾਵਾਂ ਦਾ ਆਯੋਜਨ ਕੀਤਾ ਜਾਵੇਗਾ, ਜਿਸ ਦੀ ਅਗਵਾਈ ਸੰਯੁਕਤ ਕਿਸਾਨ ਮੋਰਚੇ ਦੇ ਰਾਸ਼ਟਰੀ ਨੇਤਾ ਕਰਨਗੇ। ਇਹ ਯਾਤਰਾ ਵਿਸ਼ੇਸ਼ ਤੌਰ 'ਤੇ ਉਨ੍ਹਾਂ ਰਾਜਾਂ 'ਤੇ ਕੇਂਦਰਿਤ ਹੋਵੇਗੀ ਜਿੱਥੇ ਵਿਧਾਨ ਸਭਾ ਚੋਣਾਂ ਹੋਣੀਆਂ ਹਨ, ਜਿਵੇਂ ਕਿ ਮੱਧ ਪ੍ਰਦੇਸ਼, ਰਾਜਸਥਾਨ, ਛੱਤੀਸਗੜ੍ਹ ਅਤੇ ਤੇਲੰਗਾਨਾ।

ਲਖੀਮਪੁਰ ਖੇੜੀ ਵਿੱਚ ਕਿਸਾਨਾਂ ਦੇ ਕਤਲੇਆਮ ਦਾ ਦਿਨ 3 ਅਕਤੂਬਰ ਨੂੰ ਦੇਸ਼ ਭਰ ਵਿੱਚ ਸ਼ਹੀਦੀ ਦਿਵਸ ਵਜੋਂ ਮਨਾਇਆ ਜਾਵੇਗਾ।26 ਨਵੰਬਰ ਨੂੰ ਦਿੱਲੀ ਦੀਆਂ ਸਰਹੱਦਾਂ @ਤੇ ਪਹੁੰਚਣ ਵਾਲੇ ਕਿਸਾਨਾਂ ਦੇ ਇਤਿਹਾਸਕ ਦਿੱਲੀ ਚੱਲੋ ਮਾਰਚ ਨੂੰ ਦੇਸ਼ ਵਿਆਪੀ ਜਿੱਤ ਦਿਵਸ ਵਜੋਂ ਮਨਾਇਆ ਜਾਵੇਗਾ। ਅਤੇ ਇਹ ਪ੍ਰੋਗਰਾਮ ਸਾਰੇ ਰਾਜਾਂ ਦੀਆਂ ਰਾਜਧਾਨੀਆਂ ਵਿੱਚ ਘੱਟੋ-ਘੱਟ 3 ਦਿਨ ਚੱਲੇਗਾ। ਜਿਸ ਵਿੱਚ ਕਿਸਾਨ ਦਿਨ ਰਾਤ ਰੋਸ ਪ੍ਰਦਰਸ਼ਨ ਕਰਨਗੇ।

**ਮੀਟਿੰਗ ਵਿੱਚ ਹੇਠ ਲਿਖੇ ਮਤੇ ਵੀ ਪਾਸ ਕੀਤੇ ਗਏ**

**ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਗ੍ਰਿਫਤਾਰੀ ਦੀ ਮੰਗ :** ਸੰਯੁਕਤ ਕਿਸਾਨ ਮੋਰਚਾ ਨੇ ਭਾਰਤ ਦੀਆਂ ਔਰਤ ਪਹਿਲਵਾਨਾਂ ਦੇ ਵਿਰੋਧ ਦਾ ਜ਼ੋਰਦਾਰ ਅਤੇ ਖੁੱਲ੍ਹ ਕੇ ਸਮਰਥਨ ਕੀਤਾ ਹੈ। ਤੁਹਾਨੂੰ ਦੱਸ ਦੇਈਏ ਕਿ ਇਹ ਪਹਿਲਵਾਨ ਔਰਤਾਂ ਭਾਜਪਾ ਸੰਸਦ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਦਿੱਲੀ ਦੇ ਜੰਤਰ-ਮੰਤਰ @ਤੇ ਧਰਨੇ @ਤੇ ਬੈਠੀਆਂ ਹਨ। ਮਤੇ ਵਿੱਚ ਕਿਹਾ ਗਿਆ ਹੈ ਕਿ ਸੰਯੁਕਤ ਕਿਸਾਨ ਮੋਰਚਾ ਖਿਡਾਰੀਆਂ ਨਾਲ ਇੱਕਮੁੱਠਤਾ ਪ੍ਰਗਟਾਉਂਦਾ ਹੈ ਅਤੇ ਭਾਜਪਾ ਸੰਸਦ ਮੈਂਬਰ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਕਰਦਾ ਹੈ।

ਸਤਿਆਪਾਲ ਮਲਿਕ ਦਾ ਸਮਰਥਨ

ਇਸ ਦੇ ਨਾਲ ਹੀ ਇਸ ਮਤੇ ਰਾਹੀਂ ਸੰਯੁਕਤ ਕਿਸਾਨ ਮੋਰਚਾ ਨੇ ਸਾਬਕਾ ਰਾਜਪਾਲ ਸੱਤਿਆ ਪਾਲ ਮਲਿਕ ਖ਼ਿਲਾਫ਼ ਭਾਜਪਾ ਸਰਕਾਰ ਵੱਲੋਂ ਸੀਬੀਆਈ ਵਰਗੀਆਂ ਕੇਂਦਰੀ ਏਜੰਸੀਆਂ ਦੀ ਵਰਤੋਂ ਦੀ ਨਿਖੇਧੀ ਕੀਤੀ ਹੈ। ਜ਼ਿਕਰਯੋਗ ਹੈ ਕਿ ਮਲਿਕ ਪੁਲਵਾਮਾ ਵਿਚ ਦੇਸ਼ ਦੇ ਜਵਾਨਾਂ ਦੀ ਸ਼ਹਾਦਤ ਨੂੰ ਲੈ ਕੇ ਭਾਜਪਾ ਸਰਕਾਰ ਦੀਆਂ ਕਰਤੂਤਾਂ, ਭਾਜਪਾ ਲੀਡਰਸ਼ਿਪ ਦੇ ਉੱਚ ਪੱਧਰ @ਤੇ ਭ੍ਰਿਸ਼ਟਾਚਾਰ ਦਾ ਪਰਦਾਫਾਸ਼ ਕਰ ਰਹੇ ਹਨ। ਮਤੇ ਵਿੱਚ ਕਿਹਾ ਗਿਆ ਹੈ ਕਿ ਸੰਯੁਕਤ ਕਿਸਾਨ ਮੋਰਚਾ ਮਲਿਕ ਦੀ ਬਹਾਦਰੀ ਦੀ ਸ਼ਲਾਘਾ ਕਰਦਾ ਹੈ। ਸੰਯੁਕਤ ਕਿਸਾਨ ਮੋਰਚਾ ਦਾ ਕਹਿਣਾ ਹੈ ਕਿ ਉਹ ਮਲਿਕ ਨੂੰ ਚੁੱਪ ਕਰਵਾਉਣ ਦੀਆਂ ਭਾਜਪਾ ਸਰਕਾਰ ਦੀਆਂ ਕੋਸ਼ਿਸ਼ਾਂ ਦਾ ਸਖ਼ਤ ਵਿਰੋਧ ਕਰਦੀ ਹੈ।

ਯੂਨੀਅਨਾਂ ਨਾਲ ਏਕਤਾ

ਇਸ ਦੇ ਨਾਲ ਹੀ ਮਤੇ ਵਿੱਚ ਮਜ਼ਦੂਰਾਂ ਨਾਲ ਇੱਕਮੁੱਠਤਾ ਦਾ ਪ੍ਰਗਟਾਵਾ ਕੀਤਾ ਗਿਆ ਹੈ। ਇਸ ਕੜੀ ਵਿੱਚ, ਸੰਯੁਕਤ ਕਿਸਾਨ ਮੋਰਚਾ ਨੇ ਕੇਂਦਰ ਸਰਕਾਰ ਵੱਲੋਂ ਨੈਸ਼ਨਲ ਫੈਡਰੇਸ਼ਨ ਆਫ ਪੋਸਟਲ ਇੰਪਲਾਈਜ਼ ਅਤੇ ਆਲ ਇੰਡੀਆ ਪੋਸਟਲ ਇੰਪਲਾਈਜ਼ ਯੂਨੀਅਨ, ਭਾਰਤ ਵਿੱਚ ਡਾਕ ਕਰਮਚਾਰੀਆਂ ਦੀ ਸਭ ਤੋਂ ਪੁਰਾਣੀ ਯੂਨੀਅਨ ਦੀ ਮਾਨਤਾ ਰੱਦ ਕਰਨ ਦੀ ਨਿੰਦਾ ਕੀਤੀ ਹੈ। ਸਰਕਾਰ ਦਾ ਦੋਸ਼ ਹੈ ਕਿ ਇਨ੍ਹਾਂ ਜਥੇਬੰਦੀਆਂ ਨੇ ਕਿਸਾਨ ਅੰਦੋਲਨ ਦੀ ਹਮਾਇਤ ਕੀਤੀ ਅਤੇ ਕਿਸਾਨ ਜਥੇਬੰਦੀਆਂ ਨੂੰ ਕੁਝ ਫੰਡ ਵੀ ਦਿੱਤੇ ਹਨ। ਮਤੇ ਵਿੱਚ ਯੂਨੀਅਨਾਂ ਨਾਲ ਇਕਮੁੱਠਤਾ ਦੀ ਗੱਲ ਕੀਤੀ ਗਈ, ਇਸ ਦੇ ਨਾਲ ਹੀ ਸੰਯੁਕਤ ਕਿਸਾਨ ਮੋਰਚਾ ਨੇ ਕਿਹਾ ਕਿ ਉਹ ਕਿਸਾਨ ਵਿਰੋਧੀ, ਮਜ਼ਦੂਰ ਵਿਰੋਧੀ ਭਾਜਪਾ ਸਰਕਾਰ ਦੇ ਖਿਲਾਫ ਮਜ਼ਦੂਰ-ਕਿਸਾਨ ਏਕਤਾ ਕਰਨ ਲਈ ਤਿਆਰ ਹੈ।

ਸੋ ਇਕ ਵਾਰ ਫਿਰ ਹਰਿਆਣਾ, ਪੱਛਮੀ ਯੂ ਪੀ, ਪੰਜਾਬ ਤੇ ਰਾਜਸਥਾਨ ਵਿਚ ਮਾਹੌਲ 'ਚ ਫਿਰ ਕਿਸਾਨਾਂ ਦੀ ਸਰਗਰਮੀ ਨਜ਼ਰ ਆ ਰਹੀ ਹੈ। ਇਤਿਹਾਸਕ ਕਿਸਾਨ ਅੰਦੋਲਨ ਦੇ ਬਾਅਦ ਅਗਨੀਵੀਰ ਯੋਜਨਾ ਖਿਲਾਫ ਜ਼ਬਰਦਸਤ ਹਲਚਲ ਰਹੀ ਤੇ ਹੁਣ ਤੀਜਾ ਮੌਕਾ ਹੈ, ਜਦ ਉਥੇ ਫਿਰ ਉਬਾਲ ਆ ਰਿਹਾ ਹੈ। ਜੰਮੂ-ਕਸ਼ਮੀਰ ਦੇ ਸਾਬਕਾ ਰਾਜਪਾਲ ਸੱਤਿਆਪਾਲ ਮਲਿਕ ਵੱਲੋਂ ਪੁਲਵਾਮਾ ਕਾਂਡ ਬਾਰੇ ਕੀਤੇ ਖੁਲਾਸਿਆਂ ਅਤੇ ਭਾਜਪਾ ਸਾਂਸਦ ਤੇ ਭਾਰਤੀ ਕੁਸ਼ਤੀ ਫੈਡਰੇਸ਼ਨ ਦੇ ਪ੍ਰਧਾਨ ਬ੍ਰਿਜ ਭੂਸ਼ਣ ਖਿਲਾਫ ਯੌਨ ਸ਼ੋਸ਼ਣ ਦੇ ਦੋਸ਼ਾਂ ਨੇ ਦਿੱਲੀ ਦੇ ਆਲੇ-ਦੁਆਲੇ ਸਮੁੱਚੀ ਕਿਸਾਨ ਪੱਟੀ ਵਿਚ ਭੁਚਾਲ ਲਿਆਂਦਾ ਹੋਇਆ ਹੈ। ਮਲਿਕ ਪੂਰੇ ਇਲਾਕੇ ਵਿਚ ਰੈਲੀਆਂ ਕਰ ਰਹੇ ਹਨ ਤੇ ਸੀ ਬੀ ਆਈ ਵੱਲੋਂ ਉਨ੍ਹਾ ਦੀ ਘੇਰੇਬੰਦੀ ਦੀਆਂ ਕੋਸ਼ਿਸ਼ਾਂ ਖਿਲਾਫ ਕਿਸਾਨ ਲਾਮਬੰਦ ਹੋ ਰਹੇ ਹਨ। ਬ੍ਰਿਜ ਭੂਸ਼ਣ ਖਿਲਾਫ ਦਿੱਲੀ ਦੇ ਜੰਤਰ-ਮੰਤਰ 'ਚ ਪਹਿਲਵਾਨਾਂ ਦੇ ਧਰਨੇ 'ਚ ਵੱਡੇ ਕਿਸਾਨ ਆਗੂਆਂ ਤੋਂ ਇਲਾਵਾ ਖਾਪ ਪੰਚਾਇਤ ਦੇ ਆਗੂ ਪੁੱਜ ਰਹੇ ਹਨ।ਉੱਤਰ-ਪੱਛਮੀ ਭਾਰਤ ਤੋਂ ਇਲਾਵਾ ਮਹਾਰਾਸ਼ਟਰ 'ਚ ਪਿਛਲੇ ਚਾਰ ਸਾਲ ਤੋਂ ਗਰੀਬਾਂ, ਆਦੀਵਾਸੀਆਂ ਤੇ ਕਿਸਾਨਾਂ ਦਾ ਅੰਦੋਲਨ ਨਿਰੰਤਰ ਚੱਲ ਰਿਹਾ ਹੈ। ਇਸ ਨੇ ਸਰਕਾਰ ਦੀਆਂ ਕਈ ਵਾਰ ਗੋਡਣੀਆਂ ਲੁਆਈਆਂ ਹਨ। ਇਹ ਲੜੀਵਾਰ ਅੰਦੋਲਨ ਦੇਸ਼ ਭਰ ਦੇ ਕਿਸਾਨਾਂ ਲਈ ਪ੍ਰੇਰਣਾ-ਸਰੋਤ ਬਣਿਆ ਹੋਇਆ ਹੈ।

***

## ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ

ਯਾਤਰੀਆਂ ਨਾਲ ਹਵਾਈ ਅੱਡੇ ਨੇ ਇਤਿਹਾਸ ਵਿੱਚ ਦੂਜੀ ਵਾਰ 25 ਲੱਖ ਦਾ ਅੰਕੜਾ ਪਾਰ ਕੀਤਾ ਹੈ। ਕੁੱਲ ਯਾਤਰੀਆਂ ਦੀ ਇਹ ਗਿਣਤੀ ਵਿੱਤੀ ਸਾਲ 2018-19 ਵਿੱਚ ਦਰਜ ਕੀਤੀ ਗਈ ਹੁਣ ਤੱਕ ਦੀ ਸਭ ਤੋਂ ਵੱਧ 25.23 ਲੱਖ ਯਾਤਰੀਆਂ ਦੀ ਗਿਣਤੀ ਤੋਂ ਤਕਰੀਬਨ 7,000 ਯਾਤਰੀ ਘੱਟ ਹੈ। ਵਿੱਤੀ ਸਾਲ 2021-22 ਵਿੱਚ ਯਾਤਰੀਆਂ ਦੀ ਕੁੱਲ ਗਿਣਤੀ 13.82 ਲੱਖ ਸੀ, ਬੀਤੇ ਵਿੱਤੀ ਸਾਲ 2022-23 ਦੌਰਾਨ ਇਸ ਵਿੱਚ 82.1% ਫੀਸਦੀ ਦਾ ਵਾਧਾ ਹੋਇਆ ਹੈ।

ਜਨਵਰੀ ਤੋਂ ਮਾਰਚ 2023 ਦੇ ਪਹਿਲੇ 3 ਮਹੀਨੇ ਅੰਮ੍ਰਿਤਸਰ ਦੇ ਇਤਿਹਾਸ ਵਿੱਚ ਸਭ ਤੋਂ ਵਿਅਸਤ ਰਹੇ ਹਨ। ਇਸ ਵਿੱਚ ਕੁੱਲ ਆਵਾਜਾਈ 7.34 ਲੱਖ ਰਹੀ, ਜਿਸ ਵਿੱਚ 5.07 ਲੱਖ ਘਰੇਲੂ ਅਤੇ 2.27 ਲੱਖ ਅੰਤਰਰਾਸ਼ਟਰੀ ਯਾਤਰੀ ਸਨ। ਗੁਮਟਾਲਾ ਨੇ ਕਿਹਾ ਕਿ ਯਾਤਰੀਆਂ ਦੀ ਕੱਲ ਗਿਣਤੀ ਦੇ ਇਹ ਅੰਕੜੇ ਬਹੁਤ ਹੀ ਉਤਸ਼ਾਹਜਨਕ ਹਨ। ਇਸ ਵਿਕਾਸ ਦਰ @ਤੇ, ਸਾਨੂੰ ਉਮੀਦ ਹੈ ਕਿ ਵਿੱਤੀ ਸਾਲ 2023-24 ਲਈ ਕੁੱਲ ਆਵਾਜਾਈ 30 ਲੱਖ ਯਾਤਰੀਆਂ ਦੇ ਅੰਕੜੇ ਨੂੰ ਪਾਰ ਕਰ ਜਾਵੇਗੀ।

ਅੰਮ੍ਰਿਤਸਰ ਤੋਂ ਵਰਤਮਾਨ ਵਿੱਚ, 11 ਭਾਰਤੀ ਅਤੇ ਵਿਦੇਸ਼ੀ ਏਅਰਲਾਈਨਾਂ ਹਫਤੇ ਵਿੱਚ ਤਕਰੀਬਨ 400 ਤੋਂ ਵੱਧ ਉਡਾਣਾਂ ਦੀ ਰਵਾਨਗੀ ਅਤੇ ਆਗਮਨ ਕਰ ਰਹੀਆਂ ਹਨ। ਅੰਮ੍ਰਿਤਸਰ 11 ਘਰੇਲੂ ਅਤੇ 10 ਵਿਦੇਸ਼ ਦੇ ਹਵਾਈ ਅੱਡੇ ਨੂੰ ਸਿੱਧੀਆਂ ਹਵਾਈ ਉਡਾਣਾਂ ਰਾਹੀਂ ਜੁੜਿਆ ਹੈ। ਅੰਮ੍ਰਿਤਸਰ ਤੋਂ ਲੰਡਨ, ਬਰਮਿੰਘਮ, ਰੋਮ, ਮਿਲਾਨ ਮਾਲਪੇਨਸਾ, ਮਿਲਾਨ ਬਰਗਾਮੋ, ਸਿੰਗਾਪੁਰ, ਕੁਆਲਾਲੰਪੁਰ, ਦੁਬਈ, ਸ਼ਾਰਜਾਹ ਅਤੇ ਦੋਹਾ ਲਈ ਸਿੱਧੀਆਂ ਉਡਾਣਾਂ ਹਨ।ਫਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਵਲੋਂ ਵਿਸਤ੍ਰਿਤ ਅੰਕੜਿਆਂ ਦੇ ਨਾਲ ਵੱਖ-ਵੱਖ ਏਅਰਲਾਈਨਾਂ ਦੇ ਨੁਮਾਇੰਦਿਆਂ ਨਾਲ ਲਗਾਤਾਰ ਸੰਪਰਕ ਕੀਤਾ ਜਾ ਰਿਹਾ ਹੈ। ਗੁਮਟਾਲਾ ਨੇ ਉਮੀਦ ਜਾਹਰ ਕੀਤੀ ਕਿ ਆਉਣ ਵਾਲੇ ਮਹੀਨਿਆਂ ਵਿੱਚ ਹੋਰ ਅੰਤਰਰਾਸ਼ਟਰੀ ਜਾਂ ਭਾਰਤੀ ਏਅਰਲਾਈਨਾਂ ਦੁਆਰਾ ਇੱਥੋਂ ਉਡਾਣਾਂ ਸ਼ੁਰੂ ਕਰਨ ਜਾਂ ਚੱਲ ਰਹੀਆਂ ਉਡਾਣਾਂ ਦੀ ਗਿਣਤੀ ਨੂੰ ਵਧਾਉਣ ਨਾਲ ਯਾਤਰੀਆਂ ਦੀ ਗਿਣਤੀ ਵਿੱਚ ਹੋਰ ਵਾਧਾ ਹੋਵੇਗਾ।

ਮੌਜੂਦਾ ਅਤੇ ਪਿਛਲੀ ਸੂਬਾ ਸਰਕਾਰ 'ਤੇ ਨਾਰਾਜ਼ਗੀ ਜ਼ਾਹਰ ਕਰਦਿਆਂ ਗੁਮਟਾਲਾ ਨੇ ਕਿਹਾ ਕਿ ਭਾਰਤ ਅਤੇ ਦੁਨੀਆ ਭਰ ਦੇ ਕਈ ਹਵਾਈ ਅੱਡਿਆ ਨਾਲ ਜੁੜੇ ਹੋਣ ਦੇ ਬਾਵਜੂਦ ਹਵਾਈ ਅੱਡੇ ਨੂੰ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਨੂੰ ਸਰਕਾਰੀ ਬੱਸ ਸੇਵਾ ਨਾਲ ਨਹੀਂ ਜੋੜਿਆ ਗਿਆ ਹੈ। ਉਹਨਾਂ ਸੂਬਾ ਸਰਕਾਰ ਨੂੰ ਜਲਦੀ ਤੋਂ ਜਲਦੀ ਯਾਤਰੀਆਂ ਲਈ ਆਵਾਜਾਈ ਦੇ ਇਸ ਸਸਤੇ ਸਾਧਨ 'ਤੇ ਧਿਆਨ ਦੇਣ ਦੀ ਮੰਗ ਕੀਤੀ ਹੈ। ਪਿਛਲੀ ਸਰਕਾਰ ਵਾਂਗ ਆਮ ਆਦਮੀ ਪਾਰਟੀ ਦੀ ਸਰਕਾਰ ਵੀ ਅੰਮ੍ਰਿਤਸਰ ਹਵਾਈ ਅੱਡੇ ਨਾਲ ਵਿਤਕਰਾ ਕਰਦੇ ਹੋਏ, ਇੱਥੋਂ ਬੱਸ ਸੇਵਾ ਦੀ ਇਸ ਮੰਗ ਨੂੰ ਨਜ਼ਰਅੰਦਾਜ਼ ਕਰ ਰਹੀ ਹੈ। ਇਸ ਦੀ ਬਜਾਏ ਪੰਜਾਬ ਸਰਕਾਰ ਸਿਰਫ ਦਿੱਲੀ ਲਈ ਟਰਾਂਸਪੋਰਟ ਦਾ ਇਹ ਸਸਤਾ ਸਾਧਨ ਪ੍ਰਦਾਨ ਕਰਕੇ ਯਾਤਰੀਆਂ ਨੂੰ ਦਿੱਲੀ ਤੋਂ ਉਡਾਣ ਭਰਨ ਲਈ ਉਤਸ਼ਾਹਿਤ ਕਰ ਰਹੀ ਹੈ।



## ਬਾਦਲ ਦਲ ਦੀ ਰਾਜਨੀਤੀ ਤੋਂ

ਆਮ ਆਦਮੀ ਪਾਰਟੀ ਹਾਰਦੀ ਹੈ ਤਾਂ ਇਹ ਉਸ ਦੀ ਪੰਜਾਬ ਵਿਧਾਨ ਸਭਾ ਵਿਚ ਸ਼ਾਨਦਾਰ ਜਿੱਤ ਤੋਂ ਬਾਅਦ ਲਗਾਤਾਰ ਦੂਸਰੀ ਵੱਡੀ ਹਾਰ ਹੋਵੇਗੀ। ਸੰਗਰੂਰ ਲੋਕ ਸਭਾ ਦੀ ਉਪ-ਚੋਣ ਦੀ ਹਾਰ ਭਾਵੇਂ ਜਲੰਧਰ ਨਾਲੋਂ ਇਸ ਲਈ ਵੱਧ ਮਹੱਤਵਪੂਰਨ ਰੱਖਦੀ ਸੀ ਕਿ ਉਹ ਇਲਾਕਾ ਆਪ ਪਾਰਟੀ ਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਗੜ੍ਹ ਸੀ। ਪਰ ਉਹ ਹਾਰ ਪੰਜਾਬ ਅਤੇ ਉੱਤਰ ਭਾਰਤ ਵਿੱਚ ਖਾਸ ਮਹੱਤਵ ਨਹੀਂ ਰੱਖਦੀ ਸੀ,ਕਿਉਂਕਿ ਉਸ ਤੋਂ ਫੋਰਨ ਬਾਅਦ ਭਾਰਤ ਵਿਚ ਆਮ ਚੋਣਾਂ ਨਹੀਂ ਸਨ। ਜੇ 'ਆਪ' ਜਲੰਧਰ ਚੋਣ ਵੀ ਹਾਰ ਜਾਂਦੀ ਹੈ ਤਾਂ ਇਹ ਪਾਰਟੀ ਨੂੰ ਲਗਭਗ ਪੂਰੇ ਉੱਤਰ ਭਾਰਤ ਵਿਚ ਨੁਕਸਾਨ ਪਹੁੰਚਾਏਗੀ। ਆਉਣ ਵਾਲੇ ਸਮੇਂ ਦੌਰਾਨ ਪੰਜਾਬ ਵਿੱਚ ਉਸਦਾ ਰਾਜਨੀਤਕ ਆਧਾਰ ਖਿਸਕਣ ਦੀ ਸੰਭਾਵਨਾ ਬਣ ਸਕਦੀ ਹੈ।ਜਦੋਂ ਕਿ ਆਪ ਪਾਰਟੀ ਦੀ ਇਸ ਚੋਣ ਵਿੱਚ ਜਿੱਤ 2024 ਦੀਆਂ ਆਮ ਚੋਣਾਂ ਵਿੱਚ ਉਸ ਲਈ ਸਫਲਤਾ ਦੇ ਕਈ ਨਵੇਂ ਦਿਸਹੱਦੇ ਖੋਲ੍ਹ ਸਕਦੀ ਹੈ। ਪੰਜਾਬ ਦੇ ਮਾਹਿਰਾਂ ਦੇ ਅੰਦਾਜ਼ੇ ਹਨ ਕਿ ਕਾਂਗਰਸ ਸਭ ਪਾਰਟੀਆਂ ਉਪਰ ਭਾਰੂ ਹੈ। ਜੇ ਇਸ ਚੋਣ ਵਿਚ ਕਾਂਗਰਸ ਹਾਰਦੀ ਹੈ ਤਾਂ ਉਸ ਦਾ ਰਾਜਨੀਤਕ ਆਧਾਰ ਹੋਰ ਖੁਰੇਗਾ। ਜੇਕਰ ਉਹ ਇਹ ਚੋਣ ਜਿੱਤਦੀ ਹੈ ਤਾਂ ਉਸ ਲਈ ਇਹ ਸੀਟ ਆਪਣੀ ਪਹਿਲਾਂ ਜਿੱਤੀ ਹੋਈ ਸੀਟ ਦੁਬਾਰਾ ਜਿੱਤਣ ਜਿੰਨੀ ਗੱਲ ਤੱਕ ਸੀਮਤ ਨਹੀਂ ਹੋਵੇਗੀ। ਸਗੋਂ ਇਹ 2024 ਦੀਆਂ ਆਮ ਚੋਣਾਂ ਵਿੱਚ ਪੰਜਾਬ ਤੋਂ ਇਲਾਵਾ ਦਿੱਲੀ, ਹਰਿਆਣਾ, ਹਿਮਾਚਲ, ਜੰਮੂ-ਕਸ਼ਮੀਰ ਤੇ ਰਾਜਸਥਾਨ ਆਦਿ ਰਾਜਾਂ ਵਿੱਚ ਚੰਗੇ ਚੋਣ ਨਤੀਜਿਆਂ ਵਾਸਤੇ ਉਤਸ਼ਾਹ ਪੈਦਾ ਕਰੇਗੀ। ਜੇਕਰ ਇਸ ਚੋਣ ਵਿੱਚ ਅਕਾਲੀ ਦਲ ਵਿਧਾਨ ਸਭਾ ਚੋਣਾਂ ਨਾਲੋਂ ਚੰਗੀ ਕਾਰਗੁਜ਼ਾਰੀ ਦਿਖਾਉਂਦਾ ਹੈ ਤਾਂ ਇਹ ਆਪਣੇ ਇਤਿਹਾਸ ਦੇ ਸਭ ਤੋਂ ਮਾੜੇ ਦੌਰ ਵਿਚੋਂ ਗੁਜ਼ਰ ਰਹੇ ਬਾਦਲਕਿਆਂ ਲਈ ਇੱਕ ਵੱਡਾ ਹੁਲਾਰਾ ਹੋਵੇਗਾ। ਪਰ ਇਸ ਦੀ ਸੰਭਾਵਨਾ ਬਹੁਤ ਘੱਟ ਦਿਖਾਈ ਦੇ ਰਹੀ ਹੈ। ਸਿਆਸੀ ਮਾਹਿਰਾਂ ਅਨੁਸਾਰ ਜੇ ਅਕਾਲੀ ਦਲ ਇਸ ਚੋਣ ਵਿੱਚ ਬਹੁਤ ਪਛੜ ਗਿਆ ਤਾਂ ਫਿਰ ਉਸ ਦਾ 2024 ਦੀਆਂ ਆਮ ਚੋਣਾਂ ਵਿੱਚ ਵੀ ਹਾਸ਼ੀਏ 'ਤੇ ਚਲਾ ਜਾਣਾ ਤੈਅ ਹੈ। ਭਾਜਪਾ ਨੇ ਵੀ ਇਸ ਵਾਰ ਜਲੰਧਰ ਲੋਕ ਸਭਾ ਦੀ ਉਪ-ਚੋਣ ਵਿੱਚ ਪੂਰਾ ਜ਼ੋਰ ਲਾਇਆ ਹੋਇਆ ਹੈ ।ਭਾਜਪਾ ਭਾਵੇਂ ਇਹ ਚੋਣ ਜਿੱਤੇ ਜਾਂ ਨਾ ਪਰ ਜੇ ਉਹ ਦੂਸਰੇ, ਤੀਸਰੇ ਨੰਬਰ 'ਤੇ ਵੀ ਆ ਜਾਂਦੀ ਹੈ ਤਾਂ ਉਹ 2024 ਦੀਆਂ ਆਮ ਚੋਣਾਂ ਵਿੱਚ ਪੰਜਾਬ ਵਿੱਚ ਇੱਕ ਵੱਡੀ ਧਿਰ ਵਜੋਂ ਉੱਭਰਨ ਦੀ ਸੰਭਾਵਨਾ ਬਣ ਜਾਵੇਗੀ। ਤੇ 2027 ਦੀਆਂ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਵੀ ਆਪਣੇ ਬਲਬੂਤੇ ਹੀ ਲੜਨ ਦੀਆਂ ਤਿਆਰੀਆਂ ਕਰੇਗੀ। ਪਰ ਜੇਕਰ ਇਸ ਚੋਣ ਵਿੱਚ ਭਾਜਪਾ ਚੌਥੇ ਨੰਬਰ 'ਤੇ ਹੀ ਰਹਿ ਗਈ ਤਾਂ ਇਸ ਗੱਲ ਦੀ ਸੰਭਾਵਨਾ ਹੈ ਕਿ ਭਾਜਪਾ ਅਕਾਲੀ ਦਲ ਪ੍ਰਤੀ ਆਪਣੀ ਮੌਜੂਦਾ ਨੀਤੀ ਵਿਚ ਬਦਲ ਕਰਨ ਲਈ ਸੋਚਣ 'ਤੇ ਮਜਬੂਰ ਹੋਵੇ।

ਜਿਥੋਂ ਤੱਕ ਕਰਨਾਟਕ ਵਿਧਾਨ ਸਭਾ ਦੀਆਂ ਚੋਣਾਂ ਦੇ ਨਤੀਜੇ ਦਾ ਅਸਰ ਹੈ ਤਾਂ ਉਹ ਅਸਰ ਦੇਸ਼ ਵਿਆਪੀ ਹੋਵੇਗਾ। ਕਿਉਂਕਿ ਇਸ ਵੇਲੇ ਭਾਜਪਾ ਵਿਰੋਧੀ ਦਲਾਂ ਵਿੱਚ ਗੱਠਜੋੜ ਦੀ ਮੁਹਿੰਮ ਚੱਲ ਰਹੀ ਹੈ। ਜੇਕਰ ਕਰਨਾਟਕ ਵਿਧਾਨ ਸਭਾ ਚੋਣ ਕਾਂਗਰਸ ਜਿੱਤਦੀ ਹੈ ਤੇ ਜਿੱਤ ਤੋਂ ਬਾਅਦ ਭਾਜਪਾ ਦਾ ਮੁਕਾਬਲਾ ਕਰਦੇ ਹੋਏ ਸਰਕਾਰ ਵੀ ਬਣਾ ਲੈਂਦੀ ਹੈ ਤਾਂ ਭਾਜਪਾ ਵਿਰੋਧੀ ਗੱਠਜੋੜ ਦੀ ਅਗਵਾਈ ਕਾਂਗਰਸ ਨੂੰ ਸੌਖਿਆਂ ਹੀ ਮਿਲ ਜਾਵੇਗੀ।

***

## ਪੀ.ਐਮ. ਕੇਅਰਜ਼ ਫੰਡ ਦੇ ਗੁਪਤ

ਕੋਈ ਸਰਕਾਰੀ ਪੈਸਾ ਨਹੀਂ ਮਿਲਦਾ। ਫੰਡ ਦੀ ਵੈੱਬਸਾਈਟ ਮੁਤਾਬਕ ਇਸ ਨੇ 2019-20 'ਚ 3076.6 ਕਰੋੜ ਰੁਪਏ ਇਕੱਠੇ ਕੀਤੇ ਸਨ, ਜਿਹੜੇ 2020-21 ਵਿੱਚ ਵਧ ਕੇ 10990.2 ਕਰੋੜ ਰੁਪਏ ਹੋ ਗਏ ਅਤੇ 2021-22 ਵਿੱਚ ਘਟ ਕੇ 9131.9 ਕਰੋੜ ਰਹਿ ਗਏ ਸਨ। ਇੰਜ ਲੱਗਦਾ ਹੈ ਕਿ ਪਹਿਲੇ ਸਾਲ ਵਿੱਚ ਰਕਮ ਦਾ ਵੱਡਾ ਹਿੱਸਾ ਕਾਰਪੋਰੇਟ ਇੰਡੀਆ ਦੇ ਸੀ ਐੱਸ ਆਰ (ਕਾਰਪੋਰੇਟ ਸੋਸ਼ਲ ਰਿਸਪਾਂਸਿਬਿਲਿਟੀ) ਬਜਟ ਤੋਂ ਆਇਆ। 2019-20 ਵਿਚ ਕੁਝ ਦਿਨਾਂ ਦੇ ਹੀ ਸੰਚਾਲਨ ਵਿਚ ਫੰਡ ਨੇ 2049 ਕਰੋੜ ਰੁਪਏ ਖਰਚ ਕੀਤੇ। ਇਹ 2020-21 ਵਿੱਚ ਵਧ ਕੇ 3976.2 ਕਰੋੜ ਰੁਪਏ ਅਤੇ 2021-22 ਵਿੱਚ 3716.3 ਕਰੋੜ ਰੁਪਏ ਹੋ ਗਏ।

ਫੰਡ ਵਿਚ ਕਰੋੜਾਂ ਰੁਪਏ ਆ ਰਹੇ ਹਨ, ਪਰ ਉਸ ਬਾਰੇ ਕਿਸੇ ਨੂੰ ਜਾਣਕਾਰੀ ਨਹੀਂ ਦਿੱਤੀ ਜਾ ਰਹੀ ਕਿ ਪੈਸੇ ਖਰਚੇ ਕਿੱਥੇ ਜਾ ਰਹੇ ਹਨ।

ਨਵੇਂ ਖੁਲਾਸੇ ਤੋਂ ਬਾਅਦ ਕਾਂਗਰਸ ਪਾਰਟੀ ਨੇ ਫੰਡ ਦੀ ਪਾਰਦਰਸ਼ਤਾ ਬਾਰੇ ਸਵਾਲ ਚੁੱਕਿਆ ਹੈ। ਪਾਰਟੀ ਦੇ ਬੁਲਾਰੇ ਤੇ ਸੀਨੀਅਰ ਵਕੀਲ ਅਭਿਸ਼ੇਕ ਮਨੂੰ ਸਿੰਘਵੀ ਨੇ ਮੰਗ ਕੀਤੀ ਹੈ ਕਿ ਫੰਡ ਪਾਰਦਰਸ਼ੀ ਹੋਣਾ ਚਾਹੀਦਾ ਹੈ ਤੇ ਇਸ ਲਈ ਜ਼ਿੰਮੇਦਾਰੀ ਤੈਅ ਹੋਣੀ ਚਾਹੀਦੀ ਹੈ। ਇਸ 'ਤੇ ਸੂਚਨਾ ਦਾ ਅਧਿਕਾਰ ਕਾਨੂੰਨ ਲਾਗੂ ਹੋਣਾ ਚਾਹੀਦਾ ਹੈ ਤੇ ਇਸ ਨੂੰ ਕਾਨੂੰਨੀ ਘੇਰੇ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ। ਫੰਡ ਵਿੱਚ 60 ਫੀਸਦੀ ਯੋਗਦਾਨ ਜਨਤਕ ਖੇਤਰ ਦੀਆਂ ਕੰਪਨੀਆਂ ਤੋਂ ਆਇਆ ਹੈ, ਜੋ ਕਿ ਸੰਵਿਧਾਨਕ ਨਿਯਮਾਂ ਦੀ ਉਲੰਘਣਾ ਹੈ, ਕਿਉਂਕਿ ਦੇਸ਼ ਦਾ ਸਭ ਤੋਂ ਉੱਚਾ ਦਫਤਰ ਕਾਨੂੰਨੀ ਘੇਰੇ ਤੋਂ ਬਾਹਰ ਜਾ ਕੇ ਪੈਸੇ ਇਕੱਠੇ ਕਰ ਰਿਹਾ ਹੈ। ਸਿੰਘਵੀ ਨੇ ਸਵਾਲ ਉਠਾਏ ਹਨ ਕੀ ਦੇਸ਼ ਦੀ ਸਰਕਾਰ ਏਨਾ ਜ਼ਿਆਦਾ ਪੈਸਾ ਵਿਧਾਨ ਪਾਲਿਕਾ ਦੀ ਪ੍ਰਵਾਨਗੀ ਤੋਂ ਬਿਨਾਂ ਇਕੱਠਾ ਕਰ ਸਕਦੀ ਹੈ? ਇਸ ਲਈ ਕਿਸ ਦੀ ਜ਼ਿੰਮੇਦਾਰੀ ਤੈਅ ਕੀਤੀ ਜਾਵੇਗੀ? ਇਸ ਦੀ ਨਿਗਰਾਨੀ ਕੌਣ ਕਰ ਰਿਹਾ ਹੈ? ਸਿੰਘਵੀ ਦਾ ਕਹਿਣਾ ਹੈ ਕਿ ਫੰਡ ਨਾਲ ਸਪੱਸ਼ਟ ਤੌਰ 'ਤੇ ਨਿੱਜੀ ਹਿੱਤ ਜੁੜੇ ਹੋਏ ਹਨ। ਫੰਡ ਨੂੰ ਨਿਗਰਾਨੀ ਦੇ ਦਾਇਰੇ ਤੋਂ ਬਾਹਰ ਰੱਖਣ ਦਾ ਕਾਰਨ ਇਸ ਦਾ ਟਰੱਸਟ ਹੋਣਾ ਦੱਸਿਆ ਜਾ ਰਿਹਾ ਹੈ, ਜਦਕਿ ਸਚਾਈ ਇਹ ਹੈ ਕਿ ਇਸ ਵਿੱਚ ਬਹੁਤਾ ਪੈਸਾ ਜਨਤਕ ਖੇਤਰ ਦੀਆਂ ਕੰਪਨੀਆਂ ਨੇ ਦਿੱਤਾ ਹੈ। ਪੈਸਾ ਕਿੱਥੇ ਖਰਚਿਆ ਗਿਆ, ਇਸ ਬਾਰੇ ਵੀ ਕੁਝ ਨਹੀਂ ਦੱਸਿਆ ਜਾ ਰਿਹਾ।

***

## ਪੂੰਜੀਵਾਦੀ ਖਪਤਕਾਰ ਯੁਗ 'ਚ ਇੱਕ

ਪਈਆਂ ਨੇ ਪਰ ਵਧੀਆ ਕਿਹੜੀਆਂ ਨੇ, ਇਹ ਵੀ ਸਾਨੂੰ ਦਸਿਆ ਜਾਂਦਾ ਹੈ ਪਰ ਆਰਟੀਫ਼ਿਸ਼ਲ ਇੰਟੈਂਲੀਜੈਂਸ ( ਏ.ਆਈ.) ਨੇ ਸਾਨੂੰ ਇਨਸਾਨ ਰਹਿਣ ਨਹੀਂ ਦੇਣਾ ਅਤੇ ਆਪਣੇ ਹਿਸਾਬ ਨਾਲ ਸਾਨੂੰ ਵਰਤਣਾ ਹੈ।

ਚੈਟ ਜੀਪੀਟੀ ਐਪ, ਲੋਕਾਂ ਦੇ ਵਿੱਚ ਕਾਫੀ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਇਸ ਐਪ ਨੇ ਪੰਜ ਦਿਨਾਂ ਵਿੱਚ ਉਹ ਕੰਮ ਕਰ ਵਿਖਾਇਆ ਸੀ,ਜੋ ਫੇਸਬੁੱਕ (ਐਫ ਬੀ) ਨੇ ਦਸ ਮਹੀਨੇ ਵਿਚ, ਇੰਸਟਾ ਨੇ ਢਾਈ ਮਹੀਨਿਆਂ ਵਿੱਚ ਅਤੇ ਨੈਟਫਲਿਕ ਨੇ ਸਾਢੇ ਤਿੰਨ ਸਾਲ ਲਗਾਏ ਸਨ ਪਰ ਚੈਟ ਜੀਪੀਟੀ ਨੇ ਪੰਜ ਦਿਨਾਂ ਵਿੱਚ ਦਸ ਲੱਖ ਤੋਂ ਜਿਆਦਾ ਯੂਜਰਜ਼ ਬਣਾ ਲਏ ਸਨ। ਇਸ ਐਪ ਰਾਹੀਂ ਤੁਸੀਂ ਆਰਡਰ ਦੇਣਾ ਹੈ ਤੇ ਸਿਕ੍ਰਿਪਟ ਤੁਹਾਡੇ ਅੱਗੇ ਹੋਵੇਗੀ। ਚੈਟ ਜੀਪੀਟੀ ਨੂੰ ਚਲਾਉਣ ਵਾਲੀ ਕੰਪਨੀ ਓਪਨ.ਏ.ਆਈ. ਹੈ। ਇਹ ਆਰਟੀਫ਼ਿਸਲ ਇੰਟੈਂਲੀਜੈਂਸ ਯਾਨੀ ਏ ਆਈ ਦੀ ਜਾਣੀ ਪਛਾਣੀ ਕੰਪਨੀ ਹੈ। ਸੰਨ 2015 ਵਿੱਚ ਇਸਦੀ ਸ਼ੁਰੂਆਤ ਹੋਈ। ਇਸ ਐਪ ਦੇ ਬਾਰੇ ਵਿਚ ਇਕ ਲੇਖਕ ਨੇ ਤਾਂ ਇਥੋਂ ਤਕ ਕਹਿ ਦਿਤਾ ਹੈ ਕਿ ਆਉਣ ਵਾਲਾ ਸਮਾਂ ਏ.ਆਈ. ਦਾ ਹੈ। ਜਿਵੇਂ ਸਭਿਅਤਾ ਨੂੰ ਧਰਮ ਨੇ ਚਲਾਇਆ ਉਸੇ ਤਰਾਂ ਆਉਣ ਵਾਲੇ ਸਮੇਂ 'ਚ ਏ ਆਈ ਦੁਨੀਆ ਨੂੰ ਚਲਾਏਗੀ। ਸਿੱਧੇ ਲਫ਼ਜਾਂ ਵਿੱਚ ਕਹੀਏ ਤਾਂ ਜਿਥੇ ਚੈਟ ਜੀ ਪੀਟੀ ਤੁਹਾਨੂੰ ਕੁਝ ਕੁ ਮਿੰਟਾਂ ਦੇ ਵਿੱਚ ਤੁਹਾਡੇ ਹਰ ਸਵਾਲ ਦਾ ਜਵਾਬ ਤੁਹਾਡੇ ਸਾਹਮਣੇ ਲਿਖ ਧਰਦੀ ਹੈ, ਪਰ ਇਸਦੇ ਨਾਲ ਨੁਕਸਾਨ ਇਹ ਹੈ ਕਿ ਸਾਡੀ ਆਪਣੀ ਸਿਰਜਣਸ਼ਕਤੀ ਖਤਮ ਹੋ ਜਾਵੇਗੀ, ਉਸ ਵਿਚੋਂ ਭਾਵਨ ਖ਼ਤਮ ਹੋ ਜਾਵੇਗੀ। ਇਕ ਕਵਿਤਾ ਜੋ ਭਾਵਨਾ ਰਾਹੀਂ ਲਿਖੀ ਜਾਂਦੀ ਹੈ। ਚੈਟ ਜੀ.ਟੀ.ਪੀ. ਤੁਹਾਨੂੰ ਨੀਰਸ ਤਰੀਕੇ ਨਾਲ ਯਾਨੀ ਭਾਵਨਾ ਤੋਂ ਬਿਨਾ ਕਵਿਤਾ ਲਿਖ ਕੇ ਦੇਵੇਗੀ। ਕੰਪਿਊਟਰ ਦਾ ਦਿਮਾਗ ਹੋ ਸਕਦਾ ਹੈ, ਪਰ ਦਿਲ ਤੇ ਦਿਮਾਗ ਦੋਵੇਂ ਇਨਸਾਨ ਦੇ ਕੋਲ ਹਨ ਅਤੇ ਹਮੇਸ਼ਾ ਕਿਸੇ ਵੀ ਮੁਸੀਬਤ ਦਾ ਹਲ ਇਨਸਾਨ ਦੇ ਦਿਲ ਵਿਚੋਂ ਨਿਕਲਦਾ ਹੈ।

ਹਕੂਮਤ ਤੁਹਾਡੇ ਬੱਚਿਆਂ ਨੂੰ ਉਵੇਂ ਦਾ ਖਿਡੌਣਾ ਬਣਾਉਣਾ ਚਾਹੁੰਦੀ ਹੈ, ਜਿਸ ਨਾਲ ਸਰਕਾਰ ਨੂੰ ਸੌਖਾਲਾ ਰਹੇ ਜਾਂ ਖੇਡਣਾ ਸੌਖਾ ਰਹੇ। ਕੀ ਸਕੂਲ ਵਿੱਚ ਪੜਾਇਆ ਜਾਵੇ, ਸਰਕਾਰ ਏਨੀ ਚਿੰਤਤ ਕਿਉਂ ਹੈ? ਗੰਭੀਰ ਮੁੱਦੇ ਜੋ ਸਰਕਾਰ ਦੇ ਅੱਗੇ ਸਵਾਲ ਖੜੇ ਕਰਦੇ ਹਨ, ਉਹਨਾਂ ਨੂੰ ਸਿਲੇਬਸ ਵਿਚੋਂ ਲਾਂਭੇ ਕਰਕੇ ਸਰਕਾਰ ਨੇ ਬੱਚਿਆਂ ਤੇ ਬੋਝ ਘਟਾਉਣ ਦਾ ਨਾਮ ਦੇ ਦਿਤਾ ਹੈ। ਇਹ ਫੈਸਲਾ ਸਿਖਿਆ ਦੇ 'ਕੰਨਸੈਪਟ' ਦੇ ਬਿਲਕੁਲ ਉਲਟ ਹੈ। ਕੁਝ ਸਿਲੇਬਸ 2021-22 ਵਿੱਚ ਕੱਟ ਦਿਤਾ ਗਿਆ ਤੇ ਕੁਝ ਹੁਣ। ਹੈਰਾਣੀ ਦੀ ਗਲ ਇਹ ਹੈ ਕਿ ਇਸਦੇ ਨਾਲ ਬਹੁਤ ਘੱਟ ਮਾਪੇ ਚਿੰਤਤ ਹੋਏ। ਇਸ 'ਤੇ ਚਿੰਤਾ ਕਰਨੀ ਚਾਹੀਦੀ ਸੀ। ਚੱਲੋ ਖ਼ੈਰ ਸਰਕਾਰ ਦਾ ਰਸਤਾ ਪੱਧਰਾ ਹੈ।

ਸਾਨੂੰ ਇਹਨਾਂ ਸਾਧਨਾਂ ਦੇ ਜ਼ਰੀਏ ਇਹ ਵੀ ਦਸਿਆ ਜਾ ਰਿਹਾ ਹੈ ਕਿ ਤੁਸੀਂ ਕਿਸ ਵਰਗੇ ਬਣਦਾ ਹੈ। ਸਾਡੀ ਬਣਤਰ ਇਹਨਾਂ ਵੱਲੋਂ ਬਣਾਈ ਜਾ ਰਹੀ ਹੈ। ਵੱਡੀਆਂ ਸ਼ਖਸੀਅਤਾਂ ਦੀਆਂ ਕਿਤਾਬਾਂ ਆ ਰਹੀਆਂ ਹਨ, ਹਰ ਕੋਈ ਐਲਨ ਮਸਕ ਨਹੀਂ ਬਣ ਸਕਦਾ, ਉਹ ਇੱਕ ਹੀ ਹੈ। ਸਾਨੂੰ ਸਾਡੇ ਗੁਣਾਂ ਦੇ ਮੁਤਾਬਕ ਸਖਸ਼ੀਅਤ ਦਾ ਵਿਕਾਸ ਨਹੀਂ ਕਰਨ ਦਿਤਾ ਜਾ ਰਿਹਾ, ਅਸੀਂ ਕਿਸੇ ਵਰਗੇ ਕਿਉਂ ਬਣੀਏ, ਅਸੀਂ ਆਪਣੇ ਵਰਗੇ ਕਿਉਂ ਨਹੀਂ?

***

## ਲੁਧਿਆਣਾ 'ਚ ਜ਼ਹਿਰੀਲੀ ਗੈਸ ਕਾਰਨ

ਪੁੱਤਰੀ ਕਲਪਨਾ (16), ਪੁੱਤਰ ਅਭੈ (12), ਆਰੀਅਨ ਨਰਾਇਣ (10), ਗੋਇਲ ਕਰਿਆਨਾ ਸਟੋਰ ਚਲਾਉਣ ਵਾਲੇ ਸੌਰਵ ਗੋਇਲ (35), ਉਸ ਦੀ ਪਤਨੀ ਪ੍ਰੀਤੀ (31), ਮਾਂ ਕਮਲੇਸ਼ ਗੋਇਲ (50), ਨਵਨੀਤ ਕੁਮਾਰ (39), ਉਸ ਦੀ ਪਤਨੀ ਨੀਤੂ ਦੇਵੀ (39) ਅਤੇ ਇੱਕ ਅਣਪਛਾਤਾ ਵਿਅਕਤੀ ਸ਼ਾਮਲ ਹਨ। ਦੱਸ ਦੇਈਏ ਕਿ ਸ਼ਹਿਰ ਦੇ ਗਿਆਸਪੁਰਾ ਸਥਿਤ 33 ਫੁੱਟਾ ਰੋਡ 'ਤੇ ਗੋਇਲ ਕੋਲ ਡਰਿੰਕ ਸਟੋਰ ਅਤੇ ਇਸ ਦੇ ਨਾਲ ਹੀ ਡਾ. ਕਵੀਲਾਸ਼ ਦਾ ਕਲੀਨਿਕ ਹੈ। ਕਲੀਨਿਕ ਦੇ ਨਾਲ ਦਾ ਘਰ ਨਵਨੀਤ ਕੁਮਾਰ ਦਾ ਹੈ। ਜ਼ਹਿਰੀਲੀ ਗੈਸ ਦਾ ਅਸਰ ਐਤਵਾਰ ਸਵੇਰੇ ਕਰੀਬ ਸੱਤ ਵਜੇ ਸ਼ੁਰੂ ਹੋਇਆ। ਸਭ ਤੋਂ ਪਹਿਲਾਂ ਗੋਇਲ ਕਰਿਆਨਾ ਸਟੋਰ ਦੇ ਮਾਲਕ ਸੌਰਵ ਗੋਇਲ ਨੂੰ ਸਾਹ ਲੈਣ 'ਚ ਮੁਸ਼ਕਲ ਹੋਈ। ਇਸ ਤੋਂ ਬਾਅਦ ਰੌਲਾ ਪੈਣ 'ਤੇ ਉਸ ਦਾ ਭਰਾ ਗੌਰਵ ਗੋਇਲ ਤੇ ਹੋਰ ਪਰਿਵਾਰ ਦੀ ਜ਼ਹਿਰੀਲੀ ਗੈਸ ਦੀ ਲਪੇਟ 'ਚ ਆ ਗਿਆ। ਜਿਵੇਂ ਹੀ ਉਹ ਸਾਰੇ ਹੇਠਾਂ ਆਏ, ਉਹ ਬੇਹੋਸ਼ ਹੋ ਗਏ। ਨਵਨੀਤ ਕੁਮਾਰ ਅਤੇ ਉਸ ਦੀ ਪਤਨੀ ਹੇਠਾਂ ਡਿੱਗ ਗਏ, ਜਿਸ ਕਾਰਨ ਉਨ੍ਹਾਂ ਨੂੰ ਸਾਹ ਲੈਣ ਵਿੱਚ ਵੀ ਤਕਲੀਫ਼ ਹੋਈ। ਉਸ ਨੇ ਆਪਣੀ ਧੀ ਤੇ ਭਰਾ ਨੂੰ ਹੇਠਾਂ ਬੁਲਾਇਆ ਤਾਂ ਉਹ ਵੀ ਬੇਹੋਸ਼ ਹੋ ਗਏ। ਚਸ਼ਮਦੀਦਾਂ ਅਨੁਸਾਰ ਡਾ. ਕਵਿਲਾਸ਼ ਆਪਣਾ ਕਲੀਨਿਕ ਜਲਦੀ ਖੋਲ੍ਹਦਾ ਹੈ, ਉਸ ਦਾ ਘਰ ਵੀ ਦੁਕਾਨ ਦੇ ਉੱਪਰ ਹੈ। ਸਾਹ ਲੈਣ ਵਿੱਚ ਤਕਲੀਫ਼ ਹੋਣ ਕਾਰਨ ਜਦੋਂ ਪੂਰਾ ਪਰਿਵਾਰ ਹੇਠਾਂ ਵੱਲ ਭੱਜਿਆ ਤਾਂ ਉੱਥੇ ਹੀ ਸਾਰੇ ਬੇਹੋਸ਼ ਹੋ ਗਏ। ਗੈਸ ਦਾ ਅਸਰ ਵਧਣ ਲੱਗਾ ਤਾਂ ਸਥਾਨਕ ਲੋਕਾਂ ਨੇ ਇਸ ਦੀ ਸੂਚਨਾ ਪ੍ਰਸ਼ਾਸਨ ਨੂੰ ਦਿੱਤੀ। ਸੂਚਨਾ ਮਿਲਦੇ ਹੀ ਪੀਸੀਆਰ ਮੁਲਾਜ਼ਮ ਉਥੇ ਪਹੁੰਚ ਗਏ। ਇਨ੍ਹਾਂ ਵਿੱਚੋਂ ਸਾਵਨ ਕੁਮਾਰ ਲੋਕਾਂ ਨੂੰ ਬਚਾਉਣ ਲਈ ਅੱਗੇ ਵਧਿਆ ਤਾਂ ਉਹ ਵੀ ਬੇਹੋਸ਼ ਹੋ ਗਿਆ। ਮੁਲਾਜ਼ਮਾਂ ਨੂੰ ਸਮਝ ਲੱਗੀ ਤਾਂ ਉਨ੍ਹਾਂ ਆਪਣੇ ਮੂੰਹ ਕੱਪੜੇ ਨਾਲ ਢੱਕ ਲਏ। ਉਨ੍ਹਾਂ ਬੇਸੁਰਤ ਲੋਕਾਂ ਨੂੰ ਗੱਡੀ 'ਚ ਬਿਠਾ ਕੇ ਹਸਪਤਾਲ ਪਹੁੰਚਾਇਆ ਤੇ ਤੁਰੰਤ ਸੀਨੀਅਰ ਅਧਿਕਾਰੀਆਂ ਨੂੰ ਸੂਚਿਤ ਕੀਤਾ। ਹਸਪਤਾਲ ਵਿੱਚ ਇਨ੍ਹਾਂ ਵਿੱਚੋਂ 11 ਜਣਿਆਂ ਦੀ ਮੌਤ ਹੋ ਗਈ।

***

## ਪ੍ਰਸ਼ਾਸਨ ਨੇ ਪਹਿਲਾਂ ਗੈਸ ਲੀਕ ਦੀਆਂ

ਇੱਥੇ ਤੱਕ ਬਾਕੀ ਪੁਲਿਸ ਮੁਲਾਜ਼ਮਾਂ ਨੇ ਸਿਰਫ਼ ਰੁਮਾਲ ਹੀ ਬੰਨ੍ਹੇ ਹੋਏ ਸਨ। ਜਦੋਂ ਕਿ ਕਈਆਂ ਨੇ ਗਿੱਲੇ ਰੁਮਾਲ ਪਾਏ ਹੋਏ ਸਨ। ਜੋ ਕਿ ਫਾਇਦੇਮੰਦ ਨਹੀਂ ਸਗੋਂ ਨੁਕਸਾਨਦੇਹ ਹਨ। ਕਿਉਂਕਿ, ਇਹ ਗੈਸ ਪਾਣੀ ਨਾਲ ਜ਼ਿਆਦਾ ਫੈਲਦੀ ਹੈ।

ਜੂਨ 2015 ਵਿੱਚ ਦੋਰਾਹਾ ਅਤੇ 2022 ਵਿੱਚ ਲੁਧਿਆਣਾ ਵਿੱਚ ਗੈਸ ਲੀਕ:

ਜੂਨ 2015 ਵਿੱਚ ਦੋਰਾਹਾ ਪੁਲ ਹੇਠਾਂ ਅਮੋਨੀਆ ਗੈਸ ਲੈ ਕੇ ਜਾ ਰਿਹਾ ਇੱਕ ਕੈਂਟਰ ਫਸ ਗਿਆ ਸੀ। ਜਿਸ ਕਾਰਨ ਗੈਸ ਲੀਕ ਹੋ ਗਈ। ਇਸ ਹਾਦਸੇ ਵਿੱਚ ਪੰਜ ਲੋਕਾਂ ਦੀ ਮੌਤ ਹੋ ਗਈ ਸੀ। ਜਦਕਿ ਕਈ ਲੋਕ ਬਿਮਾਰ ਹੋ ਗਏ। ਉਸ ਸਮੇਂ ਵੀ ਪੁਲਿਸ ਪ੍ਰਸ਼ਾਸਨ ਕੋਲ ਗੈਸ ਤੋਂ ਬਚਣ ਲਈ ਕੋਈ ਖਾਸ ਮਾਸਕ ਨਹੀਂ ਸੀ। ਸਗੋਂ ਸਾਰੇ ਮੂੰਹ 'ਤੇ ਰੁਮਾਲ ਬੰਨ੍ਹ ਕੇ ਆਏ ਸਨ। ਹਾਦਸੇ ਦੀ ਕਵਰੇਜ ਕਰ ਰਿਹਾ ਇੱਕ ਪੱਤਰਕਾਰ ਵੀ ਬੇਹੋਸ਼ ਹੋ ਗਿਆ। ਇਸੇ ਤਰ੍ਹਾਂ ਨਵੰਬਰ 2022 ਵਿੱਚ ਆਕਸੀਜਨ ਬਣਾਉਣ ਵਾਲੀ ਵੈਲਸੈਟ ਕੰਪਨੀ ਵਿੱਚ ਗੈਸ ਸਟੋਰ ਕਰਦੇ ਸਮੇਂ ਟੈਂਕਰ ਦੀ ਕੰਧ ਲੀਕ ਹੋ ਗਈ ਸੀ। ਜਿਸ ਵਿੱਚ ਕਈ ਮਜ਼ਦੂਰਾਂ ਨੂੰ ਉਥੇ ਗੈਸ ਚੜ੍ਹ ਗਈ। ਜਿਸ ਕਾਰਨ ਕਰੀਬ ਪੰਜ ਮਜ਼ਦੂਰਾਂ ਦੀ ਹਾਲਤ ਵਿਗੜ ਗਈ ਸੀ।

***

## ਜਾਂਚ ਲਈ ਪੰਜ ਮੈਂਬਰੀ ਸਿਟ ਕਾਇਮ

ਕਿਸੇ ਮੁਲਾਜ਼ਮ ਦੀ ਗਲਤੀ ਸਾਹਮਣੇ ਆਈ ਜਾਂ ਸਹਿਯੋਗ ਨਾ ਕੀਤਾ ਤਾਂ ਉਨ੍ਹਾਂ ਖਿਲਾਫ਼ ਕਾਰਵਾਈ ਕੀਤੀ ਜਾਵੇਗੀ। ਐੱਨਡੀਆਰਐੱਫ ਦੇ ਅਧਿਕਾਰੀ ਡੀ ਐੱਲ ਜਾਖੜ ਨਾਲ ਗੱਲ ਕਰਨ ਤੋਂ ਬਾਅਦ ਨਗਰ ਨਿਗਮ ਅਤੇ ਜ਼ਿਲ੍ਹਾ ਪ੍ਰਸਾਸ਼ਨ ਵੱਲੋਂ ਸੀਵਰੇਜ ਲਾਈਨਾਂ 'ਚ ਕਾਸਟਿਕ ਸੋਡਾ ਪਾਇਆ ਗਿਆ ਤਾਂ ਜੋ ਜ਼ਹਿਰੀਲੀ ਗੈਸ ਦਾ ਅਸਰ ਘੱਟ ਹੋ ਸਕੇ। ਪ੍ਰਸ਼ਾਸਨ ਵੱਲੋਂ ਉਸ ਸੀਵਰੇਜ ਦਾ ਢੱਕਣ ਵੀ ਬਦਲਵਾ ਦਿੱਤਾ ਗਿਆ ਹੈ, ਜਿੱਥੋਂ ਗੈਸ ਲੀਕ ਹੋਣ ਦਾ ਸ਼ੱਕ ਸੀ।

**ਪ੍ਰਧਾਨ ਮੰਤਰੀ ਵੱਲੋਂ ਮੁਆਵਜ਼ੇ ਦਾ ਐਲਾਨ** :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੰਜਾਬ ਦੇ ਲੁਧਿਆਣਾ ਜ਼ਿਲ੍ਹੇ ਵਿੱਚ ਜ਼ਹਿਰੀਲੀ ਗੈਸ ਲੀਕ ਹੋਣ ਕਾਰਨ ਹੋਈਆਂ ਗਿਆਰਾਂ ਮੌਤਾਂ 'ਤੇ ਦੁੱਖ ਜ਼ਾਹਿਰ ਕੀਤਾ ਹੈ ਅਤੇ ਮ੍ਰਿਤਕਾਂ ਦੇ ਪਰਿਵਾਰਾਂ ਤੇ ਹੋਰਾਂ ਲਈ ਮੁਆਵਜ਼ੇ ਦਾ ਐਲਾਨ ਵੀ ਕੀਤਾ। ਪ੍ਰਧਾਨ ਮੰਤਰੀ ਦਫ਼ਤਰ ਨੇ ਇਕ ਟਵੀਟ ਵਿੱਚ ਕਿਹਾ, "ਲੁਧਿਆਣਾ ਵਿੱਚ ਗੈਸ ਲੀਕ ਹੋਣ ਕਾਰਨ ਹੋਈਆਂ ਮੌਤਾਂ 'ਤੇ ਦੁੱਖ ਜ਼ਾਹਿਰ ਕਰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪ੍ਰਧਾਨ ਮੰਤਰੀ ਰਾਹਤ ਫੰਡ ਤੋਂ ਹਰੇਕ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਨੂੰ ਦੋ-ਦੋ ਲੱਖ ਰੁਪਏ ਤੇ ਹਰੇਕ ਜ਼ੇਰੇ ਇਲਾਜ ਵਿਅਕਤੀ 50,000-50,000 ਰੁਪਏ ਦੇਣ ਦਾ ਐਲਾਨ ਕੀਤਾ ਹੈ।"

***

## ਸੁਪਰੀਮ ਕੋਰਟ ਦੇ ਮਹੱਤਵਪੂਰਨ ਫ਼ੈਸਲ

**ਪ੍ਰਸ਼ਾਂਤ ਭੂਸ਼ਣ ਕੰਟੈਂਪਟ ਕੇਸ** :- ਇਸ ਮਾਮਲੇ ਵਿੱਚ, ਸੁਪਰੀਮ ਕੋਰਟ ਨੇ ਐਡਵੋਕੇਟ ਪ੍ਰਸ਼ਾਂਤ ਭੂਸ਼ਣ ਨੂੰ ਨਿਆਂਪਾਲਿਕਾ ਦੀ ਆਲੋਚਨਾ ਕਰਨ ਵਾਲੇ ਟਵੀਟਸ ਲਈ ਅਪਰਾਧਿਕ ਮਾਣਹਾਨੀ ਦਾ ਦੋਸ਼ੀ ਠਹਿਰਾਇਆ। ਅਦਾਲਤ ਨੇ 1 ਰੁਪਏ ਦਾ ਜੁਰਮਾਨਾ ਲਗਾਇਆ ਅਤੇ ਮੁਆਫੀ ਨਾ ਮੰਗਣ 'ਤੇ ਗੰਭੀਰ ਨਤੀਜੇ ਭੁਗਤਣ ਦੀ ਚਿਤਾਵਨੀ ਦਿੱਤੀ।

**ਇਲੈਕਟੋਰਲ ਬਾਂਡ ਕੇਸ**: ਇਸ ਮਾਮਲੇ ਵਿੱਚ, ਸੁਪਰੀਮ ਕੋਰਟ ਨੇ ਇਲੈਕਟੋਰਲ ਬਾਂਡ ਸਕੀਮ ਦੀ ਵੈਧਤਾ ਨੂੰ ਬਰਕਰਾਰ ਰੱਖਿਆ, ਜੋ ਸਿਆਸੀ ਪਾਰਟੀਆਂ ਨੂੰ ਵਿਅਕਤੀਆਂ ਅਤੇ ਕੰਪਨੀਆਂ ਤੋਂ ਬੇਨਾਮ ਦਾਨ ਪ੍ਰਾਪਤ ਕਰਨ ਦੀ ਇਜਾਜ਼ਤ ਦਿੰਦਾ ਹੈ। ਅਦਾਲਤ ਨੇ ਕਿਹਾ ਕਿ ਇਹ ਸਕੀਮ ਸਿਆਸੀ ਫੰਡਿੰਗ ਵਿੱਚ ਪਾਰਦਰਸ਼ਤਾ ਨੂੰ ਉਤਸ਼ਾਹਿਤ ਕਰਨ ਦਾ ਇੱਕ ਜਾਇਜ਼ ਸਾਧਨ ਹੈ।

**ਨਾਗਰਿਕਤਾ ਸੋਧ ਕਾਨੂੰਨ ਮਾਮਲਾ**: ਸੁਪਰੀਮ ਕੋਰਟ ਨੇ ਪਾਕਿਸਤਾਨ, ਬੰਗਲਾਦੇਸ਼ ਅਤੇ ਅਫਗਾਨਿਸਤਾਨ ਤੋਂ ਗੈਰ-ਮੁਸਲਿਮ ਸ਼ਰਨਾਰਥੀਆਂ ਨੂੰ ਨਾਗਰਿਕਤਾ ਪ੍ਰਦਾਨ ਕਰਨ ਵਾਲੇ ਨਾਗਰਿਕਤਾ ਸੋਧ ਕਾਨੂੰਨ 'ਤੇ ਰੋਕ ਲਗਾਉਣ ਤੋਂ ਇਨਕਾਰ ਕਰ ਦਿੱਤਾ। ਹਾਲਾਂਕਿ, ਅਦਾਲਤ ਨੇ ਸਰਕਾਰ ਨੂੰ ਐਕਟ ਦੀ ਸੰਵਿਧਾਨਕਤਾ ਨੂੰ ਚੁਣੌਤੀ ਦੇਣ ਵਾਲੀਆਂ ਪਟੀਸ਼ਨਾਂ ਦਾ ਜਵਾਬ ਦੇਣ ਦਾ ਵੀ ਹੁਕਮ ਦਿੱਤਾ ਹੈ। ਇਸ ਫੈਸਲੇ ਨੂੰ ਸਰਕਾਰ ਦੀ ਅੰਸ਼ਕ ਜਿੱਤ ਵਜੋਂ ਦੇਖਿਆ ਜਾ ਰਿਹਾ ਸੀ, ਜਿਸ ਨੂੰ ਐਕਟ ਨੂੰ ਲੈ ਕੇ ਵੱਡੇ ਪੱਧਰ 'ਤੇ ਵਿਰੋਧ ਦਾ ਸਾਹਮਣਾ ਕਰਨਾ ਪਿਆ ਸੀ।

**ਤਰੱਕੀ ਵਿੱਚ ਰਾਖਵਾਂਕਰਨ**: ਸੁਪਰੀਮ ਕੋਰਟ ਨੇ 2012 ਦੇ ਇੱਕ ਕਾਨੂੰਨ ਦੀ ਵੈਧਤਾ ਨੂੰ ਬਰਕਰਾਰ ਰੱਖਿਆ ਜੋ ਸਰਕਾਰੀ ਨੌਕਰੀਆਂ ਵਿੱਚ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਾਤੀਆਂ ਲਈ ਤਰੱਕੀ ਵਿੱਚ ਰਾਖਵਾਂਕਰਨ ਪ੍ਰਦਾਨ ਕਰਦਾ ਸੀ। ਇਸ ਫੈਸਲੇ ਨੂੰ ਐਸਸੀ/ ਐਸਟੀ ਭਾਈਚਾਰਿਆਂ ਲਈ ਵੱਡੀ ਜਿੱਤ ਵਜੋਂ ਦੇਖਿਆ ਗਿਆ, ਜੋ ਦਹਾਕਿਆਂ ਤੋਂ ਆਪਣੇ ਹੱਕਾਂ ਲਈ ਲੜ ਰਹੇ ਸਨ।

**ਅਯੁੱਧਿਆ ਫੈਸਲਾ** (2019):- ਇਸ ਮਾਮਲੇ ਵਿੱਚ, ਸੁਪਰੀਮ ਕੋਰਟ ਨੇ ਉੱਤਰ ਪ੍ਰਦੇਸ਼ ਦੇ ਅਯੁੱਧਿਆ ਵਿੱਚ ਰਾਮ ਜਨਮ ਭੂਮੀ-ਬਾਬਰੀ ਮਸਜਿਦ ਵਾਲੀ ਜਗ੍ਹਾ ਦੀ ਮਲਕੀਅਤ ਨੂੰ ਲੈ ਕੇ ਦਹਾਕਿਆਂ ਤੋਂ ਚੱਲੇ ਆ ਰਹੇ ਕਾਨੂੰਨੀ ਵਿਵਾਦ ਨੂੰ ਖਤਮ ਕਰ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਇਹ ਜਗ੍ਹਾ ਹਿੰਦੂਆਂ ਦੀ ਹੈ, ਅਤੇ ਸਰਕਾਰ ਨੂੰ ਇਸ ਜਗ੍ਹਾ 'ਤੇ ਮੰਦਰ ਬਣਾਉਣ ਲਈ ਟਰੱਸਟ ਬਣਾਉਣ ਦਾ ਨਿਰਦੇਸ਼ ਦਿੱਤਾ, ਜਦੋਂ ਕਿ ਮੁਸਲਮਾਨਾਂ ਨੂੰ ਮਸਜਿਦ ਬਣਾਉਣ ਲਈ ਬਦਲਵੇਂ ਪਲਾਟ ਮੁਹੱਈਆ ਕਰਵਾਏ।

**ਆਧਾਰ ਕਾਰਡ ਕੇਸ** (2018):- ਆਧਾਰ ਕਾਰਡ ਕੇਸ ਭਾਰਤ ਦੀ ਸੁਪਰੀਮ ਕੋਰਟ ਦਾ ਇੱਕ ਹੋਰ ਮਹੱਤਵਪੂਰਨ ਫੈਸਲਾ ਹੈ। ਇਸ ਮਾਮਲੇ ਵਿੱਚ, ਅਦਾਲਤ ਨੇ ਆਧਾਰ ਕਾਰਡ ਦੀ ਸੰਵਿਧਾਨਕਤਾ ਨੂੰ ਬਰਕਰਾਰ ਰੱਖਿਆ, ਜੋ ਕਿ ਭਾਰਤ ਦੇ ਹਰੇਕ ਨਾਗਰਿਕ ਲਈ ਇੱਕ ਵਿਲੱਖਣ ਪਛਾਣ ਨੰਬਰ ਹੈ। ਹਾਲਾਂਕਿ, ਅਦਾਲਤ ਨੇ ਇਹ ਵੀ ਕਿਹਾ ਕਿ ਵੱਖ-ਵੱਖ ਸੇਵਾਵਾਂ ਅਤੇ ਲਾਭਾਂ ਲਈ ਆਧਾਰ ਕਾਰਡ ਨੂੰ ਲਾਜ਼ਮੀ ਲਿੰਕ ਕਰਨਾ ਗੈਰ-ਸੰਵਿਧਾਨਕ ਸੀ। ਅਦਾਲਤ ਨੇ ਕਿਹਾ ਕਿ ਸਰਕਾਰ ਬੈਂਕ ਖਾਤੇ, ਮੋਬਾਈਲ ਕਨੈਕਸ਼ਨ ਅਤੇ ਸਕੂਲ ਦਾਖ਼ਲੇ ਵਰਗੀਆਂ ਜ਼ਰੂਰੀ ਸੇਵਾਵਾਂ ਲੈਣ ਲਈ ਆਧਾਰ ਨੂੰ ਲਾਜ਼ਮੀ ਨਹੀਂ ਕਰ ਸਕਦੀ।

**ਧਾਰਾ 377 ਕੇਸ** (2018):- ਧਾਰਾ 377 ਕੇਸ ਭਾਰਤ ਦੀ ਸੁਪਰੀਮ ਕੋਰਟ ਦਾ ਇੱਕ ਇਤਿਹਾਸਕ ਫੈਸਲਾ ਸੀ, ਜਿਸਨੇ ਸਮਲਿੰਗੀ ਸਬੰਧਾਂ ਨੂੰ ਅਪਰਾਧਿਕ ਬਣਾਉਣ ਵਾਲੇ ਬਸਤੀਵਾਦੀ ਯੁੱਗ ਦੇ ਕਾਨੂੰਨ ਨੂੰ ਰੱਦ ਕਰ ਦਿੱਤਾ ਸੀ। ਅਦਾਲਤ ਨੇ ਕਿਹਾ ਕਿ ਕਾਨੂੰਨ ਪੱਖਪਾਤੀ ਸੀ ਅਤੇ ਐਲਜੀਬੀਟੀ+ ਵਿਅਕਤੀਆਂ ਦੇ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਕਰਦਾ ਹੈ।

**ਤਿੰਨ ਤਲਾਕ ਕੇਸ** (2017):- ਤਿੰਨ ਤਲਾਕ ਕੇਸ ਭਾਰਤ ਦੀ ਸੁਪਰੀਮ ਕੋਰਟ ਦਾ ਇੱਕ ਹੋਰ ਇਤਿਹਾਸਕ ਫੈਸਲਾ ਹੈ। ਇਸ ਮਾਮਲੇ ਵਿੱਚ ਅਦਾਲਤ ਨੇ ਤਿੰਨ ਤਲਾਕ ਜਾਂ ਤੁਰੰਤ ਤਲਾਕ ਦੀ ਪ੍ਰਥਾ ਨੂੰ ਅਸੰਵਿਧਾਨਕ ਅਤੇ ਰੱਦ ਕਰਾਰ ਦਿੱਤਾ ਹੈ।ਅਦਾਲਤ ਨੇ ਕਿਹਾ ਕਿ ਇਹ ਅਭਿਆਸ ਔਰਤਾਂ ਵਿਰੁੱਧ ਵਿਤਕਰਾ ਹੈ ਅਤੇ ਉਨ੍ਹਾਂ ਦੇ ਬੁਨਿਆਦੀ ਅਧਿਕਾਰਾਂ ਦੀ ਉਲੰਘਣਾ ਹੈ। ਇਸ ਫੈਸਲੇ ਨੂੰ ਭਾਰਤ ਵਿੱਚ ਲਿੰਗ ਸਮਾਨਤਾ ਵੱਲ ਇੱਕ ਵੱਡੇ ਕਦਮ ਵਜੋਂ ਦੇਖਿਆ ਗਿਆ ਅਤੇ ਔਰਤਾਂ ਦੇ ਅਧਿਕਾਰਾਂ ਦੇ ਕਾਰਕੁਨਾਂ ਵੱਲੋਂ ਇਸ ਦਾ ਵਿਆਪਕ ਸਵਾਗਤ ਕੀਤਾ ਗਿਆ।

***

## 2022 'ਚ ਭਾਰਤ ਵਿੱਚ ਧਾਰਮਿਕ ਆਜ਼ਾਦੀ

ਦੀਆਂ ਚਿੰਤਾਵਾਂ ਸ਼ਾਮਲ ਹਨ।ਦੱਸਣਯੋਗ ਹੈ ਕਿ ਯੂਐਸਸੀਆਈਆਰਐਫ ਦੀ 2023 ਦੀ ਸਾਲਾਨਾ ਰਿਪੋਰਟ ਵਿੱਚ ਖ਼ਾਸ ਤੌਰ ਉਤੇ ਜਿਕਰਯੋਗ ਹੈ ਕਿ 2022 ਵਿੱਚ ਭਾਰਤ ਵਿੱਚ ਧਾਰਮਿਕ ਆਜ਼ਾਦੀ ਲਈ ਹਾਲਾਤ ਲਗਾਤਾਰ ਵਿਗੜ ਰਹੇ ਹਨ। ਇਸ ਸਾਲ ਦੇ ਦੌਰਾਨ, ਭਾਰਤ ਸਰਕਾਰ ਨੇ ਰਾਸ਼ਟਰੀ, ਰਾਜ ਅਤੇ ਸਥਾਨਕ ਪੱਧਰਾਂ 'ਤੇ ਧਾਰਮਿਕ ਤੌਰ 'ਤੇ ਵਿਤਕਰੇ ਵਾਲੀਆਂ ਨੀਤੀਆਂ ਨੂੰ ਉਤਸ਼ਾਹਿਤ ਅਤੇ ਲਾਗੂ ਕੀਤਾ, ਜਿਸ ਵਿੱਚ ਧਾਰਮਿਕ ਪਰਿਵਰਤਨ ਨੂੰ ਨਿਸ਼ਾਨਾ ਬਣਾਉਣ ਵਾਲੇ ਕਾਨੂੰਨ ਵੀ ਸ਼ਾਮਲ ਹਨ ਜੋ ਅੰਤਰ-ਧਰਮੀ ਰਿਸ਼ਤੇ, ਹਿਜਾਬ ਪਹਿਨਣਾ, ਅਤੇ ਗਊ ਹੱਤਿਆ, ਜੋ ਮੁਸਲਮਾਨਾਂ, ਈਸਾਈਆਂ, ਸਿੱਖਾਂ, ਦਲਿਤਾਂ ਅਤੇ ਆਦਿਵਾਸੀਆਂ (ਆਦੀਵਾਸੀ ਲੋਕ ਅਤੇ ਅਨੁਸੂਚਿਤ ਕਬੀਲਿਆਂ) 'ਤੇ ਨਕਾਰਾਤਮਕ ਪ੍ਰਭਾਵ ਪਾਉਂਦੇ ਹਨ।

## ਕੀ ਮੇਰਾ ਬੱਚਾ ਠੀਕ ਠਾਕ…

- ਇੱਕ ਦੇ ਉੱਪਰ ਦੂਜਾ ਚੌਕੋਰ ਨਾ ਰੱਖ ਸਕੇ
- ਮਾਂ ਦੇ ਪਰ੍ਹਾਂ ਹੁੰਦਿਆਂ ਹੀ ਚੀਕ ਚਿੰਘਾੜਾ ਮਚਾਉਣਾ ਸ਼ੁਰੂ ਕਰ ਦੇਵੇ।
- ਹੋਰ ਬੱਚਿਆਂ ਨਾਲ ਨਾ ਖੇਡੇ
- ਸਾਹਮਣੇ ਪਏ ਖਿਡੌਣੇ ਵੱਲ ਉੱਕਾ ਹੀ ਧਿਆਨ ਨਾ ਦੇਵੇ
- ਓਪਰੇ ਨੂੰ ਵੇਖ ਕੇ ਚੀਕਾਂ ਮਾਰਨ ਲੱਗ ਪਵੇ
- ਗੁਸਲਖਾਨੇ ਜਾਣ, ਕਪੜੇ ਬਦਲਣ ਜਾਂ ਸੌਣ ਵੇਲੇ ਬਹੁਤ ਜ਼ਿਆਦਾ ਤੰਗ ਕਰੇ
- ਚੀਜ਼ਾਂ ਤੋੜਦਾ ਭੰਨਦਾ ਹੋਵੇ ਜਾਂ ਭਰਿਆ ਗਿਲਾਸ ਖਿੰਡ ਕੇ ਰੋੜ੍ਹ ਰਿਹਾ ਹੋਵੇ
- ਉੱਚੀ ਉੱਚੀ ਚੀਕਾਂ ਮਾਰ ਕੇ ਨਿੱਕੀ ਨਿੱਕੀ ਗੱਲ ਉੱਤੇ ਜ਼ਿੱਦ ਕਰਦਾ ਹੋਵੇ।
- ਤਿੰਨ ਸ਼ਬਦਾਂ ਤੋਂ ਵੱਧ ਨਾ ਬੋਲ ਸਕਦਾ ਹੋਵੇ, ਜਿਵੇਂ "ਮੈਂ ਪਾਣੀ ਪੀਣੈ", ਆਦਿ।
- ਆਪਣੇ ਆਪ ਨੂੰ ਮੈਂ ਜਾਂ ਦੂਜੇ ਨੂੰ ਤੁਸੀਂ ਨਾ ਕਹਿ ਰਿਹਾ ਹੋਵੇ ਅਤੇ ਲਿੰਗ ਵੀ ਉਲਟ ਬੋਲ ਰਿਹਾ ਹੋਵੇ ਇਨ੍ਹਾਂ ਸਾਰੇ ਲੱਛਣਾਂ ਨੂੰ ਓਟਿਜ਼ਮ ਦੇ ਲੱਛਣ ਮੰਨ ਕੇ ਤੁਰੰਤ ਡਾਕਟਰੀ ਸਲਾਹ ਲੈਣੀ ਜ਼ਰੂਰੀ ਹੁੰਦੀ ਹੈ। ਓਟਿਜ਼ਮ ਵਿਚ ਵੀ ਬੱਚੇ ਨੂੰ ਕਈ ਵੱਖੋ-ਵੱਖ ਕਿਸਮਾਂ ਦੇ ਲੱਛਣ ਹੋ ਸਕਦੇ ਹਨ ਜਿਨ੍ਹਾਂ ਨੂੰ 'ਓਟਿਜ਼ਮ ਸਪੈਕਟਰਮ ਡਿਸਆਰਡਰ' ਕਿਹਾ ਜਾਣ ਲੱਗ ਪਿਆ ਹੈ।

ਕਈ ਵਾਰ ਜੰਮਦੇ ਸਾਰ ਬੱਚੇ ਦੇ ਦਿਮਾਗ਼ ਨੂੰ ਪੂਰੀ ਆਕਸੀਜਨ ਨਾ ਪਹੁੰਚਣ ਕਾਰਨ ਵੀ ਅਨੇਕ ਮਾੜੇ ਲੱਛਣਾਂ ਦੇ ਨਾਲ ਦੌਰੇ ਵੀ ਪੈ ਸਕਦੇ ਹਨ।ਅੰਨ੍ਹੇ ਜਾਂ ਬੋਲੇ ਬੱਚੇ ਵੀ ਹੋਰ ਜਮਾਂਦਰੂ ਨੁਕਸ, ਜਿਵੇਂ ਦਿਲ ਦੇ ਰੋਗਾਂ ਨਾਲ ਪੀੜਤ ਹੋ ਸਕਦੇ ਹਨ। ਇਸੇ ਲਈ ਉੱਪਰ ਦੱਸੇ ਲੱਛਣਾਂ ਵਾਲੇ ਬੱਚੇ ਨੂੰ ਬਿਨ੍ਹਾਂ ਦੇਰੀ ਸਪੈਸ਼ਲਿਸਟ ਬੱਚਿਆਂ ਦੇ ਡਾਕਟਰ ਕੋਲ ਤੁਰੰਤ ਚੈਕਅੱਪ ਲਈ ਲੈ ਜਾਣਾ ਚਾਹੀਦਾ ਹੈ।

ਕਮਾਲ ਦੀ ਖੋਜ ਤਾਂ ਇਹ ਵੀ ਦਸਦੀ ਹੈ ਕਿ ਜੱਚਾ ਦਾ ਤਣਾਓ ਵੀ ਬੱਚੇ ਵਿਚ ਓਟਿਜ਼ਮ ਹੋਣ ਦਾ ਖ਼ਤਰਾ ਕਈ ਗੁਣਾ ਵਧਾ ਦਿੰਦਾ ਹੈ। ਸੋ ਖ਼ੁਸ਼ ਰਹੋ, ਤੰਦਰੁਸਤ ਰਹੋ!

***

## ਪਰਿਵਾਰਕ ਅਣਬਣ ਬੱਚਿਆਂ…

ਤੋਂ ਵੱਧ ਅਦਾਲਤੀ ਲੰਬਿਤ ਮਾਮਲਿਆਂ ਵਾਲਾ ਦੇਸ਼ ਹੈ। ਕੁਲ ਮਿਲਾਕੇ ਭਾਰਤ ਦੀਆਂ ਅਦਾਲਤਾਂ ਵਿੱਚ 4.70 ਕਰੋੜ ਮਾਮਲੇ ਅਦਾਲਤਾਂ 'ਚ ਲਟਕਦੇ ਹਨ। ਇਹਨਾਂ ਵਿਚੋਂ 6.50 ਲੱਖ ਤੋਂ ਵੀ ਜ਼ਿਆਦਾ ਵਿਆਹ ਸਬੰਧੀ ਮਾਮਲੇ ਹਨ। ਇਹਨਾਂ ਮਾਮਲਿਆਂ 'ਚ ਮਾਮੂਲੀ ਮਨ-ਮਟਾਅ ਵਾਲੀਆਂ ਹਾਲਤਾਂ ਕਈ ਵੇਰ ਲੰਬੀ ਕਾਨੂੰਨੀ ਲੜਾਈ ਦਾ ਕਾਰਨ ਬਣ ਜਾਂਦੀਆਂ ਹਨ। ਇਹ ਇੱਕ-ਦੂਜੇ ਪ੍ਰਤੀ ਇਲਜ਼ਾਮਬਾਜ਼ੀ ਬੱਚਿਆਂ ਦੀ ਮਨੋਸਥਿਤੀ ਵਿਗਾੜਨ 'ਚ ਸਹਾਈ ਹੁੰਦੀ ਹੈ। ਜੇਕਰ ਮਾਪੇ, ਲੜਾਈ ਝਗੜੇ ਦੇ ਬਾਵਜੂਦ ਇੱਕ-ਦੂਜੇ ਨਾਲ ਸਮਝਦਾਰੀ ਨਾਲ ਪੇਸ਼ ਆਉਣ ਤਾਂ ਬੱਚੇ ਉਸੇ ਅਨੁਸਾਰ ਖੁਦ ਨੂੰ ਵਿਕਸਤ ਕਰਦੇ ਹਨ।

ਭਾਰਤੀ ਸਭਿਆਚਾਰ ਵਿੱਚ ਬੱਚਿਆਂ ਦਾ ਪਾਲਣ-ਪੋਸ਼ਣ ਅਤੇ ਜ਼ੁੰਮੇਵਾਰੀ ਟੱਬਰ ਦੀਆਂ ਤਿੰਨ ਪੀੜ੍ਹੀਆਂ ਤੱਕ ਜੁੜੀ ਹੋਈ ਹੈ ਅਤੇ ਪ੍ਰਭਾਵਤ ਵੀ ਤਿੰਨ ਪੀੜ੍ਹੀਆਂ ਨੂੰ ਕਰਦੀ ਹੈ।ਰਿਸ਼ਤਿਆਂ ਵਿੱਚ ਜਦੋਂ ਕੁੜੱਤਣ ਆਉਂਦੀ ਹੈ, ਪਰਿਵਾਰ ਟੁੱਟਦੇ ਹਨ, ਆਪਸੀ ਮੇਲਜੋਲ ਅਤੇ ਜਜ਼ਬਾਤੀ ਸਬੰਧ ਪ੍ਰਭਾਵਤ ਹੁੰਦਾ ਹੈ।ਇਹ ਵੇਖਣ 'ਚ ਆ ਰਿਹਾ ਹੈ ਕਿ ਦੇਸ਼ ਦੇ ਹਰ ਖਿੱਤੇ, ਹਰ ਵਰਗ ਵਿੱਚ ਪਰਿਵਾਰਕ ਝਗੜੇ ਵੱਧ ਰਹੇ ਹਨ। ਸਿੱਟਾ ਤਾਂ ਸਾਫ਼ ਹੈ, ਬੱਚੇ ਦਾ ਭਵਿੱਖ ਦਾਅ 'ਤੇ ਲੱਗ ਜਾਂਦਾ ਹੈ। ਪੁਰਾਣੇ ਸਮਿਆਂ 'ਚ ਦਾਦਾ-ਦਾਦੀ, ਨਾਨਾ-ਨਾਨੀ ਬੱਚਿਆਂ ਦਾ ਪਾਲਣ-ਪੋਸ਼ਣ ਕਰਨ 'ਚ ਹੱਥ ਵਧਾਉਂਦੇ ਸਨ, ਬੱਚੇ ਜਜ਼ਬਾਤੀ ਤੌਰ 'ਤੇ ਇਹਨਾ ਨਾਲ ਹੀ ਨਹੀਂ, ਮਾਸੀ, ਭੂਆ, ਤਾਈ, ਚਾਚੀ,ਚਾਚੇ, ਆਦਿ ਰਿਸ਼ਤਿਆਂ ਨਾਲ ਜੁੜੇ ਰਹਿੰਦੇ ਸਨ, ਅਪਣੱਤ ਵੱਧਦੀ ਸੀ।

ਪਿਛਲੇ ਦਿਨੀ ਦਿੱਲੀ ਹਾਈ ਕੋਰਟ ਨੇ ਇਕ ਪਰਿਵਾਰਕ ਝਗੜੇ ਦਾ ਫ਼ੈਸਲਾ ਦੇਣ ਵੇਲੇ ਲਿਖਿਆ, "ਇਸ 'ਚ ਦੋ ਰਾਵਾਂ ਨਹੀਂ ਕਿ ਬੱਚੇ ਦਾ ਪਾਲਣ-ਪੋਸ਼ਣ ਇੱਕ ਖ਼ੁਸ਼ਹਾਲ ਪਰਿਵਾਰ ਵਿੱਚ ਹੀ ਹੋਵੇ ਤਾਂ ਉਹਨਾਂ ਦੇ ਭਾਵਨਾਤਮਕ ਰੂਪ ਵਿੱਚ ਮਜ਼ਬੂਤ ਹੋਣ ਅਤੇ ਪੜ੍ਹਾਈ 'ਚ ਉਹਨਾਂ ਦਾ ਪ੍ਰਦਰਸ਼ਨ ਬਿਹਤਰ ਹੋਣ ਦੀਆਂ ਸੰਭਾਵਨਾਵਾਂ ਹੁੰਦੀਆਂ ਹਨ।"

ਇਹ ਗੱਲ ਅਸਲੋਂ ਸੱਚ ਹੈ ਕਿ ਮਾਪੇ, ਜਿਸ ਸਮਝਦਾਰੀ ਨਾਲ ਆਪਸ ਵਿੱਚ ਪੇਸ਼ ਆਉਂਦੇ ਹਨ, ਬੱਚੇ ਉਸੇ ਅਨੁਸਾਰ ਖ਼ੁਦ ਨੂੰ ਵਿਕਸਤ ਕਰਦੇ ਹਨ।

ਅੱਜ ਸਿਰੇ ਦੇ ਉਪਭੋਗਤਾਵਾਦੀ ਦੀ ਸਮੇਂ 'ਚ, ਜਿਥੇ ਕਦਰਾਂ-ਕੀਮਤਾਂ ਛੱਡ ਕੇ ਅੱਗੇ ਵੱਧਣ ਦੀ ਹੋੜ ਲੱਗੀ ਹੋਈ ਹੈ, ਮਨੁੱਖ ਵਿੱਚ ਸਹਿਜਤਾ ਖ਼ਤਮ ਹੋ ਰਹੀ ਹੈ। ਫਜ਼ੂਲ ਕਿਸਮ ਦੇ ਦਬਾਅ ਅਧੀਨ ਵਿਖਾਵੇ ਭਰੀ ਜਿੰਦਗੀ ਜੀਊਂਦਾ, ਆਪਣੇ ਤੋਂ ਉੱਪਰ ਜੀਊਣ ਦੀ ਲਾਲਸਾ ਨਾਲ ਉਤਪੋਤ ਕਈ ਵੇਰ ਕੁਝ ਇਹੋ ਜਿਹਾ ਕਰ ਬੈਠਦਾ ਹੈ, ਜੋ ਉਸਦੇ ਆਪਣੇ ਜੀਵਨ ਵਿੱਚ ਤਾਂ ਕੁੜੱਤਣ ਤਾਂ ਭਰਦਾ ਹੀ ਹੈ, ਸਗੋਂ ਅਪਣੇ ਪਰਿਵਾਰਕ ਜੀਵਨ ਨੂੰ ਵੀ ਦਾਅ ਤੇ ਲਾਅ ਦਿੰਦਾ ਹੈ, ਜਿਸਦਾ ਖਾਮਿਆਜ਼ਾ ਆਮ ਤੌਰ 'ਤੇ ਬੱਚਿਆਂ ਨੂੰ ਭੁਗਤਣਾ ਪੈਂਦਾ ਹੈ।ਬੱਚਿਆਂ ਦੇ ਪਾਲਣ-ਪੋਸ਼ਣ 'ਚ ਔਖਿਆਈਆਂ, ਮਾਨਸਿਕ ਕਸ਼ਟ, ਬੱਚੇ ਦੇ ਸੁਭਾਅ 'ਚ ਚਿੜਚਿੜਾਪਨ ਕੁੱਝ ਇਹੋ ਜਿਹੀਆਂ ਗੱਲਾਂ ਹਨ ਜਿਹੜੀਆਂ ਬੱਚਿਆਂ ਦੇ ਪੱਲੇ ਪੈ ਜਾਂਦੀਆਂ ਹਨ । ਜਿਹੜੀਆਂ ਜ਼ਿੰਦਗੀ ਭਰ ਉਹਨਾਂ ਦਾ ਪਿੱਛਾ ਨਹੀਂ ਛੱਡਦੀਆਂ ।ਦੁਨੀਆਂ ਭਰ 'ਚ ਕਾਨੂੰਨ ਨਾਲ ਇਹਨਾਂ ਸਮੱਸਿਆਵਾਂ ਨੂੰ ਨਜਿੱਠਣ ਵਾਲੇ ਦਾਨਸ਼ਵਰ , ਪੰਚਾਇਤਾਂ , ਜੱਜ ਅਤੇ ਹੋਰ ਸੂਝਵਾਨ ਲੋਕ , ਆਮ ਤੌਰ 'ਤੇ ਇਹਨਾਂ ਝਗੜਿਆਂ ਦਾ ਹੱਲ, ਸਬੰਧਤ ਜੋੜਿਆਂ ਦੀ ਆਪਸੀ ਗੱਲਬਾਤ ਨਾਲ ਸੁਲਝਾਉਣ ਦੇ ਹੱਕ 'ਚ ਰਹਿੰਦੇ ਹਨ ਤਾਂ ਕਿ ਆਉਣ ਵਾਲੀ ਪੀੜ੍ਹੀ ਨੂੰ ਰਿਸ਼ਤਿਆਂ ਦੀ ਟੁੱਟ ਭੱਜ ਦੀ ਬਹੁਤੀ ਕੀਮਤ ਨਾ ਚੁਕਾਉਣੀ ਪਵੇ।

***

## ਘਰ ਦਾ ਮਾਹੌਲ ਖ਼ੁਸ਼ਨੁਮਾ ਬਣਾ ਕੇ ਰੱਖੋ

ਲੱਗ ਰਹੀ ਤਾਂ ਉਸਨੂੰ ਬੈਠ ਕੇ ਵਿਚਾਰਿਆ ਜਾਵੇ, ਇੱਕ ਦੂਸਰੇ ਨਾਲ ਗੱਲਬਾਤ ਕੀਤੀ ਜਾਵੇ ਅਤੇ ਉਸਦਾ ਵਾਜਿਬ ਹੱਲ ਕੱਢਿਆ ਜਾਵੇ। ਘਰ ਪਰਿਵਾਰ ਦਾ ਮਾਹੌਲ ਅਜਿਹਾ ਹੋਣਾ ਚਾਹੀਦਾ ਹੈ ਕਿ ਕੰਮਾਂ ਕਾਜਾਂ ਵਿੱਚ ਰੁਝਿਆ, ਜਾਂ ਹੋਰ ਸਥਿਤੀਆਂ ਵਿੱਚ ਵਿਚਰਦੇ ਇਨਸਾਨ ਨੂੰ ਆ ਕੇ ਸਕੂਨ ਮਿਲੇ, ਪਰਿਵਾਰ ਦੇ ਹਸੋਂ ਹਸੋਂ ਕਰਦੇ ਚਿਹਰੇ ਉਸਦੀ ਸਾਰੇ ਦਿਨ ਦੀ ਥਕਾਵਟ ਉਤਾਰ ਦੇਣ। ਜੇਕਰ ਕਿਸੇ ਕਾਰਣ ਕਰਕੇ ਦਿਨ ਠੀਕ ਨਹੀਂ ਗਿਆ ਹੋਵੇ ਤਾਂ ਪਰਿਵਾਰ ਨੂੰ ਮਿਲਦੇ ਸਾਰ ਹੀ ਉਸ ਨੂੰ ਸਭ ਭੁੱਲ ਜਾਵੇ।ਇੱਕ ਸਕੂਨਮਈ ਜਿੰਦਗੀ ਜਿਊਣ ਲਈ ਘਰਾਂ ਦੇ ਮਾਹੌਲ ਸਿਰਜੀਏ, ਜਿੱਥੇ ਰਹਿੰਦੇ ਹਰ ਮੈਂਬਰ ਦੀ ਸਖਸ਼ੀਅਤ ਵੀ ਸਕਾਰਾਤਮਕ ਅਤੇ ਚੜਦੀਕਲਾ ਵਾਲੀ ਸਿਰਜੀ ਜਾਵੇ। ਚੰਗਾ ਘਰ ਚੰਗੀ ਮਾਨਸਿਕ ਸਿਹਤ ਦਾ ਵੀ ਰਾਜ ਹੈ, ਇਸ ਲਈ ਆਪਣੀ ਅਤੇ ਆਪਣਿਆਂ ਦੀ ਖ਼ੁਸ਼ੀ, ਚੜਦੀਕਲਾ ਅਤੇ ਚੰਗੀ ਸਿਹਤ ਲਈ ਘਰ ਦੇ ਮਾਹੌਲ ਨੂੰ ਖ਼ੁਸ਼ਨੁਮਾ ਬਣਾਈਏ।

***

## ਦਾਨਿਆਂ ਖ਼ਾਤਰ ਜੋ ਆਲ੍ਹਣਿਆਂ ਤੋਂ ਦੂਰ ਹੋਏ…

ਉਸੇ ਏਜੰਟ ਕੋਲ ਜਾਣ ਲਈ ਮਾਰਗਦਰਸ਼ਨ ਕਰਦੇ ਹਨ। ਜੇਕਰ ਉਹ ਠੱਗੇ ਜਾਂਦੇ ਹਨ, ਤਾਂ ਉਹ ਪੁਲਿਸ ਕੋਲ ਜਾਣ ਦੀ ਬਜਾਏ ਏਜੰਟ ਨਾਲ ਸਮਝੌਤਾ ਕਰਨ ਨੂੰ ਤਰਜੀਹ ਦਿੰਦੇ ਹਨ ਅਤੇ ਕਿਸੇ ਹੋਰ ਏਜੰਟ ਰਾਹੀਂ ਦੁਬਾਰਾ ਵੀਜ਼ਾ ਲਈ ਅਪਲਾਈ ਕਰਦੇ ਹਨ। ਇਹ ਅਧਿਕਾਰੀਆਂ ਦੇ ਫਰਜ਼ੀ ਏਜੰਟਾਂ ਨੂੰ ਟਰੈਕ ਕਰਨ ਦੇ ਕਿਸੇ ਵੀ ਮੌਕੇ ਨੂੰ ਨਕਾਰਦਾ ਹੈ।ਉਹਨਾਂ ਕਿਹਾ ਕਿ ਧੋਖਾਧੜੀ ਦਾ ਸ਼ਿਕਾਰ ਜ਼ਿਆਦਾਤਰ ਲੋਕ ਪੁਲਿਸ ਨੂੰ ਤਸਵੀਰ ਵਿੱਚ ਲਿਆਉਣ ਤੋਂ ਬਚਦੇ ਹਨ ਕਿਉਂਕਿ ਭਾਰਤ ਵਿੱਚ ਮੁਕੱਦਮਾ ਇੱਕ ਲੰਮੀ ਪ੍ਰਕਿਰਿਆ ਹੈ। ਪੁਲਿਸ ਖੁਦ ਵੀ ਇਸੇ ਕਾਰਨ ਪੁਰਾਣੇ ਕੇਸਾਂ ਨਾਲ ਬਹੁਤ ਜ਼ਿਆਦਾ ਕੰਮ ਕਰ ਰਹੀ ਹੈ, ਜਿਸ ਕਾਰਨ ਉਨ੍ਹਾਂ ਲਈ ਨਵੇਂ ਕੇਸਾਂ ਦੀ ਪੈਰਵੀ ਕਰਨਾ ਮੁਸ਼ਕਲ ਹੋ ਰਿਹਾ ਹੈ।ਟਰੈਵਲ ਏਜੰਟਾਂ ਦੁਆਰਾ ਕੀਤੀ ਗਈ ਧੋਖਾਧੜੀ ਵਿਰੁੱਧ ਆਈਪੀਸੀ ਦੀ ਧਾਰਾ 406 (ਭਰੋਸੇ ਦੀ ਉਲੰਘਣਾ) ਅਤੇ 420 (ਫਸਾਉਣ ਅਤੇ ਧੋਖਾਧੜੀ), ਇਮੀਗ੍ਰੇਸ਼ਨ ਐਕਟ ਦੀ ਧਾਰਾ 24 (ਜਾਅਲੀ ਵੀਜ਼ਾ ਜਾਂ ਦਸਤਾਵੇਜ਼), ਅਤੇ ਪੰਜਾਬ ਟਰੈਵਲ ਏਜੰਟ ਐਕਟ (ਨੂੰ) ਦੇ ਤਹਿਤ ਕਾਰਵਾਈ ਕੀਤੀ ਜਾ ਸਕਦੀ ਹੈ। ਸਤਨਾਮ ਸਿੰਘ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਕੋਲ ਟਰੈਵਲ ਏਜੰਟ ਦੇ ਦਫ਼ਤਰ ਨੂੰ ਸੀਲ ਕਰਨ ਦਾ ਅਧਿਕਾਰ ਹੈ ਜਾਂ ਉਹ ਉਪ ਮੰਡਲ ਮੈਜਿਸਟ੍ਰੇਟ ਰੈਂਕ ਦੇ ਅਧਿਕਾਰੀ ਨੂੰ ਕਾਰਵਾਈ ਕਰਨ ਦਾ ਨਿਰਦੇਸ਼ ਦੇ ਸਕਦਾ ਹੈ।

ਵਕੀਲ ਦਾ ਮੰਨਣਾ ਹੈ ਕਿ ਪੰਜਾਬ ਵਿੱਚ ਚੱਲ ਰਹੇ ਐਨਆਰਆਈ ਥਾਣਿਆਂ ਨੂੰ ਟਰੈਵਲ ਏਜੰਟਾਂ ਦੀ ਧੋਖਾਧੜੀ ਨੂੰ ਸ਼ਾਮਲ ਕਰਨ ਲਈ ਆਪਣੇ ਕੰਮਕਾਜ ਦਾ ਵਿਸਤਾਰ ਕਰਨਾ ਚਾਹੀਦਾ ਹੈ। ਆਮ ਤੌਰ 'ਤੇ, ਉਹ ਪਰਵਾਸੀ ਭਾਰਤੀਆਂ ਦੇ ਅਪਰਾਧ, ਵਿਆਹ ਅਤੇ ਜਾਇਦਾਦ ਦੇ ਝਗੜਿਆਂ ਨਾਲ ਨਜਿੱਠਦੇ ਹਨ। ਪਰ ਜੇਕਰ ਅਜਿਹੇ ਧੋਖਾਧੜੀ ਦਾ ਪਤਾ ਲਗਾਉਣ ਲਈ ਅਧਿਕਾਰੀਆਂ ਦੀ ਇੱਕ ਸਮਰਪਿਤ ਟੀਮ ਤਾਇਨਾਤ ਕੀਤੀ ਜਾਵੇ, ਤਾਂ ਇਸ ਸਮੱਸਿਆ ਨੂੰ ਕੁਝ ਹੱਦ ਤੱਕ ਕਾਬੂ ਕੀਤਾ ਜਾ ਸਕਦਾ ਹੈ। ਉਸਨੇ ਕਿਹਾ ਕਿ ਇੱਕ ਫਰਜ਼ੀ ਟਰੈਵਲ ਏਜੰਟ, ਜੇਕਰ ਗ੍ਰਿਫਤਾਰ ਕੀਤਾ ਜਾਂਦਾ ਹੈ, ਤਾਂ ਉਸਨੂੰ ਤਿੰਨ ਤੋਂ ਸੱਤ ਸਾਲ ਦੀ ਸਜ਼ਾ ਹੋ ਸਕਦੀ ਹੈ। ਪਰ ਜਦੋਂ ਤੱਕ ਕੋਈ ਸ਼ਿਕਾਇਤ ਦਰਜ ਨਹੀਂ ਕਰਦਾ, ਪੁਲਿਸ ਕਿਵੇਂ ਕਾਰਵਾਈ ਕਰ ਸਕਦੀ ਹੈ? ਸਤਨਾਮ ਸਿੰਘ ਨੇ ਇਸ ਅਲਾਮਤ ਨੂੰ ਕਾਬੂ ਕਰਨ ਲਈ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਵਿਸ਼ੇਸ਼ ਜਾਗਰੂਕਤਾ ਕੈਂਪ ਲਗਾਉਣ ਦਾ ਸੁਝਾਅ ਦਿੱਤਾ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਜੋ ਲੋਕਾਂ ਵਿੱਚ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਜਾਗਰੂਕਤਾ ਪੈਦਾ ਕਰਦੀ ਹੈ, ਨੂੰ ਇਸ ਮੁੱਦੇ 'ਤੇ ਸੈਮੀਨਾਰ ਕਰਵਾਉਣੇ ਚਾਹੀਦੇ ਹਨ।

ਸਰਕਾਰ ਨੂੰ ਫਰਜ਼ੀ ਟਰੈਵਲ ਏਜੰਟਾਂ ਦੀ ਗਿਣਤੀ ਪਤਾ ਨਹੀਂ- ਕੁਲਦੀਪ ਸਿੰਘ ਧਾਲੀਵਾਲ : ਪੰਜਾਬ ਦੇ ਐਨਆਰਆਈ ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਮੰਨਿਆ ਕਿ ਉਨ੍ਹਾਂ ਨੂੰ ਇਸ ਗੱਲ ਦਾ ਕੋਈ ਪਤਾ ਨਹੀਂ ਕਿ ਪੰਜਾਬ ਵਿੱਚ ਕਿੰਨੇ ਫਰਜ਼ੀ ਟਰੈਵਲ ਏਜੰਟ ਕੰਮ ਕਰਦੇ ਹਨ, ਪਰ ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਪੰਜਾਬ ਪੁਲਿਸ ਨੂੰ ਅਜਿਹੇ ਮਾਮਲਿਆਂ 'ਤੇ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ।ਉਹਨਾਂ ਕਿਹਾ ਕਿ ਹਾਲਾਂਕਿ ਅਸੀਂ ਇਸ ਦਿਸ਼ਾ ਵਿੱਚ ਕੰਮ ਕਰ ਰਹੇ ਹਾਂ, ਬਹੁਤ ਕੁਝ ਕਰਨ ਦੀ ਲੋੜ ਹੈ।

ਉਹਨਾਂ ਕਿਹਾ ਕਿ ਪੰਜਾਬ ਦੇ ਦੁਆਬਾ ਖੇਤਰ ਤੋਂ ਅਰਬ ਦੇਸ਼ਾਂ ਵਿੱਚ ਔਰਤਾਂ ਦੀ ਮਨੁੱਖੀ ਤਸਕਰੀ ਦੇ ਮਾਮਲੇ ਵੀ ਵੱਧ ਰਹੇ ਹਨ। ਹਾਲ ਹੀ ਵਿੱਚ, ਅਸੀਂ ਕੁਝ ਤਸਕਰੀ ਵਾਲੀਆਂ ਔਰਤਾਂ ਨੂੰ ਖਾੜੀ ਦੇਸ਼ਾਂ ਤੋਂ ਰਿਹਾਅ ਕਰਵਾਇਆ ਸੀ, ਜਿੱਥੇ ਉਹ ਘਰੇਲੂ ਸਹਾਇਕ ਵਜੋਂ ਕੰਮ ਕਰ ਰਹੀਆਂ ਸਨ।ਯੂਰਪੀਅਨ ਦੇਸ਼ਾਂ, ਖਾਸ ਕਰਕੇ ਇਟਲੀ ਵਿੱਚ ਪਰਵਾਸ ਕਰਨ ਵਾਲੇ ਤਕਰੀਬਨ 90% ਪੰਜਾਬੀ ਪੰਜਾਬ ਦੇ ਦੁਆਬਾ ਖੇਤਰ ਤੋਂ ਹਨ।

***

## ਅਜ਼ਾਦੀ ਤੇ ਤਰੱਕੀ ਲਈ ਕਾਲਜ..

ਉੱਪਰ ਅਆਧਾਰਿਤ ਵੀ ਹੁੰਦੇ ਹਨ ਜਿਸ ਨੂੰ ਯਾਦ ਜਾਂ ਵਰਤੋਂ ਵਿਚ ਨਹੀ ਲਿਆਂਦਾ ਜਾ ਸਕਦਾ ਅਤੇ ਇਹ ਵਿਦਿਆਰਥੀਆਂ ਨੂੰ ਤਰਕਪੂਰਨ ਢੰਗ ਨਾਲ ਸੋਚਣਾ ਸਿਖਾਉਣ ਵਿੱਚ ਸਹਾਈ ਨਹੀਂ ਹੁੰਦੀ।

ਫਿਰ ਵੀ ਕਾਲਜ ਦੀ ਜ਼ਿੰਦਗੀ ਹਰ ਇੱਕ ਵਿਦਿਆਰਥੀ ਲਈ ਮਹੱਤਵਪੂਰਨ ਪੜਾਅ ਹੈ ਜਿਸ ਦੀਆਂ ਆਪਣੀਆਂ ਚੁਣੌਤੀਆਂ ਹਨ।ਘਰ ਤੋਂ ਦੂਰ ਰਹਿਣਾ ਆਪਣੇ ਆਪ ਵਿੱਚ ਮਜ਼ੇਦਾਰ ਹੈ, ਪਰ ਇਹ ਸਮਾਂ ਵੀ ਸੀਮਿਤ ਹੁੰਦਾ ਹੈ।ਕਾਲਜ ਦੀ ਜ਼ਿੰਦਗੀ ਵਿੱਚ ਆਏ ਉਤਰਾਅ-ਚੜ੍ਹਾਅ ਇੱਕ ਵਿਅਕਤੀ ਦੀ ਜ਼ਿੰਦਗੀ ਨੂੰ ਬਣਾਉਣ ਜਾਂ ਢਾਹੁਣ ਵਿੱਚ ਵੀ ਰੋਲ ਅਦਾ ਕਰਦੇ ਹਨ।ਇਹ ਸਕੂਲ ਦੀ ਜ਼ਿੰਦਗੀ ਅਤੇ ਕੈਰੀਅਰ ਵਿੱਚ ਇੱਕ ਪੁੱਲ ਦੇ ਤੌਰ 'ਤੇ ਕੰਮ ਕਰਦਾ ਹੈ।ਇਹ ਪੁੱਲ ਬਹੁਤ ਵੱਡਾ ਹੁੰਦਾ ਹੈ ਜਦੋਂ ਅਸੀ ਬਚਪਨ ਅਤੇ ਜਵਾਨੀ ਵਿਚਲੇ ਅੰਤਰ ਨੂੰ ਦੇਖਣ ਦੀ ਕੋਸ਼ਿਸ਼ ਕਰਦੇ ਹਾਂ।ਕਾਲਜ ਦੇ ਅਧਿਆਪਕ ਸਾਡੇ ਮਿੱਤਰ ਅਤੇ ਰਾਹ ਦਸੇਰੇ ਹੁੰਦੇ ਹਨ।ਇਹ ਜ਼ਿੰਦਗੀ ਦਾ ਯਾਦਗਾਰ ਸਮਾਂ ਹੁੰਦਾ ਹੈ।ਇਹ ਵਿਅਕਤੀ ਦੀ ਸ਼ਖ਼ਸੀਅਤ ਦੇ ਵਿਕਾਸ ਵਿੱਚ ਰੋਲ ਅਦਾ ਕਰਦਾ ਹੈ।ਇਹ ਅਜ਼ਾਦੀ, ਸਮੇਂ ਦੀ ਮਹੱਤਤਾ ਅਤੇ ਤਰਕਪੂਰਨ ਫੈਸਲੇ ਕਰਨਾ ਸਿਖਾਉਂਦਾ ਹੈ।

***

## ਪੰਜਾਬ 'ਚ ਦਲਿਤ ਸਿਆਸਤ

ਵੋਟ ਪ੍ਰਤੀਸ਼ਤਤਾ ਵਧ ਕੇ 3.5 ਫੀਸਦੀ ਹੋ ਗਈ।ਦਲਿਤ ਚਿੰਤਕਾਂ ਦੇ ਵਿਚਾਰ : ਦਲਿਤ ਚਿੰਤਕਾਂ ਦਾ ਮੰਨਣਾ ਹੈ ਕਿ ਪੰਜਾਬ ਵਿੱਚ ਬਹੁਜਨ ਸਿਆਸਤ ਦੇ ਉਜਾੜੇ ਦਾ ਕਾਰਨ ਬਸਪਾ ਸੁਪਰੀਮੋ ਮਾਇਆਵਤੀ ਦੀ ਰਣਨੀਤੀ ਹੈ। ਉਹ ਅਕਸਰ ਉੱਤਰ ਪ੍ਰਦੇਸ਼ ਵੱਲ ਜ਼ਿਆਦਾ ਧਿਆਨ ਦਿੰਦੇ ਰਹੇ ਹਨ ਅਤੇ ਪੰਜਾਬ ਵਿੱਚ ਸੰਗਠਨ ਮਜ਼ਬੂਤ ਕਰਨ ਦੀ ਥਾਂ ਸਿਰਫ਼ ਫੰਡ ਇਕੱਠਾ ਕਰਦੇ ਰਹੇ ਹਨ।ਉਹਨਾਂ ਉਪਰ ਪ੍ਰਮੁੱਖ ਪਾਰਟੀਆਂ ਨਾਲ 'ਦੋਸਤਾਨਾ ਮੈਚ' ਖੇਡਣ ਦੇ ਦੋਸ਼ ਲੱਗਦੇ ਰਹੇ ਹਨ। ਜਦ ਕਿ ਬਹੁਜਨ ਬਾਨੀ ਕਾਂਸ਼ੀਰਾਮ ਪੰਜਾਬ ਨੂੰ ਕੇਂਦਰ ਮੰਨਕੇ ਯੂਪੀ ਦੀ ਰਾਜਨੀਤੀ ਕਰਦੇ ਸਨ।

2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ, ਸ਼੍ਰੋਮਣੀ ਅਕਾਲੀ ਦਲ ਨੇ 25 ਸਾਲਾਂ ਬਾਅਦ ਮੁੜ ਬਹੁਜਨ ਸਮਾਜ ਪਾਰਟੀ (ਬਸਪਾ) ਨਾਲ ਰਿਸ਼ਤਾ ਕਾਇਮ ਕਰਦਿਆਂ, ਉਨ੍ਹਾਂ ਦੇ ਆਗੂਆਂ ਨੇ ਕਿਹਾ, ਇਹ ਗੱਠਜੋੜ ਸਿਰਫ਼ 2022 ਦੀਆਂ ਵਿਧਾਨ ਸਭਾ ਚੋਣਾਂ ਤੱਕ ਸੀਮਤ ਨਹੀਂ ਹੈ, ਸਗੋਂ ਭਵਿੱਖ ਵਿੱਚ ਵੀ ਜਾਰੀ ਰਹੇਗਾ। ਅਕਾਲੀ ਦਲ ਅਤੇ ਬਸਪਾ ਦੀ ਵਿਚਾਰਧਾਰਾ ਇੱਕ ਹੈ, ਦੋਵੇਂ ਕਿਸਾਨਾਂ, ਦਲਿਤਾਂ ਅਤੇ ਖੇਤ ਮਜ਼ਦੂਰਾਂ ਦੀ ਬਿਹਤਰੀ ਲਈ ਕੰਮ ਕਰਦੇ ਰਹਿਣਗੇ।2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਇਤਿਹਾਸਕ ਹਾਰ ਦਾ ਸਾਹਮਣਾ ਕਰਨਾ ਪਿਆ ਅਤੇ ਸਿਰਫ਼ 3 ਸੀਟਾਂ 'ਤੇ ਹੀ ਸਿਮਟ ਗਿਆ। ਇੱਥੋਂ ਤੱਕ ਕਿ ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਵਰਗੇ ਮਹਾਂਰਥੀ ਅਕਾਲੀ ਆਗੂਆਂ ਨੂੰ ਵੀ ਹਾਰ ਦਾ ਸਾਹਮਣਾ ਕਰਨਾ ਪਿਆ। ਬਸਪਾ 1997 ਤੋਂ ਬਾਅਦ 25 ਸਾਲਾਂ ਬਾਅਦ ਅਕਾਲੀ ਦਲ ਨਾਲ ਗਠਜੋੜ ਵਿੱਚ ਸ਼ਾਮਲ ਹੋ ਕੇ ਵਿਧਾਨ ਸਭਾ ਨਵਾਂ ਸ਼ਹਿਰ ਵਿੱਚ ਆਪਣਾ ਖਾਤਾ ਖੋਲ੍ਹਣ ਵਿੱਚ ਕਾਮਯਾਬ ਹੋਈ। ਵਿਧਾਨ ਸਭਾ ਦੀਆਂ 117 ਸੀਟਾਂ ਵਿਚੋਂ ਅਕਾਲੀ ਦਲ ਨੇ 97 ਅਤੇ ਉਸ ਦੀ ਭਾਈਵਾਲ ਬਸਪਾ ਨੇ 20 ਸੀਟਾਂ 'ਤੇ ਚੋਣ ਲੜੀ ਸੀ। 2019 ਦੀਆਂ ਲੋਕ ਸਭਾ ਚੋਣਾਂ ਦੇ ਮੁਕਾਬਲੇ ਬਸਪਾ ਦੇ ਵੋਟ ਬੈਂਕ ਨੂੰ ਝਟਕਾ ਲੱਗਾ ਅਤੇ ਬਸਪਾ ਸਿਰਫ 1.77% ਵੋਟਾਂ ਹੀ ਹਾਸਲ ਕਰ ਸਕੀ। ਇਨ੍ਹਾਂ ਚੋਣਾਂ ਵਿੱਚ ਬਸਪਾ ਦੇ ਕਈ ਸਿਆਸੀ ਮਾਹਿਰ, ਕਈ ਆਗੂ ਤੇ ਸਮਰਥਕ ਇਹ ਦੋਸ਼ ਲਾਉਂਦੇ ਨਜ਼ਰ ਆਏ ਕਿ ਬਸਪਾ ਦੇ ਹਿੱਸੇ ਆਈਆਂ ਜ਼ਿਆਦਾਤਰ ਸੀਟਾਂ ਜਨਰਲ ਸੀਟਾਂ ਹਨ। ਕਈ ਅਜਿਹੀਆਂ ਸੀਟਾਂ, ਜੋ ਅਕਾਲੀ ਦਲ ਲਈ ਜਿੱਤਣੀਆਂ ਮੁਸ਼ਕਿਲ ਸਨ, ਬਸਪਾ ਨੂੰ ਦਿੱਤੀਆਂ ਗਈਆਂ। ਕਈ ਥਾਵਾਂ 'ਤੇ ਇਹ ਦੋਸ਼ ਵੀ ਲੱਗੇ ਕਿ ਬਸਪਾ ਨੇ ਆਪਣੀ ਵੋਟ ਅਕਾਲੀ ਦਲ ਨੂੰ ਦਿੱਤੀ ਪਰ ਜਿਨ੍ਹਾਂ ਥਾਵਾਂ 'ਤੇ ਬਸਪਾ ਚੋਣ ਲੜ ਰਹੀ ਸੀ, ਉੱਥੇ ਅਕਾਲੀ ਦਲ ਨੇ ਬਸਪਾ ਨੂੰ ਵੋਟ ਨਹੀਂ ਪਾਈ।ਹੁਣ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਵਿੱਚ ਅਕਾਲੀ ਦਲ-ਬਸਪਾ ਇਕੱਠੇ ਚੋਣ ਲੜ ਰਹੇ ਹਨ। ਇੱਥੇ ਅਕਾਲੀ ਦਲ ਨੇ ਬੰਗਾ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਡਾ: ਸੁਖਵਿੰਦਰ ਕੁਮਾਰ ਸੁੱਖੀ ਨੂੰ ਆਪਣਾ ਉਮੀਦਵਾਰ ਬਣਾਇਆ ਹੈ।

**ਦਲਿਤ ਰਾਜਨੀਤੀ ਕੋਲ ਯੋਗ ਲੀਡਰਸ਼ਿਪ ਦੀ ਘਾਟ** :ਪੰਜਾਬ ਵਿੱਚ ਦਲਿਤ ਰਾਜਨੀਤੀ ਦੇ ਪਿਛੜੇਪਣ ਦਾ ਅਸਲ ਕਾਰਨ ਇਹ ਹੈ ਕਿ ਦਲਿਤ ਸਮਾਜ ਵਿੱਚ ਕਾਂਸ਼ੀਰਾਮ ਵਰਗੇ ਲੀਡਰ ਦੀ ਘਾਟ ਹੈ। ਜੋ ਵੀ ਪੜ੍ਹਿਆ ਲਿਖਿਆ ਵਿਅਕਤੀ, ਰਾਜਸੀ ਸੋਚ ਵਾਲਾ, ਪਹਿਲਾਂ ਦਲਿਤਾਂ ਦੇ ਹੱਕਾਂ ਦੀਆਂ ਵਧ ਚੜ੍ਹ ਕੇ ਗੱਲਾਂ ਕਰਦਾ ਹੈ, ਫਿਰ ਚੋਣਾਂ ਲੜਦਾ ਹੈ ਅਤੇ ਦਲਿਤ ਲੋਕ ਉਸ ਨੂੰ ਆਪਣਾ ਮਸੀਹਾ ਸਮਝ ਕੇ ਵੋਟਾਂ ਪਾਉਂਦੇ ਹਨ; ਉਹੀ ਵਿਅਕਤੀ ਫਿਰ ਆਪਣਾ ਰਾਜਨੀਤਕ ਲਾਹਾ ਲੈ ਕੇ ਕਿਸੇ ਨਾ ਕਿਸੇ ਉਚ ਜਾਤੀ ਵੱਲੋਂ ਚਲਾਈਆਂ ਰਾਜਨੀਤਿਕ ਪਾਰਟੀਆਂ ਦਾ ਹਿੱਸਾ ਬਣ ਕੇ ਰਾਜ ਸੱਤਾ ਦਾ ਹਿੱਸਾ ਬਣ ਜਾਂਦਾ ਹੈ। ਬਸਪਾ ਪਾਰਟੀ ਵਿੱਚੋਂ ਛੱਡ ਕੇ ਗਏ ਸਾਰੇ ਨੇਤਾ ਇਸਦੀ ਉਦਾਹਰਣ ਹਨ। ਰਾਜਨੀਤਿਕ ਪਾਰਟੀਆਂ ਜਿਨ੍ਹਾਂ ਵਿੱਚ ਕਾਂਗਰਸ, ਭਾਜਪਾ, ਅਕਾਲੀ ਦਲ ਅਤੇ ਹੁਣ ਆਪ ਵੀ ਸ਼ਾਮਲ ਹੈ, ਕਦੀ ਵੀ ਦਲਿਤਾਂ ਨੂੰ ਉਨ੍ਹਾਂ ਦਾ ਸੰਵਿਧਾਨਿਕ ਹੱਕ ਦੇਣ ਲਈ ਤਿਆਰ ਨਹੀਂ ਹਨ। ਸੰਵਿਧਾਨ ਦੀ ਪ੍ਰਸਤਾਵਨਾ ਵਿੱਚ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਦੀ ਗੱਲ ਕਹੀ ਗਈ ਹੈ। ਪਰ ਰਾਜਨੀਤਿਕ ਪਾਰਟੀਆਂ ਤਾਂ ਆਮ ਨਾਗਰਿਕ ਨੂੰ ਇਹ ਨਿਆਂ ਦੇਣ ਤਕ ਦੀ ਵੀ ਗੱਲ ਨਹੀਂ ਕਰਦੀਆਂ, ਹੱਕ ਦੇਣਾ ਤਾਂ ਇੱਕ ਪਾਸੇ ਰਿਹਾ। ਬਸਪਾ ਭਾਵੇਂ ਦਲਿਤਾਂ ਦੇ ਹੱਕਾਂ ਦੀ ਗੱਲ ਕਰਦੀ ਹੈ ਅਤੇ ਵੋਟ ਬੈਂਕ ਵੀ ਇਸ ਪਾਰਟੀ ਦਾ ਸਿਰਫ਼ ਦਲਿਤ ਹੀ ਹਨ ਪਰ ਇਸਦੀ ਸਭ ਤੋਂ ਵੱਡੀ ਘਾਟ ਅਤੇ ਕਮਜ਼ੋਰੀ ਵੀ ਇਹੀ ਹੈ ਕਿ ਜਾਤੀਵਾਦ ਦੀ ਵਜ੍ਹਾ ਕਰਕੇ ਉੱਚ ਜਾਤੀਆਂ ਦੇ ਵੋਟਰ ਬਸਪਾ ਨੂੰ ਦਲਿਤਾਂ ਦੀ ਪਾਰਟੀ ਹੀ ਸਮਝਦੇ ਹਨ। ਇੱਥੋਂ ਤਕ ਕਿ ਦਲਿਤ ਵੀ ਇਸ ਪਾਰਟੀ ਨੂੰ ਵੋਟ ਨਹੀਂ ਪਾਉਂਦੇ। ਲੀਡਰਸ਼ਿੱਪ ਦੀ ਘਾਟ, ਕਾਡਰ ਦੀ ਟ੍ਰੇਨਿੰਗ ਦੀ ਕਮੀ, ਦਲਿਤਾਂ ਵਿੱਚ ਵੀ ਸਿਰਫ ਇੱਕ ਜਾਤੀ ਤਕ ਸੀਮਤ ਹੋ ਕੇ ਰਹਿ ਜਾਣਾ, ਸੋਮਿਆਂ ਦੀ ਅਣਹੋਂਦ, ਬਸਪਾ ਨੂੰ ਕਦੇ ਵੀ ਰਾਜ ਸੁੱਖ ਮਾਨਣ ਦਾ ਮੌਕਾ ਪ੍ਰਦਾਨ ਕਰਦੀ ਨਜ਼ਰ ਨਹੀਂ ਆਉਂਦੀ। ਹਾਂ, ਜੇਕਰ ਕਿਸੇ ਸਿਆਸੀ ਪਾਰਟੀ ਨਾਲ ਹੋਰ ਗੱਠ-ਜੋੜ ਕਰਕੇ ਸੱਤਾ ਵਿੱਚ ਆ ਜਾਵੇ ਤਾਂ ਵੱਖਰੀ ਗੱਲ ਹੈ। ਬਾਬਾ ਸਾਹਿਬ ਡਾ. ਅੰਬੇਡਕਰ ਨੇ ਦਲਿਤਾਂ ਨੂੰ ਇੱਕ ਮੰਤਰ ਦਿੱਤਾ ਸੀ ਜਿਸ ਨਾਲ ਉਹ ਸੱਤਾ ਪ੍ਰਾਪਤ ਕਰ ਸਕਦੇ ਸੀ, ਅੱਜ ਵੀ ਪ੍ਰਾਪਤ ਕਰ ਸਕਦੇ ਹਨ, ਉਹ ਮੰਤਰ ਸੀ, ਪੜ੍ਹੋ, ਜੁੜੋ, ਸੰਘਰਸ਼ ਕਰੋ। ਇਸ ਮੰਤਰ ਦਾ ਫਾਇਦਾ ਮਨੂੰਵਾਦੀ ਘੱਟ ਗਿਣਤੀ ਵਰਗ ਦੇ ਲੋਕਾਂ ਨੇ ਤਾਂ ਲਿਆ ਪਰ ਦਲਿਤ ਵਰਗ ਦੇ ਲੋਕਾਂ ਨੇ ਨਹੀਂ।

***

## ਪੰਜਾਬੀ ਯੂਨੀਵਰਸਿਟੀ

ਹਿੱਤ ਹੌਂਦ ਵਿੱਚ ਆਈ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ.ਅਰਵਿੰਦ ਜੀ ਦੀ ਬਦੌਲਤ ਇੱਕ ਵਾਰ ਮੁੜ ਯੂਨੀਵਰਸਿਟੀ ਦੀ ਪੰਜਾਬੀ ਭਾਸ਼ਾ ਪ੍ਰਤੀ ਪਹਿਲਾਂ ਵਾਲੀ ਸਾਨਦਾਰ ਗੁਆਚੀ ਹੋਈ ਸਾਖ ਮੁੜ ਬਹਾਲ/ ਸੁਰਜੀਤ ਹੋਣ ਦੀ ਆਸ ਬੱਝੀ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਉਪ ਕੁਲਪਤੀ ਡਾ.ਅਰਵਿੰਦ ਨੇ ਜਦੋਂ ਤੋਂ ਅਹੁਦਾ ਸੰਭਾਲਿਆ ਹੈ, ਉਸ ਸਮੇਂ ਤੋਂ ਹੀ ਯੂਨੀਵਰਸਿਟੀ ਨੂੰ ਬੁਲੰਦੀਆਂ ਤੇ ਪਹੁੰਚਾਉਣ ਲਈ ਬਹੁਤ ਜਿਆਦਾ ਮਿਹਨਤ ਕਰਦੇ ਨਜ਼ਰ ਆ ਰਹੇ ਹਨ।ਜਿੰਨ੍ਹਾਂ ਦੀ ਸਖਤ ਮਿਹਨਤ ਸਦਕਾ ਹੀ ਯੂਨੀਵਰਸਿਟੀ ਵਿੱਚ ਕਾਫੀ ਜਿਆਦਾ ਸੁਧਾਰ ਵੇਖਣ ਨੂੰ ਨਜ਼ਰ ਆ ਰਿਹਾ ਹੈ। ਪ੍ਰੰਤੂ ਵੱਡੇ ਆਰਥਿਕ ਸੰਕਟ ਸਮੇਤ ਹੋਰ ਵੀ ਅਨੇਕਾਂ ਚੁਨੌਤੀਆਂ ਦਾ ਉਪ ਕੁਲਪਤੀ ਸਾਹਿਬ ਕਿਵੇਂ ਸਾਹਮਣਾ ਕਰਨਗੇ ਇਹ ਤਾਂ ਆਉਣ ਵਾਲਾ ਭਵਿੱਖ/ਸਮਾਂ ਹੀ ਦੱਸੇਗਾ।

****

## ਟੋਰਾਂਟੋ ਵਿਖੇ 41 ਭਾਰਤੀਆਂ 'ਤੇ

ਜਿਸ ਨਾਲ ਇਹ ਸਾਡੇ ਸ਼ਹਿਰ ਅਤੇ ਜੀਟੀਏ ਵਿੱਚ ਇੱਕ ਮਹੱਤਵਪੂਰਨ ਮੁੱਦਾ ਬਣ ਗਿਆ ਹੈ।ਉਹਨਾਂ ਕਿਹਾ ਕਿ ਪ੍ਰੋਜੈਕਟ ਸਟੋਲੀਅਨ ਉਹਨਾਂ ਕਾਰਵਾਈਆਂ ਦੀ ਇੱਕ ਉਦਾਹਰਨ ਹੈ ਜੋ ਟੋਰਾਂਟੋ ਪੁਲਿਸ ਸਾਡੇ ਸਥਾਨਕ ਭਾਈਚਾਰਿਆਂ ਵਿੱਚ ਇਸ ਵਧ ਰਹੀ ਸਮੱਸਿਆ ਨਾਲ ਨਜਿੱਠਣ ਲਈ ਕਰ ਰਹੀ ਹੈ। ਟੋਰਾਂਟੋ ਪੁਲਿਸ ਸੇਵਾ, ਸਾਡੀ ਓਸੀਆਈਐਸ ਟੀਮ ਅਤੇ ਪੁਲਿਸ ਡਿਵੀਜ਼ਨਾਂ ਸਮੇਤ, ਚੋਰੀ ਹੋਏ ਵਾਹਨਾਂ ਨੂੰ ਮੁੜ ਪ੍ਰਾਪਤ ਕਰਨ ਅਤੇ ਇਹ ਜੁਰਮ ਕਰਨ ਵਾਲੇ ਲੋਕਾਂ ਨੂੰ ਜਵਾਬਦੇਹ ਬਣਾਉਣ ਲਈ ਅਲਾਈਨਮੈਂਟ ਵਿੱਚ ਕੰਮ ਕਰ ਰਹੀ ਹੈ।

***

## ਆਸਟਰੇਲੀਆ ਦੇ ਮਸ਼ਹੂਰ ਸ਼ੈੱਫ

ਆਪਣੀ ਯਾਦ ਵਿੱਚ ਲਿਖਿਆ ਸੀ। ਉਸਨੇ 2000 ਵਿੱਚ ਆਸਟ੍ਰੇਲੀਆ ਜਾਣ ਦਾ ਸਿਹਰਾ ਆਪਣੀ ਜ਼ਿੰਦਗੀ ਨੂੰ ਮੋੜ ਦੇਣ ਲਈ ਦਿੱਤਾ ਅਤੇ ਉਸਨੇ ਐਡੀਲੇਡ ਵਿੱਚ ਪੁਰਸਕਾਰ ਜੇਤੂ ਰੈਸਟੋਰੈਂਟ ਓਰਾਨਾ ਸਮੇਤ ਕਈ ਸਫਲ ਰੈਸਟੋਰੈਂਟ ਖੋਲ੍ਹੇ।ਜ਼ਿਨਫ੍ਰੀਲੋ ਆਪਣੇ ਕਰਿਸ਼ਮੇ, ਜਨੂੰਨ ਅਤੇ ਹਾਸੇ ਦੀ ਭਾਵਨਾ ਲਈ ਜਾਣਿਆ ਜਾਂਦਾ ਸੀ ਅਤੇ ਉਸਦੀ ਮੌਜੂਦਗੀ ਨੇ ਘਰੇਲੂ ਰਸੋਈਏ ਦੀ ਇੱਕ ਕੌਮ ਨੂੰ ਪ੍ਰੇਰਿਤ ਕੀਤਾ। ਹਾਲਾਂਕਿ, ਉਨ੍ਹਾਂ ਦਾ ਕੈਰੀਅਰ ਵਿਵਾਦਾਂ ਤੋਂ ਰਹਿਤ ਨਹੀਂ ਸੀ। ਉਸਦਾ ਪ੍ਰਸ਼ੰਸਾਯੋਗ ਐਡੀਲੇਡ ਰੈਸਟੋਰੈਂਟ 2020 ਵਿੱਚ ਲੱਖਾਂ ਡਾਲਰ ਦੇ ਕਰਜ਼ੇ ਨਾਲ ਬੰਦ ਹੋ ਗਿਆ।


ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ
MUDDA
ON
jus PUNJABI HD
sling
CREDIBILITY
RELIABILITY
Minute to Minute Coverage of Punjab Elections
Punjabi Super Pack
20 channels for only $25/month on
sling
SCAN ME TO SUBSCRIBE
Get 30% off ANY Pack for the first month! w/code: SLINGER854
To Subscribe Call: +1-718-752-9290
Visit: sling.com/juspunjabi
for advertisement & more information call: +1-718-752-9293
www.jusbroadcasting.com